6-SEP-PAGE-1.qxd 9/5/2025 10:11 PM Page 1


ਸ਼ਨੀਵਾਰ, 6 ਸਤੰਬਰ, 2025

22 ਭਾਦੋਂ { ਨਾਨਕਸ਼ਾਹੀ 557 / ਬਿਕਰਮੀ 2082 }

ਜਿਲਦ/VOL. : 74

ਅੰਕ/NO. : 96

ਰੋਜ਼ਾਨਾ

# ਨਵਾਂ ਜ਼ਮਾਨਾ

DAILY NAWAN ZAMANA • SATURDAY, 6 SEPTEMBER, 2025

ਜਲੰਧਰ

‘ਨਵਾਂ ਜ਼ਮਾਨਾ’ ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ   Regd. No : L-4/Pb-JL-0023/2024-26, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 12


## ਬੀ ਬੀ ਐੱਮ ਬੀ ਦੇ ਚੇਅਰਮੈਨ ਨੇ ਨੱਕਾ ਪੰਜਾਬ ਵੱਲ ਮੋੜਿਆ

### ਹਰਿਆਣਾ ਨੂੰ ਪਾਣੀ ਛੱਡਣ ਤੋਂ ਰੋਕਣ ਦਾ ਮਿਹਣਾ, ਪ੍ਰੋਜੈਕਟਾਂ ’ਤੇ ਸੀ ਆਈ ਐੱਸ ਐੱਫ ਲਾਉਣ ਦਾ ਫੈਸਲਾ ਹੁਣ ਨਹੀਂ ਪਲਟ ਸਕਦਾ



**ਚੰਡੀਗੜ੍ਹ :** ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਚੇਅਰਮੈਨ ਮਨੋਜ ਤ੍ਰਿਪਾਠੀ ਨੇ ਸ਼ੁੱਕਰਵਾਰ ਅਸਿੱਧੇ ਤੌਰ ’ਤੇ ਪੰਜਾਬ ਸਰਕਾਰ ਨੂੰ ਕਟਹਿਰੇ ’ਚ ਖੜ੍ਹਾ ਕਰਦਿਆਂ ਪੰਜਾਬ ’ਚ ਹੜ੍ਹਾਂ ਦੀ ਸਥਿਤੀ ਦੌਰਾਨ ਵੱਡੀ ਤਬਾਹੀ ਤੋਂ ਬਚਾਉਣ ’ਚ ਡੈਮਾਂ ਦੀ ਭੂਮਿਕਾ ਅਹਿਮ ਰਹਿਣ ਦਾ ਤਰਕ ਪੇਸ਼ ਕੀਤਾ। ਉਨ੍ਹਾ ਕਿਹਾ ਕਿ ਭਾਖੜਾ ਡੈਮ ਨੇ ਪਹਾੜਾਂ ’ਚੋਂ ਆਏ ਪਾਣੀ ਨੂੰ ਸੰਭਾਲਿਆ ਹੈ। ਚੇਅਰਮੈਨ ਨੇ ਕਿਹਾ ਕਿ ਜੇ ਹਰਿਆਣਾ ਨੂੰ ਪਹਿਲਾਂ ਜ਼ਿਆਦਾ ਪਾਣੀ ਛੱਡਿਆ ਹੁੰਦਾ ਤਾਂ ਡੈਮ ’ਚ ਪਾਣੀ ਦਾ ਪੱਧਰ ਚਾਰ ਫੁੱਟ ਤੱਕ ਹੇਠਾਂ ਆ ਜਾਣਾ ਸੀ ਅਤੇ ਪਹਾੜਾਂ ’ਚੋਂ ਹੁਣ ਆਏ ਪਾਣੀ ਲਈ ਥਾਂ ਬਣ ਜਾਣੀ ਸੀ।

ਦੱਸਣਯੋਗ ਹੈ ਕਿ ਹੜ੍ਹਾਂ ਦੀ ਸਥਿਤੀ ਤੋਂ ਕੁੱਝ ਸਮਾਂ ਪਹਿਲਾਂ ਹਰਿਆਣਾ ਨੇ ਪੰਜਾਬ ਤੋਂ ਵਾਧੂ ਪਾਣੀ ਦੀ ਮੰਗ ਕੀਤੀ ਸੀ ਅਤੇ ਪੰਜਾਬ ਨੇ ਸਾਫ ਇਨਕਾਰ ਕਰ ਦਿੱਤਾ ਸੀ। ਉਸ ਵਕਤ ਪੰਜਾਬ ਤੇ ਹਰਿਆਣਾ ਦਰਮਿਆਨ ਕਾਫੀ ਤਨਾਤਣੀ ਵੀ ਬਣੀ ਰਹੀ ਸੀ।

ਹਰਿਆਣਾ ਤੇ ਰਾਜਸਥਾਨ ਨੇ ਵੀਰਵਾਰ ਪੰਜਾਬ ਸਰਕਾਰ ਨੂੰ ਪੱਤਰ ਲਿਖ ਕੇ ਆਪੋ-ਆਪਣੀਆਂ ਨਹਿਰਾਂ ’ਚ ਪਾਣੀ ਦੀ ਮੰਗ ਜ਼ੀਰੋ ਕਰ ਦਿੱਤੀ ਸੀ। ਤ੍ਰਿਪਾਠੀ ਨੇ ਜਿੱਥੇ ਡੈਮਾਂ ਵਿਚਲੇ ਪਾਣੀ ਬਾਰੇ ਅੰਕੜੇ ਸਾਂਝੇ ਕੀਤੇ, ਉੱਥੇ ਅਸਿੱਧੇ ਤੌਰ ’ਤੇ ਹਰਿਆਣਾ ਨੂੰ ਪਿਛਲੇ ਸਮੇਂ ਦੌਰਾਨ ਵਾਧੂ ਪਾਣੀ ਨਾ ਛੱਡੇ ਜਾਣ ਨੂੰ ਲੈ ਕੇ ਪੰਜਾਬ ਨੂੰ ਨਿਸ਼ਾਨੇ ’ਤੇ ਲਿਆ। ਪੰਜਾਬ ’ਚ ਆਏ ਹੜ੍ਹਾਂ ਦੇ ਮਾਮਲੇ ’ਚ ਸਥਿਤੀ ਸਪਸ਼ਟ ਕਰਦਿਆਂ ਉਨ੍ਹਾ ਕਿਹਾ ਕਿ ਡੈਮਾਂ ਦੀ ਸੁਰੱਖਿਆ ਦੇ ਮੱਦੇਨਜ਼ਰ ਦਰਿਆਵਾਂ ’ਚ ਪਾਣੀ ਛੱਡਣਾ ਪੈ ਰਿਹਾ ਹੈ। ਉਨ੍ਹਾ ਕਿਹਾ ਕਿ ਪਾਣੀ ਛੱਡਣ ਲਈ ਭਾਈਵਾਲ ਸੂਬਿਆਂ ਦੀ ਸਹਿਮਤੀ ਲਈ ਜਾਂਦੀ ਹੈ। ਉਨ੍ਹਾ ਕਿਹਾ ਕਿ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਡੈਮਾਂ ’ਚੋਂ ਪਾਣੀ ਹੌਲੀ-ਹੌਲੀ ਛੱਡਿਆ ਜਾਵੇ। ਉਨ੍ਹਾ ਇਹ ਵੀ ਕਿਹਾ ਕਿ ਭਾਖੜਾ ’ਚ ਪਾਣੀ ਦਾ ਪੱਧਰ 1680 ਤੋਂ ਪਾਰ ਨਹੀਂ ਹੋਣ ਦਿੱਤਾ ਗਿਆ ਹੈ।

ਚੇਅਰਮੈਨ ਨੇ ਦੱਸਿਆ ਕਿ ਪੌਂਗ ਡੈਮ ’ਚ ਪਹਾੜਾਂ ’ਚੋਂ ਆਏ ਪਾਣੀ ਨੇ ਰਿਕਾਰਡ ਤੋੜ ਦਿੱਤੇ ਹਨ ਅਤੇ 2023 ਦੇ ਹੜ੍ਹਾਂ ਨਾਲੋਂ ਐਤਕੀਂ ਪੌਂਗ ਡੈਮ ਵਿੱਚ 20 ਫੀਸਦੀ ਜ਼ਿਆਦਾ ਪਾਣੀ ਆਇਆ ਹੈ ਅਤੇ ਪਹਿਲਾਂ ਕਦੇ ਵੀ ਏਨਾ ਪਾਣੀ ਨਹੀਂ ਆਇਆ ਸੀ। ਤ੍ਰਿਪਾਠੀ ਨੇ ਕਿਹਾ ਕਿ 2023 ’ਚ ਪੌਂਗ ਡੈਮ ’ਚ 9.52 ਅਰਬ ਕਿਊਬਿਕ ਮੀਟਰ ਪਾਣੀ ਆਇਆ ਸੀ ਜਦੋਂ ਕਿ ਐਤਕੀਂ ਪਹਿਲੀ ਜੁਲਾਈ ਤੋਂ ਹੁਣ ਤੱਕ 11.70 ਅਰਬ ਕਿਊਬਿਕ ਮੀਟਰ ਪਾਣੀ ਆ ਚੁੱਕਾ ਹੈ।

ਬੀ ਬੀ ਐੱਮ ਬੀ ਦੇ ਪ੍ਰੋਜੈਕਟਾਂ ’ਤੇ ਕੇਂਦਰੀ ਉਦਯੋਗਕ ਸੁਰੱਖਿਆ ਬਲ (ਸੀ ਆਈ ਐੱਸ ਐੱਫ) ਲਗਾਉਣ ਦੇ ਮਾਮਲੇ ਨੂੰ ਲੈ ਕੇ ਪਿਛਲੇ ਕੁਝ ਸਮੇਂ ਤੋਂ ਪੰਜਾਬ ਅਤੇ ਬੀ ਬੀ ਐੱਮ ਬੀ ’ਚ ਚੱਲ ਰਹੇ ਵਿਵਾਦ ਨੂੰ ਵੀ ਚੇਅਰਮੈਨ ਮਨੋਜ ਤ੍ਰਿਪਾਠੀ ਨੇ ਇਹ ਕਹਿਕੇ ਫਿਰ ਹਵਾ ਦੇ ਦਿੱਤੀ ਕਿ ਸੀ ਆਈ ਐੱਸ ਐੱਫ ਲਗਾਉਣ ਦਾ ਫੈਸਲਾ 2021 ’ਚ ਹੀ ਹੋ ਗਿਆ ਸੀ ਤੇ ਬੋਰਡ ਨੇ ਇਸ ਸੰਬੰਧੀ ਗ੍ਰਹਿ ਮੰਤਰੀ ਨੂੰ ਲਿਖ ਦਿੱਤਾ ਸੀ। ਹੁਣ ਜਦੋਂ ਪੰਜਾਬ ਸਰਕਾਰ ਨੇ ਆਪਣਾ ਸਹਿਮਤੀ ਪੱਤਰ ਵਾਪਸ ਲੈ ਲਿਆ ਹੈ ਤਾਂ ਇਸ ਨਾਲ ਫੈਸਲਾ ਪਲਟ ਨਹੀਂ ਸਕਦਾ। ਉਨ੍ਹਾ ਕਿਹਾ ਕਿ ਇਸ ਤਰ੍ਹਾਂ ਦਾ ਫੈਸਲਾ ਬੀ ਬੀ ਐੱਮ ਬੀ ਦੀਆਂ ਸਾਰੀਆਂ ਪਾਰਟਨਰ ਸਟੇਟ ਮਿਲ ਕੇ ਲੈਂਦੀਆਂ ਹਨ।

ਇਕ ਸਵਾਲ ਦੇ ਜਵਾਬ ’ਚ ਉਨ੍ਹਾ ਕਿਹਾ ਕਿ ਇਸ ਤਰ੍ਹਾਂ ਤਾਂ ਇਕ ਸਰਕਾਰ ਆ ਕੇ ਸਹਿਮਤੀ ਦੇਵੇਗੀ, ਦੂਜੀ ਉਸਨੂੰ ਵਾਪਸ ਲੈ ਲਵੇਗੀ ਤੇ ਅਗਲੀ ਕਹੇਗੀ ਕਿ ਅਸੀਂ ਪਿਛਲੀ ਸਰਕਾਰ ਦਾ ਫੈਸਲਾ ਪਲਟ ਰਹੇ ਹਾਂ। ਅਜਿਹਾ ਨਹੀਂ ਹੋ ਸਕਦਾ। ਉਨ੍ਹਾ ਕਿਹਾ ਕਿ 2021 ’ਚ ਹੀ ਸੀ ਆਈ ਐੱਸ ਐੱਫ ਲਗਾਉਣ ਦਾ ਫੈਸਲਾ ਹੋ ਗਿਆ ਸੀ। ਪਹਿਲੇ ਪੜਾਅ ’ਚ ਅਸੀਂ ਸੁੰਦਰਨਗਰ ’ਤੇ ਸੀ ਆਈ ਐੱਸ ਐੱਫ ਲਗਾਈ, ਉਸ ਤੋਂ ਬਾਅਦ ਹੋਰਾਂ ’ਤੇ। ਇਸ ਸਾਲ ਭਾਖੜਾ ਤੇ ਨੰਗਲ ’ਚ ਲਗਾਉਣੀ ਸੀ। ਉਨ੍ਹਾ ਕਿਹਾ ਕਿ ਨਾ ਤਾਂ 2022 ’ਚ, ਨਾ 2023 ’ਚ ਅਤੇ ਨਾ ਹੀ 2024 ’ਚ ਪੰਜਾਬ ਸਰਕਾਰ ਨੇ ਇਸ ਦਾ ਵਿਰੋਧ ਕੀਤਾ। ਹੁਣ ਅਚਾਨਕ ਉਹ ਕਿਉਂ ਕਰ ਰਹੇ ਹਨ? ਜਦੋਂ ਉਨ੍ਹਾ ਤੋਂ ਪੁੱਛਿਆ ਗਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਪੰਜਾਬ 60 ਫੀਸਦ ਖਰਚ ਦਿੰਦਾ ਹੈ, ਤਾਂ ਉਨ੍ਹਾ ਦੱਸਿਆ ਕਿ ਪੰਜਾਬ ਦਾ ਹਿੱਸਾ ਸੱਠ ਫੀਸਦ ਨਹੀਂ ਹੈ, ਬਲਕਿ 39 ਫੀਸਦ ਹੈ। ਬਾਕੀ 27 ਫੀਸਦ ਖਰਚ ਰਾਜਸਥਾਨ ਤੇ 29 ਫੀਸਦ ਹਰਿਆਣਾ ਦਿੰਦਾ ਹੈ।

ਚੇਅਰਮੈਨ ਨੇ ਕਿਹਾ, “ਸਾਨੂੰ ਸੀ ਆਈ ਐੱਸ ਐੱਫ ਲਗਾਉਣਾ ਮਹਿੰਗਾ ਪੈਂਦਾ ਹੈ। ਪਰ ਪੰਜਾਬ ਪੁਲਸ ਦੇ ਮੁਕਾਬਲੇ ਸੀ ਆਈ ਐੱਸ ਐੱਫ ਬਿਹਤਰ ਫੋਰਸ ਹੈ, ਇਸ ਲਈ ਕੋਈ ਚੰਗੀ ਸੁਰੱਖਿਆ ਲਈ ਪੈਸੇ ਤਾਂ ਵੱਧ ਖਰਚ ਕਰਨੇ ਹੀ ਪੈਂਦੇ ਹਨ।” ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਨੂੰ ਸੀ ਆਈ ਐੱਸ ਐੱਫ ਤੋਂ ਕੀ ਸਮੱਸਿਆ ਹੈ? ਕੀ ਸੈਕ੍ਰੇਟੇਰੀਏਟ, ਐੱਨ ਐੱਫ ਐੱਲ ਆਦਿ ਸੰਸਥਾਵਾਂ ’ਤੇ ਸੀ ਆਈ ਐੱਸ ਐੱਫ ਨਹੀਂ ਲੱਗੀ ਹੋਈ?



## ਲੁਧਿਆਣਾ ’ਚ ਸਸਰਾਲੀ ਕੋਲ ਸਤਲੁਜ ਤੋਂ ਵੱਡਾ ਖਤਰਾ

**ਚੰਡੀਗੜ੍ਹ :** ਲੁਧਿਆਣਾ ਪੂਰਬੀ ਖੇਤਰ ਵਿੱਚ ਪੈਂਦੇ ਪਿੰਡ ਸਸਰਾਲੀ ਨੇੜੇ ਸਤਲੁਜ ਦਰਿਆ ’ਚ ਪਾਣੀ ਦੇ ਤੇਜ਼ ਵਹਾਅ ਕਰਕੇ ਸਥਿਤੀ ਨਾਜ਼ੁਕ ਬਣੀ ਹੋਈ ਸੀ। ਜ਼ਿਲ੍ਹਾ ਪ੍ਰਸ਼ਾਸਨ ਨੇ ਐਡਵਾਈਜ਼ਰੀ ਜਾਰੀ ਕਰਕੇ ਸਥਾਨਕ ਲੋਕਾਂ ਨੂੰ ਸੁਰੱਖਿਅਤ ਟਿਕਾਣਿਆਂ ’ਤੇ ਜਾਣ ਤੇ ਆਪਣੇ ਅਹਿਮ ਦਸਤਾਵੇਜ਼ਾਂ ਦੀ ਸਾਂਭ ਸੰਭਾਲ ਕਰਨ ਦੀ ਅਪੀਲ ਕੀਤੀ ਹੈ।

ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਕਿਹਾ ਕਿ ਸਸਰਾਲੀ ਪਿੰਡ ਵਿੱਚ ਪਾਣੀ ਦੇ ਤੇਜ਼ ਵਹਾਅ ਕਾਰਨ ਸਥਿਤੀ ਨਾਜ਼ੁਕ ਹੈ। ਹਾਲਾਂਕਿ ਬੰਨ੍ਹ ਦੀ ਰੱਖਿਆ ਅਤੇ ਮਜ਼ਬੂਤੀ ਲਈ ਯਤਨ ਕੀਤੇ ਜਾ ਰਹੇ ਹਨ, ਜੇ ਬੰਨ੍ਹ ਵਿੱਚ ਕੋਈ ਪਾੜ ਜਾਂ ਨੁਕਸਾਨ ਹੁੰਦਾ ਹੈ, ਤਾਂ ਸਸਰਾਲੀ, ਬੰਟ, ਰਾਵਤ, ਹਵਾਸ, ਸੀਜ਼ਾ, ਬੂਥਗੜ੍ਹ ਅਤੇ ਮੰਗਲੀ ਪਿੰਡ ਪ੍ਰਭਾਵਤ ਹੋ ਸਕਦੇ ਹਨ। ਇਨ੍ਹਾਂ ਪਿੰਡਾਂ ਦੇ ਹੜ੍ਹ ਦੇ ਪਾਣੀ ਨਾਲ ਘਿਰਨ ਦਾ ਵੀ ਖਤਰਾ ਹੈ।

ਪ੍ਰਸ਼ਾਸਨ ਨੇ ਲੋਕਾਂ ਨੂੰ ਹੰਗਾਮੀ ਹਾਲਾਤ ਵਿੱਚ ਘਰਾਂ ਦੀ ਪਹਿਲੀ ਮੰਜ਼ਲ ’ਤੇ ਜਾਣ ਦੀ ਹਦਾਇਤ ਕੀਤੀ ਹੈ। ਜੇ ਕੋਈ ਨੀਵੇਂ ਖੇਤਰ ਜਾਂ ਇੱਕ ਮੰਜ਼ਲਾ ਘਰ ਵਿੱਚ ਰਹਿੰਦਾ ਹੈ, ਤਾਂ ਉਸ ਨੂੰ ਸੁਰੱਖਿਅਤ ਟਿਕਾਣਿਆਂ ’ਤੇ ਜਾਣ ਲਈ ਕਿਹਾ ਹੈ। ਲੋਕਾਂ ਨੂੰ ਆਪਣੇ ਅਹਿਮ ਦਸਤਾਵੇਜ਼ਾਂ ਅਤੇ ਚੀਜ਼ਾਂ ਨੂੰ ਬੈਗਾਂ ਵਿੱਚ ਰੱਖਣ ਜਾਂ ਨਾਲ ਲਿਜਾਣ ਲਈ ਕਿਹਾ ਹੈ। ਬਜ਼ੁਰਗਾਂ, ਬੱਚਿਆਂ ਅਤੇ ਬਿਮਾਰ ਲੋਕਾਂ ਨੂੰ ਪਹਿਲਾਂ ਤੇ ਤਰਜੀਹੀ ਅਧਾਰ ’ਤੇ ਸੁਰੱਖਿਅਤ ਟਿਕਾਣਿਆਂ ਉੱਤੇ ਪਹੁੰਚਾਉਣ ਲਈ ਕਿਹਾ ਹੈ।

ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੋਕਾਂ ਦੀ ਮਦਦ ਲਈ ਬਚਾਅ ਕੇਂਦਰ ਵੀ ਸਥਾਪਤ ਕੀਤੇ ਗਏ ਹਨ। ਇਹ ਬਚਾਅ ਕੇਂਦਰ ਰਾਹੋਂ ਰੋਡ, ਗੌਂਸਗੜ੍ਹ, ਸਤਿਸੰਗ ਘਰ; ਚੰਡੀਗੜ੍ਹ ਰੋਡ, ਮੁੰਡੀਆਂ, ਸਤਿਸੰਗ ਘਰ; ਟਿੱਬਾ ਰੋਡ ਸਤਿਸੰਗ ਘਰ; ਕੈਲਾਸ਼ ਨਗਰ ਸਤਿਸੰਗ ਘਰ; ਪਿੰਡ ਸਸਰਾਲੀ ਨੇੜੇ ਰਾਧਾ ਸੁਆਮੀ ਕੇਂਦਰ; ਖਾਸੀ ਕਲਾਂ ਬਜ਼ਾਰ; ਖਾਸੀ ਕਲਾਂ ਸਕੂਲ; ਭੁਖੜੀ ਸਕੂਲ; ਮੱਤੇਵਾੜਾ ਸਕੂਲ; ਅਤੇ ਮੱਤੇਵਾੜਾ ਬਾਜ਼ਾਰ ਵਿੱਚ ਬਣਾਏ ਗਏ ਹਨ। ਲੋਕਾਂ ਦੀ ਮਦਦ ਲਈ ਹੈਲਪਲਾਈਨ ਨੰਬਰ ਵੀ ਜਾਰੀ ਕੀਤੇ ਗਏ ਹਨ। ਹੜ੍ਹ ਕੰਟਰੋਲ ਰੂਮ 0161-2433 100 ਤੇ ਪੁਲਸ ਹੈਲਪਲਾਈਨ 112।

### ਬਿਆਸ ਫਿਰ ਡਰਾਉਣ ਲੱਗਾ

**ਜਲੰਧਰ :** ਬਿਆਸ ਦਰਿਆ ਵਿੱਚ ਪਾਣੀ ਵੱਧਣ ਲੱਗ ਪਿਆ ਹੈ। ਪਹਿਲਾਂ 1 ਲੱਖ 67 ਹਜ਼ਾਰ ਕਿਊਸਿਕ ਤੱਕ ਵਗ ਰਿਹਾ ਸੀ ਜਿਹੜਾ ਸ਼ੁੱਕਰਵਾਰ ਸਵੇਰੇ 8 ਵਜੇ 1 ਲੱਖ 72 ਹਜ਼ਾਰ ਕਿਊਸਿਕ ਤੋਂ ਵੀ ਵੱਧ ਗਿਆ। ਪਾਣੀ ਘੱਟ ਹੋਣ ਦੀਆਂ ਰਿਪੋਰਟਾਂ ਨਾਲ ਲੋਕਾਂ ਨੇ ਸੁਖ ਦਾ ਸਾਹ ਲਿਆ ਸੀ ਪਰ ਪਾਣੀ ਵਧਣ ਨਾਲ ਹੀ ਲੋਕ ਮੁੜ ਫਿਕਰਾਂ ਵਿੱਚ ਪੈ ਗਏ ਹਨ।

## ਐਮਰਜੈਂਸੀ ਲੋੜਾਂ ਲਈ 33000 ਲੀਟਰ ਪੈਟਰੋਲ ਤੇ 46500 ਲੀਟਰ ਡੀਜ਼ਲ ਦਾ ਭੰਡਾਰ ਅਲਾਟ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਸੂਬੇ ਭਰ ਵਿੱਚ ਆਏ ਭਾਰੀ ਹੜ੍ਹਾਂ ਦੇ ਮੱਦੇਨਜ਼ਰ ਚੁਣੌਤੀਪੂਰਨ ਸਥਿਤੀਆਂ ਨਾਲ ਨਜਿੱਠਣ ਲਈ ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਵਿਭਾਗ ਨੇ ਸੂਬੇ ਦੇ ਸਾਰੇ ਪੈਟਰੋਲ ਪੰਪਾਂ ਲਈ ਪ੍ਰਤੀ ਪੈਟਰੋਲ ਪੰਪ ਦੇ ਆਧਾਰ ’ਤੇ ਕੁੱਲ 33000 ਲੀਟਰ ਪੈਟਰੋਲ, 46500 ਲੀਟਰ ਡੀਜ਼ਲ ਭੰਡਾਰ ਅਲਾਟ ਕੀਤਾ ਹੈ ਤੇ ਇਸ ਤੋਂ ਇਲਾਵਾ ਪ੍ਰਤੀ ਗੈਸ ਏਜੰਸੀ ਦੇ ਆਧਾਰ ’ਤੇ 1320 ਗੈਸ ਸਿਲੰਡਰ ਅਲਾਟ ਕੀਤੇ ਗਏ ਹਨ।

ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਦੱਸਿਆ ਕਿ ਅੰਮ੍ਰਿਤਸਰ ਜ਼ਿਲ੍ਹੇ ਲਈ ਪ੍ਰਤੀ ਪੈਟਰੋਲ ਪੰਪ ਦੇ ਆਧਾਰ ’ਤੇ 4000 ਲੀਟਰ ਪੈਟਰੋਲ ਅਤੇ 4000 ਲੀਟਰ ਡੀਜ਼ਲ ਭੰਡਾਰ ਅਲਾਟ ਕੀਤਾ ਹੈ ਅਤੇ ਪ੍ਰਤੀ ਏਜੰਸੀ ਦੇ ਆਧਾਰ ’ਤੇ 50 ਗੈਸ ਸਿਲੰਡਰ ਅਲਾਟ ਕੀਤੇ ਗਏ ਹਨ।ਇਸੇ ਤਰ੍ਹਾਂ ਬਰਨਾਲਾ ਨੂੰ 1000 ਲੀਟਰ ਪੈਟਰੋਲ ਤੇ 1500 ਲੀਟਰ ਡੀਜ਼ਲ ਨਾਲ 50 ਗੈਸ ਸਿਲੰਡਰ ਅਤੇ ਬਠਿੰਡਾ ਨੂੰ 1500 ਲੀਟਰ ਪੈਟਰੋਲ ਤੇ 3000 ਲੀਟਰ ਡੀਜ਼ਲ ਨਾਲ 25 ਗੈਸ ਸਿਲੰਡਰ ਅਲਾਟ ਕੀਤੇ ਗਏ ਹਨ।ਇਸੇ ਤਰ੍ਹਾਂ ਫਰੀਦਕੋਟ ਦੇ ਪੈਟਰੋਲ ਪੰਪਾਂ ਨੂੰ 1000 ਲੀਟਰ ਪੈਟਰੋਲ ਤੇ 1000 ਲੀਟਰ ਡੀਜ਼ਲ ਨਾਲ 50 ਗੈਸ ਸਿਲੰਡਰ ਅਲਾਟ ਕੀਤੇ ਗਏ ਹਨ।

ਫਿਰੋਜ਼ਪੁਰ ਅਤੇ ਫਾਜ਼ਿਲਕਾ (ਹਰੇਕ) ਲਈ 1000 ਲੀਟਰ ਪੈਟਰੋਲ ਅਤੇ 2000 ਲੀਟਰ ਡੀਜ਼ਲ ਨਾਲ 50 ਗੈਸ ਸਿਲੰਡਰ ਅਲਾਟ ਕੀਤੇ ਗਏ ਹਨ, ਫਤਿਹਗੜ੍ਹ ਸਾਹਿਬ ਲਈ 1000 ਲੀਟਰ ਪੈਟਰੋਲ ਅਤੇ 1000 ਲੀਟਰ ਡੀਜ਼ਲ ਨਾਲ 50 ਗੈਸ ਸਿਲੰਡਰ, ਗੁਰਦਾਸਪੁਰ ਲਈ 2000 ਲੀਟਰ ਪੈਟਰੋਲ ਅਤੇ 3000 ਲੀਟਰ ਡੀਜ਼ਲ ਨਾਲ 50 ਗੈਸ ਸਿਲੰਡਰ, ਹੁਸ਼ਿਆਰਪੁਰ ਲਈ 500 ਲੀਟਰ ਪੈਟਰੋਲ ਅਤੇ 1000 ਲੀਟਰ ਡੀਜ਼ਲ ਨਾਲ 50 ਗੈਸ ਸਿਲੰਡਰ, ਜਲੰਧਰ ਲਈ 500 ਲੀਟਰ ਪੈਟਰੋਲ ਅਤੇ 1000 ਲੀਟਰ ਡੀਜ਼ਲ ਨਾਲ 100 ਗੈਸ ਸਿਲੰਡਰ, ਕਪੂਰਥਲਾ ਲਈ 500 ਲੀਟਰ ਪੈਟਰੋਲ ਅਤੇ 1000 ਲੀਟਰ ਡੀਜ਼ਲ ਨਾਲ 50 ਗੈਸ ਸਿਲੰਡਰ, ਲੁਧਿਆਣਾ ਲਈ 1000 ਲੀਟਰ ਪੈਟਰੋਲ ਅਤੇ 2000 ਲੀਟਰ ਡੀਜ਼ਲ ਨਾਲ 50 ਗੈਸ ਸਿਲੰਡਰ, ਮਲੇਰਕੋਟਲਾ ਲਈ 1000 ਲੀਟਰ ਪੈਟਰੋਲ ਅਤੇ 1000 ਲੀਟਰ ਡੀਜ਼ਲ ਨਾਲ 25 ਗੈਸ ਸਿਲੰਡਰ ਅਤੇ ਮਾਨਸਾ ਲਈ 1000 ਲੀਟਰ ਪੈਟਰੋਲ ਅਤੇ 2000 ਲੀਟਰ ਡੀਜ਼ਲ ਨਾਲ 50 ਗੈਸ ਸਿਲੰਡਰ ਅਲਾਟ ਕੀਤੇ ਗਏ ਹਨ।

ਇਸੇ ਤਰ੍ਹਾਂ ਮੋਗਾ ਲਈ 1000 ਲੀਟਰ ਪੈਟਰੋਲ ਅਤੇ 2000 ਲੀਟਰ ਡੀਜ਼ਲ ਨਾਲ 100 ਗੈਸ ਸਿਲੰਡਰ, ਪਟਿਆਲਾ ਲਈ 2000 ਲੀਟਰ ਪੈਟਰੋਲ ਅਤੇ 3000 ਲੀਟਰ ਡੀਜ਼ਲ ਨਾਲ 65 ਗੈਸ ਸਿਲੰਡਰ, ਪਠਾਨਕੋਟ ਲਈ 2000 ਲੀਟਰ ਪੈਟਰੋਲ ਅਤੇ 2000 ਲੀਟਰ ਡੀਜ਼ਲ ਨਾਲ 50 ਗੈਸ ਸਿਲੰਡਰ, ਰੂਪਨਗਰ ਲਈ 2000 ਲੀਟਰ ਪੈਟਰੋਲ ਅਤੇ 3000 ਲੀਟਰ ਡੀਜ਼ਲ ਨਾਲ 100 ਗੈਸ ਸਿਲੰਡਰ, ਐਸ.ਏ.ਐਸ. ਨਗਰ ਲਈ 2000 ਲੀਟਰ ਪੈਟਰੋਲ ਅਤੇ 3000 ਲੀਟਰ ਡੀਜ਼ਲ ਨਾਲ 80 ਗੈਸ ਸਿਲੰਡਰ, ਐਸ.ਬੀ.ਐਸ. ਲਈ 2000 ਲੀਟਰ ਪੈਟਰੋਲ ਅਤੇ 2000 ਲੀਟਰ ਡੀਜ਼ਲ ਨਾਲ 100 ਗੈਸ ਸਿਲੰਡਰ, ਸ੍ਰੀ ਮੁਕਤਸਰ ਸਾਹਿਬ ਲਈ 1000 ਲੀਟਰ ਪੈਟਰੋਲ ਅਤੇ 1000 ਲੀਟਰ ਡੀਜ਼ਲ ਨਾਲ 25 ਗੈਸ ਸਿਲੰਡਰ, ਸੰਗਰੂਰ ਲਈ 1000 ਲੀਟਰ ਪੈਟਰੋਲ ਅਤੇ 1000 ਲੀਟਰ ਡੀਜ਼ਲ ਨਾਲ 50 ਗੈਸ ਸਿਲੰਡਰ, ਤਰਨਤਾਰਨ ਲਈ 3000 ਲੀਟਰ ਪੈਟਰੋਲ ਅਤੇ 4000 ਲੀਟਰ ਡੀਜ਼ਲ ਭੰਡਾਰ ਨਾਲ 50 ਗੈਸ ਸਿਲੰਡਰ ਅਲਾਟ ਕੀਤੇ ਗਏ ਹਨ।

### ਸਵਾਰੀਆਂ ਦਾ ਬਚਾਅ ਰਿਹਾ

**ਚੰਡੀਗੜ੍ਹ :** ਸ਼ੁੱਕਰਵਾਰ ਸਵੇਰੇ 10:15 ਵਜੇ ਦੇ ਕਰੀਬ ਸੈਕਟਰ 17 ਨੇੜੇ ਸੀ ਟੀ ਯੂ ਦੀ ਇਲੈਕਟ੍ਰਿਕ ਬੱਸ ਮੋੜ ’ਤੇ ਪਲਟ ਗਈ। ਬੱਸ ਵਿੱਚ 15 ਤੋਂ 20 ਸਵਾਰੀਆਂ ਸਨ। ਉਨ੍ਹਾਂ ਨੂੰ ਬਾਹਰ ਕੱਢਣ ਲਈ ਪੁਲਸ ਕੁਝ ਹੀ ਮਿੰਟਾਂ ਵਿੱਚ ਪਹੁੰਚ ਗਈ। ਸਵਾਰੀਆਂ ਨੂੰ ਮਾਮੂਲੀ ਸੱਟਾਂ ਲੱਗੀਆਂ। ਡਰਾਈਵਰ ਨੇ ਦੱਸਿਆ ਕਿ ਜਦੋਂ ਉਹ ਮੋੜ ਕੱਟ ਰਿਹਾ ਸੀ ਤਾਂ ਤਕਨੀਕੀ ਨੁਕਸ ਕਾਰਨ ਬੱਸ ਨੇ ਅਚਾਨਕ ਰਫਤਾਰ ਫੜ ਲਈ, ਜਿਸ ਕਾਰਨ ਇਹ ਪਲਟ ਗਈ।



### ਜੰਮੂ-ਸ੍ਰੀਨਗਰ ਸ਼ਾਹਰਾਹ ਚੌਥੇ ਦਿਨ ਵੀ ਬੰਦ ਰਿਹਾ

**ਸ੍ਰੀਨਗਰ :** ਜੰਮੂ-ਸ੍ਰੀਨਗਰ ਕੌਮੀ ਸ਼ਾਹਰਾਹ ਕਈ ਥਾਵਾਂ ’ਤੇ ਢਿੱਗਾਂ ਡਿੱਗਣ ਅਤੇ ਸੜਕ ਦੇ ਹਿੱਸਿਆਂ ਦੇ ਢਹਿ ਜਾਣ ਕਾਰਨ ਸ਼ੁੱਕਰਵਾਰ ਚੌਥੇ ਦਿਨ ਵੀ ਵਾਹਨਾਂ ਦੀ ਆਵਾਜਾਈ ਲਈ ਬੰਦ ਰਿਹਾ। ਹਾਲਾਂਕਿ, ਜੰਮੂ ਖੇਤਰ ਦੇ ਪੁੰਛ ਜ਼ਿਲ੍ਹੇ ਨੂੰ ਕਸ਼ਮੀਰ ਦੇ ਸ਼ੋਪੀਆਂ ਜ਼ਿਲ੍ਹੇ ਨਾਲ ਜੋੜਨ ਵਾਲਾ ਅੰਤਰ-ਖੇਤਰੀ ਮੁਗਲ ਰੋਡ ਤਿੰਨ ਦਿਨਾਂ ਦੀ ਬੰਦ ਹੋਣ ਤੋਂ ਬਾਅਦ ਵਾਹਨਾਂ ਦੀ ਆਵਾਜਾਈ ਲਈ ਦੁਬਾਰਾ ਖੋਲ੍ਹ ਦਿੱਤਾ ਗਿਆ ਹੈ। ਕਸ਼ਮੀਰ ਜਾਣ ਵਾਲੇ ਸ਼ਾਹਰਾਹਾਂ ਅਤੇ ਹੋਰ ਅੰਤਰ-ਖੇਤਰੀ ਸੜਕਾਂ ਦੇ ਬੰਦ ਹੋਣ ਨਾਲ ਕਠੂਆ ਤੋਂ ਕਸ਼ਮੀਰ ਤੱਕ ਵੱਖ-ਵੱਖ ਥਾਵਾਂ ’ਤੇ 3,700 ਤੋਂ ਵੱਧ ਵਾਹਨ ਫਸ ਗਏ ਹਨ।

### ਮੁੰਬਈ ’ਚ 14 ਅੱਤਵਾਦੀਆਂ ਤੇ 400 ਕਿੱਲੋ ਆਰ ਡੀ ਐੱਕਸ ਦੀ ਧਮਕੀ

**ਮੁੰਬਈ :** ਪੁਲਸ ਨੂੰ ਟਰੈਫਿਕ ਕੰਟਰੋਲ ਰੂਮ ਦੀ ਵ੍ਹਟਸਐਪ ਹੈਲਪਲਾਈਨ ’ਤੇ ਮਿਲੇ ਮੈਸੇਜ ਤੋਂ ਬਾਅਦ ਹੜਕੰਪ ਮਚ ਗਿਆ ਹੈ। ਮੈਸੇਜ ਵਿੱਚ ਦਾਅਵਾ ਕੀਤਾ ਗਿਆ ਹੈ ਕਿ 14 ਅੱਤਵਾਦੀ ਮੁੰਬਈ ਵਿੱਚ ਦਾਖਲ ਹੋਏ ਹਨ ਅਤੇ ਉਨ੍ਹਾਂ ਨੇ 400 ਕਿੱਲੋ ਆਰ ਡੀ ਐੱਕਸ ਦੇ ਨਾਲ 34 ਵਾਹਨਾਂ ਵਿੱਚ ਬੰਬ ਰੱਖੇ ਹਨ। ਮੈਸੇਜ ਵਿੱਚ ਇੱਕ ਸੰਗਠਨ ਦਾ ਨਾਂਅ ਵੀ ਆਇਆ ਹੈ—‘ਲਸ਼ਕਰ-ਏ-ਜੇਹਾਦੀ’। ਪੁਲਸ ਇਸ ਸੰਗਠਨ ਅਤੇ ਸੰਦੇਸ਼ ਭੇਜਣ ਵਾਲੇ ਵਿਅਕਤੀ ਦਾ ਪਤਾ ਲਾ ਰਹੀ ਹੈ। ਸ਼ਨੀਵਾਰ ਗਣੇਸ਼ ਉਤਸਵ ਦਾ ਆਖਰੀ ਦਿਨ ਹੈ, ਜਦੋਂ ਲੱਖਾਂ ਲੋਕ ਸੜਕਾਂ ’ਤੇ ਨਿਕਲਣਗੇ।

## ਖੇਤੀ ਸੰਕਟ ’ਤੇ 7 ਦਾ ਸੈਮੀਨਾਰ ਮੁਲਤਵੀ

**ਲੁਧਿਆਣਾ. (ਐੱਮ ਐੱਸ ਭਾਟੀਆ)** ਭਾਰਤੀ ਕਮਿਊਨਿਸਟ ਪਾਰਟੀ ਦੀ 25ਵੀਂ ਪਾਰਟੀ ਕਾਂਗਰਸ ਦੇ ਸੰਦਰਭ ਵਿੱਚ ਕੀਤੇ ਜਾ ਰਹੇ ਸੈਮੀਨਾਰਾਂ ਵਿੱਚੋਂ ਜਿਹੜਾ ‘ਖੇਤੀ ਸੰਕਟ, ਖੇਤੀ ਨੀਤੀ ਅਤੇ ਸਰਬ ਪੱਖੀ ਵਿਕਾਸ’ ਵਿਸ਼ੇ ’ਤੇ ਲੁਧਿਆਣਾ ਵਿੱਚ ਕੀਤਾ ਜਾਣਾ ਸੀ ਅਤੇ ਜਿਸ ਦੇ ਮੁੱਖ ਬੁਲਾਰੇ ਡਾਕਟਰ ਦਵਿੰਦਰ ਸ਼ਰਮਾ ਸਨ ਅਤੇ ਜੋ ਜ਼ਿਲ੍ਹਾ ਕਪੂਰਥਲਾ, ਜਲੰਧਰ, ਨਵਾਂ ਸ਼ਹਿਰ ਅਤੇ ਹੁਸ਼ਿਆਰਪੁਰ ਨੇ ਮਿਲ ਕੇ ਕਰਨਾ ਸੀ, ਹੜ੍ਹਾਂ ਅਤੇ ਪੰਜਾਬ ਵਿੱਚ ਲਗਾਤਾਰ ਪੈ ਰਹੇ ਮੀਂਹ ਕਰਕੇ ਮੁਲਤਵੀ ਕਰ ਦਿੱਤਾ ਗਿਆ ਹੈ। ਇਸ ਦੀ ਜਾਣਕਾਰੀ ਇਸ ਸੈਮੀਨਾਰ ਦੇ ਇੰਚਾਰਜ ਕਾਮਰੇਡ ਦੇਵੀ ਕੁਮਾਰੀ ਅਤੇ ਲੁਧਿਆਣਾ ਜ਼ਿਲ੍ਹੇ ਦੇ ਸਕੱਤਰ ਕਾਮਰੇਡ ਡੀ ਪੀ ਮੌੜ ਨੇ ਦਿੱਤੀ ਹੈ। ਹੁਣ ਇਹ ਸੈਮੀਨਾਰ ਚੰਡੀਗੜ੍ਹ ਵਿਖੇ ਹੋ ਰਹੀ ਪਾਰਟੀ ਕਾਂਗਰਸ ਤੋਂ ਬਾਅਦ ਕੀਤਾ ਜਾਵੇਗਾ।

## ਕਾਮਰੇਡ ਮਲਹੋਤਰਾ ਪਰਵਾਰ ਵੱਲੋਂ ਪਾਰਟੀ ਕਾਂਗਰਸ ਲਈ ਵੱਡਾ ਯੋਗਦਾਨ



**ਚੰਡੀਗੜ੍ਹ :** ਸੀ ਪੀ ਆਈ ਦੇ 25ਵੇਂ ਪਾਰਟੀ ਮਹਾਂ-ਸੰਮੇਲਨ ਦੀਆਂ ਜਿਵੇਂ-ਜਿਵੇਂ ਤਾਰੀਕਾਂ (21 ਤੋਂ 25 ਸਤੰਬਰ) ਨੇੜੇ ਆ ਰਹੀਆਂ ਹਨ, ਤਿਵੇਂ-ਤਿਵੇਂ ਕਮਿਊਨਿਸਟ ਵਰਕਰਾਂ ਅਤੇ ਹਮਦਰਦ ਸਾਥੀਆਂ ਵਿਚ ਇਸ ਅੰਦਰ ਆਪਣਾ ਯੋਗਦਾਨ ਪਾਉਣ ਦਾ ਉਤਸ਼ਾਹ ਵਧਦਾ ਨਜ਼ਰ ਆ ਰਿਹਾ ਹੈ। ਇਸ ਉਪਰਾਲੇ ਵਿਚ ਕਾਮਰੇਡ ਡਾ. ਇੰਦਰਵੀਰ ਗਿੱਲ ਅਤੇ ਕਾ. ਦਿਲਦਾਰ ਸਿੰਘ ਨੇ ਕਾਮਰੇਡ ਅਵਤਾਰ ਸਿੰਘ ਮਲਹੋਤਰਾ, ਸਾਬਕਾ ਸਕੱਤਰ ਪੰਜਾਬ ਸੀ ਪੀ ਆਈ ਤੇ ਕੌਮੀ ਆਗੂ ਦੇ ਪਰਵਾਰ ਕੋਲ ਪਹੁੰਚ ਕੀਤੀ, ਜਿਨ੍ਹਾਂ ਉਨ੍ਹਾਂ ਦੀ ਅਪੀਲ ਨੂੰ ਹੁੰਗਾਰਾ ਭਰਦਿਆਂ 50,000 ਰੁਪਏ ਪਾਰਟੀ ਕਾਂਗਰਸ ਲਈ ਦਿੱਤੇ, ਪਹਿਲਾਂ ਵੀ ਇਹ ਪਰਵਾਰ 5,000 ਰੁਪਏ ਕਾਮਰੇਡ ਦੇਵੀ ਦਿਆਲ ਸ਼ਰਮਾ ਨੂੰ ਫੰਡ ਦੇ ਚੁੱਕਾ ਹੈ। ਸੂਬਾ ਸਕੱਤਰ ਸਾਥੀ ਬੰਤ ਸਿੰਘ ਬਰਾੜ ਨੇ ਕਾਮਰੇਡ ਮਲਹੋਤਰਾ ਪਰਵਾਰ ਦਾ ਧੰਨਵਾਦ ਕੀਤਾ ਅਤੇ ਅਸ਼ੀਰਵਾਦ ਦਿੱਤਾ ਹੈ।

## ਅਸੀਂ ਭਾਰਤ ਤੇ ਰੂਸ ਨੂੰ ਚੀਨ ਕੋਲ ਹਾਰੇ : ਟਰੰਪ

**ਵਾਸ਼ਿੰਗਟਨ :** ਭਾਰਤ-ਅਮਰੀਕਾ ਸੰਬੰਧਾਂ ਵਿੱਚ ਨਵੇਂ ਨਿਘਾਰ ਦਾ ਸੰਕੇਤ ਦਿੰਦਿਆਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਸ਼ੁੱਕਰਵਾਰ ਕਿਹਾ ਕਿ ਅਜਿਹਾ ਲੱਗਦਾ ਹੈ ਕਿ ਭਾਰਤ ‘ਸਭ ਤੋਂ ਡੂੰਘੇ ਹਨੇਰੇ ਚੀਨ ਵਿੱਚ ਗੁਆਚ ਗਿਆ ਹੈ’। ਟਰੰਪ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਅਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਦੀ ਇੱਕ ਤਸਵੀਰ ਸਾਂਝੀ ਕੀਤੀ, ਜੋ ਚੀਨ ਵਿੱਚ ਐੱਸ ਸੀ ਓ ਨੇਤਾਵਾਂ ਦੇ ਸਿਖਰ ਸੰਮੇਲਨ ਦੌਰਾਨ ਮੁਲਾਕਾਤ ਦੀ ਹੈ।

ਟਰੰਪ ਨੇ ਪੋਸਟ ਵਿੱਚ ਕਿਹਾ, “ਲੱਗਦਾ ਹੈ ਕਿ ਅਸੀਂ ਭਾਰਤ ਅਤੇ ਰੂਸ ਨੂੰ ਸਭ ਤੋਂ ਡੂੰਘੇ, ਸਭ ਤੋਂ ਹਨ੍ਹੇਰੇ, ਚੀਨ ’ਚ ਗੁਆ ਦਿੱਤਾ ਹੈ। ਉਨ੍ਹਾਂ ਦਾ ਇਕੱਠਿਆਂ ਇੱਕ ਲੰਮਾ ਅਤੇ ਖੁਸ਼ਹਾਲ ਭਵਿੱਖ ਹੋਵੇ।”

ਪੋਸਟ ਦਾ ਜਵਾਬ ਦਿੰਦਿਆਂ ਭਾਰਤੀ ਵਿਦੇਸ਼ ਮੰਤਰਾਲੇ ਦੇ ਤਰਜਮਾਨ ਰਣਧੀਰ ਜੈਸਵਾਲ ਨੇ ਕਿਹਾ, “ਸਾਡੇ ਕੋਲ ਦੇਣ ਲਈ ਕੋਈ ਜਵਾਬ ਨਹੀਂ ਹੈ।” ਉਨ੍ਹਾ ਕਿਹਾ, “ਇਹ ਭਾਈਵਾਲੀ ਕਈ ਤਬਦੀਲੀਆਂ ਵਿੱਚੋਂ ਵਿਕਸਤ ਹੋਈ ਹੈ। ਜਿਵੇਂ ਕਿ ਮੈਂ ਪਹਿਲਾਂ ਕਿਹਾ ਸੀ, ਅਸੀਂ ਉਸ ਠੋਸ ਏਜੰਡੇ ’ਤੇ ਕੇਂਦਰਤ ਰਹਿੰਦੇ ਹਾਂ, ਜਿਸ ਲਈ ਸਾਡੇ ਦੋਵਾਂ ਦੇਸ਼ਾਂ ਨੇ ਵਚਨਬੱਧਤਾ ਪ੍ਰਗਟਾਈ ਹੈ, ਅਤੇ ਸਾਨੂੰ ਉਮੀਦ ਹੈ ਕਿ ਸੰਬੰਧ ਆਪਸੀ ਸਤਿਕਾਰ ਅਤੇ ਸਾਂਝੇ ਹਿੱਤਾਂ ਦੇ ਆਧਾਰ ’ਤੇ ਅੱਗੇ ਵਧਦੇ ਰਹਿਣਗੇ।”

ਰੂਸ-ਯੂਕਰੇਨ ਯੁੱਧ ’ਚ ਸ਼ਾਂਤੀ ਬਹਾਲੀ ਦੀ ਕੋਸ਼ਿਸ਼ ਤਹਿਤ ਟਰੰਪ ਨੇ 15 ਅਗਸਤ ਨੂੰ ਅਲਾਸਕਾ ਵਿੱਚ ਪੂਤਿਨ ਨਾਲ ਮੁਲਾਕਾਤ ਕੀਤੀ ਸੀ।

ਇਸੇ ਦੌਰਾਨ ਅਮਰੀਕਾ ਦੇ ਸਾਬਕਾ ਕੌਮੀ ਸੁਰੱਖਿਆ ਸਲਾਹਕਾਰ ਜੌਹਨ ਬੋਲਟਨ ਨੇ ਕਿਹਾ ਹੈ ਕਿ ਰਾਸ਼ਟਰਪਤੀ ਡੋਨਲਡ ਟਰੰਪ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਬਹੁਤ ਚੰਗੇ ਨਿੱਜੀ ਸੰਬੰਧ ਸਨ, ਪਰ ਹੁਣ ਉਹ ਖਤਮ ਹੋ ਗਏ ਹਨ। ਬੋਲਟਨ ਨੇ ਕਿਹਾ ਕਿ ਅਮਰੀਕੀ ਆਗੂ ਨਾਲ ਗੂੜ੍ਹੇ ਰਿਸ਼ਤੇ ਆਲਮੀ ਆਗੂਆਂ ਨੂੰ ‘ਸਭ ਤੋਂ ਮਾੜੇ ਦੌਰ’ ਤੋਂ ਨਹੀਂ ਬਚਾ ਸਕਣਗੇ।

## ਗੈਰ-ਕਾਨੂੰਨੀ ਮਾਈਨਿੰਗ ਨਾਲ ਬੰਨ੍ਹ ਕਮਜ਼ੋਰ ਹੋਏ : ਚੌਹਾਨ

**ਨਵੀਂ ਦਿੱਲੀ :** ਪੰਜਾਬ ਦੇ ਦੌਰੇ ਤੋਂ ਬਾਅਦ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਸ਼ੁੱਕਰਵਾਰ ਕਿਹਾ ਕਿ ਕੇਂਦਰ ਸਰਕਾਰ ਸਰਹੱਦੀ ਸੂਬੇ ਨੂੰ ਮੌਜੂਦਾ ਸੰਕਟ ’ਚੋਂ ਬਾਹਰ ਕੱਢਣ ਲਈ ਛੋਟੀ, ਦਰਮਿਆਨੀ ਅਤੇ ਲੰਬੀ ਮਿਆਦ ਦੀਆਂ ਯੋਜਨਾਵਾਂ ’ਤੇ ਕੰਮ ਕਰੇਗੀ। ਪੰਜਾਬ ਦੀ ਸਥਿਤੀ ਨੂੰ ਗੰਭੀਰ ਦੱਸਦਿਆਂ ਚੌਹਾਨ ਨੇ ਕਿਹਾ ਕਿ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਖੇਤਾਂ, ਕਿਸਾਨਾਂ ਅਤੇ ਪਸ਼ੂਆਂ ਨੂੰ ਹੋਏ ਨੁਕਸਾਨ ਬਾਰੇ ਇੱਕ ਵਿਸਥਾਰਤ ਜ਼ਮੀਨੀ ਮੁਲਾਂਕਣ ਰਿਪੋਰਟ ਪੇਸ਼ ਕਰਨਗੇ ਅਤੇ ਕੇਂਦਰ ਇੱਕ ਵਿਆਪਕ ਰਾਹਤ ਅਤੇ ਮੁੜ ਵਸੇਬਾ ਪੈਕੇਜ ਲੈ ਕੇ ਆਵੇਗਾ।

ਚੌਹਾਨ ਨੇ ਕਿਹਾ, “ਪ੍ਰਧਾਨ ਮੰਤਰੀ ਮੋਦੀ ਪੰਜਾਬ ਦੀ ਸਥਿਤੀ ਬਾਰੇ ਬਹੁਤ ਚਿੰਤਤ ਹਨ। ਉਨ੍ਹਾ ਦੇ ਨਿਰਦੇਸ਼ਾਂ ’ਤੇ ਹੀ ਮੈਂ ਕੱਲ੍ਹ ਸੂਬੇ ਦਾ ਦੌਰਾ ਕੀਤਾ। ਪੰਜਾਬ ਵਿੱਚ ਹੜ੍ਹ ਵਾਲੀ ਸਥਿਤੀ ਹੈ, ਫਸਲਾਂ ਦਾ ਨੁਕਸਾਨ ਹੋਇਆ ਹੈ। ਇਸ ਦੁੱਖ ਦੀ ਘੜੀ ਵਿੱਚ ਕੇਂਦਰ ਸਰਕਾਰ ਪੰਜਾਬ ਦੇ ਲੋਕਾਂ ਅਤੇ ਕਿਸਾਨਾਂ ਨਾਲ ਖੜ੍ਹੀ ਹੈ।” ਉਨ੍ਹਾ ਕਿਹਾ ਕਿ ਇਸ ਸਮੇਂ ਦੀ ਲੋੜ ਸੂਬੇ ਦੇ ਹੜ੍ਹ ਪ੍ਰਭਾਵਤ ਖੇਤਰਾਂ ਦਾ • ਬਾਕੀ ਸਫਾ 2 ’ਤੇ

## ਡੁੱਬ ਰਹੇ ਪੰਜਾਬ ਨਾਲ ਵੀ ਮੋਦੀ ਸਰਕਾਰ ਵਿਤਕਰਾ ਕਰ ਰਹੀ : ਬੰਤ ਬਰਾੜ

**ਚੰਡੀਗੜ੍ਹ :** ਹੜ੍ਹਾਂ ਨਾਲ ਹੋਈ ਭਾਰੀ ਤਬਾਹੀ ਕਾਰਨ ਸੀ ਪੀ ਆਈ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਮੋਦੀ ਸਰਕਾਰ ਅਤੇ ਪੰਜਾਬ ਸਰਕਾਰ ਦੇ ਫੋਕੇ ਵਾਅਦਿਆਂ ਅਤੇ ਲੋਕਾਂ ਨਾਲ ਝੂਠੀ ਹਮਦਰਦੀ ਨੂੰ ਨਿਰਾ ਡਰਾਮਾ ਦੱਸਿਆ ਹੈ। ਸੀ ਪੀ ਆਈ ਦੇ ਸਕੱਤਰ ਸਾਥੀ ਬੰਤ ਸਿੰਘ ਬਰਾੜ ਨੇ ਕਿਹਾ ਕਿ ਕਿੰਨੀ ਅਜੀਬ ਅਤੇ ਵਿਤਕਰੇ ਵਾਲੀ ਗੱਲ ਹੈ ਕਿ ਅਫਗਾਨਿਸਤਾਨ ਵਿਚ ਭੂਚਾਲ ਆਉਣ ’ਤੇ ਹੋਈ ਬਰਬਾਦੀ ’ਤੇ ਭਾਰਤ ਸਰਕਾਰ ਦੇ ਪ੍ਰਧਾਨ ਮੰਤਰੀ ਨੇ ਫੌਰਨ ਹੀ ਸਹਾਇਤਾ ਦਾ ਐਲਾਨ ਕਰ ਦਿੱਤਾ, ਜਿਹੜੀ ਚੰਗੀ ਗੱਲ ਹੈ, ਪਰ ਪੰਜਾਬ ਵਿਚ ਹੜ੍ਹਾਂ ਨਾਲ ਹੋਈ ਬਰਬਾਦੀ ਬਾਰੇ ਅਜੇ ਤੱਕ ਅਮਲੀ ਤੌਰ ’ਤੇ ਕੁੱਝ ਵੀ ਨਹੀਂ ਕੀਤਾ। ਚਾਹੀਦਾ ਤਾਂ ਇਹ ਸੀ ਕਿ ਪ੍ਰਧਾਨ ਮੰਤਰੀ ਫੌਰੀ ਤੌਰ ’ਤੇ ਹੋਈ ਤਬਾਹੀ ਨੂੰ ਕੌਮੀ ਆਫਤ ਐਲਾਨ ਕਰਕੇ ਪੰਜਾਬ ਲਈ ਵਿਸ਼ੇਸ਼ ਪੈਕੇਜ ਐਲਾਨ ਕਰਦੇ, ਇਸ ਦੇ ਉਲਟ ਕੇਂਦਰੀ ਮੰਤਰੀ ਸ਼ਿਵਰਾਜ ਚੌਹਾਨ, ਰਵਨੀਤ ਬਿੱਟੂ ਅਤੇ ਪੰਜਾਬ ਦੇ ਭਾਜਪਾ ਲੀਡਰ ਪਾਣੀਆਂ ਵਿਚ ਵੜ ਕੇ ਫੋਟੋਆਂ ਖਿਚਵਾ ਕੇ ਪੰਜਾਬੀਆਂ ਦੇ ਜਜ਼ਬਾਤਾਂ ਨਾਲ ਖੇਡ ਰਹੇ ਹਨ। ਮਿਲੀਆਂ ਰਿਪੋਰਟਾਂ ਅਨੁਸਾਰ ਪੰਜਾਬ ਸਰਕਾਰ ਦੇ ਮੰਤਰੀ ਅਤੇ ਅਫਸਰ ਰਾਹਤ ਦੇ ਨਾਂਅ ’ਤੇ ਸਿਰਫ ਲਿਫਾਫਿਆਂ ਵਿਚ ਨਾਮਾਤਰ ਦਵਾਈਆਂ ਦੇ ਕੇ ਫੋਟੋਆਂ ਖਿਚਵਾ ਕੇ ਝੂਠੇ ਪ੍ਰਚਾਰ ਵਿਚ ਰੁੱਝੇ ਹੋਏ ਹਨ।

ਸਾਥੀ ਬਰਾੜ ਨੇ ਕਿਹਾ ਕਿ ਮੋਦੀ ਸਰਕਾਰ ਫੌਰਨ ਹੀ 60,000 ਕਰੋੜ ਦਾ ਪੈਕੇਜ ਰਿਲੀਜ਼ ਕਰੇ। ਇਸ ਦੇ ਨਾਲ ਹੀ ਦੇਰ ਤੋਂ ਰੋਕੇ ਹੋਏ ਰੂਰਲ ਡਿਵੈਲਪਮੈਂਟ ਅਤੇ ਮੰਡੀ ਵਿਕਾਸ ਲਈ ਪੰਜਾਬ ਦੇ 8000 ਕਰੋੜ ਵੀ ਦਿੱਤੇ ਜਾਣ। ਪੰਜਾਬ ਸਰਕਾਰ ਨੇ ਤਾਂ ਪਹਿਲਾਂ ਹੀ ਪੰਜਾਬ ਦਾ ਸਰਕਾਰੀ ਖਜ਼ਾਨਾ ਖਾਲੀ ਹੀ ਨਹੀਂ ਕੀਤਾ, ਸਗੋਂ ਕਰਜ਼ੇ ਵਿਚ ਵਾਧਾ ਕਰਕੇ ਸਾਲ ਦੇ ਅੰਤ ਤੱਕ ਪੌਣੇ ਚਾਰ ਲੱਖ ਕਰੋੜ ਤੱਕ ਪਹੁੰਚਾ ਦੇਣਾ ਹੈ। ਸਾਥੀ ਬਰਾੜ ਨੇ ਕਿਹਾ ਕਿ 21 ਸਤੰਬਰ ਨੂੰ ਸੀ ਪੀ ਆਈ ਵੱਲੋਂ ਪੰਜਾਬ ਦੇ ਮੁੱਦਿਆਂ ’ਤੇ ਮੋਹਾਲੀ ਵਿਖੇ ਭਾਰੀ ਰੈਲੀ ਕੀਤੀ ਜਾ ਰਹੀ ਹੈ, ਜਿਸ ਵਿਚ ਪੰਜਾਬੀਆਂ ਨੂੰ ਕੇਂਦਰ ਅਤੇ ਪੰਜਾਬ ਸਰਕਾਰਾਂ ਦੀਆਂ ਲੋਕ ਦੁਸ਼ਮਣ ਨੀਤੀਆਂ ਵਿਰੁੱਧ ਜ਼ੋਰਦਾਰ ਲੜਾਈ ਆਰੰਭਣ ਦੀ ਅਪੀਲ ਕੀਤੀ ਜਾਵੇਗੀ।

## ਸ਼ਿਲਪਾ ਸ਼ੈੱਟੀ ਤੇ ਰਾਜ ਕੁੰਦਰਾ ਖਿਲਾਫ ਐੱਲ ਓ ਸੀ ਜਾਰੀ

**ਮੁੰਬਈ :** 60 ਕਰੋੜ ਰੁਪਏ ਦੇ ਧੋਖਾਧੜੀ ਦੇ ਮਾਮਲੇ ਦੇ ਸੰਬੰਧ ਵਿੱਚ ਬਾਲੀਵੁੱਡ ਅਦਾਕਾਰਾ ਸ਼ਿਲਪਾ ਸ਼ੈੱਟੀ ਅਤੇ ਉਸਦੇ ਕਾਰੋਬਾਰੀ ਪਤੀ ਰਾਜ ਕੁੰਦਰਾ ਵਿਰੁੱਧ ਲੁੱਕਆਊਟ ਸਰਕੂਲਰ (ਐੱਲ ਓ ਸੀ) ਜਾਰੀ ਕੀਤਾ ਗਿਆ ਹੈ। ਇੱਕ ਪੁਲਸ ਅਧਿਕਾਰੀ ਨੇ ਦੱਸਿਆ ਕਿ ਇਹ ਐੱਲ ਓ ਸੀ ਆਰਥਕ ਅਪਰਾਧ ਰੋਕੂ ਸ਼ਾਖਾ ਵੱਲੋਂ ਜਾਰੀ ਕੀਤਾ ਗਿਆ, ਕਿਉਂਕਿ ਇਹ ਜੋੜਾ ਅਕਸਰ ਅੰਤਰਰਾਸ਼ਟਰੀ ਯਾਤਰਾਵਾਂ ਕਰਦਾ ਹੈ। ਦੋਹਾਂ ਵਿਰੁੱਧ 14 ਅਗਸਤ ਨੂੰ ਜੁਹੂ ਪੁਲਸ ਸਟੇਸ਼ਨ ਵਿੱਚ ਇੱਕ ਕਾਰੋਬਾਰੀ ਨੂੰ ਕਰੀਬ 60 ਕਰੋੜ ਰੁਪਏ ਦੀ ਲੋਨ-ਕਮ-ਇਨਵੈਸਟਮੈਂਟ ਡੀਲ ਵਿੱਚ ਕਥਿਤ ਤੌਰ ’ਤੇ ਧੋਖਾ ਦੇਣ ਦਾ ਮਾਮਲਾ ਦਰਜ ਕੀਤਾ ਗਿਆ ਸੀ। ਲੁੱਕਆਊਟ ਸਰਕੂਲਰ ਇੱਕ ਵਿਧੀ ਹੈ, ਜੋ ਕਿਸੇ ਵਿਅਕਤੀ ਨੂੰ ਦੇਸ਼ ਛੱਡਣ ਤੋਂ ਰੋਕਣ ਜਾਂ ਉਸ ਦੀਆਂ ਗਤੀਵਿਧੀਆਂ ’ਤੇ ਨਜ਼ਰ ਰੱਖਣ ਲਈ ਵਰਤੀ ਜਾਂਦੀ ਹੈ। ਇਹ ਆਮ ਤੌਰ ’ਤੇ ਇਮੀਗ੍ਰੇਸ਼ਨ ਅਤੇ ਸਰਹੱਦੀ ਨਿਯੰਤਰਣ ਪੁਆਇੰਟਾਂ ਨੂੰ ਅਲਰਟ ਜਾਰੀ ਕਰਕੇ ਕੀਤਾ ਜਾਂਦਾ ਹੈ। ਰਾਜ ਕੁੰਦਰਾ ਹਾਲ ਹੀ ਵਿੱਚ ਆਪਣੀ ਫਿਲਮ ‘ਮੇਹਰ’ ਦੀ ਰੀਲੀਜ਼ ਨੂੰ ਲੈ ਕੇ ਪੰਜਾਬ ਦੌਰੇ ’ਤੇ ਸੀ।

## ਅੱਜ-ਨਾਮਾ

ਥੋੜ੍ਹੀ ਜਿਹੀ ਮੌਸਮ ਵੀ ਅੱਜ ਬਰੇਕ ਲਾਈ,
ਲੱਗਿਆ ਲੋਕਾਂ ਨੂੰ ਆਉਣ ਹੈ ਸਾਹ ਬੇਲੀ।
ਉੱਪਰੋਂ ਅਜੇ ਵੀ ਬੱਦਲ ਆ ਛਾਏ ਫਿਰਦੇ,
ਇਨ੍ਹਾਂ ਦਾ ਹੁੰਦਾ ਨਹੀਂ ਕਦੀ ਵਸਾਹ ਬੇਲੀ।
ਲੀਡਰਾਂ ਵਰਗਾ ਸੁਭਾਅ ਜਿਹਾ ਬੱਦਲਾਂ ਦਾ,
ਨਹੀਂਉਂ ਇਹ ਕਿਸੇ ਦੇ ਖੈਰ ਖਵਾਹ ਬੇਲੀ।
ਫਿਰ ਵੀ ਭਲੇ ਲਈ ਪਊਗੀ ਆਸ ਕਰਨੀ,
ਫਸਿਆਂ ਹੋਇਆਂ ਦਾ ਹੋਰ ਨਾ ਰਾਹ ਬੇਲੀ।
ਖਤਰਾ ਟਲ ਗਿਆ ਅਜੇ ਨਾ ਆਖ ਸਕਦੇ,
ਪਰਤਦਾ ਮਾਰ ਸਕਦਾ ਬੱਦਲ ਡੰਗ ਬੇਲੀ।
ਚੌਕਸੀ ਵਿੱਚ ਨਾ ਹਾਲੇ ਵੀ ਢਿੱਲ ਕਰਿਓ,
ਇਹੀਓ ਵਕਤ ਦੀ ਅਸਲ ਹੈ ਮੰਗ ਬੇਲੀ।

-ਤੀਸ ਮਾਰ ਖਾਂ

## ਸੀਨੀਅਰ ਆਪ ਆਗੂਆਂ ਵੱਲੋਂ ਹੜ੍ਹ ਪ੍ਰਭਾਵਤ ਇਲਾਕਿਆਂ ਦੇ ਦੌਰੇ



**ਡੇਰਾ ਬਾਬਾ ਨਾਨਕ. (ਰਮੇਸ਼ ਸ਼ਰਮਾ)**

ਰਾਜ ਸਭਾ ਮੈਂਬਰ ਸੰਜੇ ਸਿੰਘ ਵੱਲੋਂ ਸੂਬੇ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਅਤੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨਾਲ ਸ਼ੁੱਕਰਵਾਰ ਡੇਰਾ ਬਾਬਾ ਨਾਨਕ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕੀਤਾ ਗਿਆ। ਉਨ੍ਹਾਂ ਨਾਲ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ, ਅੰਮ੍ਰਿਤਸਰ ਦੱਖਣੀ ਦੇ ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਜਰ, ਡਿਪਟੀ ਕਮਿਸ਼ਨਰ ਸ੍ਰੀ ਦਲਵਿੰਦਰਜੀਤ ਸਿੰਘ, ਐੱਸ.ਐੱਸ.ਪੀ. ਬਟਾਲਾ ਸੋਹੇਲ ਕਾਸਿਮ ਮੀਰ, ਜ਼ਿਲ੍ਹਾ ਯੋਜਨਾ ਕਮੇਟੀ ਦੇ ਨਵ-ਨਿਯੁਕਤ ਚੇਅਰਮੈਨ ਅਤੇ ਆਪ ਦੇ ਜ਼ਿਲ੍ਹਾ ਪ੍ਰਧਾਨ ਜੋਬਨ ਰੰਧਾਵਾ, ਨਗਰ ਸੁਧਾਰ ਟਰੱਸਟ ਗੁਰਦਾਸਪੁਰ ਦੇ ਚੇਅਰਮੈਨ ਸ੍ਰੀ ਰਾਜੀਵ ਸ਼ਰਮਾ ਵੀ ਸਨ। ਸੰਜੇ ਸਿੰਘ, ਅਮਨ ਅਰੋੜਾ ਅਤੇ ਹਰਭਜਨ ਸਿੰਘ ਈ.ਟੀ.ਓ. ਵੱਲੋਂ ਸਵੇਰੇ ਸਭ ਤੋਂ ਪਹਿਲਾਂ ਪਿੰਡ ਸ਼ਾਹਪੁਰ ਜਾਜਨ ਦੀ ਪੱਤੀ ਰਾਮਪੁਰ ਵਿਖੇ ਹੜ੍ਹ ਪੀੜਤਾਂ ਲਈ ਰਾਹਤ ਸਮਗਰੀ ਦੀਆਂ ਟਰਾਲੀਆਂ ਨੂੰ ਰਵਾਨਾ ਕੀਤਾ ਗਿਆ। ਇਸ ਉਪਰੰਤ ਉਨ੍ਹਾਂ ਵੱਲੋਂ ਡੇਰਾ ਬਾਬਾ ਨਾਨਕ ਇਲਾਕੇ ਅਤੇ ਸ੍ਰੀ ਕਰਤਾਰਪੁਰ ਸਾਹਿਬ ਕਾਰੀਡੋਰ ਵਿਖੇ ਹੜ੍ਹਾਂ ਕਾਰਨ ਹੋਏ ਨੁਕਸਾਨ ਦਾ ਜਾਇਜ਼ਾ ਲਿਆ ਗਿਆ। ਪੱਤਰਕਾਰਾਂ ਨਾਲ ਗੱਲ ਕਰਦਿਆਂ ਸੰਜੇ ਸਿੰਘ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਬੰਦ ਕਰਕੇ ਔਖੀ ਘੜੀ ਵਿੱਚ ਉਸ ਦੀ ਬਾਂਹ ਫੜਨੀ ਚਾਹੀਦੀ ਹੈ। ਅਮਨ ਅਰੋੜਾ ਨੇ ਕਿਹਾ ਕਿ ਹੜ੍ਹਾਂ ਦੇ ਇਸ ਸੰਕਟ ਵਿੱਚ ਪੰਜਾਬ ਸਰਕਾਰ ਆਪਣੇ ਲੋਕਾਂ ਦੇ ਨਾਲ ਹੈ ਅਤੇ ਇਸ ਸੰਕਟ ਨਾਲ ਨਜਿੱਠਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਸਾਰੀ ਮਸ਼ੀਨਰੀ ਆਪਣੀ ਪੂਰੀ ਸਮਰੱਥਾ ਨਾਲ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਰਾਹਤ ਕਾਰਜਾਂ ਵਿੱਚ ਲੱਗੀ ਹੋਈ ਹੈ।

ਅਮਨ ਅਰੋੜਾ ਨੇ ਕੇਂਦਰ ਸਰਕਾਰ ਕੋਲੋਂ ਮੰਗ ਕੀਤੀ ਕਿ ਉਹ ਬਿਨਾਂ ਕਿਸੇ ਦੇਰੀ ਪੰਜਾਬ ਦੇ ਰੋਕੇ ਹੋਏ ਪੈਸੇ ਜਾਰੀ ਕਰਨ ਦੇ ਨਾਲ ਪੰਜਾਬ ’ਚ ਹੜ੍ਹਾਂ ਦੇ ਪ੍ਰਭਾਵ ਨੂੰ ਘਟਾਉਣ ਅਤੇ ਰਾਜ ਦੀ ਆਰਥਿਕਤਾ ਨੂੰ ਮੁੜ ਬਹਾਲ ਕਰਨ ਲਈ ਵਿਸ਼ੇਸ਼ ਆਰਥਿਕ ਪੈਕੇਜ ਦੇਵੇ। ਇਸ ਮੌਕੇ ਐੱਸ.ਡੀ.ਐੱਮ. ਡੇਰਾ ਬਾਬਾ ਨਾਨਕ ਡਾ. ਅਦਿੱਤਯ ਸ਼ਰਮਾ, ਐੱਸ.ਡੀ.ਐੱਮ. ਫ਼ਤਹਿਗੜ੍ਹ ਚੂੜੀਆਂ ਗੁਰਮੰਦਰ ਸਿੰਘ, ਚੇਅਰਮੈਨ ਬਲਵਿੰਦਰ ਸਿੰਘ ਹਰੂਵਾਲ, ਜਸਵੰਤ ਸਿੰਘ ਨੰਬਰਦਾਰ, ਪ੍ਰਦੀਪ ਸਿੰਘ ਆੜ੍ਹਤੀਆ, ਗੁਰਦੇਵ ਸਿੰਘ ਸ਼ਾਹਪੁਰ ਯੂਥ ਆਗੂ ਵੀ ਮੌਜੂਦ ਸਨ।

## ਭਾਰਤੀ ਟੀਮ ਵੱਲੋਂ 11-0 ਨਾਲ ਸ਼ੁਰੂਆਤ

**ਹਾਂਗਜ਼ੂ (ਚੀਨ) :** ਉਦਿਤ ਦੁਹਾਨ ਤੇ ਬਿਊਟੀ ਡੁੰਗ ਡੁੰਗ ਵੱਲੋਂ ਕੀਤੇ ਦੋ-ਦੋ ਗੋਲਾਂ ਦੀ ਬਦੌਲਤ ਭਾਰਤ ਨੇ ਸ਼ੁੱਕਰਵਾਰ ਇਥੇ ਮਹਿਲਾ ਏਸ਼ੀਆ ਕੱਪ ਹਾਕੀ ਟੂਰਨਾਮੈਂਟ ਦੇ ਆਪਣੇ ਪਲੇਠੇ ਮੁਕਾਬਲੇ ਵਿੱਚ ਥਾਈਲੈਂਡ ਨੂੰ 11-0 ਨਾਲ ਹਰਾਇਆ। ਉਦਿਤਾ ਨੇ ਦੋਵੇਂ ਗੋਲ ਪੈਨਲਟੀ ਕਾਰਨਰ ’ਤੇ ਕੀਤੇ। ਭਾਰਤੀ ਟੀਮ ਲਈ ਮੁਮਤਾਜ਼ ਖਾਨ, ਸੰਗੀਤਾ ਕੁਮਾਰੀ, ਨਵਨੀਤ ਕੌਰ, ਲਾਲੇਰਮਸਿਆਮੀ, ਟੀ ਸੁਮਨ ਦੇਵੀ, ਸ਼ਰਮੀਲਾ ਦੇਵੀ ਤੇ ਆਰ ਦਸਾਓ ਪਿਸਲ ਨੇ ਵੀ ਗੋਲ ਕੀਤੇ।



ਭਾਰਤ, ਜੋ ਇਸ ਵੇਲੇ ਆਲਮੀ ਦਰਜਾਬੰਦੀ ਵਿੱਚ 9ਵੇਂ ਸਥਾਨ ’ਤੇ ਹਨ, ਹਾਫ ਟਾਈਮ ਤੱਕ ਪੂਲ ਬੀ ਦੇ ਮੈਚ ਵਿੱਚ 5-0 ਨਾਲ ਅੱਗੇ ਸੀ। ਇਸ ਟੂਰਨਾਮੈਂਟ ਵਿੱਚ ਅੱਠ ਟੀਮਾਂ ਹਨ ਅਤੇ ਦੋਵਾਂ ਪੂਲਾਂ ਵਿੱਚੋਂ ਚੋਟੀ ਦੀਆਂ ਦੋ-ਦੋ ਟੀਮਾਂ ਸੁਪਰ 4 ਪੜਾਅ ਲਈ ਕੁਆਲੀਫਾਈ ਕਰਨਗੀਆਂ। ਸੁਪਰ 4 ਵਿੱਚ ਚੋਟੀ ਦੀਆਂ ਦੋ ਟੀਮਾਂ 14 ਸਤੰਬਰ ਨੂੰ ਹੋਣ ਵਾਲੇ ਫਾਈਨਲ ਵਿੱਚ ਖੇਡਣਗੀਆਂ। ਭਾਰਤੀ ਟੀਮ ਤਜਰਬੇਕਾਰ ਗੋਲਕੀਪਰ ਸਵਿਤਾ ਪੂਨੀਆ ਅਤੇ ਸਟਾਰ ਡਰੈਗ-ਫਲਿੱਕਰ ਦੀਪਿਕਾ ਦੀ ਜ਼ਖਮੀ ਜੋੜੀ ਤੋਂ ਬਿਨਾਂ ਟੂਰਨਾਮੈਂਟ ਵਿੱਚ ਉਤਰੀ ਹੈ। ਏਸ਼ੀਆ ਕੱਪ ਜੇਤੂ ਟੀਮਾਂ ਬੈਲਜੀਅਮ ਅਤੇ ਨੀਦਰਲੈਂਡ ਵਿੱਚ ਹੋਣ ਵਾਲੇ 2026 ਮਹਿਲਾ ਵਿਸ਼ਵ ਕੱਪ ਲਈ ਕੁਆਲੀਫਾਈ ਕਰਨਗੀਆਂ।

6-SEP-PAGE-1.qxd 9/5/2025 10:12 PM Page 2



# ਹੜ੍ਹਾਂ ਕਾਰਨ ਹੋਏ ਨੁਕਸਾਨ ਦਾ ਮੁਆਵਜ਼ਾ ਦੇਵੇ ਸਰਕਾਰ : ਬਰਾਸ



**ਪਟਿਆਲਾ (ਰਾਜਿੰਦਰ ਥਿੰਦ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜ਼ਿਲ੍ਹਾ ਪਟਿਆਲਾ ਵੱਲੋਂ ਹੜ੍ਹਾਂ ਨਾਲ ਪ੍ਰਭਾਵਿਤ ਲੋਕਾਂ ਦੀਆਂ ਸਮੱਸਿਆਵਾਂ ਬਾਰੇ ਪੰਜਾਬ ਸਰਕਾਰ ਦੇ ਨਾਂਅ ਡਿਪਟੀ ਕਮਿਸ਼ਨਰ ਪਟਿਆਲਾ ਰਾਹੀਂ ਮੰਗ ਪੱਤਰ ਭੇਜਿਆ ਗਿਆ।ਇਸ ਸਮੇਂ ਜ਼ਿਲ੍ਹੇ ਦੇ ਵੱਖ-ਵੱਖ ਬਲਾਕਾਂ ਦੇ ਕਈ ਪਿੰਡ ਇਕਾਈਆਂ ਦੇ ਕਿਸਾਨ ਸ਼ਾਮਲ ਹੋਏ।ਇਕੱਠ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਜਸਵਿੰਦਰ ਸਿੰਘ ਬਰਾਸ ਨੇ ਕਿਹਾ ਕਿ ਸਰਕਾਰ ਹੜ੍ਹ ਨਾਲ ਪ੍ਰਭਾਵਿਤ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਰੇ।ਪੰਜਾਬ, ਹਿਮਾਚਲ ਪ੍ਰਦੇਸ਼, ਉਤਰਾਖੰਡ, ਜੰਮੂ ਕਸ਼ਮੀਰ ਵਿੱਚ ਬਦਲ ਫੱਟਣ, ਭਾਰੀ ਮੀਂਹ, ਭੂ-ਸਖ਼ਲਣ, ਹੜ੍ਹ, ਸੜਕਾਂ, ਇਮਾਰਤ ਦੇ ਹੋਏ ਨੁਕਸਾਨ ਕਾਰਨ ਪੈਦਾ ਹੋਏ ਸੰਕਟ ਨੂੰ ਕੌਮੀ ਆਫ਼ਤ ਘੋਸ਼ਤ ਕਰਨ।ਲੋਕਾਂ ਤੱਕ ਰਾਹਤ ਸਮੱਗਰੀ, ਪਸ਼ੂਆਂ ਲਈ ਹਰਾ ਚਾਰਾ ਤੇ ਦਵਾਈਆਂ ਦੇ ਪ੍ਰਬੰਧ ਲਈ ਵਸੀਲਾ ਕਰੇ।ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਮਾਹਰਾਂ ਮੁਤਾਬਕ ਹੜ੍ਹਾਂ ਦੀ ਸਮੱਸਿਆ ਕੋਈ ਕੁਦਰਤੀ ਕਰੋਪੀ ਨਹੀਂ, ਬਲਕਿ ਸਰਕਾਰਾਂ, ਅਫ਼ਸਰਸ਼ਾਹੀ ਤੇ ਪ੍ਰਬੰਧ ਵਿੱਚ ਸ਼ਾਮਲ ਅਮਲੇ ਦੀ ਅਣਗਹਿਲੀ ਦਾ ਨਤੀਜਾ ਹੈ।ਜ਼ਿਲ੍ਹਾ ਸਕੱਤਰ ਸੁਖਵਿੰਦਰ ਸਿੰਘ ਬਾਰਨ ਨੇ ਕਿਹਾ ਕਿ ਸਰਕਾਰ ਡੈਮਾਂ, ਫਲੱਡ ਗੇਟਾਂ, ਧੁੱਸੀ ਬੰਨ੍ਹ ਤੇ ਨਹਿਰਾਂ ਦੇ ਪੁਰਾਣੇ ਸਿਸਟਮ ਦੀ ਬਦਲੀ ਕਰਕੇ ਨਵੇਂ ਤਰੀਕਿਆਂ ਤੇ ਆਧੁਨਿਕ ਪ੍ਰਬੰਧ ਤਕਨੀਕਾਂ ਦਾ ਪ੍ਰਯੋਗ ਕਰਕੇ ਨਵੇਂ ਢਾਂਚੇ ਦੀ ਉਸਾਰੀ ਕਰੇ।ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਜਗਦੀਪ ਸਿੰਘ ਛੰਨਾਂ ਨੇ ਮੰਗ ਕਰਦਿਆਂ ਕਿਹਾ ਕਿ ਸਰਕਾਰ ਲੋਕਾਂ ਦੇ ਮੁੜ ਵਸੇਬੇ, ਬੰਨ੍ਹਾਂ ਦੀ ਮੁਰੰਮਤ, ਪਸ਼ੂ ਪਾਲਣ ਦੀ ਪੂਰਤੀ, ਲੋਕਾਂ ਦੇ ਘਰ ਇਮਾਰਤਾ ਦੀ ਉਸਾਰੀ ਲਈ ਵਿਸ਼ੇਸ਼ ਫੰਡ ਐਲਾਨ ਕਰੇ।ਬਲਰਾਜ ਜੋਸ਼ੀ ਨੇ ਬੋਲਦਿਆਂ ਜਾਣਕਾਰੀ ਦਿੱਤੀ ਕਿ ਆਉਂਦੇ ਦਿਨਾਂ ਵਿੱਚ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਲੋਕਾਂ ਨਾਲ ਰਾਬਤਾ ਕਰਕੇ ਬਲਾਕ ਪੱਧਰ 'ਤੇ ਰਸਦ ਸਮੱਗਰੀ ਇਕੱਠੀ ਕਰਕੇ ਲੋੜਵੰਦ ਲੋਕਾਂ ਤੱਕ ਪਹੁੰਚਾਈਆਂ ਜਾਵੇਗਾ।ਸਾਰੇ ਆਗੂਆਂ ਵੱਲੋਂ ਅਪੀਲ ਕੀਤੀ ਗਈ ਕਿ ਹੜ੍ਹ ਪ੍ਰਭਾਵਿਤ ਲੋਕਾਂ ਦੀ ਵੱਧ ਤੋਂ ਵੱਧ ਮਦਦ ਕੀਤੀ ਜਾਵੇ।ਇਸ ਇਕੱਤਰਤਾ ਵਿੱਚ ਸੂਬਾ ਆਗੂ ਜਗਤਾਰ ਕਾਲਾਝਾੜ, ਅਮਰੀਕ ਘੱਗਾ, ਅਵਤਾਰ ਸਿੰਘ ਫੱਗਣਮਾਜਰਾ, ਦਵਿੰਦਰ ਸਿੰਘ ਸੀਲ, ਜਸਵਿੰਦਰ ਸਿੰਘ ਬਿਸ਼ਨਪੁਰ, ਰਜਿੰਦਰ ਸਿੰਘ ਕਕਰਾਲਾ ਆਦਿ ਮਰਦ ਕਿਸਾਨ ਆਗੂ ਤੇ ਔਰਤ ਕਿਸਾਨ ਆਗੂ ਵੀ ਸ਼ਾਮਲ ਹੋਈਆਂ।

# ਮਾਰਕੀਟ ਕਮੇਟੀ ਸਰਹਿੰਦ ਵਿਖੇ ਆੜ੍ਹਤੀਆਂ ਨਾਲ ਮੀਟਿੰਗ ਹੋਈ : ਚੇਅਰਮੈਨ ਢਿੱਲੋਂ



**ਸ੍ਰੀ ਫ਼ਤਿਹਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)** ਸਾਉਣੀ ਦੇ ਸੀਜ਼ਨ ਪ੍ਰਬੰਧਾਂ ਤੇ ਝੋਨੇ ਦੀ ਫ਼ਸਲ ਖਰੀਦ ਸਬੰਧੀ ਇਲਾਕੇ ਦੀਆਂ ਸਾਰੀਆਂ ਮੰਡੀਆਂ ਦੇ ਆੜ੍ਹਤੀਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਚੇਅਰਮੈਨ ਮਾਰਕੀਟ ਕਮੇਟੀ ਸਰਹਿੰਦ ਫ਼ਤਿਹਗੜ੍ਹ ਸਾਹਿਬ ਗੁਰਵਿੰਦਰ ਸਿੰਘ ਢਿੱਲੋਂ ਨੇ ਦੱਸਿਆ ਕਿ ਮੀਟਿੰਗ ਦੌਰਾਨ ਆੜ੍ਹਤੀਆਂ ਵੱਲੋਂ ਫੜ੍ਹਾਂ ਦੀ ਵੰਡ ਦੁਬਾਰਾ ਤੋਂ ਫ਼ਸਲ ਦੀ ਆਂਵਦ ਮੁਤਾਬਕ ਕੀਤੀ ਜਾਵੇ।ਜਵਾਬ ਵਿੱਚ ਚੇਅਰਮੈਨ ਗੁਰਵਿੰਦਰ ਸਿੰਘ ਢਿੱਲੋਂ ਵੱਲੋਂ ਇਹ ਕੰਮ ਆੜ੍ਹਤੀਆਂ ਦੀ ਐਸੋਸੀਏਸ਼ਨ ਵੱਲੋਂ ਪ੍ਰਧਾਨ ਤਰਸੇਮ ਉੱਪਲ ਤੇ ਮੈਂਬਰਾਂ ਦੇ ਪੱਧਰ 'ਤੇ ਕੀਤਾ ਜਾਣਾ ਚਾਹੀਦਾ ਹੈ, ਫਿਰ ਵੀ ਕੋਈ ਦਿੱਕਤ ਪੇਸ਼ ਆਉਂਦੀ ਹੈ ਤਾਂ ਮੇਰੇ ਧਿਆਨ ਵਿੱਚ ਲਿਆਂਦਾ ਜਾਵੇ ਤੇ ਮੇਰੇ ਵੱਲੋਂ ਕੋਸ਼ਿਸ਼ ਕਰਕੇ ਸਾਰਿਆਂ ਨਾਲ ਨਿਆਂ ਕੀਤਾ ਜਾਵੇਗਾ।

ਚੇਅਰਮੈਨ ਗੁਰਵਿੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਸਾਰੇ ਆੜ੍ਹਤੀਆਂ ਦੀ ਜ਼ਿੰਮੇਵਾਰੀ ਹੈ ਕਿ ਕਿਸਾਨ ਭਰਾਵਾਂ ਨੂੰ ਮੰਡੀਆਂ ਵਿੱਚ ਝੋਨਾ ਸਾਫ਼ ਤੇ ਸਰਕਾਰ ਵੱਲੋਂ ਨਿਯਤ ਸ਼ਰਤਾਂ ਪੂਰੀਆਂ ਕਰਕੇ ਸੁੱਕੀ ਫ਼ਸਲ ਲਿਆਉਣੀ ਚਾਹੀਦੀ ਹੈ ਤਾਂ ਜੁ ਮੰਡੀ ਵਿੱਚ ਕਿਸੇ ਕਿਸਮ ਦੀ ਮੁਸ਼ਕਲ ਪੇਸ਼ ਨਾ ਆਵੇ।ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਤਰਸੇਮ ਉੱਪਲ ਵੱਲੋਂ ਯਕੀਨ ਦਿਵਾਇਆ ਗਿਆ ਕਿ ਅਸੀਂ ਆਪਣੇ ਆਪਣੇ ਕਿਸਾਨਾਂ ਨੂੰ ਇਹ ਸਰਕਾਰੀ ਹਦਾਇਤਾਂ ਅਨੁਸਾਰ ਫ਼ਸਲ ਮੰਡੀਆਂ ਵਿੱਚ ਲਿਆਉਣ ਲਈ ਪ੍ਰੇਰਤ ਕਰਾਂਗੇ।

ਸਕੱਤਰ ਪ੍ਰਭਜੋਤ ਸਿੰਘ ਨੇ ਕਿਹਾ ਕਿ ਕਿਸਾਨਾਂ ਦੇ ਆਰਾਮ ਕਰਨ, ਮੰਡੀ ਵਿੱਚ ਪੀਣ ਵਾਲੇ ਸਾਫ਼ ਪਾਣੀ, ਸਾਫ਼-ਸਫ਼ਾਈ ਆਦਿ ਦੇ ਪੂਰਨ ਤੌਰ 'ਤੇ ਪ੍ਰਬੰਧ ਕਰ ਲਏ ਹਨ।16 ਸਤੰਬਰ ਨੂੰ ਸ਼ੁਰੂ ਹੋ ਰਹੀ ਖਰੀਦ ਸਬੰਧੀ ਸਾਰੀਆਂ ਏਜੰਸੀਆਂ ਨਾਲ ਰਾਬਤਾ ਕਰ ਲਿਆ ਹੈ ਤੇ ਹਰ ਤਰ੍ਹਾਂ ਦੇ ਮੁਕੰਮਲ ਪ੍ਰਬੰਧਾਂ ਨਾਲ ਅਸੀਂ ਸਮੇਂ ਸਿਰ ਫ਼ਸਲ ਖਰੀਦ ਕਰਾਉਣ ਤੇ ਲਿਫਟਿੰਗ ਲਈ ਤਿਆਰ ਬਰ ਤਿਆਰ ਹਾਂ।

# ਹੜ੍ਹਾਂ ਤੇ ਬਾਰਸ਼ ਕਾਰਨ ਹੋਏ ਨੁਕਸਾਨ ਦੇ ਮੁਆਵਜ਼ੇ ਲਈ ਡੀ ਸੀ ਨੂੰ ਸੌਂਪਿਆ ਮੰਗ ਪੱਤਰ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਪੰਜਾਬ ਵਿੱਚ ਆਏ ਹੜ੍ਹਾਂ ਤੇ ਲਗਾਤਾਰ ਬਾਰਸ਼ ਨਾਲ ਮਨੁੱਖੀ ਜਾਨਾਂ, ਪਸ਼ੂਆਂ, ਘਰਾਂ ਤੇ ਫ਼ਸਲਾਂ ਸਮੇਤ ਦੂਜੇ ਮਾਲ ਅਸਬਾਬ ਦੇ ਹੋਏ ਨੁਕਸਾਨ ਦੀ ਪੂਰਤੀ ਲਈ ਇੱਥੇ ਕੁੱਲ ਹਿੰਦ ਕਿਸਾਨ ਸਭਾ ਤੇ ਪੰਜਾਬ ਖੇਤ ਮਜ਼ਦੂਰ ਸਭਾ ਦੇ ਆਗੂਆਂ ਦੁਆਰਾ ਡਿਪਟੀ ਕਮਿਸ਼ਨਰ ਬਠਿੰਡਾ ਨੂੰ ਇੱਕ ਮੰਗ ਪੱਤਰ ਦਿੱਤਾ ਗਿਆ, ਜਿਸ ਵਿੱਚ ਮੰਗ ਕੀਤੀ ਗਈ ਕਿ ਜੋ ਉਪਰੋਕਤ ਹਰ ਕਿਸਮ ਦਾ ਨੁਕਸਾਨ ਹੋਇਆ ਹੈ, ਉਸ ਲਈ ਪੰਜਾਬ ਤੇ ਕੇਂਦਰ ਸਰਕਾਰ ਤੁਰੰਤ ਉਨ੍ਹਾਂ ਲੋਕਾਂ ਦੀ ਬਾਂਹ ਫੜੇ ਤੇ ਨੁਕਸਾਨ ਪੂਰਤੀ ਲਈ ਮੁਆਵਜ਼ਾ ਜਾਰੀ ਕਰੇ।

ਇਸ ਦੀ ਜਾਣਕਾਰੀ ਦਿੰਦਿਆਂ ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਜਨਰਲ ਸਕੱਤਰ ਬਲਕਰਨ ਸਿੰਘ ਬਰਾੜ, ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਵਰਕਿੰਗ ਪ੍ਰਧਾਨ ਮਿੱਠੂ ਸਿੰਘ ਘੁੱਦਾ, ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਆਗੂ ਮੱਖਣ ਸਿੰਘ ਗੁਰੂਸਰ, ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਜਸਵੀਰ ਸਿੰਘ ਆਕਲੀਆ, ਜ਼ਿਲ੍ਹਾ ਜਨਰਲ ਸਕੱਤਰ ਦਰਸ਼ਨ ਸਿੰਘ ਫੁੱਲੋ ਮਿੱਠੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸਮਾਂ ਰਹਿੰਦਿਆਂ ਹੜ੍ਹਾਂ ਨੂੰ ਰੋਕਣ ਲਈ ਕੋਈ ਪੁਖਤਾ ਪ੍ਰਬੰਧ ਨਹੀਂ ਕੀਤੇ, ਜਿਸ ਕਾਰਨ ਲਗਭਗ ਚਾਰ ਲੱਖ ਏਕੜ ਵਿੱਚ ਫਸਲਾਂ ਬੁਰੀ ਤਰ੍ਹਾਂ ਤਬਾਹ ਹੋ ਗਈਆਂ ਹਨ ਅਤੇ ਪੰਜਾਬ ਵਿੱਚ ਹੜ੍ਹਾਂ ਕਾਰਨ ਲਗਭਗ 50 ਮਨੁੱਖੀ ਜਾਨਾਂ ਜਾ ਚੁੱਕੀਆਂ ਹਨ।ਸੈਂਕੜੇ ਲੋਕਾਂ ਦੇ ਘਰ ਤਬਾਹ ਹੋ ਗਏ ਹਨ ਤੇ ਉਨ੍ਹਾਂ ਦਾ ਘਰੇਲੂ ਸਾਮਾਨ ਵੀ ਖ਼ਤਮ ਹੋ ਗਿਆ ਹੈ। ਭਾਵੇਂ ਪੰਜਾਬ ਦੇ ਬਹਾਦਰ ਲੋਕ ਹੜ੍ਹ ਪੀੜਤਾਂ ਤੇ ਦੂਜੇ ਇਲਾਕਿਆਂ ਵਿੱਚ ਤਬਾਹ ਹੋਏ ਘਰਾਂ ਵਾਲੇ ਮਜ਼ਦੂਰਾਂ ਤੇ ਕਿਸਾਨਾਂ ਦੀ ਮਦਦ ਕਰ ਰਹੇ ਹਨ, ਪ੍ਰੰਤੂ ਪੰਜਾਬ ਤੇ ਕੇਂਦਰ ਸਰਕਾਰ ਪੰਜਾਬ ਦੇ ਲੋਕਾਂ ਦੇ ਜ਼ਖ਼ਮਾਂ 'ਤੇ ਹਾਲੇ ਤੱਕ ਮੱਲ੍ਹਮ ਵੀ ਨਹੀਂ ਲਗਾ ਸਕੀਆਂ।

ਆਗੂਆਂ ਨੇ ਮੰਗ ਕੀਤੀ ਕਿ ਸਾਰੇ ਪੰਜਾਬ ਵਿੱਚ ਘਰ ਤਬਾਹ ਹੋਣ ਕਾਰਨ ਨੀਲੀ ਛੱਤ ਥੱਲੇ ਰਹਿ ਰਹੇ ਲੋਕਾਂ ਲਈ ਟੈਂਟ ਤੇ ਖਾਣੇ ਦਾ ਪ੍ਰਬੰਧ ਕੀਤਾ ਜਾਵੇ।ਇਸ ਆਫਤ ਵਿੱਚ ਜਾਨ ਗਵਾਉਣ ਵਾਲੇ ਲੋਕਾਂ ਦੇ ਪਰਵਾਰਾਂ ਨੂੰ 15-15 ਲੱਖ ਰੁਪਏ, ਜਿਨ੍ਹਾਂ ਪਰਵਾਰਾਂ ਦੇ ਘਰ ਡਿੱਗੇ ਹਨ, ਉਨ੍ਹਾਂ ਨੂੰ 10 ਲੱਖ ਰੁਪਏ ਪ੍ਰਤੀ ਮਕਾਨ, ਪਸ਼ੂਆਂ ਦੀ ਮੌਤ 'ਤੇ ਇੱਕ ਲੱਖ ਰੁਪਏ ਪ੍ਰਤੀ ਪਸ਼ੂ, ਫਸਲਾਂ ਦੀ ਹੋਈ ਬਰਬਾਦੀ 'ਤੇ ਇੱਕ ਲੱਖ ਰੁਪਏ ਪ੍ਰਤੀ ਏਕੜ ਅਤੇ ਮੀਂਹ ਕਾਰਨ ਨਰੇਗਾ ਦਾ ਕੰਮ ਨਾ ਚੱਲਣ ਕਾਰਨ ਬੇਰੁਜ਼ਗਾਰ ਹੋਏ ਮਜ਼ਦੂਰਾਂ ਦੇ ਪਰਵਾਰਾਂ ਨੂੰ ਜਦ ਤੱਕ ਉਨ੍ਹਾਂ ਦੇ ਰੁਜ਼ਗਾਰ ਬਹਾਲ ਨਹੀਂ ਹੁੰਦੇ, ਪ੍ਰਤੀ ਪਰਵਾਰ 15000 ਰੁਪਏ ਮਹੀਨਾ ਦਿੱਤਾ ਜਾਵੇ। ਇਸ ਸਮੇਂ ਹੋਰਨਾਂ ਤੋਂ ਇਲਾਵਾ ਮਜ਼ਦੂਰ ਆਗੂ ਸੁਖਦੇਵ ਸਿੰਘ ਕੁੱਬੇ, ਹਰਬੰਸ ਸਿੰਘ ਜੋਧਪੁਰ ਪਾਖਰ, ਜਗਜੀਤ ਸਿੰਘ ਗੈਰੀ ਭਾਗੀ, ਜਸਵੀਰ ਸਿੰਘ ਢੱਡੇ, ਰਾਮ ਸਵੱਲਾ ਸਿੰਘ ਕੁੱਤੀਵਾਲ, ਦਰਸ਼ਨ ਸਿੰਘ ਭੂੰਦੜ ਆਦਿ ਹਾਜ਼ਰ ਸਨ।

# ਸ਼ਹੀਦ ਭਗਤ ਸਿੰਘ ਕਾਲਜ ਆਫ ਨਰਸਿੰਗ ਵਿਖੇ ਅਧਿਆਪਕ ਦਿਵਸ ਮਨਾਇਆ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**- ਮੈਡੀਕਲ ਸਿੱਖਿਆ ਦੀ ਨਾਮਵਰ ਸੰਸਥਾ ਸ਼ਹੀਦ ਭਗਤ ਸਿੰਘ ਕਾਲਜ ਆਫ ਨਰਸਿੰਗ ਸੋਢੇਵਾਲਾ ਵਿਖੇ ਵਿਸ਼ਵ ਅਧਿਆਪਕ ਦਿਵਸ ਮੌਕੇ ਵਿਸ਼ੇਸ਼ ਸਮਾਗ਼ਮ ਕਰਵਾਇਆ ਗਿਆ। ਇਸ ਮੌਕੇ ਕਾਲਜ ਚੇਅਰਮੈਨ ਧਰਮਪਾਲ ਬਾਂਸਲ ਜੀ



(ਡਾਇਰੈਕਟਰ ਐੱਸ.ਬੀ.ਐੱਸ ਕਾਲਜ ਆਫ ਨਰਸਿੰਗ, ਹਾਰਮਨੀ ਆਯੂਰਵੈਦਿਕ ਕਾਲਜ ਫ਼ਿਰੋਜ਼ਪੁਰ) ਨੇ ਸਾਰੇ ਅਧਿਆਪਕਾਂ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਨੂੰ ਅਧਿਆਪਕਾਂ ਦੀ ਹਰੇਕ ਇਨਸਾਨ ਦੇ ਜੀਵਨ ਵਿਚਲੀ ਮਹਾਨਤਾ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਅਧਿਆਪਕ ਦਿਵਸ ਸਾਰੇ ਅਧਿਆਪਕਾਂ ਨੂੰ ਆਦਰ ਸਨਮਾਨ ਦੇਣ ਲਈ ਮਨਾਇਆ ਜਾਂਦਾ ਹੈ, ਕਿਉਂਕਿ ਵਿਦਿਆਰਥੀਆਂ ਦੀ ਜ਼ਿੰਦਗੀ ਦੇ ਨਾਲ ਹਰ ਇਕ ਇਨਸਾਨ ਦੀ ਜ਼ਿੰਦਗੀ ਵਿਚ ਅਧਿਆਪਕ ਜਾ ਗੁਰੂ ਦੀ ਮੁੱਖ ਭੂਮਿਕਾ ਹੁੰਦੀ ਹੈ। ਉਨ੍ਹਾਂ ਕਿਹਾ ਕਿ ਇਕ ਅਧਿਆਪਕ ਅਜਿਹਾ ਮਾਰਗਦਰਸ਼ਕ ਹੁੰਦਾ ਹੈ, ਜਿਸ ਦੀ ਬਦੌਲਤ ਵਿਦਿਆਰਥੀ ਸਿੱਖਿਆ ਲੈ ਕੇ ਆਦਰਸ਼ ਨਾਗਰਿਕ ਬਣਦੇ ਹਨ, ਜਿਸ ਨਾਲ ਇਕ ਵਧੀਆ ਸਮਾਜ ਦੀ ਸਿਰਜਣਾ ਹੁੰਦੀ ਹੈ। ਬਾਂਸਲ ਨੇ ਕਿਹਾ ਕਿ ਆਪਣੇ ਮਾਤਾ-ਪਿਤਾ ਤੋਂ ਬਾਅਦ ਬੱਚਾ ਜ਼ਿੰਦਗੀ ਦਾ ਬਹੁਤਾ ਸਬਕ ਅਧਿਆਪਕ ਤੋਂ ਸਿੱਖਦਾ ਹੈ, ਜਿਸ ਲਈ ਦੇਸ਼ ਦੇ ਕਿਸੇ ਵੀ ਕੋਨੇ ਵਿੱਚ ਅਧਿਆਪਕ ਬੈਠੇ ਹਨ, ਉਨ੍ਹਾਂ ਨੂੰ ਸਾਡਾ ਪ੍ਰਣਾਮ ਹੈ। ਉਨ੍ਹਾਂ ਕਿਹਾ ਕਿ ਇਹ ਸੱਚ ਹੈ ਕਿ ਦੇਸ਼ ਦਾ ਨਿਰਮਾਣ ਬਹੁਤ ਸਾਰੇ ਲੋਕਾਂ ਨੇ ਕੀਤਾ, ਪਰ ਨਿਰਮਾਣ ਕਰਤਾ ਦਾ ਨਿਰਮਾਣ ਵੀ ਇਕ ਸਿੱਖਿਅਕ ਦੁਆਰਾ ਕੀਤਾ ਗਿਆ ਹੁੰਦਾ ਹੈ। ਇਸ ਮੌਕੇ ਸਾਰੇ ਅਧਿਆਪਕਾਂ ਤੋਂ ਕੇਕ ਕਟਵਾਇਆ ਤੇ ਉਨ੍ਹਾਂ ਦੇ ਕੰਮ ਦੀ ਹੌਸਲਾ ਅਫਜ਼ਾਈ ਲਈ ਸਨਮਾਨਤ ਵੀ ਕੀਤਾ ਗਿਆ ਤਾਂ ਜੋ ਉਹ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਹੀ ਆਪਣੀਆਂ ਸੇਵਾਵਾਂ ਦਿੰਦੇ ਰਹਿਣ। ਇਸ ਮੌਕੇ ਹਾਜ਼ਰ ਸਾਰੇ ਵਿਦਿਆਰਥੀਆਂ ਨੇ ਅਧਿਆਪਕਾਂ ਨੂੰ ਵਧਾਈਆਂ ਦਿੱਤੀਆਂ ਤੇ ਉਨ੍ਹਾਂ ਦੀ ਤੰਦਰੁਸਤੀ ਲਈ ਅਰਦਾਸ ਕੀਤੀ। ਅਧਿਆਪਕ ਦਿਵਸ 'ਤੇ ਵਿਦਿਆਰਥੀਆਂ ਵੱਲੋਂ ਵਿਸ਼ੇਸ਼ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਇਸ ਮੌਕੇ ਕਾਲਜ ਪ੍ਰਿੰਸੀਪਲ ਸੁਖਦੀਪ ਕੌਰ, ਡਾ. ਸੰਜੀਵ ਮਾਨਕੋਟਾਲਾ, ਸ਼ਰਨਜੀਤ ਕੌਰ, ਸੁਖਵਿੰਦਰ ਕੌਰ, ਗੁਰਦੀਪ ਕੌਰ, ਅਮਨਦੀਪ ਕੌਰ, ਅਮਨਦੀਪ ਕੌਰ, ਜਗਦੇਵ ਸਿੰਘ, ਖੁਸ਼ਪਾਲ ਕੌਰ, ਅਮਨਦੀਪ ਕੌਰ, ਸੁਖਮਨਦੀਪ ਕੌਰ, ਸੁਖਵੀਰ ਕੌਰ, ਮਮਤਾ, ਪ੍ਰਿੰਯਕਾ, ਕੋਮਲਪ੍ਰੀਤ ਕੌਰ, ਅਰਸ਼ਦੀਪ ਕੌਰ, ਸੰਗੀਤਾ ਹਾਂਡਾ, ਗੁਰਪ੍ਰੀਤ ਕੌਰ, ਰਮਨਦੀਪ ਕੌਰ, ਕੋਮਲਜੀਤ ਕੌਰ, ਗੀਤਾਂਜਲੀ, ਗੁਰਮੀਤ ਕੌਰ, ਮਨਪ੍ਰੀਤ ਕੌਰ ਆਦਿ ਮੌਜੂਦ ਰਹੇ।

# ਹੜ੍ਹ ਪ੍ਰਭਾਵਤ ਲੋਕਾਂ ਦੀ ਮਦਦ ਲਈ ਸੇਵਾ ਲਗਾਤਾਰ ਜਾਰੀ : ਸਾਈਆਂਵਾਲਾ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**- ਪੰਜਾਬ ਕੁਦਰਤ ਦੀ ਕਰੋਪੀ ਕਾਰਨ ਹੜ੍ਹਾਂ ਦੀ ਮਾਰ ਝੱਲ ਰਿਹਾ ਹੈ, ਜਿਸ ਨਾਲ ਹੜ੍ਹ ਪੀੜਤ ਲੋਕਾਂ ਦਾ ਭਾਰੀ ਨੁਕਸਾਨ ਹੋ ਰਿਹਾ ਹੈ ਅਤੇ ਹੜ੍ਹ ਦੇ ਡਰ ਤੋਂ ਹਰ ਕੋਈ ਭੈ-ਭੀਤ ਹੈ। ਹੜ੍ਹਾਂ ਦੀ ਮਾਰ ਨਾਲ ਬਹੁਤ ਸਾਰਾ ਫਸਲੀ ਰਕਬਾ ਤਬਾਹ ਹੋ ਗਿਆ ਹੈ। ਫਿਰੋਜ਼ਪੁਰ ਸਰਹੱਦੀ ਸ਼ਹਿਰ ਹੋਣ ਦੇ ਨਾਲ ਸਤਲੁਜ ਦਰਿਆ ਦੇ ਕੰਢੇ 'ਤੇ ਸਥਿਤ ਹੋਣ ਕਰਕੇ ਹੜ੍ਹਾਂ ਦੀ ਮਾਰ ਵੀ ਝੱਲ ਰਿਹਾ ਹੈ। ਇਸ ਆਫਤ ਦੇ ਸਮੇਂ ਗੁਰੂ ਨਾਨਕ ਕਾਲਜ਼ ਫਿਰੋਜ਼ਪੁਰ ਛਾਉਣੀ ਦੇ ਚੇਅਰਮੈਨ ਅਸੀਸਪ੍ਰੀਤ ਸਿੰਘ ਸਾਈਆਂਵਾਲਾ ਹੜ੍ਹ ਪੀੜਤ ਲੋਕਾਂ ਦੀ ਮੱਦਦ ਲਈ ਪਿਛਲੇ ਕੁੱਝ ਦਿਨਾਂ ਤੋਂ ਨਿਰੰਤਰ ਸੇਵਾ ਵਿੱਚ ਜੁੱਟੇ ਹੋਏ ਹਨ, ਸਾਈਆਂਵਾਲਾ ਪਰਵਾਰ ਵੱਲੋਂ ਗੁਰੂ ਹਰਸਹਾਏ, ਫਿਰੋਜ਼ਪੁਰ ਦੇ ਹੜ੍ਹ ਪ੍ਰਭਵਿਤ ਇਲਾਕਿਆਂ ਵਿੱਚ ਖੁਦ ਜਾ ਕੇ ਸੇਵਾ ਕੀਤੀ ਜਾ ਰਹੀ ਹੈ, ਜਿਸ ਤਹਿਤ ਹਬੀਬ ਕੇ, ਅਲੀ ਕੇ, ਪੱਲਾ ਮੇਘਾ, ਜਖਰਾਵਾਂ, ਪਿਛਾੜੀਆਂ ਵਾਲਾ ਬੰਨ੍ਹ, ਬੱਗੇ ਵਾਲਾ ਆਦਿ ਦਾ ਦੌਰਾ ਕੀਤਾ, ਜਿਸ ਵਿੱਚ ਮਿੱਟੀ ਦੀਆਂ ਟਰਾਲੀਆਂ, ਪਸ਼ੂਆਂ ਲਈ ਚਾਰਾ, ਪੀਣ ਵਾਲਾ ਪਾਣੀ, ਸੁੱਕਾ ਰਾਸ਼ਨ ਤੇ ਦਵਾਈਆਂ ਆਦਿ ਸਮੱਗਰੀ ਲੋੜਵੰਦਾਂ ਨੂੰ ਮੁਹੱਈਆ ਕਰਵਾਈਆਂ ਗਈਆਂ। ਸਾਈਆਂਵਾਲਾ ਪਰਵਾਰ ਦਾ ਪਹਿਲਾਂ ਵੀ ਕਰੋਨਾ ਮਹਾਮਾਰੀ ਦੌਰਾਨ ਲੋਕਾਂ ਦੀ ਸੇਵਾ ਵਿੱਚ ਅਹਿਮ ਯੋਗਦਾਨ ਰਿਹਾ ਹੈ। ਇਸ ਸੰਕਟ ਦੀ ਘੜੀ ਵਿੱਚ ਸ੍ਰ. ਅਸੀਸਪ੍ਰੀਤ ਸਿੰਘ ਸਾਈਆਂਵਾਲਾ ਨੇ ਕਿਹਾ ਕਿ ਮਨੁੱਖਤਾ ਤੋਂ ਵੱਡੀ ਕੋਈ ਸੇਵਾ ਨਹੀਂ ਹੈ, ਇਸ ਆਫਤ ਦੇ ਸਮੇਂ ਅਸੀਂ ਆਪਣੇ ਇਲਾਕੇ ਦੇ ਲੋਕਾਂ ਦੇ ਨਾਲ ਖੜ੍ਹੇ ਹਾਂ ਤੇ ਹਰ ਸੰਭਵ ਮੱਦਦ ਲਈ ਤਿਆਰ ਹਾਂ। ਉਨ੍ਹਾਂ ਆਪਣਾ ਇਕ ਨੰਬਰ ਵੀ ਜਾਰੀ ਕੀਤਾ ਹੈ ਤੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਸੰਕਟ ਸਮੇਂ ਬਿਨਾਂ ਝਿਜਕ ਕਿਸੇ ਵੀ ਸਮੇਂ ਸੰਪਰਕ ਕਰ ਸਕਦੇ ਹਨ।



# ਹੜ੍ਹ ਪੀੜਤਾਂ ਲਈ ਚਾਰੇ ਆਚਾਰ ਦੀਆਂ 10 ਟਰਾਲੀਆਂ ਰਵਾਨਾ



**ਮਹਿਲ ਕਲਾਂ, (ਪ੍ਰਦੀਪ ਸਿੰਘ ਲੋਹਗੜ੍ਹ)** ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਵਿਧਾਨ ਸਭਾ ਹਲਕਾ ਮਹਿਲ ਕਲਾਂ ਤੋਂ ਚਾਰੇ, ਅਚਾਰ ਦੀਆਂ 10 ਟਰਾਲੀਆਂ ਅਨਾਜ ਮੰਡੀ ਤੋਂ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਵੱਲੋਂ ਹੜ੍ਹ ਪੀੜਤ ਇਲਾਕੇ ਫ਼ਿਰੋਜ਼ਪੁਰ ਲਈ ਭੇਜੀਆਂ ਗਈਆਂ ਹਨ।

ਇਸ ਸਮੇਂ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਕਿਹਾ ਕਿ ਪੰਜਾਬ ਦਾ ਵੱਡਾ ਹਿੱਸਾ ਹੜ੍ਹਾਂ ਦੀ ਮਾਰ ਹੇਠ ਹੈ, ਸਾਰਿਆਂ ਦਾ ਫ਼ਰਜ਼ ਹੈ ਇਸ ਕਠਿਨ ਸਮੇਂ ਇੱਕ-ਦੂਜੇ ਦਾ ਸਾਥ ਦੇਈਏ।ਭਵਿੱਖ 'ਚ ਜੋ ਵੀ ਸੇਵਾ ਲਾਈ ਜਾਵੇਗੀ, ਉਸ ਨੂੰ ਪਹਿਲ ਦੇ ਆਧਾਰ 'ਤੇ ਪੂਰਾ ਕੀਤਾ ਜਾਵੇਗਾ।ਵਿਧਾਇਕ ਪੰਡੋਰੀ ਨੇ ਕਿਹਾ ਹੜ੍ਹ ਪ੍ਰਭਾਵਤ ਖੇਤਰਾਂ ਦੇ ਮੁੜ ਵਸੇਬੇ ਲਈ ਵੀ ਪੂਰਨ ਸਾਹਿਯੋਗ ਦਿੱਤਾ ਜਾਵੇਗਾ।ਉਨ੍ਹਾਂ ਕਿਹਾ ਕਿ ਇਹ ਸਮਾਂ ਇਕ ਦੂਜੇ 'ਤੇ ਦੂਸ਼ਣਬਾਜੀ ਕਰਨ ਦਾ ਨਹੀਂ, ਸਗੋਂ ਬਿਪਤਾ 'ਚ ਫਸੇ ਲੋਕਾਂ ਨੂੰ ਤਰਸਯੋਗ ਹਾਲਤ 'ਚੋਂ ਕੱਢਣ ਦਾ ਹੈ।

ਜ਼ਿਲ੍ਹਾ ਪ੍ਰਧਾਨ ਚੇਅਰਮੈਨ ਪ੍ਰਮਿੰਦਰ ਸਿੰਘ ਭੰਗੂ ਨੇ ਕਿਹਾ ਕਿ ਜ਼ਿਲ੍ਹਾ ਬਰਨਾਲਾ ਦੀ ਡਿਊਟੀ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਲੋਕਾਂ ਦੀ ਸੇਵਾ 'ਚ ਲਾਈ ਗਈ ਹੈ।ਇਸ ਤੋਂ ਪਹਿਲਾਂ ਬਰਨਾਲਾ ਤੋਂ ਰਾਸ਼ਨ ਅਤੇ ਹੋਰ ਲੋੜੀਂਦੀ ਸਮੱਗਰੀ ਭੇਜੀ ਜਾ ਚੁੱਕੀ ਹੈ।ਇਸ ਸਮੇਂ ਲੋਕ ਗੁ: ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਾਬਾ ਸ਼ੇਰ ਸਿੰਘ ਵਲੋਂ ਅਰਦਾਸ ਕਰਨ ਉਪਰੰਤ 10 ਟਰਾਲੀਆਂ ਨੂੰ ਰਵਾਨਾ ਕੀਤਾ ਗਿਆ।

# ਡੀ ਸੀ ਦਫ਼ਤਰ ਦਾ ਘਿਰਾਓ 8 ਨੂੰ



**ਮਹਿਲ ਕਲਾਂ, (ਪ੍ਰਦੀਪ ਸਿੰਘ ਲੋਹਗੜ੍ਹ)** ਆਜ਼ਾਦੀ ਤੋਂ ਲੰਮਾਂ ਸਮਾਂ ਬੀਤ ਜਾਣ ਦੇ ਬਾਵਜੂਦ ਸਮੇਂ ਦੀਆਂ ਸਰਕਾਰਾਂ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਾਉਣ 'ਚ ਅਸਫ਼ਲ ਰਹੀਆਂ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਭਾਈ ਲਾਲੋ ਪੰਜਾਬੀ ਮੰਚ ਦੇ ਆਗੂ ਹਰਜੀਤ ਸਿੰਘ ਖਿਆਲੀ ਨੇ ਪਿੰਡ ਪੰਡੋਰੀ ਤੇ ਮਹਿਲ ਖ਼ੁਰਦ ਵਿਖੇ ਮਜ਼ਦੂਰਾਂ ਤੇ ਕਿਸਾਨਾਂ ਨੂੰ ਲਾਮਬੰਦ ਕਰਨ ਸਮੇਂ ਸੰਬੋਧਨ ਕਰਦਿਆਂ ਕੀਤਾ।

ਉਨ੍ਹਾਂ ਕਿਹਾ ਕਿ ਬੁਨਿਆਦੀ ਲੋੜਾਂ ਦੀ ਪੂਰਤੀ ਨਾ ਹੋਣ ਦੇ ਰੋਸ ਵਜੋਂ 8 ਸਤੰਬਰ ਨੂੰ ਸਵੇਰੇ 10 ਵਜੇ ਡਿਪਟੀ ਕਮਿਸ਼ਨਰ ਦਫ਼ਤਰ ਬਰਨਾਲਾ ਦਾ ਘਿਰਾਓ ਕੀਤਾ ਜਾ ਰਿਹਾ ਹੈ।ਮੀਂਹ ਕਾਰਨ ਸਮੱਸਿਆਵਾਂ ਨਾਲ ਜੂਝ ਰਹੇ ਲੋਕ ਰੁਜ਼ਗਾਰ ਘੁਸਣ ਕਾਰਨ ਦੋ ਵਕਤ ਦੀ ਰੋਟੀ ਲਈ ਮੁਥਾਜ ਹੋ ਚੁੱਕੇ ਹਨ।ਸਮਾਜ ਸੇਵੀ ਲੋਕ ਆਪਣੇ ਤੌਰ 'ਤੇ ਲੋਕਾਂ ਦੀ ਮਦਦ ਕਰ ਰਹੇ ਹਨ, ਪਰ ਇਹ ਕੋਈ ਸਥਾਈ ਹੱਲ ਨਹੀਂ ਹੈ।ਮੌਜੂਦਾ ਸਮੇਂ 'ਚ ਲੋਕਾਂ ਨੂੰ ਵੱਡੇ-ਵੱਡੇ ਸਬਜ਼ਬਾਗ਼ ਦਿਖਾ ਕੇ ਸੱਤਾ ਹਾਸਲ ਕਰਨ ਵਾਲੀ ਆਮ ਆਦਮੀ ਪਾਰਟੀ ਨੇ ਵੀ ਲੋਕਾਂ ਦਾ ਕੱਖ ਨਹੀਂ ਸੰਵਾਰਿਆ।ਉਨ੍ਹਾਂ ਅਪੀਲ ਕੀਤੀ ਕਿ ਗੂੰਗੀ ਤੇ ਬੋਲੀ ਹੋ ਚੁੱਕੀ ਪੰਜਾਬ ਸਰਕਾਰ ਨੂੰ ਜਗਾਉਣ ਲਈ ਸਮੂਹ ਲੋਕ ਕਾਫ਼ਲੇ ਬੰਨ੍ਹ ਕੇ 8 ਸਤੰਬਰ ਨੂੰ ਡੀ.ਸੀ. ਦਫ਼ਤਰ ਬਰਨਾਲਾ ਪੁੱਜਣ।ਇਸ ਬਲਦੇਵ ਸਿੰਘ ਖ਼ਾਲਸਾ, ਕੁਲਦੀਪ ਸਿੰਘ ਸਹਿਜੜਾ ਨੇ ਵੀ ਵਿਚਾਰ ਰੱਖੇ।

# ਹੜ੍ਹਾਂ ਦੀ ਸਮੱਸਿਆ ਤੋਂ ਬਾਅਦ ਮੁੜ ਵਸੇਬੇ ਲਈ ਨਵੀਂ ਰਣਨੀਤੀ ਦੀ ਲੋੜ : ਰਣਸੀਂਹ

**ਮੋਗਾ, (ਇਕਬਾਲ ਸਿੰਘ ਖਹਿਰਾ)**-ਸ਼੍ਰੋਮਣੀ ਯੂਨਾਈਟਡ ਅਕਾਲੀ ਦਲ ਜ਼ਿਲ੍ਹਾ ਮੋਗਾ ਦੇ ਅਹੁਦੇਦਾਰਾਂ ਦੀ ਬੈਠਕ ਸੱਦੀ ਗਈ, ਜਿਸ ਦੀ ਅਗਵਾਈ ਜਥੇਦਾਰ ਬੂਟਾ ਸਿੰਘ ਰਣਸੀਂਹ ਕਰ ਰਹੇ ਸਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਆਏ ਹੋਏ ਹੜ੍ਹਾਂ ਦੀ ਮਾਰ ਬਹੁਤ ਮੰਦਭਾਗੀ ਹੈ। ਇਨ੍ਹਾਂ ਹੜ੍ਹਾਂ ਵਿੱਚ ਪੰਜਾਬ ਦੇ ਲੋਕ ਆਰਥਿਕ ਪੱਖੋਂ ਲੁੱਟੇ ਤੇ ਪੁੱਟੇ ਗਏ, ਜਿਸ ਦਾ ਦੀ ਮੁੱਖ ਵਜ੍ਹਾ ਪੰਜਾਬ ਸਰਕਾਰ ਦੀ ਨਲਾਇਕੀ ਤੇ ਭਾਰਤੀ ਸਿਸਟਮ ਦੀ ਅਣਗਹਿਲੀ ਹੈ। ਮੌਜੂਦਾ ਹਾਲਾਤਾਂ ਵਿੱਚ ਪੰਜਾਬ ਦੇ ਹਜ਼ਾਰਾਂ ਪਿੰਡਾਂ ਦੇ ਲੋਕਾਂ ਦੇ ਘਰ ਉੱਜੜ ਗਏ, ਪਸ਼ੂ ਪਾਣੀ ਵਿੱਚ ਰੁੜ੍ਹ ਗਏ, ਕਈ ਮੌਤਾਂ ਹੋ ਗਈਆਂ।ਇਸ ਕਰਕੇ ਇਨ੍ਹਾਂ ਹਜ਼ਾਰਾਂ ਪਿੰਡਾਂ ਦੇ ਲੋਕਾਂ ਦਾ ਮੁੜ ਵਸੇਬਾ ਹੋਣ ਲਈ ਕਈ ਸਾਲ ਲੱਗ ਜਾਣਗੇ।ਆਜ਼ਾਦੀ ਤੋਂ ਬਾਅਦ ਇਹ ਉਹ ਪਿੰਡ ਹਨ, ਜਿਹੜੇ ਅੱਜ ਤੱਕ ਪਾਣੀ ਦੀ ਮਾਰ ਝੱਲ ਰਹੇ ਹਨ, ਕਈ ਸਰਕਾਰਾਂ ਆ ਕੇ ਚਲੀਆਂ ਗਈਆਂ, ਕਿਸੇ ਨੇ ਵੀ ਇਨ੍ਹਾਂ ਪਿੰਡਾਂ ਦੇ ਲੋਕਾਂ ਦੀ ਸਾਰ ਨਹੀਂ ਲਈ। ਹਰ ਵਾਰ ਉਜੜਨ ਕਰਕੇ ਇਹ ਲੋਕ ਆਰਥਿਕ ਪੱਖੋਂ ਮਜ਼ਬੂਤ ਨਹੀਂ ਹੋ ਸਕੇ ਤੇ ਵਿੱਦਿਆ ਤੋਂ ਵਾਂਝੇ ਰਹੇ। ਮੌਜੂਦਾ ਹਾਲਾਤਾਂ ਵਿੱਚ ਵੀ ਇਨ੍ਹਾਂ ਦੇ ਬੱਚੇ ਵਿੱਦਿਆ ਤੋਂ ਵਾਂਝੇ ਰਹਿਣ ਦਾ ਖਦਸ਼ਾ ਹੈ। ਆਉਣ ਵਾਲੇ ਦਿਨਾਂ ਵਿੱਚ ਯੂਨਾਈਟਡ ਅਕਾਲੀ ਦਲ ਇਹ ਉਪਰਾਲਾ ਕਰਨ ਦੀ ਕੋਸ਼ਿਸ਼ ਕਰੇਗਾ ਕਿ ਇਨ੍ਹਾਂ ਉਜਾੜੇ ਗਏ ਲੋਕਾਂ ਦੀ ਸਾਰ ਲਈ ਜਾਵੇ। ਇਨ੍ਹਾਂ ਦੇ ਬੱਚਿਆਂ ਦੀਆਂ ਸਕੂਲੀ ਫੀਸਾਂ ਦੀ ਭਰਪਾਈ ਕੀਤੀ ਜਾਵੇ ਗੀ, ਇਨ੍ਹਾਂ ਦੇ ਮੁੜ ਵਸੇਬੇ ਲਈ ਇਨ੍ਹਾਂ ਦੀਆਂ ਉੱਜੜ ਚੁੱਕੀਆਂ ਜ਼ਮੀਨਾਂ ਨੂੰ ਦੁਬਾਰਾ ਪੱਧਰਾ ਕੀਤਾ ਜਾਵੇਗਾ, ਇਨ੍ਹਾਂ ਦੇ ਢਹਿ ਢੇਰੀ ਹੋ ਚੁੱਕੇ ਘਰਾਂ ਨੂੰ ਦੁਬਾਰਾ ਬਣਾਇਆ ਜਾਵੇਗਾ।ਉਨ੍ਹਾ ਦੇਸ਼ ਵਿਦੇਸ਼ ਵਿੱਚ ਰਹਿੰਦੇ ਪੰਜਾਬੀ ਭਾਈਚਾਰੇ ਨੂੰ ਅਪੀਲ ਕੀਤੀ ਕਿ ਹੜ੍ਹਾਂ ਦੀ ਸਥਿਤੀ ਕੰਟਰੋਲ ਹੋਣ ਤੋਂ ਬਾਅਦ ਇਨ੍ਹਾਂ ਲੋਕਾਂ ਦੇ ਮੁੜ ਵਸੇਬੇ ਲਈ ਵੱਧ ਤੋਂ ਵੱਧ ਯਤਨ ਕੀਤੇ ਜਾਣ ਤਾਂ ਕਿ ਇਨ੍ਹਾਂ ਦੇ ਬੱਚਿਆਂ ਦਾ ਭਵਿੱਖ ਸੁਧਰ ਸਕੇ। ਉਨ੍ਹਾ ਕਿਹਾ ਕਿ ਸਰਕਾਰ ਮਦਦ ਕਰਨ ਦੀ ਬਜਾਏ ਦਰਿਆ ਵੱਲੋਂ ਸੁੱਟੀ ਗਈ ਰੇਤ ਉੱਤੇ ਵੀ ਆਪਣਾ ਕਬਜ਼ਾ ਕਰ ਲੈਂਦੀ ਹੈ ਅਤੇ ਉੱਜੜ ਚੁੱਕੇ ਲੋਕਾਂ ਨੂੰ ਮੁੱਠੀ ਭਰ ਰੇਤ ਵੀ ਨਹੀਂ ਕੱਢਣ ਦਿੱਤੀ ਜਾਂਦੀ।ਆਉਣ ਵਾਲੇ ਦਿਨਾਂ 'ਚ ਯੂਨਾਈਟਡ ਅਕਾਲੀ ਦਲ ਇਨ੍ਹਾਂ ਦੇ ਖੇਤਾਂ ਵਿੱਚ ਆਈ ਰੇਤ ਤੇ ਹੋਰ ਖਣਿਜਾਂ ਉੱਪਰ ਇਨ੍ਹਾਂ ਨੂੰ ਮਾਲਕੀ ਹੱਕ ਦਿਵਾਉਣ ਲਈ ਇਨ੍ਹਾਂ ਲੋਕਾਂ ਦੀ ਮਦਦ ਕਰੇਗਾ।ਗੱਲਬਾਤ ਕਰਦਿਆਂ ਭਾਈ ਹਰਪ੍ਰੀਤ ਸਿੰਘ ਧੱਲੇ ਕੇ ਤੇ ਗੁਰਲਾਭ ਸਿੰਘ ਧਰਮਕੋਟ ਹਾਜ਼ਰ ਸਨ।



# ਲੋਕ ਗੰਦਾ ਪਾਣੀ ਲਈ ਮਜਬੂਰ

**ਰਾਜਪੁਰਾ (ਰਮੇਸ਼ ਕਟਾਰੀਆ)** -ਨਗਰ ਕੌਂਸਲ ਦੀ ਹੱਦ ਅੰਦਰ ਪਿਛਲੇ ਕਾਫ਼ੀ ਸਮੇਂ ਤੋਂ ਲੋਕ ਗੰਦਾ ਬਦਬੂਦਾਰ ਪਾਣੀ ਪੀਣ 'ਤੇ ਮਜਬੂਰ ਹੋ ਰਹੇ ਹਨ। ਵੱਖ-ਵੱਖ ਵਾਰਡਾਂ ਦੇ ਲੋਕਾਂ ਨੇ ਦੱਸਿਆ ਕਿ ਗੰਦਾ ਪਾਣੀ ਪੀਣ ਦੇ ਨਾਲ ਲੋਕਾਂ ਦੀ ਸਿਹਤ ਨਾਲ ਖਿਲਵਾੜ ਹੋ ਰਿਹਾ ਹੈ, ਕਿਉਂਕਿ ਇਸ ਸਬੰਧੀ ਕਈ ਵਾਰ ਵਾਟਰ ਸਪਲਾਈ, ਸੀਵਰੇਜ ਬੋਰਡ ਦੇ ਅਧਿਕਾਰੀਆਂ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ, ਪਰ ਸ਼ਹਿਰ ਵਾਸੀਆਂ ਨੇ ਕਿਹਾ ਕਿ ਪਿਛਲੇ ਕਾਫ਼ੀ ਸਮੇਂ ਤੋਂ ਅਸੀਂ ਗੰਦਾ ਪਾਣੀ ਪੀਣ ਲਈ ਮਜਬੂਰ ਹਾਂ ਅਤੇ ਇਸ ਨਾਲ ਕਈ ਬਿਮਾਰੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਲੋਕਾਂ ਦਾ ਕਹਿਣਾ ਹੈ ਕਿ ਰਾਜਪੁਰਾ ਵਿਖੇ ਵੱਖ-ਵੱਖ ਪਾਰਟੀਆਂ ਦੇ ਕਈ ਵਿਧਾਇਕ ਆਏ ਤੇ ਵੱਡੇ-ਵੱਡੇ ਦਾਅਵੇ ਕੀਤੇ, ਪਰ ਸ਼ਹਿਰ ਨੂੰ ਸਾਫ਼-ਸੁਥਰਾ ਪਾਣੀ ਮੁਹੱਈਆ ਕਰਾਉਣ ਦੇ ਲਾਰੇ ਲਾ ਕੇ ਆਪਣੀਆਂ ਸਿਆਸੀ ਰੋਟੀਆਂ ਸੇਕਦੇ ਰਹੇ, ਪਰ ਲੋਕਾਂ ਨੂੰ ਪੀਣ ਵਾਲਾ ਸਾਫ਼ ਪਾਣੀ ਨਾ ਮਿਲ ਸਕਿਆ। ਸ਼ਹਿਰ ਵਾਸੀਆਂ ਨੇ ਮੰਗ ਕੀਤੀ ਹੈ ਗੇਟਵੇਅ ਆਫ਼ ਪੰਜਾਬ ਰਾਜਪੁਰਾ ਨੂੰ ਪਹਿਲ ਦੇ ਅਧਾਰ 'ਤੇ ਸਾਫ਼-ਸੁਥਰਾ ਪਾਣੀ ਉਪਲਬਧ ਕਰਾਵੇ।

# ਲੇਖਕ ਸਭਾਵਾਂ ਦੀ ਮੀਟਿੰਗ 'ਚ ਡਾਇਰੈਕਟਰ ਦੇ ਵਤੀਰੇ ਦੀ ਨਿੰਦਾ



**ਬਠਿੰਡਾ (ਬਖਤੌਰ ਢਿੱਲੋਂ)** ਜ਼ਿਲ੍ਹੇ ਦੀਆਂ ਲੇਖਕ ਸਭਾਵਾਂ ਦੇ ਅਹੁਦੇਦਾਰਾਂ ਦੀ ਇੱਕ ਵਿਸ਼ੇਸ਼ ਮੀਟਿੰਗ ਪੈਨਸ਼ਨਰ ਭਵਨ ਵਿਖੇ ਹੋਈ। ਮੀਟਿੰਗ 'ਚ ਸਾਹਿਤ ਸਿਰਜਣਾ ਮੰਚ ਰਜਿ: ਦੇ ਪ੍ਰਧਾਨ ਸੁਰਿੰਦਰਪ੍ਰੀਤ ਘਣੀਆਂ, ਪੰਜਾਬੀ ਸਾਹਿਤ ਸਭਾ ਰਜਿ: ਦੇ ਪ੍ਰਧਾਨ ਜਸਪਾਲ ਮਾਨਖੇੜਾ, ਪੇਂਡੂ ਸਾਹਿਤ ਸਭਾ ਬਾਲਿਆਂਵਾਲੀ ਦੇ ਪ੍ਰਧਾਨ ਸੁਖਦਰਸ਼ਨ ਗਰਗ, ਸਾਂਝਾ ਪਿਆਰ ਦੀਆਂ ਅੰਤਰਰਾਸ਼ਟਰੀ ਸਾਹਿਤਕ ਮੰਚ ਦੇ ਪ੍ਰਬੰਧਕ ਕੁਲਦੀਪ ਬੰਗੀ ਅਤੇ ਪੰਜਾਬੀ ਸਾਹਿਤ ਸਭਾ ਰਜਿ: ਭਗਤਾ ਦੀ ਜਨਰਲ ਸਕੱਤਰ ਅੰਮ੍ਰਿਤ ਕਲੇਰ ਨੇ ਭਾਗ ਲਿਆ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸ੍ਰੀ ਘਣੀਆਂ ਤੇ ਸ੍ਰੀ ਮਾਨਖੇੜਾ ਨੇ ਆਕਾਸ਼ਬਾਣੀ ਰੇਡੀਓ ਬਠਿੰਡਾ ਦੇ ਡਾਇਰੈਕਟਰ ਦੇ ਵਤੀਰੇ ਦੀ ਸਖ਼ਤ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਡਾਇਰੈਕਟਰ ਵੱਲੋਂ ਫੋਨ ਕਹਾ ਕਿ ਨਾ ਸੁਣਨਾ, ਵਿਤਕਰੇ ਅਧਾਰਤ ਕਾਰਜਸ਼ੈਲੀ ਇਤਰਾਜ਼ਯੋਗ ਹੈ। ਉਨ੍ਹਾਂ ਕਿ ਇਨ੍ਹਾਂ ਮੁੱਦਿਆਂ 'ਤੇ ਗੱਲਬਾਤ ਕਰਨ ਲਈ ਡਾਇਰੈਕਟਰ ਪਾਸੋਂ ਰਜਿਸਟਰਡ ਪੱਤਰ ਭੇਜ ਕੇ ਮਿਲਣ ਦਾ ਸਮਾਂ ਮੰਗਿਆ ਹੈ। ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਜੇਕਰ ਉਕਤ ਅਧਿਕਾਰੀ ਖ਼ੁਦ ਮੀਟਿੰਗ ਦਾ ਲਿਖਤੀ ਸੱਦਾ ਪੱਤਰ ਨਹੀਂ ਭੇਜੇਗਾ ਤਾਂ ਲੇਖਕਾਂ ਦਾ ਇੱਕ ਵਫ਼ਦ ਖੁਦ ਚੱਲ ਕੇ ਉਨ੍ਹਾਂ ਦੇ ਦਫ਼ਤਰ ਵਿੱਚ ਗੱਲਬਾਤ ਲਈ ਜਾਵੇਗਾ, ਪਰ ਜੇਕਰ ਅਧਿਕਾਰੀ ਨੇ ਵਫ਼ਦ ਨੂੰ ਆਪਣਾ ਰਵੱਈਆ ਤੇ ਕਾਰਜਸ਼ੈਲੀ ਸੁਧਾਰਨ ਦਾ ਲਿਖਤੀ ਭਰੋਸਾ ਨਾ ਦਿੱਤਾ ਤਾਂ ਲੇਖਕ ਰੇਡੀਓ ਸਟੇਸ਼ਨ ਦੇ ਮੁੱਖ ਗੇਟ ਮੂਹਰੇ ਰੋਸ ਧਰਨਾ ਦੇਣਗੇ ਤੇ ਪ੍ਰਸਾਰ ਭਾਰਤੀ ਦੇ ਉੱਚ ਅਧਿਕਾਰੀਆਂ ਨੂੰ ਲਿਖਤੀ ਸਿਕਾਇਤ ਭੇਜਣਗੇ।

# ਦੇਵੀ ਵਾਲਾ ਰੋਡ ਦੀ ਸੀਵਰੇਜ ਸਮੱਸਿਆ ਦਾ ਪੱਕਾ ਹੱਲ ਹੋਵੇਗਾ

**ਕੋਟਕਪੂਰਾ (ਰਛਪਾਲ ਭੁੱਲਰ)** ਪੰਜਾਬ ਵਿਧਾਨ ਸਭਾ ਦੇ ਸਪੀਕਰ ਤੇ ਕੋਟਕਪੂਰਾ ਦੇ ਵਿਧਾਇਕ ਕੁਲਤਾਰ ਸਿੰਘ ਸੰਧਵਾਂ ਦੀਆਂ ਕੋਸ਼ਿਸ਼ਾਂ ਸਦਕਾ ਦੇਵੀ ਵਾਲਾ ਰੋਡ ਕੋਟਕਪੂਰਾ 8 ਐਮ.ਐਲ.ਡੀ ਐਸਟੀਪੀ ਤੋਂ ਪਿੰਡ ਦੇਵੀਵਾਲਾ ਡਰੇਨ ਤੱਕ ਦੇ ਸੀਵਰੇਜ ਸਿਸਟਮ ਦਾ ਕੰਮ ਜਲਦੀ ਸ਼ੁਰੂ ਹੋਣ ਜਾ ਰਿਹਾ ਹੈ।ਇਸ ਪ੍ਰੋਜੈਕਟ 'ਤੇ ਪੰਜਾਬ ਸਰਕਾਰ ਵੱਲੋਂ 18 ਕਰੋੜ 32 ਲੱਖ ਰੁਪਏ ਖਰਚ ਕੀਤੇ ਜਾਣਗੇ । ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਨੇ ਦੱਸਿਆ ਕਿ ਦੇਵੀਵਾਲਾ ਰੋਡ ਕੋਟਕਪੂਰਾ ਦੇ ਏਰੀਏ ਦਾ ਸਲੱਜ ਕੈਰੀਅਰ (ਓਪਨ ਨਾਲਾ) ਜੋ ਕਾਫੀ ਪੁਰਾਣਾ ਹੋਣ ਕਾਰਨ ਥਾਂ -ਥਾਂ ਤੋਂ ਲੀਕ ਹੋ ਜਾਂਦਾ ਸੀ ਤੇ ਇਸ ਥਾਂ 'ਤੇ ਬਰਸਾਤਾਂ ਦੌਰਾਨ ਸੀਵਰੇਜ ਦੀ ਭਾਰੀ ਸਮੱਸਿਆ ਪੈਦਾ ਹੋ ਜਾਂਦੀ ਸੀ, ਜਿਸ ਕਾਰਨ ਇਲਾਕਾ ਨਿਵਾਸੀਆਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਸੀ। ਲੋਕਾਂ ਦੀ ਦਿੱਕਤ ਨੂੰ ਦੇਖਦਿਆਂ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਇਸ ਪ੍ਰੋਜੈਕਟ ਵੱਲ ਵਿਸ਼ੇਸ਼ ਧਿਆਨ ਦਿੱਤਾ ਗਿਆ ਤੇ ਹੁਣ ਸਪੀਕਰ ਦੀਆਂ ਕੋਸ਼ਿਸ਼ਾਂ ਸਦਕਾ ਇਸ ਕੰਮ ਲਈ 18 ਕਰੋੜ 32 ਲੱਖ ਰੁਪਏ ਦੇ ਟੈਂਡਰ ਲੱਗ ਚੁੱਕੇ ਹਨ, ਜੋ 8 ਅਕਤੂਬਰ ਨੂੰ ਖੁੱਲਣਗੇ ਤੇ ਇਸ ਉਪਰੰਤ ਇਸ ਪ੍ਰੋਜੈਕਟ 'ਤੇ ਕੰਮ ਸ਼ੁਰੂ ਹੋ ਜਾਵੇਗਾ।ਇਸ ਉਪਰੰਤ ਇਸ ਇਲਾਕੇ ਦੀ ਸੀਵਰੇਜ ਸਮੱਸਿਆ ਦਾ ਪੱਕਾ ਹੱਲ ਹੋ ਜਾਵੇਗਾ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਸੀਵਰੇਜ ਬੋਰਡ ਦੇ ਐਸ.ਡੀ.ਓ ਬੀ. ਐਸ ਗਿੱਲ ਨੇ ਦੱਸਿਆ ਕਿ ਦੇਵੀ ਵਾਲਾ ਰੋਡ ਕੋਟਕਪੂਰਾ 8 ਐਮ.ਐਲ.ਡੀ ਐਸ.ਟੀ.ਪੀ ਤੋਂ ਪਿੰਡ ਦੇਵੀਵਾਲਾ ਦੀ ਡਰੇਨ ਤੱਕ ਸੀਵਰੇਜ ਦੀ ਡੀ ਆਈ ਪਾਈਪ ਪਾਈ ਜਾਣੀ ਹੈ, ਜਿਸਦੀ ਲੰਬਾਈ 5150 ਮੀਟਰ ਹੋਵੇਗੀ।ਟੈਂਡਰ ਹੋਣ ਉਪਰੰਤ ਸਪੀਕਰ ਵੱਲੋਂ ਆਪਣੇ ਕਰ ਕਮਲਾ ਨਾਲ ਇਸ ਪ੍ਰਾਜੈਕਟ 'ਤੇ ਤੁਰੰਤ ਕੰਮ ਸ਼ੁਰੂ ਕਰਾਏ ਜਾਣਗੇ।

...ਸਫ਼ਾ 1 ਦੇ ਬਾਕੀ

## ਗੈਰ-ਕਾਨੂੰਨੀ ਮਾਈਨਿੰਗ ਨਾਲ ਬੰਨ੍ਹ ...

ਯੋਜਨਾਬੱਧ ਮੁੜ ਵਿਕਾਸ ਹੈ। ਮੰਤਰੀ ਨੇ ਕਿਹਾ, "ਪੰਜਾਬ ਨੂੰ ਮੌਜੂਦਾ ਸੰਕਟ 'ਚੋਂ ਬਾਹਰ ਕੱਢਣ ਲਈ, ਸਾਨੂੰ ਇੱਕ ਛੋਟੀ, ਦਰਮਿਆਨੀ ਅਤੇ ਲੰਬੀ ਮਿਆਦ ਦੀ ਯੋਜਨਾ ਦੀ ਲੋੜ ਹੈ। ਸੰਕਟ ਬਹੁਤ ਵੱਡਾ ਹੈ ਪਰ ਅਸੀਂ ਸੂਬੇ ਨੂੰ ਇਸ ਤੋਂ ਬਾਹਰ ਕੱਢਣ ਲਈ ਕੋਈ ਕਸਰ ਬਾਕੀ ਨਹੀਂ ਛੱਡਾਂਗੇ। ਇਹ ਵੀ ਜ਼ਰੂਰੀ ਹੈ ਕਿ ਪੰਜਾਬ ਵਿੱਚ ਆਪ ਸਰਕਾਰ ਪੂਰੀ ਗੰਭੀਰਤਾ ਨਾਲ ਜ਼ਮੀਨੀ ਪੱਧਰ 'ਤੇ ਕੰਮ ਕਰੇ।"

ਉਨ੍ਹਾ ਕਿਹਾ ਕਿ ਇੱਕ ਵਾਰ ਪਾਣੀ ਘਟਣ ਤੋਂ ਬਾਅਦ, ਇਨਫੈਕਸ਼ਨਾਂ ਦਾ ਖਤਰਾ ਹੋਵੇਗਾ। ਚੌਹਾਨ ਨੇ ਕਿਹਾ, "ਮੈਂ ਪੰਜਾਬ ਦੀ ਸੇਵਾ ਭਾਵਨਾ ਨੂੰ ਦੇਖਿਆ, ਕਿਵੇਂ ਸਮਾਜਕ ਕਾਰਕੁੰਨ ਰਾਹਤ, ਭੋਜਨ, ਕੱਪੜੇ ਅਤੇ ਦਵਾਈਆਂ ਵੰਡਣ ਲਈ ਪਿੰਡ-ਪਿੰਡ ਜਾ ਰਹੇ ਹਨ। ਮੈਂ ਪੰਜਾਬ ਦੀ ਸੇਵਾ ਭਾਵਨਾ ਨੂੰ ਸਲਾਮ ਕਰਦਾ ਹਾਂ। ਇੱਕ ਦੁਖੀ ਵਿਅਕਤੀ ਦੀ ਸੇਵਾ ਕਰਨਾ ਰੱਬ ਦੀ ਪੂਜਾ ਦੇ ਬਰਾਬਰ ਹੈ। ਗੁਆਂਢੀ ਸੂਬੇ ਵੀ ਮਦਦ ਲਈ ਅੱਗੇ ਆਏ ਹਨ। ਸੰਕਟ ਵਿੱਚ ਏਕਤਾ ਦੀ ਇਹ ਭਾਵਨਾ ਸਾਨੂੰ ਸਾਰੀਆਂ ਮੁਸ਼ਕਲਾਂ ਨੂੰ ਪਾਰ ਕਰਨ ਦੀ ਤਾਕਤ ਦਿੰਦੀ ਹੈ।" ਮੰਤਰੀ ਨੇ ਯਾਦ ਕੀਤਾ ਕਿ ਜਦੋਂ ਮਰਹੂਮ ਅਟੱਲ ਬਿਹਾਰੀ ਵਾਜਪਾਈ ਪ੍ਰਧਾਨ ਮੰਤਰੀ ਸਨ ਅਤੇ ਮਰਹੂਮ ਪ੍ਰਕਾਸ਼ ਸਿੰਘ ਬਾਦਲ ਪੰਜਾਬ ਦੇ ਮੁੱਖ ਮੰਤਰੀ ਸਨ, ਤਾਂ ਕੇਂਦਰ ਨੇ ਸੰਕਟ ਦੀ ਸਥਿਤੀ ਵਿੱਚ ਖੇਤਾਂ ਅਤੇ ਫਸਲਾਂ ਨੂੰ ਬਚਾਉਣ ਲਈ ਪ੍ਰਮੁੱਖ ਦਰਿਆਵਾਂ ਸਤਲੁਜ, ਬਿਆਸ, ਰਾਵੀ ਅਤੇ ਘੱਗਰ ਦੇ ਆਲੇ-ਦੁਆਲੇ ਬੰਨ੍ਹ ਬਣਾਏ ਸਨ।ਚੌਹਾਨ ਨੇ ਅੰਮ੍ਰਿਤਸਰ, ਪਠਾਨਕੋਟ ਅਤੇ ਗੁਰਦਾਸਪੁਰ ਬੈਲਟ ਦੇ ਮੌਕੇ ਦੇ ਮੁਲਾਂਕਣ ਤੋਂ ਬਾਅਦ ਕਿਹਾ, "ਗੈਰ-ਕਾਨੂੰਨੀ ਮਾਈਨਿੰਗ ਕਾਰਨ, ਇਹ ਬੰਨ੍ਹ ਕਮਜ਼ੋਰ ਹੋ ਗਏ ਹਨ ਅਤੇ ਪਾਣੀ ਪਿੰਡਾਂ ਵਿੱਚ ਦਾਖਲ ਹੋ ਗਿਆ ਹੈ। ਸਾਨੂੰ ਭਵਿੱਖ ਦੇ ਸੰਕਟ ਨੂੰ ਰੋਕਣ ਲਈ ਇਨ੍ਹਾਂ ਬੰਨ੍ਹਾਂ ਨੂੰ ਬਹਾਲ ਕਰਨ ਦੀ ਲੋੜ ਹੈ।"

# ਮਾਤਾ ਗੁਜਰੀ ਜੀ ਭਲਾਈ ਕੇਂਦਰ ਬਣੀ ਲੋਕਾਂ ਲਈ ਸਹਾਰਾ

**ਬੁਢਲਾਡਾ (ਅਸ਼ੋਕ ਲਾਕੜਾ)** ਸਟੇਟ ਐਵਾਰਡੀ ਸਮਾਜ ਸੇਵੀ ਸੰਸਥਾ ਮਾਤਾ ਗੁਜਰੀ ਜੀ ਭਲਾਈ ਕੇਂਦਰ ਵੱਲੋਂ ਜਿੱਥੇ ਹੜ੍ਹ ਪੀੜਤਾਂ ਲਈ ਪੋਲੀਥੀਨ, ਰਾਸ਼ਨ, ਲੰਗਰ, ਦਵਾਈਆਂ, ਮਕਾਨ ਮੁਰੰਮਤ ਸੇਵਾ ਚੱਲ ਰਹੀ ਹੈ, ਉੱਥੇ ਹੀ ਪਾਣੀ 'ਚ ਘਿਰੇ ਲੋਕਾਂ ਦੇ ਘਰੇਲੂ ਸਮਾਨ ਦੀ ਸੰਭਾਲ ਕੀਤੀ ਜਾ ਰਹੀ ਹੈ। ਸੰਸਥਾ ਆਗੂ ਮਾਸਟਰ ਕੁਲਵੰਤ ਸਿੰਘ ਤੇ ਬਲਬੀਰ ਸਿੰਘ ਕੈਂਥ ਨੇ ਦੱਸਿਆ ਕਿ ਲਗਾਤਾਰ ਮੀਂਹ ਕਾਰਨ ਚੌੜੀ ਗਲ਼ੀ ਵਿੱਚ ਲੋਕਾਂ ਦੇ ਘਰਾਂ ਵਿੱਚ ਪਾਣੀ ਵੜ ਗਿਆ।ਸਮਾਨ ਖ਼ਰਾਬ ਹੋਣ ਲਗਿਆ।ਉਨ੍ਹਾਂ ਸੰਸਥਾ ਮੈਂਬਰਾਂ ਨੂੰ ਫੋਨ 'ਤੇ ਸਮੱਸਿਆ ਦੱਸੀ।ਮਾਤਾ ਗੁਜਰੀ ਜੀ ਭਲਾਈ ਕੇਂਦਰ ਦੇ ਮੈਂਬਰਾਂ ਵੱਲੋਂ ਉਸੇ ਸਮੇਂ ਚੱਲਦੇ ਮੀਂਹ ਵਿੱਚ ਪੀਟਰ ਸਮੇਤ ਪਹੁੰਚ ਕੇ ਕੁੱਝ ਘਰਾਂ ਦਾ ਸਮਾਨ ਸੁਰੱਖਿਅਤ ਥਾਂ ਸ਼ਿਫਟ ਕੀਤਾ ਤੇ ਕੁੱਝ ਘਰਾਂ ਦਾ ਸਮਾਨ ਬੈੱਡ ਆਦਿ ਇੱਟਾਂ ਲਾ ਕੇ ਉੱਚਾ ਕੀਤਾ। ਘਰਾਂ ਅੱਗੇ ਮਿੱਟੀ ਦੇ ਗੱਟੇ ਲਾ ਕੇ ਪਾਣੀ ਅੰਦਰ ਜਾਣੋ ਰੋਕਿਆ ਗਿਆ।ਉਨ੍ਹਾਂ ਦੱਸਿਆ ਕਿ ਸੰਸਥਾ ਮੈਂਬਰਾਂ ਤੋਂ ਹੋਰ ਸਮਾਜ ਸੇਵੀ ਵੀ ਇਸ ਕਾਰਜ ਦੀ ਸਹਾਇਤਾ ਲਈ ਪਹੁੰਚੇ। ਕੁਲਦੀਪ ਸਿੰਘ ਅਨੇਜਾ ਅਤੇ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਸੰਸਥਾ ਵੱਲੋਂ ਲਗਾਤਾਰ ਕਈ ਦਿਨਾਂ ਤੋਂ ਖਾਣੇ ਤੇ ਦਵਾਈਆਂ ਦਾ ਲੰਗਰ ਚਾਲੂ ਹੈ।ਲੋੜਵੰਦਾਂ ਦੇ ਮਕਾਨਾਂ ਦੀ ਮੁਰੰਮਤ ਲਈ ਵੀ ਮਦਦ ਕੀਤੀ ਜਾ ਰਹੀ ਹੈ।ਸੁਖਦਰਸ਼ਨ ਸਿੰਘ ਕੁਲਾਨਾ ਤੇ ਸੰਸਥਾ ਆਗੂਆਂ ਵੱਲੋਂ ਦਾਨੀ ਸੱਜਣਾਂ ਨੂੰ ਸਹਿਯੋਗ ਦੇਣ ਦੀ ਅਪੀਲ ਹੈ ਤਾਂ ਜੁ ਵੱਧ ਤੋਂ ਵੱਧ ਮਕਾਨਾਂ ਦੀ ਸੇਵਾ ਕੀਤੀ ਜਾ ਸਕੇ।




## ਤਿਉਹਾਰ ਵਿਸ਼ੇਸ਼ ਰੇਲਗੱਡੀਆਂ ਦੀ ਗਿਣਤੀ ਵਿਚ ਵਾਧਾ-2025

ਅੱਗਲੇ ਤਿਉਹਾਰਾਂ ਦੇ ਦੌਰਾਨ ਰੇਲਯਾਤੀਰਆਂ ਦੇ ਸੁਵਿਧਾਜਨਕ ਆਉਣ-ਜਾਣ ਲਈ ਰੇਲਵੇ ਦੁਵਾਰਾ ਹੇਠਾ ਲਿਖੀ ਤਿਉਹਾਰ ਵਿਸ਼ੇਸ਼ ਰੇਲਗੱਡੀਆਂ ਹੇਠਾ ਦਿਤੀ ਗਈ ਸਮੇਂ-ਸਾਰਣੀ ਦੇ ਅਨੁਸਾਰ ਸੰਚਾਲਿਤ ਕੀਤੀ ਜਾਵੇਗੀ :-

**ਰੇਲਗੱਡੀ ਨੰ: 05742/05741 ਨਯੂ ਜਲਪਾਈਗੁਡੀ-ਗੋਮਤੀ ਨਗਰ-ਨਯੂ ਜਲਪਾਈਗੁਡੀ ਸਪਤਾਹਿਕ ਤਿਉਹਾਰ ਵਿਸ਼ੇਸ਼ ਰੇਲਗੱਡੀ — 12 ਫੇਰੇ**

| ਰੇਲਗੱਡੀ ਨੰ: 05742 | | ਸਟੇਸ਼ਨ | ਰੇਲਗੱਡੀ ਨੰ: 05741 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| ---- | 07.00 | ਨਯੂ ਜਲਪਾਈਗੁਡੀ | 09.25 | ---- |
| 06.23 | 06.25 | ਬਾਰਾਬੰਕੀ ਜੰ: | 10.18 | 10.20 |
| 07.15 | ---- | ਗੋਮਤੀ ਨਗਰ | ---- | 09.40 |

ਚਲਨ ਦੇ ਦਿਨ : 05742 ਨਯੂ ਜਲਪਾਈਗੁਡੀ ਤੋਂ ਹਰੇਕ ਐਤਵਾਰ ਮਿਤੀ 28.09.25 ਤੋਂ 02.11.25 ਤਕ ਅਤੇ 05741 ਗੋਮਤੀ ਨਗਰ ਤੋਂ ਹਰੇਕ ਸੋਮਵਾਰ ਮਿਤੀ 29.09.25 ਤੋਂ 03.11.2025 ਤਕ।
ਠਹਿਰਾਵ : ਸਿਲੀਗੁਡੀ ਜੰ:, ਠਾਕੁਰਗੰਜ, ਅਰਰਿਯਾ ਕੋਰਟ, ਪੂਰਣਿਯਾ, ਕਟਿਹਾਰ ਜੰ:, ਨਵਗਛਿਯਾ, ਖਗਡਿਯਾ ਜੰ:, ਬੇਗੁਸਰਾਯ, ਬਰੋਨੀ ਜੰ:, ਹਾਜੀਪੁਰ ਜੰ:, ਸੋਨਪੁਰ, ਛਪਰਾ ਜੰ:, ਸੀਵਾਨ ਜੰ:, ਦੇਵਰਿਯਾ ਸਦਰ, ਗੋਰਖਪੁਰ ਜੰ:, ਮਨਾਕਪੁਰ ਜੰ:, ਅਯੋਧਿਆ ਧਾਮ ਜੰ: ਅਤੇ ਬਾਰਾਬੰਕੀ ਜੰ: ਸਟੇਸ਼ਨ
ਜਗ੍ਹਾਂ : ਸਮਾਨਯ

**ਰੇਲਗੱਡੀ ਨੰ: 05734/05733 ਕਿਸ਼ਨਗੰਜ-ਅੰਮ੍ਰਿਤਸਰ-ਕਿਸ਼ਨਗੰਜ ਸਪਤਾਹਿਕ ਤਿਉਹਾਰ ਵਿਸ਼ੇਸ਼ ਰੇਲਗੱਡੀ — 14 ਫੇਰੇ**

| ਰੇਲਗੱਡੀ ਨੰ: 05734 | | ਸਟੇਸ਼ਨ | ਰੇਲਗੱਡੀ ਨੰ: 05733 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| ---- | 09.10 | ਕਿਸ਼ਨਗੰਜ | 17.30 | ---- |
| 00.10 | ---- | ਅੰਮ੍ਰਿਤਸਰ | ---- | 04.25 |

ਚਲਨ ਦੇ ਦਿਨ : 05734 ਕਿਸ਼ਨਗੰਜ ਤੋਂ ਹਰੇਕ ਵੀਰਵਾਰ ਮਿਤੀ 02.10.25 ਤੋਂ 13.11.25 ਤਕ ਅਤੇ 05733 ਅੰਮ੍ਰਿਤਸਰ ਤੋਂ ਹਰੇਕ ਸ਼ਨੀਵਾਰ ਮਿਤੀ 04.10.25 ਤੋਂ 15.11.25 ਤਕ।
ਠਹਿਰਾਵ : ਬਾਰਸੋਈ, ਕਟਿਹਾਰ, ਨਵਗਛਿਯਾ, ਮਾਨਸੀ ਜੰ:, ਖਗਡਿਯਾ, ਬੇਗੂਸਰਾਯ, ਬਰੋਨੀ ਜੰ:, ਬਾਰਾਬੰਕੀ ਜੰ:, ਲਖਨਊ, ਕਾਨਪੁਰ ਸੈਂਟਰਲ, ਇਟਾਵਾ, ਅਲੀਗੜ੍ਹ ਜੰ:, ਖੁਰਜਾ ਜੰ:, ਹਾਪੁੜ, ਮੇਰਠ ਸਿਟੀ, ਮੁਜੱਫਰਨਗਰ, ਸਹਾਰਨਪੁਰ ਜੰ:, ਅੰਬਾਲਾ ਕੈਂਟ, ਲੁਧਿਆਣਾ, ਜਲੰਧਰ ਸਿਟੀ ਅਤ ਬਯਾਸ ਸਟੇਸ਼ਨ
ਜਗ੍ਹਾਂ : ਪਹਿਲੀ ਵਾਤਾ., 2 ਟਿਯਰ ਵਾਤਾ., 3 ਟਿਯਰ ਵਾਤਾ., 3 ਟਿਯਰ ਵਾਤਾ. (ਇਕਾਨਾਮੀ), ਸਲੀਪਰ ਅਤੇ ਸਮਾਨਯ ਸਮਾਨਯ

**ਰੇਲਗੱਡੀ ਨੰ: 05325/05326 ਗੋਮਤੀ ਨਗਰ-ਲੋਕਮਾਨਯ ਤਿਲਕ ਟ. -ਗੋਮਤੀ ਨਗਗ ਸਪਤਾਹਿਕ ਤਿਉਹਾਰ ਵਿਸ਼ੇਸ਼ ਰੇਲਗੱਡੀ — 12 ਫੇਰੇ**

| ਰੇਲਗੱਡੀ ਨੰ: 05325 | | ਸਟੇਸ਼ਨ | ਰੇਲਗੱਡੀ ਨੰ: 05326 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| ---- | 00.15 | ਗੋਮਤੀ ਨਗਰ | 10.45 | ---- |
| 05.50 | ---- | ਲੋਕਮਾਨਯ ਤਿਲਕ ਟ. | ---- | 07.55 |

ਚਲਨ ਦੇ ਦਿਨ : 05325 ਗੋਮਤੀ ਨਗਰ ਤੋਂ ਹਰੇਕ ਸ਼ਨੀਰਵਾਰ ਮਿਤੀ 27.09.25 ਤੋਂ 01.11.25 ਤਕ ਅਤੇ 05326 ਲੋਕਮਾਨਯ ਤਿਲਕ ਟ. ਤੋਂ ਹਰੇਕ ਐਤਵਾਰ ਮਿਤੀ 28.09.25 ਤੋਂ 02.11.25 ਤਕ।
ਠਹਿਰਾਵ : ਬਾਦਸ਼ਾਹਨਗਰ, ਲਖਨਊ ਸ਼ਹਿਰ, ਏਸ਼ਬਾਗ, ਕਾਨਪੁਰ ਸੈਂਟਰਲ, ਉਰਈ, ਵੀਰਾਂਗਨਾ ਲਖਸ਼ਮੀ ਝਾਂਸੀ, ਬੀਨਾ, ਰਾਨੀ ਕਮਲਾਪਤੀ ਰੇਲਵੇ ਸਟੇਸ਼ਨ, ਖੰਡਵਾ ਜੰਕਸ਼ਨ, ਭੂਸਾਵਲ ਜੰਕਸ਼ਨ, ਨਾਸਿਕ ਰੋਡ, ਇਗਤਪੁਰੀ ਅਤੇ ਕਲਿਆਣ ਸਟੇਸ਼ਨ
ਜਗ੍ਹਾਂ : 2 ਟਿਯਰ ਵਾਤਾ., 3 ਟਿਯਰ ਵਾਤਾ., ਸਲੀਪਰ ਅਤੇ ਸਮਾਨਯ ਸਮਾਨਯ

**ਰੇਲਗੱਡੀ ਨੰ: 05023/05024 ਗੋਮਤੀ ਨਗਰ-ਖਾਤੀਪੁਰ-ਗੋਮਤੀ ਨਗਗ ਸਪਤਾਹਿਕ ਤਿਉਹਾਰ ਵਿਸ਼ੇਸ਼ ਰੇਲਗੱਡੀ — 14 ਫੇਰੇ**

| ਰੇਲਗੱਡੀ ਨੰ: 05023 | | ਸਟੇਸ਼ਨ | ਰੇਲਗੱਡੀ ਨੰ: 05024 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| ---- | 23.55 | ਗੋਮਤੀ ਨਗਰ | 11.45 | ---- |
| 12.10 | 12.20 | ਦਿੱਲੀ ਜੰ: | 00.25 | 00.35 |
| 17.30 | ---- | ਖਾਤੀਪੁਰਾ | ---- | 18.50 |

ਚਲਨ ਦੇ ਦਿਨ : 05023 ਗੋਮਤੀ ਨਗਰ ਤੋਂ ਹਰੇਕ ਮੰਗਲਰਵਾਰ ਮਿਤੀ 23.09.25 ਤੋਂ 04.11.25 ਤਕ ਅਤੇ 05024 ਖਾਤੀਪੁਰਾ ਤੋਂ ਹਰੇਕ ਬੁੱਧਵਾਰ ਮਿਤੀ 24.09.25 ਤੋਂ 05.11.25 ਤਕ।
ਠਹਿਰਾਵ : ਬਾਦਸ਼ਾਹਨਗਰ, ਡਾਲੀਗੰਜ, ਸੀਤਾਪੁਰਾ ਜੰ:, ਬਰੇਲੀ ਜੰ:, ਮੁਰਾਦਾਬਾਦ, ਗਾਜੀਅਜਾਬਦਾ, ਦਿੱਲੀ ਜੰ:, ਦਿੱਲੀ ਛਾਵਣੀ, ਗੁੜਗਾਂਵ, ਰੇਵਾੜੀ ਜੰ:, ਅਲਵਰ ਜੰ: ਅਤੇ ਬਾਂਦੀਕੂੰਈ ਜੰ: ਸਟੇਸ਼ਨ
ਜਗ੍ਹਾਂ : 2 ਟਿਯਰ ਵਾਤਾ., 3 ਟਿਯਰ ਵਾਤਾ., ਸਲੀਪਰ ਅਤੇ ਸਮਾਨਯ

ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਕਿਸੀ ਵੀ ਜਾਣਕਾਰੀ ਦੇ ਲਈ ਰੇਲਮਦਦ ਹੈਲਪਲਾਈਨ ਨੰ: 139 ਉਤੇ ਸੰਪਰਕ ਕਰੋ ਜਾਂ ਰੇਲਵੇ ਦੀ ਵੈੱਬਸਾਈਟ https://enquiry.indianrail.gov.in ਜਾਂ NTES ਏਪ ਦੇਖੋ।

**ਰੇਲਗੱਡੀ ਨੰ: 04195/04196 ਆਗਰਾ ਛਾਵਣੀ-ਜੋਗਬਨੀ-ਆਗਰਾ ਛਾਵਣੀ ਸਪਤਾਹਿਕ ਤਿਉਹਾਰ ਵਿਸ਼ੇਸ਼ ਰੇਲਗੱਡੀ — 22 ਫੇਰੇ**

| ਰੇਲਗੱਡੀ ਨੰ: 04195 | | ਸਟੇਸ਼ਨ | ਰੇਲਗੱਡੀ ਨੰ: 04196 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| ---- | 05.00 | ਆਗਰਾ ਛਾਵਣੀ | 07.10 | ---- |
| 17.25 | 17.35 | ਲਖਨਊ | 16.55 | 17.05 |
| 18.45 | ---- | ਜੋਗਬਨੀ | ---- | 21.00 |

ਚਲਨ ਦੇ ਦਿਨ : 04195 ਆਗਰਾ ਛਾਵਣੀ ਤੋਂ ਹਰੇਕ ਸ਼ੁੱਕਰਵਾਰ ਮਿਤੀ 12.09.25 ਤੋਂ 28.11.25 (26.09.25 ਨੂੰ ਛੱਡਕੇ) ਤਕ ਅਤੇ 04196 ਜੋਗਬਨੀ ਤੋਂ ਹਰੇਕ ਸ਼ਨੀਵਾਰ ਮਿਤੀ 13.09.25 ਤੋਂ 29.11.25 ਤਕ (27.09.25 ਨੂੰ ਛੱਡਕੇ)।
ਠਹਿਰਾਵ : ਧੌਲਪੁਰ, ਗਵਾਲੀਅਰ, ਡਬਰਾ, ਦਤਿਯਾ, ਬੀਰਾਂਗਨਾ, ਲਖਸ਼ਮੀ ਝਾਂਸੀ, ਉਰਈ, ਪੁਖਰਾਯਾ, ਕਾਨਪੁਰ ਸੈਂਟਰਲ, ਉਨਾਵ, ਲਖਨਊ, ਬਾਰਾਬੰਕੀ, ਬੁਢਵਲ, ਕਰਨਲਗੰਜ, ਗੋਂਡਾ ਜੰ:, ਮਨਕਾਪੁਰ, ਬਸਤੀ, ਗੋਰਖਪੁਰ ਜੰ:, ਦੇਵਰਿਯਾ ਸਦਰ, ਭਟਨੀ, ਸਿਵਾਨ ਜੰ:, ਛਪਰਾ ਜੰ:, ਸੋਨਪੁਰ, ਹਾਜੀਪੁਰ ਜੰ:, ਸ਼ਾਹਪੁਰ ਪਟੋਰੀ, ਬਰੋਨੀ, ਬੇਗੂਸਰਾਯ, ਖਗਡਿਯਾ, ਮਾਨਸੀ ਜੰ:, ਥਾਨਾ ਬਿਹਪੁਰ, ਨਵਗਛਿਯਾ, ਕਟਿਹਾਰ, ਪੂਰਣਿਯਾ ਜੰ:, ਅਰਰਿਯਾ ਅਤੇ ਫਾਰਬਿਸਗੰਜ ਸਟੇਸ਼ਨ
ਜਗ੍ਹਾਂ : ਸਲੀਪਰ ਅਤੇ ਸਮਾਨਯ

**ਰੇਲਗੱਡੀ ਨੰ: 08763/08764 ਦੁਰਗ ਜੰ:-ਸੁਲਤਾਨਪੁਰ ਜੰ:-ਦੁਰਗ ਜੰ: ਸਪਤਾਹਿਕ ਤਿਉਹਾਰ ਵਿਸ਼ੇਸ਼ ਰੇਲਗੱਡੀ — 24 ਫੇਰੇ**

| ਰੇਲਗੱਡੀ ਨੰ: 08763 | | ਸਟੇਸ਼ਨ | ਰੇਲਗੱਡੀ ਨੰ: 08764 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| ---- | 07.20 | ਦੁਰਗ ਜੰ: | 12.50 | ---- |
| 07.00 | ---- | ਸੁਲਤਾਨਪੁਰ ਜੰ: | ---- | 10.00 |

ਚਲਨ ਦੇ ਦਿਨ : 08763 ਦੁਰਗ ਜੰ: ਤੋਂ ਹਰੇਕ ਸ਼ਨੀਵਾਰ ਮਿਤੀ 13.09.25 ਤੋਂ 29.11.25 ਤਕ ਅਤੇ 08764 ਸੁਲਤਾਨਪੁਰ ਜੰ: ਤੋਂ ਹਰੇਕ ਐਤਵਾਰ ਮਿਤੀ 14.09.25 ਤੋਂ 30.11.25 ਤਕ।
ਠਹਿਰਾਵ : ਰਾਜਪੁਰ ਜੰ:, ਉਸਲਾਪੁਰ, ਪੇਨਡਰਾ ਰੋਡ, ਅਨੂਪਪੁਰ ਜੰ:, ਸ਼ਹਡੋਲ਼ਲ, ਉਮਰਿਯਾ, ਕਟਨੀ ਜੰ: ਮੈਹਰ, ਸਤਨਾ ਜੰ:, ਚਿਤਰਕੂਟ ਧਾਮ ਕਰਵੀ, ਅਤਰਰਾ, ਬਾਂਦਾ ਜੰ:, ਰਾਗੋਲ, ਭੀਮਸੇਨ ਜੰ:, ਕਾਨਪੁਰ ਸੈਂਟਰਲ ਅਤੇ ਲਖਨਊ ਸਟੇਸ਼ਨ
ਜਗ੍ਹਾਂ : 2 ਟਿਯਰ ਵਾਤਾ., 3 ਟਿਯਰ ਵਾਤਾ., 3 ਟਿਯਰ ਵਾਤਾ. (ਇਕਾਨਮੀ) ਸਲੀਪਰ ਅਤੇ ਸਮਾਨਯ

**ਰੇਲਗੱਡੀ ਨੰ: 01491/01492 ਪੂਣੇ ਜੰ:-ਹਜ਼ਰਤ ਨਿਜ਼ਾਮੁਦੀਨ-ਪੂਣੇ ਜੰ: ਸਪਤਾਹਿਕ ਤਿਉਹਾਰ ਵਿਸ਼ੇਸ਼ ਰੇਲਗੱਡੀ — 20 ਫੇਰੇ**

| ਰੇਲਗੱਡੀ ਨੰ: 01491 | | ਸਟੇਸ਼ਨ | ਰੇਲਗੱਡੀ ਨੰ: 01492 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| ---- | 17:30 | ਪੂਣੇ ਜੰ: | 23:55 | ---- |
| 20:00 | ---- | ਹਜ਼ਰਤ ਨਿਜ਼ਾਮੁਦੀਨ | ---- | 21:25 |

ਚਲਨ ਦੇ ਦਿਨ : 01491 ਪੂਣੇ ਜੰ: ਤੋਂ ਹਰੇਕ ਸ਼ੁੱਕਰਵਾਰ ਮਿਤੀ 26.09.25 ਤੋਂ 28.11.25 ਤਕ ਅਤੇ 01492 ਹਜ਼ਰਤ ਨਿਜ਼ਾਮੁਦੀਨ ਤੋਂ ਹਰੇਕ ਸ਼ਨੀਵਾਰ ਮਿਤੀ 27.09.25 ਤੋਂ 29.11.25 ਤਕ।
ਠਹਿਰਾਵ : ਲੋਨਾਵਲਾ, ਕਲਿਆਣ ਜੰਕਸ਼ਨ, ਭਿਵੰਡੀ ਰੋਡ, ਬਸਈ ਰੋਡ, ਪਾਲਘਰ, ਬਾਪੀ, ਬਲਸਾਡ, ਉਘਨਾ ਜੰ:, ਵਡੋਦਰਾ ਜੰ:, ਰਤਲਾਮ ਜੰ:, ਸ਼ਾਮਗੜ੍ਹ, ਭਵਾਨੀ ਮੰਡੀ, ਰਾਮਗੰਜ ਮੰਡੀ, ਕੋਟਾ ਜੰਕਸ਼ਨ, ਸਵਾਈ ਮਾਧੋਪੁਰ ਜੰ:, ਗੰਗਾਪੁਰ ਸਿਟੀ, ਬਾਰਸੀ ਟਾਊਨ ਅਤੇ ਮਥੁਰਾ ਜੰ: ਸਟੇਸ਼ਨ
ਜਗ੍ਹਾਂ : 2 ਟਿਯਰ ਵਾਤਾ., 3 ਟਿਯਰ ਵਾਤਾ., ਸਲੀਪਰ ਅਤੇ ਸਮਾਨਯ

**ਰੇਲਗੱਡੀ ਨੰ: 01079/01080 ਛੱਤਰਪਤੀ ਸ਼ਿਵਾਜੀ ਮਹਾਰਾਜ ਟ.-ਗੋਰਖਪੁਰ ਜੰ:-ਛੱਤਰਪਤੀ ਸ਼ਿਵਾਜੀ ਮਹਾਰਾਜ ਟ. ਤਿਉਹਾਰ ਵਿਸ਼ੇਸ਼ ਰੇਲਗੱਡੀ — 132 ਫੇਰੇ**

| ਰੇਲਗੱਡੀ ਨੰ: 01079 | | ਸਟੇਸ਼ਨ | ਰੇਲਗੱਡੀ ਨੰ: 01080 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| ---- | 22.30 | ਛੱਤਰਪਤੀ ਸ਼ਿਵਾਜੀ ਮਹਾਰਾਜ ਟ. | 00.40 | ---- |
| 04.10 | 04.15 | ਲਖਨਊ | 19.50 | 19.55 |
| 10.00 | ---- | ਗੋਰਪਖੁਰ ਜੰ: | ---- | 14.30 |

ਚਲਨ ਦੇ ਦਿਨ : 01079 ਛੱਤਰਪਤੀ ਸ਼ਿਵਾਜੀ ਮਹਾਰਾਜ ਟ. ਤੋਂ ਹਰਰੋਂ ਮਿਤੀ 26.09.25 ਤੋਂ 30.11.25 ਤਕ ਅਤੇ 01080 ਗੋਰਖਪੁਰ ਜੰ: ਤੋਂ ਹਰਰੋਜ਼ ਮਿਤੀ 28.09.25 ਤੋਂ 02.12.25 ਤਕ।
ਠਹਿਰਾਵ : ਦਾਦਰ, ਠਾਣੇ। ਕਲਿਆਣ ਜੰ:, ਇੰਗਤਪੁਰੀ, ਨਾਸਿਕ ਰੋਡ, ਮਨਮਾਡ ਜੰ:, ਜਲਗਾਂਵ ਜੰ:, ਭੂਸਾਵਲ ਜੰ:, ਖੰਡਵਾ, ਇਟਾਰਸੀ ਜੰ:, ਭੋਪਾਲ ਜੰ:, ਬੀਨਾ ਜੰ:, ਵੀਰਾਂਗਨਾਂ ਲਖਸ਼ਮੀ ਜੰ:, ਉਰਈ, ਕਾਨਪੁਰ ਸੈਂਟਰਲ, ਲਖਨਊ, ਗੋਂਡਾ ਜੰ:, ਬਸਤੀ ਅਤੇ ਖਲੀਲਾਬਾਦ ਸਟੇਸ਼ਨ
ਜਗ੍ਹਾਂ : 3 ਟਿਯਰ ਵਾਤਾ., ਸਲੀਪਰ ਅਤੇ ਸਮਾਨਯ

ਉਤੇ ਸਾਨੂੰ ਫਾਲੋ ਕਰੋ

ਉੱਤਰ ਰੇਲਵੇ
ਤੁਹਾਡੀ ਸੁਵਿਧਾ - ਸਾਡਾ ਸ਼੍ਰੇਯ
ਸਾਨੂੰ www.nr.indianrailways.gov.in ਉਤੇ ਮਿਲੋਂ
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਕੇਂਦਰ ਸਰਕਾਰ ਦੀ ਟੀਮ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ

**● ਡੇਰਾ ਬਾਬਾ ਨਾਨਕ, ਧਰਮਕੋਟ ਰੰਧਾਵਾ ਤੇ ਬਹਿਰਾਮਪੁਰ 'ਚ ਪੀੜਤ ਲੋਕਾਂ ਨਾਲ ਕੀਤੀ ਮੁਲਾਕਾਤ**



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਜ਼ਿਲ੍ਹਾ ਗੁਰਦਾਸਪੁਰ ਵਿੱਚ ਰਾਵੀ ਦਰਿਆ ਨਾਲ ਲੱਗਦੇ ਇਲਾਕਿਆਂ ਵਿੱਚ ਆਏ ਹੜ੍ਹਾਂ ਕਾਰਨ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਲਈ ਅੱਜ ਕੇਂਦਰ ਸਰਕਾਰ ਦੀ ਟੀਮ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ ਗਿਆ।ਤਿੰਨ ਮੈਂਬਰੀ ਇਸ ਕੇਂਦਰੀ ਟੀਮ ਵਿੱਚ ਰਾਜੇਸ਼ ਗੁਪਤਾ, ਟੀ. ਐੱਲ. (ਡੀ.ਐੱਮ.) ਮਨਿਸਟਰੀ ਆਫ਼ ਹੋਮ ਅਫ਼ੇਅਰ, ਕੰਡਾਰਪ ਵੀ. ਫਟੇਲ, ਡੀ.ਐੱਸ., ਐਕਸਪੈਂਡੀਚਰ, ਮਨਿਸਟਰੀ ਆਫ਼ ਫਾਈਨੈਂਸ ਅਤੇ ਰਾਕੇਸ਼ ਕੁਮਾਰ, ਆਰ.ਓ, ਮਨਿਸਟਰੀ ਆ ਫਰੋਡ ਟਰਾਂਸਪੋਰਟ ਐਂਡ ਹਾਈਵੇ ਸ਼ਾਮਲ ਸਨ। ਕੇਂਦਰ ਸਰਕਾਰ ਦੀ ਇਸ ਟੀਮ ਵੱਲੋਂ ਅੱਜ ਸਭ ਤੋਂ ਪਹਿਲਾਂ ਡੇਰਾ ਬਾਬਾ ਨਾਨਕ ਦੇ ਨਜ਼ਦੀਕ ਹੜ੍ਹ ਪ੍ਰਭਾਵਿਤ ਪਿੰਡ ਧਰਮਕੋਟ ਰੰਧਾਵਾ ਦਾ ਦੌਰਾ ਕੀਤਾ ਗਿਆ।ਇਸ ਮੌਕੇ ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਦੇ ਅਧਿਕਾਰੀਆਂ ਕੋਲੋਂ ਹੜ੍ਹਾਂ ਸਬੰਧੀ ਹੋਏ ਨੁਕਸਾਨ ਦੀ ਜਾਣਕਾਰੀ ਹਾਸਲ ਕੀਤੀ ਅਤੇ ਨਾਲ ਹੀ ਹੜ੍ਹ ਪ੍ਰਭਾਵਿਤ ਲੋਕਾਂ ਨਾਲ ਵੀ ਮੁਲਾਕਾਤ ਕੀਤੀ।ਇਸ ਤੋਂ ਬਾਅਦ ਇਸ ਟੀਮ ਵੱਲੋਂ ਸ੍ਰੀ ਕਰਤਾਰਪੁਰ ਸਾਹਿਬ ਕੋਰੀਡੋਰ ਨੂੰ ਹੜ੍ਹਾਂ ਕਾਰਨ ਹੋਏ ਨੁਕਸਾਨ ਦਾ ਜਾਇਜ਼ਾ ਵੀ ਲਿਆ ਗਿਆ।ਇਸ ਉਪਰੰਤ ਕੇਂਦਰੀ ਟੀਮ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਦੇ ਹੋਰ ਹੜ੍ਹ ਪ੍ਰਭਾਵਿਤ ਖੇਤਰਾਂ ਕਲਾਨੌਰ ਤੇ ਬਹਿਰਾਮਪੁਰ ਦਾ ਦੌਰਾ ਵੀ ਕੀਤਾ ਗਿਆ। ਕੇਂਦਰੀ ਟੀਮ ਦੇ ਅਧਿਕਾਰੀਆਂ ਨੇ ਕਿਹਾ ਕਿ ਉਨ੍ਹਾਂ ਵੱਲੋਂ ਅੱਜ ਗੁਰਦਾਸਪੁਰ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕਰਕੇ ਹੋਏ ਨੁਕਸਾਨ ਦਾ ਜਾਇਜ਼ਾ ਲਿਆ ਗਿਆ ਹੈ।ਅਧਿਕਾਰੀਆਂ ਨੇ ਕਿਹਾ ਕਿ ਉਹ ਹੜ੍ਹਾਂ ਦੇ ਨੁਕਸਾਨ ਸਬੰਧੀ ਆਪਣੀ ਰਿਪੋਰਟ ਕੇਂਦਰ ਸਰਕਾਰ ਨੂੰ ਸੌਂਪਣਗੇ।ਇਸ ਮੌਕੇ ਕੇਂਦਰੀ ਟੀਮ ਦੇ ਨਾਲ ਜਲੰਧਰ ਡਵੀਜ਼ਨ ਦੇ ਕਮਿਸ਼ਨਰ ਅਰੁਨ ਸੇਖੜੀ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਹਰਜਿੰਦਰ ਸਿੰਘ ਬੇਦੀ, ਐੱਸਡੀਐੱਮ. ਡੇਰਾ ਬਾਬਾ ਨਾਨਕ ਡਾ. ਅਦਿੱਤਯ ਸ਼ਰਮਾ, ਐੱਸਡੀਐੱਮ. ਫ਼ਤਹਿਗੜ੍ਹ ਚੂੜੀਆਂ ਗੁਰਮੰਦਰ ਸਿੰਘ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਐਡਵੋਕੇਟ ਜੈਮਲ ਸਿੰਘ ਨਾਗੋਕੇ ਵੱਲੋਂ ਗਰੀਬ ਪਰਿਵਾਰ ਦੀ ਮਦਦ



**ਬੁਤਾਲਾ (ਨਿਰਮਲ ਸਿੰਘ ਸੰਘਾ)**- ਕਸਬਾ ਸਠਿਆਲਾ ਵਿਖੇ ਇਕ ਗਰੀਬ ਪਰਿਵਾਰ ਦੇ ਮਕਾਨ ਦੀ ਛੱਤ ਡਿੱਗਣ ਤੇ ਅਕਾਲੀ ਦਲ ਵਾਰਿਸ ਪੰਜਾਬ ਦੇ ਆਗੂ ਐਡਵੋਕੇਟ ਜੈਮਲ ਸਿੰਘ ਨਾਗੋਕੇ ਵਲੋਂ ਗਰੀਬ ਪਰਿਵਾਰ ਨੂੰ ਘਰੇਲੂ ਵਸਤਾਂ ਸਾਮਾਨ ਦਿੱਤਾ ਗਿਆ।ਇਸ ਮੌਕੇ ਹਲਕਾ ਬਾਬਾ ਬਕਾਲਾ ਸਾਹਿਬ ਤੋਂ ਵਾਰਿਸ ਪੰਜਾਬ ਦੇ ਐਡਵੋਕੇਟ ਜੈਮਲ ਸਿੰਘ ਨਾਗੋਕੇ ਵਲੋਂ ਸੋਸ਼ਲ ਮੀਡੀਆ ਤੇ ਰਾਜੂ ਪੁੱਤਰ ਬਲਬੀਰ ਸਿੰਘ ਵਾਸੀ ਸਠਿਆਲਾ ਦੇ ਘਰ ਦੀਆਂ ਤਸਵੀਰਾਂ ਤੋਂ ਪ੍ਰਭਾਵਿਤ ਹੋ ਕੇ ਘਰੇਲੂ ਵਸਤਾਂ ਦਾ ਸਮਾਨ ਮੁਹੱਈਆ ਕੀਤਾ ਗਿਆ।ਉਨ੍ਹਾਂ ਨੇ ਗਰੀਬ ਪਰਿਵਾਰ ਨੂੰ ਹੌਸਲਾ ਦਿੰਦਿਆਂ ਕਿਹਾ ਕਿ ਹੋਰ ਮਾਲੀ ਸਹਾਇਤਾ ਵੀ ਕੀਤੀ ਜਾਵੇਗੀ।ਇਸ ਮੌਕੇ ਐਡਵੋਕੇਟ ਵਿਸ਼ਾਲ ਸਿੰਘ ਠਾਕਰ, ਪ੍ਰਧਾਨ ਗੁਰਵਿੰਦਰ ਸਿੰਘ ਗਿੰਦਰ ਸਠਿਆਲਾ, ਅਵਤਾਰ ਸਿੰਘ, ਪ੍ਰਕਾਸ਼ ਸਿੰਘ, ਸਰਬਜੀਤ ਸਿੰਘ, ਜਗਜੀਤ ਸਿੰਘ, ਜਸ਼ਨਪ੍ਰੀਤ ਸਿੰਘ, ਜੋਬਨਪ੍ਰੀਤ ਸਿੰਘ, ਸੁਖਮਨਪ੍ਰੀਤ ਸਿੰਘ, ਗੁਰਜੰਟ ਸਿੰਘ, ਅੰਮ੍ਰਿਤਪਾਲ ਸਿੰਘ, ਹਰਪਾਲ ਸਿੰਘ ਕਾਲਾ, ਹਰਜੀਤ ਸਿੰਘ, ਕੁਲਬੀਰ ਸਿੰਘ, ਗੁਰਜੀਤ ਸਿੰਘ ਰਾਜਵਿੰਦਰ ਸਿੰਘ ਆਦਿ ਵਲੋਂ ਪੀੜਤ ਪਰਿਵਾਰ ਦੀ ਮੁਸ਼ਕਲ ਦੀ ਘੜੀ'ਚ ਐਡਵੋਕੇਟ ਜੈਮਲ ਸਿੰਘ ਨਾਗੋਕੇ ਦਾ ਧੰਨਵਾਦ ਕੀਤਾ ਗਿਆ।

# ਮੱਲ੍ਹੀਆਂ ਤੋਂ ਹੜ੍ਹ ਪੀੜਤਾਂ ਦੀ ਮਦਦ ਲਈ ਰਾਹਤ ਸਮੱਗਰੀ ਦੀ ਤੀਸਰੀ ਟਰਾਲੀ ਰਵਾਨਾ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**: ਛੇਵੇਂ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਹਰਗੋਬਿੰਦ ਪਾਤਸ਼ਾਹ ਜੀ ਦੀ ਚਰਨ ਛੋਹ ਪ੍ਰਾਪਤ ਇਤਿਹਾਸਿਕ ਨਗਰ ਪਿੰਡ ਮੱਲੀਆਂ ਤੋਂ ਤਰਨਾ ਦਲ ਦੇ 16ਵੇਂ ਮੁਖੀ ਬਾਬਾ ਜੋਗਾ ਸਿੰਘ ਦੀ ਰਹਿਨੁਮਾਈ ਹੇਠ ਅਤੇ ਨਗਰ ਦੇ ਸਹਿਯੋਗ ਨਾਲ ਐੱਨਆਰਆਈ ਵੀਰਾਂ ਦੇ ਸਹਿਯੋਗ ਸਦਕਾ ਹੜ੍ਹ ਪੀੜਤਾਂ ਦੀ ਮਦਦ ਲਈ ਪਿੰਡ ਮੱਲ੍ਹੀਆਂ ਤੋਂ ਰਮਦਾਸ ਘੋਨੇਆਣਾ ਅਜਨਾਲਾ ਖੇਤਰ ਵਿੱਚ ਲੋੜਵੰਦ ਵਸਤੂਆਂ ਜਿਵੇਂ ਕਿ ਡੰਗਰਾਂ ਦਾ ਚਾਰਾ, ਡੰਗਰਾਂ ਦੀ ਫੀਡ, ਮਨੁੱਖ ਦੇ ਖਾਣ ਪੀਣ ਦੀਆਂ ਵਸਤਾਂ ਜਿਵੇਂ ਪਾਣੀ ਦੀਆਂ ਬੋਤਲਾਂ ਲੰਗਰ ਆਦਿ ਨਾਲ ਲੈਸ ਤੀਸਰੀ ਟਰਾਲੀ ਰਵਾਨਾ ਕੀਤੀ ਗਈ । ਪੱਤਰਕਾਰਾਂ ਨਾਲ ਗੱਲਬਾਤ ਕਰਦਦਿਆਂ ਉਮੀਦ ਆਰਗੇਨਾਈਜੇਸ਼ਨ ਸੰਸਥਾ ਪਿੰਡ ਮੱਲ੍ਹੀਆਂ ਦੇ ਪ੍ਰਧਾਨ ਹਰਜੀਤ ਸਿੰਘ ਅਮਰੀਕਾ ਅਤੇ ਰਾਜ ਬਨੌੜ ਆਸਟਰੇਲੀਆ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਹੜ੍ਹ ਪੀੜਤਾਂ ਦੀ ਮਦਦ ਲਈ ਸਾਡੀ ਸੰਸਥਾ ਹਰ ਵੇਲੇ ਤਤਪਰ ਹੈ। ਇਸ ਮੌਕੇ ਉਨ੍ਹਾਂ ਦੱਸਿਆ ਕਿ ਇਹ ਸੰਸਥਾ ਆਪਣੇ ਪਿੰਡ ਤੋਂ ਹੀ ਸ਼ੁਰੂ ਕੀਤੀ ਗਈ ਹੈ। ਇਸ ਸੰਸਥਾ ਵਿੱਚ ਪੂਰੇ ਪਿੰਡ ਮੱਲ੍ਹੀਆਂ ਦੇ ਨੌਜਵਾਨ ਅਤੇ ਐੱਨਆਰਆਈ ਵੀਰ ਆਪਣਾ ਸਹਿਯੋਗ




ਰੱਖਦੇ ਹਨ। ਇਸ ਸੰਸਥਾ ਦਾ ਮੁੱਖ ਆਦੇਸ਼ ਗਰੀਬ ਲੜਕੀਆਂ ਦੇ ਵਿਆਹ, ਕਿਸੇ ਬਿਮਾਰ ਵਿਅਕਤੀ ਦਾ ਇਲਾਜ, ਬੱਚਿਆਂ ਲਈ ਕਾਪੀਆਂ ਬੈਗ ਅਤੇ ਹੋਰ ਕਈ ਪ੍ਰਕਾਰ ਦੀਆਂ ਵਸਤਾਂ ਦੇ ਕੇ ਆਪਣਾ ਫਰਜ਼ ਨਿਭਾਉਂਦੇ ਹਨ। ਇਸ ਮੌਕੇ ਉਨ੍ਹਾਂ ਹੜ੍ਹ ਪ੍ਰਤੀ ਗੱਲਬਾਤ ਕਰਦੇ ਹੋਏ ਦੱਸਿਆ ਕਿ ਹੜ੍ਹ ਕੁਦਰਤੀ ਆਫਤ ਹੈ ਅਤੇ ਇਸ ਵਿੱਚ ਜਿਨ੍ਹਾਂ ਵੀ ਲੋਕਾਂ ਦਾ ਜਾਨੀ ਮਾਲੀ ਨੁਕਸਾਨ ਹੋਇਆ ਹੈ ਉਸਦਾ ਭਾਰਤ ਸਰਕਾਰਾਂ ਨੂੰ ਮੁਆਵਜ਼ਾ ਦੇਣਾ ਚਾਹੀਦਾ ਹੈ ।ਸਰਕਾਰ ਨੂੰ ਇਸ ਕੁਦਰਤੀ ਆਫਤਾਂ ਨਾਲ ਨਜਿੱਠਣ ਲਈ ਸੁਚੱਜੇ ਅਤੇ ਪੁਖ਼ਤਾ ਪ੍ਰਬੰਧ ਪਹਿਲਾਂ ਤੋਂ ਹੀ ਕਰ ਲੈਣੇ ਚਾਹੀਦੇ ਹਨ। ਇਸ ਮੌਕੇ ਪਿੰਡ ਮੱਲ੍ਹੀਆਂ ਦੇ ਨੌਜਵਾਨ ਸੁਖਮਨ ਸਿੰਘ ਮੱਲੀ, ਬਲਰਾਜ ਸਿੰਘ, ਜੁਗਰਾਜ ਸਿੰਘ, ਗੁਰਪਾਲ ਸਿੰਘ, ਹਰਪ੍ਰੀਤ ਸਿੰਘ, ਤਜਿੰਦਰ ਸਿੰਘ, ਆਜਮ ਸਿੰਘ, ਕਰਨ ਸਿੰਘ ਨੀਟਾ, ਯੁਧਵੀਰ ਸਿੰਘ, ਸੁੱਖ ਆਕਾਸ਼ ਆਦਿ ਸੇਵਾਦਾਰ ਆਦਿ ਹਾਜ਼ਰ ਸਨ।

# ਡੇਰਾ ਬਾਬਾ ਮੁਰਾਦ ਸ਼ਾਹ ਨਕੋਦਰ ਨੇ ਹੜ੍ਹ ਦੇ ਮਾਰੇ ਇਲਾਕਿਆਂ 'ਚ ਵੰਡੀ ਰਾਹਤ ਸਮੱਗਰੀ




**ਗੁਰਦਾਸਪੁਰ (ਜਨਕ ਮਹਾਜਨ)**- ਡੇਰਾ ਬਾਬਾ ਮੁਰਾਦ ਸ਼ਾਹ ਨਕੋਦਰ ਦੇ ਸੇਵਾਦਾਰਾਂ ਵਲੋਂ ਜ਼ਿਲ੍ਹਾ ਗੁਰਦਾਸਪੁਰ ਦੇ ਹੜ੍ਹ ਪ੍ਰਭਾਵਤ ਇਲਾਕਿਆਂ ਰਾਹਤ ਸਮਗਰੀ ਵੰਡੀ ਗਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡੇਰੇ ਦੇ ਸੇਵਾਦਾਰਾਂ ਨੇ ਦੱਸਿਆ ਕਿ ਡੇਰਾ ਬਾਬਾ ਮੁਰਾਦ ਸ਼ਾਹ ਨਕੋਦਰ ਵਲੋਂ ਪਸ਼ੂਆਂ ਦੇ ਚਾਰੇ ਲਈ ਦੋ ਟਰੱਕ ਦੀਨਾਨਗਰ ਦੇ ਨਾਲ ਲਗਦੇ ਪਿੰਡ ਦੋਰਾਂਗਲਾ ਵਿੱਚ ਭੇਜੇ ਗਏ ਹਨ। ਉਨ੍ਹਾਂ ਕਿਹਾ ਕਿ ਡੇਰੇ ਦੇ ਸੇਵਾਦਾਰਾਂ ਨੂੰ ਸੂਚਨਾ ਮਿਲੀ ਸੀ ਕਿ ਹੜ੍ਹ ਪ੍ਰਭਾਵਤ ਇਨ੍ਹਾਂ ਖੇਤਰਾਂ ਵਿੱਚ ਪਸ਼ੂਆਂ ਦੇ ਚਾਰੇ ਦੀ ਵੱਡੀ ਕਿੱਲਤ ਹੈ ਅਤੇ ਇਸ ਸਭ ਨੂੰ ਧਿਆਨ ਵਿੱਚ ਰੱਖਦੇ ਹੋਏ ਡੇਰਾ ਬਾਬਾ ਮੁਰਾਦ ਸ਼ਾਹ ਨਕੋਦਰ ਵੱਲੋਂ ਦੋ ਟਰੱਕ ਦੋਰਾਂਗਲਾ ਦੇ ਇਲਾਕੇ ਵਿੱਚ ਭੇਜੇ ਗਏ ਹਨ। ਉਨ੍ਹਾਂ ਨੇ ਕਿਹਾ ਕਿ ਹੜ੍ਹ ਪੀੜਤਾਂ ਨੂੰ ਕੋਈ ਵੀ ਜ਼ਰੂਰਤ ਦੀ ਵਸਤੂ ਲੋੜੀਂਦੀ ਹੋਵੇ ਤਾਂ ਉਹ ਬਾਬਾ ਮੁਰਾਦ ਸ਼ਾਹ ਡੇਰੇ ਨਾਲ ਸੰਪਰਕ ਕਰ ਸਕਦੇ ਹਨ। ਡੇਰਾ ਪ੍ਰਬੰਧਕਾਂ ਵਲੋਂ ਜਿੰਨੀ ਵੀ ਸੇਵਾ ਹੋ ਸਕੇਗੀ ਵੱਧ ਤੋਂ ਵੱਧ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਸੰਕਟ ਦੀ ਘੜੀ ਵਿੱਚ ਸਾਨੂੰ ਸਾਰਿਆਂ ਨੂੰ ਜ਼ਰੂਰਤਮੰਦਾਂ ਦੇ ਨਾਲ ਖੜ੍ਹਨਾ ਚਾਹੀਦਾ ਹੈ।

# ਸਰਬੱਤ ਦਾ ਭਲਾ ਟਰੱਸਟ ਦੇ ਚੇਅਰਮੈਨ ਡਾ. ਉਬਰਾਏ ਪਾਣੀ ਦੀ ਮਾਰ ਹੇਠ ਆਏ ਖੇਤਰਾਂ 'ਚ ਪਹੁੰਚੇ

**ਪੱਟੀ (ਬਲਦੇਵ ਸਿੰਘ ਸੰਧੂ)**- ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਡਾ. ਐੱਸ. ਪੀ. ਸਿੰਘ ਉਬਰਾਏ ਪੰਜਾਬ ਭਰ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਦੌਰੇ ਤੇ ਹਨ ਜਿਸ ਤਹਿਤ ਉਹ ਪੱਟੀ ਹਲਕੇ ਦੇ ਪਿੰਡ ਝੁੱਗੀਆਂ ਨੂਰ ਮਹੁੰਮਦ ਵਿਖੇ ਪੁੱਜੇ ਅਤੇ ਪਿੰਡ ਵਾਸੀਆਂ ਦਾ ਦੁੱਖ ਸੁਣਿਆ ਅਤੇ ਮਦਦ ਦਾ ਭਰੋਸਾ ਦਿਵਾਇਆ। ਉਹਨਾਂ ਕਿਹਾ ਕਿ ਇਹ ਪੰਜਾਬ ਲਈ ਮੁਸ਼ਕਲ ਘੜੀ ਹੈ, ਪਰ ਪੰਜਾਬੀ ਆਪਸੀ ਇਕਜੁੱਟਤਾ ਨਾਲ਼ ਹਰ ਮੁਸੀਬਤ ਦਾ ਸਾਹਮਣਾ ਕਰ ਰਹੇ ਹਨ।ਉਬਰਾਏ ਨੇ ਕਿਹਾ ਕਿ ਟਰਸਟ ਵੱਲੋਂ ਲਗਭਗ 1200 ਟਨ ਚਾਰਾ ਬੁੱਕ ਕੀਤਾ ਗਿਆ ਹੈ।ਹੁਣ ਤੱਕ ਸਾਢੇ ਤਿੰਨ ਸੌ ਟਨ ਚਾਰਾ ਭੇਜਿਆ ਜਾ ਚੁੱਕਾ ਹੈ।ਉਨ੍ਹਾਂ ਨੇ ਸਪਸ਼ਟ ਕਿਹਾ ਕਿ ਜਦ ਤਕ ਲੋੜ ਹੈ, ਸਪਲਾਈ ਜਾਰੀ ਰਹੇਗੀ ਅਤੇ ਕੋਈ ਵੀ ਪਸ਼ੂ ਭੁੱਖਾ ਨਹੀਂ ਰਹੇਗਾ। ਉਨ੍ਹਾਂ ਅਪੀਲ ਕੀਤੀ ਕਿ ਚਾਰਾ ਸਿਰਫ਼ ਲੋੜਵੰਦ ਘਰਾਂ ਨੂੰ ਹੀ ਵੰਡਿਆ ਜਾਵੇ, ਇਕੱਠਾ ਨਾ ਕੀਤਾ ਜਾਵੇ।ਡਾ. ਉਬਰਾਏ ਨੇ ਪ੍ਰਸ਼ਾਸਨ, ਪੁਲਸ ਅਤੇ ਸਿਆਸੀ ਆਗੂਆਂ ਦਾ ਧੰਨਵਾਦ ਕੀਤਾ ਜਿਹੜੇ ਇਕੱਠੇ ਹੋ ਕੇ ਸਹਾਇਤਾ ਪਹੁੰਚਾ ਰਹੇ ਹਨ। ਉਹਨਾਂ ਕਿਹਾ ਕਿ ਹਰ ਜ਼ਿਲ੍ਹੇ ਦੇ ਡੀਸੀ ਦਫ਼ਤਰ ਨਾਲ਼ ਮਿਲ ਕੇ ਇਹ ਯੋਜਨਾ ਬਣਾਈ ਜਾ ਰਹੀ ਹੈ ਕਿ ਕਿਹੜੇ ਪਿੰਡ ਵਿੱਚ ਕਿਹੜੀ ਸਹੂਲਤ ਦੀ ਲੋੜ ਹੈ, ਤਾਂ ਜੋ ਮਦਦ ਸੁਚੱਜੇ ਤਰੀਕੇ ਨਾਲ਼ ਪਹੁੰਚ ਸਕੇ।ਉਬਰਾਏ ਨੇ ਦੱਸਿਆ ਕਿ ਜਿਵੇਂ ਪਾਣੀ ਘਟਣਾ ਸ਼ੁਰੂ ਹੋਇਆ ਹੈ, ਅਗਲੀ ਲੋੜ ਦਵਾਈਆਂ ਅਤੇ ਘਰਾਂ ਦੀ ਮੁਰੰਮਤ ਦੀ ਹੋਵੇਗੀ।ਟਰਸਟ ਵੱਲੋਂ ਪਸ਼ੂਆਂ ਅਤੇ ਲੋਕਾਂ ਲਈ ਦਵਾਈਆਂ ਦੀ ਵੱਡੀ ਸਪਲਾਈ ਅਤੇ ਡਾਕਟਰਾਂ ਦੀ ਟੀਮ ਤਿਆਰ ਕੀਤੀ ਜਾ ਰਹੀ ਹੈ।2022 ਵਿੱਚ ਜਿਵੇਂ 300 ਘਰਾਂ ਦੀ ਮੁਰੰਮਤ ਕੀਤੀ ਗਈ ਸੀ, ਓਹੋ ਕੰਮ ਇਸ ਵਾਰੀ ਵੀ ਕੀਤਾ ਜਾਵੇਗਾ।ਉਬਰਾਏ ਨੇ ਦੱਸਿਆ ਕਿ ਅਮਰੀਕਾ, ਕੈਨੇਡਾ, ਨਿਊਜ਼ੀਲੈਂਡ, ਆਸਟ੍ਰੇਲੀਆ ਅਤੇ ਯੂਰਪ ਵਿੱਚ ਬੈਠੇ ਐੱਨਆਰਆਈਆਂ ਨੇ ਮਦਦ ਲਈ ਸਹਿਮਤੀ ਦਿੱਤੀ ਹੈ।ਜੇਕਰ ਹਰ ਐੱਨਆਰਆਈ ਇਕ ਘਰ ਦੀ ਜ਼ਿੰਮੇਵਾਰੀ ਲੈਂਦਾ ਹੈ ਤਾਂ ਕਿਸੇ ਵੀ ਪਰਿਵਾਰ ਨੂੰ ਸਹਾਇਤਾ ਤੋਂ ਵਾਂਝਾ ਨਹੀਂ ਰਹਿਣਾ ਪਵੇਗਾ।ਤਰਨਤਾਰਨ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਰਾਹੁਲ ਅਤੇ ਐੱਸਐੱਸਪੀ ਦੀਪਕ ਪਾਰਕ ਨੇ ਡਾ. ਉਬਰਾਏ ਦੀ ਕੋਸ਼ਿਸ਼ਾਂ ਦੀ ਪ੍ਰਸ਼ੰਸਾ ਕੀਤੀ।



ਉਹਨਾਂ ਕਿਹਾ ਕਿ ਜਿੱਥੇ ਵੀ ਪੰਜਾਬੀਆਂ 'ਤੇ ਮੁਸੀਬਤ ਆਉਂਦੀ ਹੈ, ਉਬਰਾਏ ਹਮੇਸ਼ਾ ਸਹਾਇਤਾ ਲਈ ਅੱਗੇ ਆਉਂਦੇ ਹਨ।ਇਸ ਮੌਕੇ ਮਾਝਾ ਜੋਨ ਦੇ ਇੰਚਾਰਜ ਪ੍ਰਿੰਸ ਧੁੰਨਾ, ਜ਼ਿਲ੍ਹਾ ਤਰਨ ਤਾਰਨ ਤੋਂ ਜਰਨਲ ਸਕੱਤਰ ਗੁਰਪ੍ਰੀਤ ਸਿੰਘ ਪੰਨਗੋਟਾ, ਡਾ. ਇੰਦਰਪ੍ਰੀਤ ਸਿੰਘ ਧਾਮੀ, ਸਰਪੰਚ ਗੁਰਵਿੰਦਰ ਸਿੰਘ ਆਦਿ ਹਾਜ਼ਰ ਸਨ।

# ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪੰਚਾਇਤ ਵਿਭਾਗ ਨੂੰ ਮਿਲੀਆਂ 11 ਫੌਗਿੰਗ ਮਸ਼ੀਨਾਂ

**ਗੁਰਦਾਸਪੁਰ (ਜਨਕ ਮਹਾਜਨ)**- ਜ਼ਿਲ੍ਹਾ ਗੁਰਦਾਸਪੁਰ ਦੇ ਹੜ੍ਹ ਪ੍ਰਭਾਵਤ ਪਿੰਡਾਂ ਵਿਚ ਮੱਛਰ ਤੇ ਮੱਖੀਆਂ ਤੋਂ ਕੋਈ ਬਿਮਾਰੀ ਨਾ ਫੈਲੇ ਇਸ ਲਈ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਅਹਿਤਿਆਤ ਵਰਤਦਿਆਂ ਅਗੇਤੇ ਹੀ ਪ੍ਰਬੰਧ ਸ਼ੁਰੂ ਕਰ ਦਿੱਤੇ ਗਏ ਹਨ। ਜ਼ਿਲ੍ਹਾ ਪ੍ਰਸ਼ਾਸਨ ਵਲੋਂ ਰੈੱਡ ਕਰਾਸ ਦੇ ਸਹਿਯੋਗ ਨਾਲ ਪੇਂਡੂ ਵਿਕਾਸ ਤੇ



ਪੰਚਾਇਤ ਵਿਭਾਗ ਨੂੰ 11 ਫੌਗਿੰਗ ਮਸ਼ੀਨਾਂ ਲੈ ਕੇ ਦਿੱਤੀਆਂ ਗਈਆਂ ਹਨ ਜੋ ਪਿੰਡ-ਪਿੰਡ ਜਾ ਕੇ ਫੌਗਿੰਗ ਕਰਨਗੀਆਂ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਅਧਿਕਾਰੀਆਂ ਨੂੰ ਇਹ 11 ਫੌਗਿੰਗ ਮਸ਼ੀਨਾਂ ਦੇਣ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਹਰਜਿੰਦਰ ਸਿੰਘ ਬੇਦੀ ਨੇ ਕਿਹਾ ਕਿ ਇਹ ਫੌਗਿੰਗ ਮਸ਼ੀਨਾਂ ਹੜ੍ਹ ਪ੍ਰਭਾਵਤ ਪਿੰਡਾਂ ਵਿਚ ਫੌਗਿੰਗ ਸ਼ੁਰੂ ਕਰ ਦੇਣਗੀਆਂ ਤਾਂ ਜੋ ਮੱਛਰਾਂ ਤੇ ਮੱਖੀਆਂ ਨਾਲ ਕੋਈ ਵੀ ਬਿਮਾਰੀ ਨਾ ਫੈਲੇ। ਉਨ੍ਹਾਂ ਕਿਹਾ ਕਿ ਹੜ੍ਹਾਂ ਕਾਰਨ ਜ਼ਿਲ੍ਹੇ ਦੇ ਕਈ ਪਿੰਡ ਪ੍ਰਭਾਵਿਤ ਹੋਏ ਹਨ ਜਿਸ ਕਾਰਨ ਕਈ ਪਿੰਡਾਂ ਵਿਚ ਅਜੇ ਵੀ ਹੜ੍ਹ ਦਾ ਪਾਣੀ ਖੜ੍ਹਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਵਿੱਚ ਮੱਛਰਾਂ ਕਾਰਨ ਡੇਂਗੂ, ਮਲੇਰੀਆ, ਚਿਕਨਗੁਨੀਆ ਤੇ ਹੋਰ ਬਿਮਾਰੀਆਂ ਫੈਲਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਇਸ ਲਈ ਅਹਿਤਿਆਤ ਵਜੋਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅਗੇਤੇ ਹੀ ਪ੍ਰਬੰਧ ਕਰਕੇ ਜ਼ਿਲ੍ਹੇ ਦੇ 11 ਬਲਾਕਾਂ ਵਿੱਚ ਇਹ ਮਸ਼ੀਨਾਂ ਮੁਹੱਈਆ ਕਰਵਾ ਦਿੱਤੀਆਂ ਹਨ ਅਤੇ ਨਾਲ ਹੀ ਪੰਚਾਇਤ ਵਿਭਾਗ ਦੇ ਕਰਮਚਾਰੀਆਂ ਨੂੰ ਫੌਗਿੰਗ ਮਸ਼ੀਨ ਚਲਾਉਣ ਦੀ ਸਿਖਲਾਈ ਦੇ ਦਿੱਤੀ ਗਈ ਹੈ। ਉਨ੍ਹਾਂ ਹੜ੍ਹ ਪ੍ਰਭਾਵਤ ਪਿੰਡਾਂ ਦੇ ਸਰਪੰਚਾਂ ਨੂੰ ਕਿਹਾ ਕਿ ਉਹ ਪਹਿਲ ਦੇ ਅਧਾਰ 'ਤੇ ਆਪਣੇ ਪਿੰਡ ਵਿੱਚ ਫੌਗਿੰਗ ਕਰਵਾਉਣ ਲਈ ਸਬੰਧਤ ਬੀ.ਡੀ.ਪੀ.ਓ. ਦਫ਼ਤਰ ਨਾਲ ਸੰਪਰਕ ਕਰਨ। ਇਸ ਮੌਕੇ ਉਨ੍ਹਾਂ ਨਾਲ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਗੁਰਪ੍ਰੀਤ ਸਿੰਘ ਗਿੱਲ, ਡੀ.ਡੀ.ਪੀ.ਓ. ਹਰਪ੍ਰੀਤ ਸਿੰਘ, ਸਕੱਤਰ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਰਾਜੀਵ ਸਿੰਘ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਕੌਮੀ ਅਧਿਆਪਕ ਦਿਵਸ ਨੂੰ ਸਮਰਪਿਤ ਅਧਿਆਪਕਾਂ ਦਾ ਸਨਮਾਨ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਆਲਮੀ ਪੰਜਾਬੀ ਵਿਰਾਸਤ ਫਾਊਂਡੇਸ਼ਨ ਵੱਲੋਂ ਇੱਕੀਵਾਂ ਸਾਲਾਨਾ ਅਧਿਆਪਕ ਸਨਮਾਨ ਸਮਾਗਮ ਕੌਮੀ ਅਧਿਆਪਕ ਦਿਵਸ ਦੀ ਪੂਰਵ ਸੰਧਿਆ ਤੇ ਸਾਦਗੀ ਤੇ ਪ੍ਰਭਾਵਸ਼ਾਲੀ ਦਿੱਖ ਨਾਲ ਵਿਰਸਾ ਵਿਹਾਰ ਵਿਖੇ ਕਰਵਾਇਆ ਗਿਆ। ਇਸ ਸਮਾਗਮ ਬਾਬਤ ਜਾਣਕਾਰੀ ਦਿੰਦਿਆਂ ਫਾਊਂਡੇਸ਼ਨ ਦੇ ਜਨਰਲ ਸਕੱਤਰ ਡਾ ਸੁਖਦੇਵ ਸਿੰਘ ਸੇਖੋਂ ਤੇ ਸਕੱਤਰ ਕਮਲਨੈਣ ਸਿੰਘ ਨੇ ਦੱਸਿਆ ਕਿ ਸਮਾਗਮ ਦੀ ਪ੍ਰਧਾਨਗੀ ਕਰਦਿਆਂ ਫਾਊਂਡੇਸ਼ਨ ਦੇ ਬਾਨੀ ਪ੍ਰਧਾਨ ਭੁਪਿੰਦਰ ਸਿੰਘ ਸੰਧੂ ਨੇ ਇਸ ਲੜੀ ਬਾਰੇ ਕਿਹਾ ਕਿ ਮੌਜੂਦਾ ਸਮੇਂ ਵਿਚ ਅਧਿਆਪਕਾਂ ਦਾ ਸਨਮਾਨ ਕਰਨਾ ਤੇ ਉਨ੍ਹਾਂ ਨੂੰ ਇੱਕ



ਚਰਚਾ ਵਾਸਤੇ ਮੰਚ ਮੁੱਹਈਆ ਕਰਵਾਉਣਾ ਬਹੁਤ ਜ਼ਰੂਰੀ ਮੰਤਵ ਬਣ ਸਗਿਆ ਹੈ ਕਿਉਂਕਿ ਸਮਾਜ ਦੇ ਨਾਬਰੀ ਤੇ ਸਿਧਾਂਤਕ ਨਜ਼ਰੀਏ ਵਿੱਚ ਗਿਰਾਵਟ ਨਾ ਆਵੇ। ਸੰਧੂ ਨੇ ਕਿਹਾ ਸਾਡਾ ਉੱਜਲਾ ਭਵਿੱਖ ਅਧਿਆਪਕਾਂ ਦੇ ਨਜ਼ਰੀਏ ਤੇ ਮਿਹਨਤ ਤੇ ਨਿਰਭਰ ਕਰਦਾ ਹੈ, ਸੋ ਸਮੇਂ ਸਮੇਂ ਇਸ ਵਰਗ ਦੇ ਕਾਰਜਾਂ ਤੇ ਮਿਹਨਤ ਤੇ ਮਹੀਨ ਨਜ਼ਰ ਰੱਖਣੀ ਚਾਹੀਦੀ ਹੈ। ਹਾਕੀ ਦੇ ਓਲਪੀਅਨ ਤੇ ਅਰਜੁਨ ਐਵਾਰਡੀ ਬ੍ਰਿਗੇਡੀਅਰ ਹਰਚਨ ਸਿੰਘ ਮਰੜ ਨੇ ਕਿਹਾ ਕਿ ਸਨਮਾਨ ਮਿਲਣ ਨਾਲ ਜਿਥੇ ਅਧਿਆਪਕਾ ਦਾ ਉਤਸ਼ਾਹ ਵਧਦਾ ਹੈ ਉਥੇ ਉਨ੍ਹਾਂ ਦੀ ਜ਼ਿੰਮੇਵਾਰੀ ਹੋਰ ਵੀ ਵਧ ਜਾਂਦੀ ਹੈ। ਸਮਾਗਮ ਵਿੱਚ ਵਿੱਚ ਮੁੱਖ ਮਹਿਮਾਨ ਜ਼ਿਲ੍ਹਾ ਸਿੱਖਿਆ ਅਫ਼ਸਰ (ਸਕੈਂ) ਰਜੇਸ਼ ਕੁਮਾਰ ਸ਼ਰਮਾ ਨੇ ਸਨਮਾਨਿਤ ਅਧਿਆਪਕਾਂ ਨੂੰ ਮੁਬਾਰਕਬਾਦ ਦਿੰਦੇ ਹੋਏ ਅਧਿਆਪਕਾਂ ਨੂੰ ਸਲਾਹ ਦਿੱਤੀ ਕਿ ਉਹ ਸਮਰਪਿਤ ਭਾਵਨਾ ਨਾਲ ਵਿਦਿਆਰਥੀਆਂ ਨੂੰ ਪੜਾਉਣ ਤਾਂ ਕਿ ਸਮਾਜਿਕ ਕੁਰੀਤੀਆਂ ਨੂੰ ਦੂਰ ਕੀਤਾ ਜਾ ਸਕੇ। ਡੀ. ਈ. ਓ. (ਐਲੀ) ਕੰਵਲਜੀਤ ਸਿੰਘ ਸੰਧੂ ਨੇ ਕਿਹਾ ਕਿ ਅਧਿਆਪਕ ਨੇ ਸਮਾਜ ਨੂੰ ਇਕ ਸੇਧ ਦੇਣੀ ਹੁੰਦੀ ਹੈ, ਜੋ ਕਿ ਆਪਣੇ ਫ਼ਰਜ਼ਾਂ ਨੂੰ ਬਾਖੂਬੀ ਨਿਭਾ ਰਹੇ ਸਨ। ਉਪ ਜਿਲ੍ਹਾ ਸਿੱਖਿਆ ਅਫ਼ਸਰ (ਸਕੈ.) ਰਜੇਸ਼ ਖੰਨਾ ਨੇ ਕਿਹਾ ਕਿ ਟੈਕਨਾਲੋਜੀ ਨਾਲ ਅਧਿਆਪਕ ਤੇ ਵਿਦਿਆਰਥੀ ਦੇ ਰਿਸ਼ਤੇ ਵਿੱਚ ਗੈਪ ਪੈ ਰਿਹਾ ਹੈ ਜੋ ਕਿ ਬਹੁਤ ਹੀ ਚਿੰਤਾ ਦਾ ਵਿਸ਼ੇ ਹੈ। ਪ੍ਰਮੁੱਖ ਕਹਾਣੀਕਾਰਾ ਡਾ. ਅਰਵਿੰਦਰ ਕੌਰ ਧਾਲੀਵਾਲ ਨੇ ਕਿਹਾ ਕਿ ਅਧਿਆਪਕ ਦਾ ਵਿਦਿਆਰਥੀ ਦੇ ਜੀਵਨ ਵਿੱਚ ਬਹੁਤ ਵੱਡਾ ਮਹੱਤਵ ਹੈ ਅਤੇ ਉਸ ਵਿੱਚ ਪੱਥਰ ਨੂੰ ਤਰਾਸ਼ ਕੇ ਹੀਰਾ ਬਣਾਉਣ ਦੀ ਸ਼ਕਤੀ ਹੁੰਦੀ ਹੈ। ਮੰਚ ਸੰਚਾਲਕ ਦੀ ਭੂਮਿਕਾ ਸੁਖਦੇਵ ਸਿੰਘ ਸੇਖੋਂ ਨੇ ਬਾਖੂਬੀ ਨਿਭਾਇਆ। ਸਭ ਤੋਂ ਪਹਿਲਾ ਪ੍ਰਗਤੀਸ਼ੀਲ ਲੇਖਕ ਸੰਘ ਅੰਮ੍ਰਿਤਸਰ ਇਕਾਈ ਦੇ ਜਨਰਲ ਸਕੱਤਰ ਧਰਵਿੰਦਰ ਸਿੰਘ ਔਲਖ ਨੇ ਆਏ ਹੋਏ ਅਧਿਆਪਕਾਂ ਅਤੇ ਮੁੱਖ ਮਹਿਮਾਨਾਂ ਨੂੰ ਜੀ ਆਇਆ ਨੂੰ ਕਿਹਾ। ਪ੍ਰਧਾਨਗੀ ਮੰਡਲ ਵਿੱਚ ਡਾ. ਰਾਣੀ ਤੇ ਸਤਿੰਦਰਜੀਤ ਕੌਰ ਵੀ ਹਾਜ਼ਰ ਸਨ। ਫਾਉਂਡੇਸ਼ਨ ਵੱਲੋਂ ਮੈਗਜ਼ੀਨ ਏਕਮ ਦੇ ਸੰਪਾਦਕ ਅਰਤਿੰਦਰ ਸੰਧੂ, ਰਾਜਬੀਰ ਕੌਰ ਗਰੇਵਾਲ, ਗੁਰਦੇਵ ਸਿੰਘ ਭਰੋਵਾਲ, ਅਸਗਰ ਅਲੀ ਨੂੰ ਅਧਿਆਪਕਾਂ ਦੇ ਨਾਲ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਗੁਰਦੇਵ ਸਿੰਘ ਮਹਿਲਾਂਵਾਲਾ, ਮਨਜਿੰਦਰ ਸਿੰਘ ਔਲਖ, ਨਵਦੀਪ ਸਿੰਘ ਬਦੇਸ਼ਾ, ਲੈਕਚਰਾਰ ਰਾਣਾ ਪ੍ਰਤਾਪ, ਗੁਰਜੀਤ ਕੌਰ ਅਜਨਾਲਾ, ਕਰਮਜੀਤ ਕੌਰ ਜੱਸਲ, ਰਾਜਖੁਸ਼ਵੰਤ ਸਿੰਘ ਸੰਧੂ, ਕਮਲਨੈਣ ਸਿੰਘ, ਡਾ. ਪਰਮਿੰਦਰ ਕੌਰ, ਵਿਨੋਦ ਕਾਲੀਆ ਆਦਿ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਵੱਲੋਂ ਆਮ ਨਾਗਰਿਕਾਂ ਦੇ ਘਰਾਂ, ਫ਼ਸਲਾਂ, ਪਸ਼ੂ ਧਨ ਦੇ ਹੋਏ ਨੁਕਸਾਨ ਦੀ ਜਾਂਚ ਦੇ ਨਿਰਦੇਸ਼

**ਜਲੰਧਰ (ਸ਼ੈਲੀ ਐਲਬਰਟ)**- ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਸਮੂਹ ਉਪ ਮੰਡਲ ਮੈਜਿਸਟ੍ਰੇਟਸ ਨੂੰ ਭਾਰੀ ਬਾਰਿਸ਼ ਕਾਰਨ ਆਮ ਨਾਗਰਿਕਾਂ ਦੇ ਘਰਾਂ/ਫ਼ਸਲਾਂ/ਪਸ਼ੂ ਧਨ ਦੇ ਹੋਏ ਨੁਕਸਾਨ ਦੀ ਤੁਰੰਤ ਜਾਂਚ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਹਨ ਤਾਂ ਜੋ ਉਨ੍ਹਾਂ ਨੂੰ ਰਾਹਤ ਪ੍ਰਦਾਨ ਕੀਤੀ ਜਾ ਸਕੇ।ਡਾ. ਅਗਰਵਾਲ ਨੇ ਐਸ.ਡੀ. ਐਮਜ਼ ਨੂੰ ਨਿਰਦੇਸ਼ ਦਿੱਤੇ ਕਿ ਮਾਲ ਵਿਭਾਗ ਅਤੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਦੇ ਸਹਿਯੋਗ ਨਾਲ ਪੰਜਾਬ ਸਰਕਾਰ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਜਾਂਚ ਕਰਵਾ ਕੇ ਨੁਕਸਾਨੇ ਘਰਾਂ ਦੀ ਗਿਣਤੀ, ਫ਼ਸਲਾਂ ਅਤੇ ਪਸ਼ੂ-ਧਨ ਦੇ ਹੋਏ ਨੁਕਸਾਨ ਦੀ ਵੇਰਵੇ ਸਮੇਤ ਰਿਪੋਰਟ ਦੋ ਦਿਨਾਂ ਦੇ ਅੰਦਰ ਸੌਂਪੀ ਜਾਵੇ।ਉਨ੍ਹਾਂ ਕਿਹਾ ਕਿ ਪ੍ਰਭਾਵਿਤ ਨਾਗਰਿਕਾਂ ਲਈ ਰਾਹਤ ਅਤੇ ਮੁੜ ਵਸੇਬਾ ਯਤਨ ਪਹਿਲਾਂ ਹੀ ਆਰੰਭੇ ਜਾ ਚੁੱਕੇ ਹਨ। ਉਨ੍ਹਾਂ ਜ਼ਿਲ੍ਹਾ ਮਾਲ ਅਫ਼ਸਰ ਨੂੰ ਹਦਾਇਤ ਕੀਤੀ ਕਿ ਹੜ੍ਹਾਂ ਨਾਲ ਪ੍ਰਭਾਵਿਤ ਇਲਾਕਿਆਂ ਦੇ ਸਬੰਧਤ ਐਸ.ਡੀ.ਐਮਜ਼ ਅਤੇ ਹੋਰਨਾਂ ਅਧਿਕਾਰੀਆਂ ਨਾਲ ਤਾਲਮੇਲ ਕਰਕੇ ਮੁਆਵਜ਼ੇ ਅਤੇ ਰਾਹਤ ਸਮੱਗਰੀ ਦੀ ਸਮੇਂ ਸਿਰ ਵੰਡ ਯਕੀਨੀ ਬਣਾਈ ਜਾਵੇ। ਉਨ੍ਹਾਂ ਕਿਹਾ ਕਿ ਕੋਈ ਵੀ ਯੋਗ ਆਮ ਨਾਗਰਿਕ ਇਸ ਰਾਹਤ ਤੋਂ ਵਾਂਝਾ ਨਹੀਂ ਰਹਿਣਾ ਚਾਹੀਦਾ।ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਮਾਲ ਅਫ਼ਸਰ ਨੂੰ ਇਹ ਵੀ ਨਿਰਦੇਸ਼ ਦਿੱਤੇ ਕਿ ਆਮ ਨਾਗਰਿਕਾਂ ਵੱਲੋਂ ਮੁਆਵਜ਼ੇ ਲਈ ਪ੍ਰਾਪਤ ਹੋਣ ਵਾਲੀਆਂ ਦਰਖਾਸਤਾਂ/ ਕਲੇਮਜ਼ ਸਬੰਧੀ ਸਰਕਾਰ ਦੀਆਂ ਹਦਾਇਤਾਂ ਨੂੰ ਮੁੱਖ ਰੱਖਦਿਆਂ ਕਾਰਵਾਈ ਤੇਜ਼ੀ ਨਾਲ ਅਮਲ ਵਿੱਚ ਲਿਆਂਦੀ ਜਾਵੇ ਤਾਂ ਜੋ ਪ੍ਰਭਾਵਿਤ ਲੋਕਾਂ ਨੂੰ ਫੌਰੀ ਰਾਹਤ ਪ੍ਰਦਾਨ ਕੀਤੀ ਜਾ ਸਕੇ। ਡਿਪਟੀ ਕਮਿਸ਼ਨਰ ਨੇ ਹੋਰ ਹੁਕਮ ਰਾਹੀਂ ਸਮੂਹ ਉਪ ਮੰਡਲ ਮੈਜਿਸਟ੍ਰੇਟਾਂ ਨੂੰ ਇਹ ਵੀ ਨਿਰਦੇਸ਼ ਦਿੱਤੇ ਕਿ ਆਪੋ-ਆਪਣੇ ਅਧਿਕਾਰ ਖੇਤਰਾਂ ਵਿੱਚ ਭਾਰੀ ਬਾਰਿਸ਼ ਕਾਰਨ ਹੋਏ ਸੜਕਾਂ,ਪਬਲਿਕ ਇਮਾਰਤਾਂ ਆਦਿ ਦੇ ਨੁਕਸਾਨ ਦੀ ਵਿਸਥਾਰਪੂਰਵਕ ਜਾਂਚ ਯਕੀਨੀ ਬਣਾਉਣ।ਡਾ. ਅਗਰਵਾਲ ਨੇ ਐਸ.ਡੀ.ਐਮਜ਼ ਨੂੰ ਕਿਹਾ ਕਿ ਮਾਲ ਵਿਭਾਗ ਦੇ ਅਧਿਕਾਰੀਆਂ ਅਤੇ ਨਗਰ ਨਿਗਮ/ਨਗਰ ਕੌਂਸਲ/ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ/ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰਾਂ ਦੇ ਸਹਿਯੋਗ ਨਾਲ ਆਪੋ-ਆਪਣੇ ਅਧਿਕਾਰ ਖੇਤਰਾਂ ਵਿੱਚ ਭਾਰੀ ਬਾਰਿਸ਼ ਅਤੇ ਹੜ੍ਹ ਵਰਗੇ ਹਾਲਾਤ ਹੋਣ ਕਾਰਨ ਸੜਕਾਂ, ਪਬਲਿਕ ਇਮਾਰਤਾਂ ਆਦਿ ਦੇ ਨੁਕਸਾਨ ਦੀ ਜਾਂਚ ਕਰਵਾ ਕੇ ਦੋ ਦਿਨਾਂ ਦੇ ਅੰਦਰ ਵਿਸਥਾਰਪੂਰਵਕ ਰਿਪੋਰਟ ਪੇਸ਼ ਕੀਤੀ ਜਾਵੇ।ਇਸੇ ਤਰ੍ਹਾਂ, ਉਨ੍ਹਾਂ ਲੋਕ ਨਿਰਮਾਣ ਵਿਭਾਗ (ਪੀ.ਡਬਲਯੂ.ਡੀ.), ਜਲੰਧਰ ਅਤੇ ਨੈਸ਼ਨਲ ਹਾਈਵੇ ਅਥਾਰਟੀ ਆਫ਼ ਇੰਡੀਆ (ਐਨ.ਐਚ.ਏ.ਆਈ.), ਜਲੰਧਰ ਦੇ ਅਧਿਕਾਰੀਆਂ ਨੂੰ ਵੀ ਹਦਾਇਤ ਕੀਤੀ ਕਿ ਇਨ੍ਹਾਂ ਰਿਪੋਰਟਾਂ ਦੇ ਆਧਾਰ 'ਤੇ ਤੁਰੰਤ ਕਰਵਾਈ ਕਰਦੇ ਹੋਏ ਸੜਕਾਂ, ਪਬਲਿਕ ਇਮਾਰਤਾਂ ਦੇ ਨੁਕਸਾਨ ਦੀ ਮੁਰੰਮਤ ਦਾ ਕੰਮ ਸ਼ੁਰੂ ਕਰਵਾਉਣਗੇ। ਇਸ ਤੋਂ ਇਲਾਵਾ ਉਨ੍ਹਾਂ ਨਿਕਾਸੀ ਸਬੰਧੀ ਰਿਪੋਰਟ ਦੋ ਦਿਨਾਂ ਦੇ ਅੰਦਰ ਦੇਣ ਦੇ ਨਿਰਦੇਸ਼ ਵੀ ਦਿੱਤੇ।



# ਬਾਬਾ ਜੀਵਨ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਚੇਤਨਾ ਮਾਰਚ ਦਾ ਆਰੰਭ



**ਝਬਾਲ (ਹਰਜਿੰਦਰ ਸਿੰਘ ਸੋਨੀ)**- ਧੰਨ ਧੰਨ ਬਾਬਾ ਜੀਵਨ ਸਿੰਘ ਜੀ 364ਵੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ 26ਵਾਂ ਚੇਤਨਾ ਮਾਰਚ ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ ਤੋਂ 4 ਸਤੰਬਰ ਆਰੰਭ ਹੋ ਕੇ ਵੱਖ-ਵੱਖ ਪਿੰਡਾਂ ਤੋਂ ਹੁੰਦਾ ਹੋਇਆ ਸੁਲਤਾਨਪੁਰ ਲੋਧੀ ਜਾ ਰਿਹਾ ਹੈ।ਪੰਜ ਸਤੰਬਰ ਨੂੰ ਵਾਪਸੀ ਹੋਵੇਗੀ ਜਿਸ ਵਿੱਚ ਪਿੰਡ ਕਸੇਲ ਦੀ ਸੰਗਤ ਵਿੱਚ ਸਾਬਕਾ ਫੌਜੀ ਖਜ਼ਾਨ ਸਿੰਘ ਕਸੇਲ, ਸਰਪੰਚ ਬਲਜਿੰਦਰ ਸਿੰਘ ਕਸੇਲ, ਕਿਰਪਾਲ ਸਿੰਘ, ਦਿਲਬਾਗ ਸਿੰਘ ਕਸੇਲ, ਗੋਪੀ, ਗੇਜੂ, ਯੂਥ ਪ੍ਰਧਾਨ ਦਲਬੀਰ ਸਿੰਘ ਕਸੇਲ, ਕੁਲਦੀਪ ਸਿੰਘ ਬੋਰਾਵਾਲਾ, ਸ਼ਮਸ਼ੇਰ ਸਿੰਘ ਗੱਬਰੂ,ਚਰਨ ਸਿੰਘ ਮਿਸਤਰੀ, ਸੁੱਖਾ ਸਿੰਘ, ਮੈਂਬਰ ਕਸ਼ਮੀਰ ਸਿੰਘ ਤੋਂ ਇਲਾਵਾ ਪਿੰਡ ਹੋਰ ਵੀ ਸੰਗਤ ਹਾਜ਼ਰ ਸੀ।

# ਸਿਮਰਨ ਕੌਰ ਧਾਦਲੀ ਦਾ ਨਵਾਂ ਸਿੰਗਲ ਟ੍ਰੈਕ 'ਪਿਆਰ ਨੀ ਸਰਿਆ' ਲਾਂਚ

**ਲੁਧਿਆਣਾ** : ਜਿੱਥੇ 'ਪੁੱਟ ਜੱਟ ਦਾ ਦਾ ਦਬਦਬਾ ਅਜੇ ਵੀ ਪੂਰੀ ਦੁਨੀਆ ਦੀ ਪਲੇਲਿਸਟ ਵਿੱਚ ਬਣਿਆ ਹੋਇਆ ਹੈ, ਉਥੇ ਪੰਜਾਬੀ ਮਿਊਜ਼ਿਕ ਦੀ ਪਾਵਰਹਾਊਸ ਸਿਮਰਨ ਕੌਰ ਧਾਦਲੀ ਨੇ ਆਪਣਾ ਅਗਲਾ ਸਿੰਗਲ, 'ਪਿਆਰ ਨੀ ਸਰਿਆ ਲਾਂਚ ਕੀਤਾ ਹੈ।ਆਪਣੇ ਜ਼ਬਰਦਸਤ ਟ੍ਰੈਕ, ਸ਼ਾਨਦਾਰ ਲਿਰਿਕਸ ਅਤੇ ਬੇਖੌਫ ਆਵਾਜ਼ ਲਈ ਮਸ਼ਹੂਰ ਸਿਮਰਨ ਇਸ ਵਾਰ ਆਪਣੀ ਸਿਗਨੇਚਰ ਸਟਾਈਲ ਤੋਂ ਕੁੱਝ ਅਲੱਗ ਲੈ ਕੇ ਆਈ ਹੈ।ਇਹ ਟ੍ਰੈਕ ਇੱਕ ਮਾਸੂਮ, ਪਿਆਰ ਭਰਿਆ ਗੀਤ ਹੈ, ਜੋ ਪਿਆਰ ਦੇ ਖਤਮ ਹੋਣ ਦੇ ਬਾਅਦ ਵੀ ਲੰਬੇ ਸਮੇਂ ਤੱਕ ਦਿਲ ਵਿੱਚ ਇਕ ਕਸਕ ਨੂੰ ਕਾਇਮ ਰੱਖਦਾ ਹੈ।ਇਸ ਗੀਤ ਨੂੰ ਸਿਮਰਨ ਨੇ ਹੀ ਲਿਖਿਆ ਅਤੇ ਕੰਪੋਜ ਕੀਤਾ ਹੈ, ਜਦਕਿ ਇਸ ਦੇ ਪ੍ਰੋਡਕਸ਼ਨ ਦੀ ਜ਼ਿੰਮੇਵਾਰੀ ਦੇਸੀ ਟ੍ਰੈਪ ਨੇ ਸੰਭਾਲੀ ਹੈ। ਸਿਮਰਨ ਦੀ ਆਵਾਜ਼ ਵਿੱਚ 'ਪਿਆਰ ਨੀ ਸਰਿਆ' ਕੇਵਲ ਇੱਕ ਗੀਤ ਨਹੀਂ ਸਗੋਂ ਦਿਲ ਟੁੱਟਣ ਦੇ ਅਹਿਸਾਸ ਨੂੰ ਸ਼ਰਧਾਂਜਲੀ ਦੇਣ ਦਾ ਇੱਕ ਯਤਨ ਹੈ।

# ਪੰਜਾਬ ਦੇ ਹੜ੍ਹਾਂ ਨੂੰ ਕੌਮੀ ਆਫਤ ਐਲਾਨ ਕੇ ਤੁਰੰਤ ਰਾਹਤ ਪੈਕੇਜ ਜਾਰੀ ਕਰੇ ਕੇਂਦਰ ਸਰਕਾਰ : ਬਾਬਾ ਬਲਬੀਰ ਸਿੰਘ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਨਿਹੰਗ ਸਿੰਘਾਂ ਦੀ ਸਿਰਮੌਰ ਜਥੇਬੰਦੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਦੇ ਮੁਖੀ ਸ਼੍ਰੋਮਣੀ ਸੇਵਾ ਰਤਨ, ਸ਼੍ਰੋਮਣੀ ਪੰਥ ਰਤਨ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਹੈ ਕਿ ਪੰਜਾਬ ਦੇ ਹੜ੍ਹਾਂ ਦੀ ਸਥਿਤੀ ਨੂੰ ਕੌਮੀ ਆਫਤ ਐਲਾਨ ਕੇ ਮੁੜ ਵਸੇਬੇ ਦੇ ਲਈ ਤੁਰੰਤ ਰਾਹਤ ਪੈਕੇਜ ਜਾਰੀ ਕੀਤਾ ਜਾਵੇ। ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਅੱਜ ਹਲਕਾ ਸੁਲਤਾਨਪੁਰ ਲੋਧੀ ਦੇ ਮੰਡ ਖੇਤਰ ਦੇ ਹੜ੍ਹ ਪ੍ਰਭਾਵਿਤ ਖੇਤਰ ਦਾ ਦੌਰਾ ਕਰਨ ਤੋਂ ਬਾਅਦ ਸਥਿਤੀ ਤੇ ਗੰਭੀਰ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਆਖਿਆ ਹੈ ਕਿ ਹੜ੍ਹਾਂ ਕਾਰਨ ਹੋਏ ਨੁਕਸਾਨ ਵਿਚੋਂ ਪੈਰਾਂ ਸਿਰ ਖੜ੍ਹੇ ਹੋਣ ਵਿਚ ਲੰਬਾ ਸਮਾਂ ਲੱਗੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਖੇਤੀਬਾੜੀ ਵਿਭਾਗ ਦੇ ਮੁਢਲੇ ਸਰਵੇਖਣ ਅਨੁਸਾਰ ਹੜ੍ਹਾਂ ਕਾਰਨ ਪੰਜਾਬ ਦੀ 4 ਲੱਖ ਏਕੜ ਤੋਂ ਵੱਧ ਫਸਲ ਬੁਰੀ ਤਰ੍ਹਾਂ ਨੁਕਸਾਨੀ ਗਈ ਹੈ। ਉਨ੍ਹਾਂ ਕਿਹਾ ਕਿ ਹੜ੍ਹਾਂ ਦੀ ਹੰਗਾਮੀ ਸਥਿਤੀ ਵਿਚ ਤਾਂ ਪੰਜਾਬੀਆਂ ਨੇ ਪੰਜਾਬੀਆਂ ਦੇ ਨਾਲ ਖੜ੍ਹੇ ਹੋ ਕੇ ਵੱਡੇ ਜਾਨੀ ਨੁਕਸਾਨ ਨੂੰ ਟਾਲ ਦਿੱਤਾ ਹੈ ਪਰ ਫਸਲਾਂ, ਮਾਲ-ਡੰਗਰ, ਘਰਾਂ, ਖੇਤਾਂ, ਮਸ਼ੀਨਰੀ ਅਤੇ ਘਰਾਂ ਦੇ ਸਾਮਾਨ ਦੇ ਹੋਏ ਭਾਰੀ ਨੁਕਸਾਨ ਦਾ ਸੰਤਾਪ ਹੜ੍ਹ ਪੀੜਤਾਂ ਨੂੰ ਲੰਬਾ ਸਮਾਂ ਭੋਗਣਾ ਪਵੇਗਾ। ਉਨ੍ਹਾਂ ਕਿਹਾ ਕਿ ਗਰੀਬ ਕਿਸਾਨ ਤੇ ਕਿਰਤੀ ਇਸ ਭਾਰੀ ਮਾਲੀ ਨੁਕਸਾਨ ਵਿਚੋਂ ਉਭਰਨ ਦੇ ਸਮਰੱਥ ਨਹੀਂ ਹਨ। ਮੋਦੀ ਨੂੰ ਪੰਜਾਬ ਦੇ ਹੜ੍ਹਾਂ ਦੀ ਸਥਿਤੀ ਨੂੰ ਤੁਰੰਤ ਕੌਮੀ ਆਫਤ ਕਰਾਰ ਦੇ ਕੇ ਪੀੜਤਾਂ ਦੇ ਮੁੜ ਵਸੇਬੇ ਅਤੇ ਹੋਏ ਮਾਲੀ ਨੁਕਸਾਨ ਦੀ ਪੂਰਤੀ ਲਈ ਵੱਡਾ ਰਾਹਤ ਪੈਕੇਜ ਜਾਰੀ ਕਰਨਾ ਚਾਹੀਦਾ ਹੈ। ਇਸ ਮੌਕੇ ਬਾਬਾ ਬਲਬੀਰ ਸਿੰਘ ਨੇ ਇਹ ਵੀ ਦੱਸਿਆ ਕਿ ਬੁੱਢਾ ਦਲ ਦੀਆਂ ਸਾਰੀਆਂ ਛਾਉਣੀਆਂ ਵਿਚੋਂ ਹੜ੍ਹਾਂ ਨਾਲ ਪ੍ਰਭਾਵਿਤ ਹੋਏ ਪੰਜਾਬ ਦੇ ਸਾਰੇ ਇਲਾਕਿਆਂ ਵਿਚ ਪਿਛਲੇ ਦਿਨਾਂ ਤੋਂ ਲਗਾਤਾਰ ਲੰਗਰ, ਪਾਣੀ, ਦਵਾਈਆਂ, ਸੁੱਕਾ ਰਾਸ਼ਨ, ਦੁੱਧ, ਤੂੜੀ ਅਤੇ ਮਾਲੀ ਮਦਦ ਘਰੋ-ਘਰੀ ਪਹੁੰਚਾਈ ਜਾ ਰਹੀ ਹੈ। ਇਸ ਮੌਕੇ ਜਥੇਦਾਰ ਬਾਬਾ ਬਲਬੀਰ ਸਿੰਘ ਦੇ ਨਾਲ ਸੰਤ ਬਲਬੀਰ ਸਿੰਘ ਸੀਚੇਵਾਲ ਮੈਂਬਰ ਪਾਰਲੀਮੈਂਟ, ਬਾਬਾ ਸ੍ਰੀ ਚੰਦ ਵੈੱਲਫੇਅਰ ਟਰੱਸਟ ਸੁਲਤਾਨਪੁਰ ਲੋਧੀ ਦੇ ਪ੍ਰਧਾਨ ਰਾਜਾ ਗੁਰਪ੍ਰੀਤ ਸਿੰਘ, ਭਾਈ ਜਗਜੀਤ ਸਿੰਘ ਸੰਧੂ ਸੁਲਤਾਨਪੁਰ, ਕੁਲਦੀਪ ਸਿੰਘ ਸਾਂਗਰਾ, ਬਾਬਾ ਰਣਜੋਧ ਸਿੰਘ, ਬਾਬਾ ਵਿਸ਼ਵਪ੍ਰਤਾਪ ਸਿੰਘ, ਬਾਬਾ ਹਰਪ੍ਰੀਤ ਸਿੰਘ ਹੈਪੀ, ਬਾਬਾ ਮਲੂਕ ਸਿੰਘ ਲਾਡੀ, ਬਾਬਾ ਪਰਮਜੀਤ ਸਿੰਘ ਮਹਾਂਕਾਲ, ਬਾਬਾ ਗੁਰਸ਼ੇਰ ਸਿੰਘ, ਬਾਬਾ ਲਖਵੀਰ ਸਿੰਘ, ਬਾਬਾ ਸਰਬਜੀਤ ਸਿੰਘ, ਬਾਬਾ ਗਗਨਦੀਪ ਸਿੰਘ ਆਦਿ ਵੀ ਹਾਜ਼ਰ ਸਨ।



# ਹੜ੍ਹ ਪ੍ਰਭਾਵਤ ਇਲਾਕਿਆਂ ਲਈ ਇੰਡੀਅਨ ਮੈਡੀਕਲ ਐਸੋਸੀਏਸ਼ਨ ਵੱਲੋਂ ਮੈਡੀਕਲ ਵੈਨਾਂ ਨੂੰ ਹਰੀ ਝੰਡੀ

**ਗੁਰਦਾਸਪੁਰ (ਜਨਕ ਮਹਾਜਨ)**- ਹੜ੍ਹ ਪ੍ਰਭਾਵਤ ਇਲਾਕਿਆਂ ਵਿਚ ਸਿਹਤ ਸਹੂਲਤਾਂ ਮੁਹਈਆ ਕਰਵਾਉਣ ਦੇ ਉਦੇਸ਼ ਲਈ ਸਿਹਤ ਵਿਭਾਗ ਵਲੋਂ ਇੰਡੀਅਨ ਮੈਡੀਕਲ ਐਸੋਸੀਏਸ਼ਨ ਗੁਰਦਾਸਪੁਰ ਦੇ ਸਹਿਯੋਗ ਨਾਲ ਸਿਵਲ ਸਰਜਨ ਗੁਰਦਾਸਪੁਰ ਡਾਕਟਰ ਜਸਵਿੰਦਰ ਸਿੰਘ ਵਲੋਂ ਇੰਡੀਅਨ ਮੈਡੀਕਲ ਐਸੋਸੀਏਸ਼ਨ ਦੇ ਅਹੁਦੇਦਾਰਾਂ ਨਾਲ ਸੰਯੁਕਤ ਰੂਪ ਵਿਚ ਐਂਬੂਲੈਂਸ ਵੈਨਾਂ ਨੂੰ ਹਰੀ ਝੰਡੀ ਦੇ ਕੇ ਪਿੰਡਾਂ ਲਈ ਰਵਾਨਾ ਕੀਤਾ ਗਿਆ। ਸਿਵਲ ਸਰਜਨ ਗੁਰਦਾਸਪੁਰ ਡਾਕਟਰ ਜਸਵਿੰਦਰ ਸਿੰਘ ਨੇ ਆਈ.ਐਮ.ਏ. ਦਾ ਇਸ ਸਹਿਯੋਗ ਲਈ ਧੰਨਵਾਦ ਕੀਤਾ। ਉਨ੍ਹਾਂ ਸਪਸ਼ਟ ਕੀਤਾ ਕਿ ਮੈਡੀਕਲ ਰਾਹਤ ਕੈਂਪ ਜਾਰੀ ਰਹਿਣਗੇ। ਮੌਜੂਦਾ ਹੜ੍ਹ ਦੇ ਹਾਲਾਤ ਦੇ ਮੱਦੇਨਜ਼ਰ ਇੰਡੀਅਨ ਮੈਡੀਕਲ ਐਸੋਸੀਏਸ਼ਨ ਨੇ ਸਿਹਤ ਵਿਭਾਗ ਨੂੰ 4 ਐਂਬੂਲੈਂਸ ਵੈਨ, ਜ਼ਰੂਰੀ ਦਵਾਈਆਂ, ਰਾਹਤ ਸਮੱਗਰੀ ਦਿੱਤੀ। ਸਿਵਲ ਸਰਜਨ ਨੇ ਸੰਸਥਾ ਦੇ ਇਸ ਸਹਿਯੋਗ ਲਈ ਧੰਨਵਾਦ ਕੀਤਾ। ਸਿਵਲ ਸਰਜਨ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਲੋਕਾਂ ਦੀ ਸਿਹਤ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਦਿਨ ਰਾਤ ਯਤਨਸ਼ੀਲ ਹੈ। ਸਿਹਤ ਵਿਭਾਗ ਨੂੰ ਆਈ.ਐਮ.ਏ ਦਾ ਵੀ ਸਹਿਯੋਗ ਮਿਲਿਆ ਹੈ। ਇਸ ਦੇ ਨਾਲ ਹੀ ਸਿਵਲ ਸਰਜਨ ਗੁਰਦਾਸਪੁਰ ਡਾਕਟਰ ਜਸਵਿੰਦਰ ਸਿੰਘ ਵਲੋਂ ਜ਼ਿਲ੍ਹਾ ਕੈਮਿਸਟ ਐਂਡ ਡਰੱਗ ਸਟੋਰ ਐਸੋਸੀਏਸ਼ਨ ਨਾਲ ਮੀਟਿੰਗ ਕੀਤੀ। ਮੀਟਿੰਗ ਵਿੱਚ ਕੈਮਿਸਟ ਐਂਡ ਡਰੱਗ ਸਟੋਰ ਐਸੋਸੀਏਸ਼ਨ ਗੁਰਦਾਸਪੁਰ ਦੇ ਪ੍ਰਧਾਨ ਦਰਸ਼ਨ ਮਹਾਜਨ ਨੇ ਸੰਸਥਾ ਵੱਲੋਂ ਸਿਹਤ ਵਿਭਾਗ ਨੂੰ ਬਣਦਾ ਸਹਿਯੋਗ ਦੇਣ ਦੀ ਹਾਮੀ ਭਰੀ। ਇਸ ਮੌਕੇ ਏ.ਸੀ.ਐਸ. ਡਾਕਟਰ ਪ੍ਰਭਜੋਤ ਕੌਰ ਕਲਸੀ, ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾਕਟਰ ਤੇਜਿੰਦਰ ਕੌਰ, ਐਸੋਸੀਏਸ਼ਨ ਮੈਂਬਰ ਡਾਕਟਰ ਜੇ.ਐਸ. ਬੱਬਰ, ਡਾਕਟਰ ਐਚ.ਐਸ. ਕਲੇਰ, ਡਾਕਟਰ ਰਾਜੇਸ਼ ਲਖਨਪਾਲ, ਡਾਕਟਰ ਹਰਿੰਦਰ ਸਿੰਘ ਦਿਓਲ, ਡਾਕਟਰ ਸੁਖਦੇਵ, ਡਾਕਟਰ ਰਮੇਸ਼ ਮਹਾਜਨ, ਡਾਕਟਰ ਚੇਤੰਨ ਨੰਦਾ, ਡਾਕਟਰ ਸਤਿੰਦਰ ਮਹਾਜਨ ਮੀਟਿੰਗ ਵਿਚ ਕੈਮਿਸਟ ਐਂਡ ਡਰੱਗ ਸਟੋਰ ਐਸੋਸੀਏਸ਼ਨ ਗੁਰਦਾਸਪੁਰ ਦੇ ਪ੍ਰਧਾਨ ਦਰਸ਼ਨ ਮਹਾਜਨ, ਜ਼ਿਲ੍ਹਾ ਫਾਰਮੇਸੀ ਅਫ਼ਸਰ ਜਤਿੰਦਰ ਕੁਮਾਰ, ਗੁਰਿੰਦਰ ਕੁਮਾਰ, ਮਾਸ ਮੀਡੀਆ ਅਫਸਰ ਪਰਮਿੰਦਰ ਸਿੰਘ ਰਾਜਵੰਤ ਬਾਵਾ, ਦਿਨੇਸ਼ ਮਹਾਜਨ, ਸੰਜੀਵ ਕਪੂਰ, ਅਜੇ ਕਪੂਰ, ਅਸ਼ੀਸ਼ ਗੁਪਤਾ ਆਦਿ ਹਾਜ਼ਰ ਸਨ।



# ਹੜ੍ਹਾਂ ਦੀ ਮਾਰ ਹੇਠ ਆਏ ਪਰਵਾਰਾਂ ਦੀ ਮਦਦ ਕਰਨਾ ਸਮੇਂ ਦੀ ਮੁੱਖ ਲੋੜ : ਮੱਖਣ ਸਿੰਘ ਕੋਠੀ

**ਜੇਜੋ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਭਾਰਤੀ ਕਿਸਾਨ ਮਜ਼ਦੂਰ ਯੂਨੀਅਨ ਸ੍ਰੀ ਮੁਕਤਸਰ ਸਾਹਿਬ ਦੇ ਜ਼ਿਲਾ ਪ੍ਰਧਾਨ ਸਰਦਾਰ ਮੱਖਣ ਸਿੰਘ ਕੋਠੀ ਨੇ ਆਪਣੇ ਸਾਥੀਆਂ ਨਾਲ ਮੀਟਿੰਗ ਕਰਕੇ ਪੰਜਾਬ ਵਿੱਚ ਹੜਾਂ ਕਾਰਨ ਖਰਾਬ ਹੋਏ ਹਾਲਾਤਾਂ ਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕੀਤਾ। ਉਹਨਾਂ ਕਿਹਾ ਕਿ ਪਿਛਲੇ ਦਿਨਾਂ ਤੋਂ ਉੱਤਰਾਖੰਡ, ਜੰਮੂ ਕਸ਼ਮੀਰ, ਹਿਮਾਚਲ ਅਤੇ ਪੰਜਾਬ ਵਿੱਚ ਭਾਰੀ ਮੀਹ ਪੈ ਰਿਹਾ ਹੈ। ਜਿਸ ਕਾਰਨ ਪੰਜਾਬ ਦੇ ਲਗਭਗ 1700 ਪਿੰਡ ਅਤੇ ਲੱਖਾਂ ਏਕੜ ਜਮੀਨ ਪ੍ਰਭਾਵਿਤ ਹੋਈ ਹੈ। ਪਿੰਡਾਂ ਦੀਆਂ ਸੰਪਰਕ ਸੜਕਾਂ ਟੁੱਟ ਗਈਆਂ ਹਨ। ਉਹਨਾਂ ਕਿਹਾ ਕਿ ਡੈਮਾਂ ਵਿੱਚੋਂ ਪਾਣੀ ਛੱਡਣ ਦੇ ਨਾਲ ਪੰਜਾਬ ਵਿੱਚ ਇੱਕਦਮ ਹਾਲਾਤ ਖਰਾਬ ਹੋਏ ਹਨ। ਮੱਖਣ ਸਿੰਘ ਕੋਠੀ ਨੇ ਕਿਹਾ ਕਿ ਬੇਸ਼ਕ ਇਹਨਾਂ ਹਾਲਾਤਾਂ ਨੂੰ ਕੁਦਰਤੀ ਆਫਤ ਦਾ ਨਾਂ ਦਿੱਤਾ ਜਾ ਰਿਹਾ ਹੈ ਪਰ ਵੱਖ ਵੱਖ ਡੈਮਾਂ ਦੇ ਪਾਣੀ ਨੂੰ ਮੈਨੇਜ ਕਰਨ ਵਾਲੀਆਂ ਕਮੇਟੀਆਂ ਅਤੇ ਬੋਰਡਾਂ ਨੇ ਕੁਝ ਮਹੀਨੇ ਪਹਿਲਾਂ ਭਾਰੀ ਬਾਰਿਸ਼ ਹੋਣ ਦੀ ਦਿੱਤੀ ਸੂਚਨਾ ਦੇ ਬਾਵਜੂਦ ਵੀ ਇਸ ਪਾਸੇ ਬਹੁਤਾ ਧਿਆਨ ਨਹੀਂ ਦਿੱਤਾ। ਜਿਸ ਕਾਰਨ ਡੈਮਾਂ ਵਿਚਲੇ ਪਾਣੀ ਦਾ ਪੱਧਰ ਉੱਚਾ ਹੋ ਗਿਆ ਤੇ ਇੱਕਦਮ ਬਾਰਿਸ਼ਾਂ ਹੋਣ ਦੇ ਨਾਲ ਡੈਮਾਂ ਵਿੱਚੋਂ ਪਾਣੀ ਛੱਡਣਾ ਪਿਆ, ਜਿਸ ਕਾਰਨ ਪੰਜਾਬ ਦੇ ਲਗਭਗ 1700 ਪਿੰਡ ਪਾਣੀ ਵਿੱਚ ਡੁੱਬ ਗਏ। ਮੱਖਣ ਸਿੰਘ ਕੋਠੀ ਨੇ ਇਸ ਮੌਕੇ ਸਮੁੱਚੇ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਔਖੀ ਘੜੀ ਵਿੱਚ ਆਪਣੇ ਪੰਜਾਬੀ ਭਰਾਵਾਂ ਦੀ ਬਾਂਹ ਫੜਨ ਅਤੇ ਉਹਨਾਂ ਨੂੰ ਖਾਣ ਪੀਣ ਦਾ ਸਮਾਨ ਅਤੇ ਪਸ਼ੂਆਂ ਲਈ ਚਾਰਾ ਭੇਜਣ ਵਿੱਚ ਮਦਦ ਕਰਨ।ਲੋੜਵੰਦ ਥਾਵਾਂ ਤੇ ਸਮਾਨ ਪਹੁੰਚਾਉਣ ਲਈ ਉਹਨਾਂ ਨਾਲ 99151- 85342 ਮੋਬਾਈਲ ਨੰਬਰ ਤੇ ਸੰਪਰਕ ਕੀਤਾ ਜਾ ਸਕਦਾ ਹੈ।



# ਮਾਹਿਲਪੁਰ 'ਚ ਹੋ ਰਹੀਆਂ ਲਗਾਤਾਰ ਚੋਰੀਆਂ ਕਾਰਨ ਪੁਲਸ ਤੋਂ ਲੋਕਾਂ ਦਾ ਭਰੋਸਾ ਉੱਠਿਆ

**ਮਾਹਿਲਪੁਰ (ਸਫ਼ਰੀ)**- ਮਾਹਿਲਪੁਰ ਅਧੀਨ ਪੈਂਦੇ ਪਿੰਡਾਂ 'ਚ ਲਗਾਤਰ ਹੋ ਰਹੀਆਂ ਚੋਰੀਆਂ ਕਾਰਨ ਲੋਕਾਂ 'ਚ ਦਹਿਸ਼ਤ ਦਾ ਮਾਹੌਲ , ਇਕੋ ਹੀ ਜਗਾ ਤੇ ਥੋੜੇ ਹੀ ਸਮੇ ਵਿੱਚ ਹੋਈ ਦੂਸਰੀ ਵਾਰ ਚੋਰੀ ਨਾਲ ਇੰਜ ਲੱਗਦਾ ਹੈ ਜਿਵੇਂ ਚੋਰਾਂ ਦੇ ਹੌਸਲੇ ਕਾਫੀ ਬੁਲੰਦ ਹੋ ਗਏ ਹਨ।ਵੀਹ ਕੁ ਦਿਨ ਪਹਿਲਾਂ ਥਾਣਾ ਮਾਹਿਲਪੁਰ ਅਧੀਨ ਪੈਂਦੇ ਪਿੰਡਾਂ ਵਿੱਚੋਂ ਇਕੋ ਰਾਤ ਵਿੱਚ ਚੋਰਾਂ ਨੇ ਪੰਜਾਂ ਮੋਟਰਾਂ ਦੀਆਂ ਤਾਰਾਂ ਚੋਰੀ ਕੀਤੀਆਂ ਗਈਆਂ ਸਨ ਪਰ ਥਾਣਾ ਮਾਹਿਲਪੁਰ ਦੀ ਪੁਲਿਸ ਨੂੰ ਅਜੇ ਤੱਕ ਚੋਰਾਂ ਦਾ ਕੋਈ ਸੁਰਾਗ਼ ਨਹੀ ਮਿਲ ਸਕਿਆ। ਇਹਨਾਂ ਚੋਰੀਆਂ ਦੀ ਦਹਿਸ਼ਤ ਲੋਕਾਂ ਦੇ ਮਨਾਂ ਵਿੱਚੋ ਅਜੇ ਖਤਮ ਹੀ ਨਹੀ ਹੋਈ ਸੀ ਕਿ ਬੀਤੀ ਰਾਤ ਉਪਰੋਕਤ ਥਾਣੇ ਅਧੀਨ ਪੈਂਦੇ ਪਿੰਡ ਟੂਟੋ ਮਾਜਾਰਾ ਵਿੱਚ ਇਕੋ ਰਾਤ ਸਮੇਂ ਦੋ ਜਗਾ ਤੇ ਚੋਰੀ ਹੋ ਗਈ । ਚੋਰਾਂ ਨੇ ਪਹਿਲਾਂ ਇਕ ਪ੍ਰਾਚੀਨ ਮਾਤਾ ਦਾ ਮੰਦਰ ਸ਼੍ਰੀ ਮਾਈ ਬਾਲੀ ਨੂੰ ਨਿਸ਼ਾਨਾ ਬਣਾਇਆ ਜਿਸ ਵਿੱਚੋਂ ਤਾਲਿਆਂ ਦੀ ਭੰਨਤੋੜ ਕਰਕੇ ਸੱਤ ਕੁ ਹਜ਼ਾਰ ਰੁਪਏ ,ਅਣਸੀਤੇ ਕੱਪੜੇ, ਬੱਚਾ ਖਿਡੌਣਾ ਮੋਟਰ ਅਤੇ ਲੋਹੇ ਦਾ ਸਮਾਨ ਚੋਰੀ ਕਰ ਕੇ ਲੈ ਗਏ, ਜਿਸ ਦੀ ਸਾਰੀ ਕਵਰੇਜ਼ ਸੀ ਸੀ ਟੀ ਵੀ ਕੈਮਰੇ ਚ ਕੈਦ ਹੋ ਗਈ। ਮੰਦਰ ਦੇ ਭਗਤ ਦੀਪ ਨੇ ਦੱਸਿਆ ਕਿ ਸੀ ਸੀ ਟੀ ਵੀ ਦੀ ਰਿਪੋਰਟ ਅਨੁਸਾਰ ਚਾਰ ਸਤੰਬਰ ਦੀ ਅੱਧੀ ਕੁ ਰਾਤ ਸਮੇਂ ਦੋ ਵਿਅਕਤੀ ਜਿਨਾਂ ਨੇ ਆਪਣੇ ਮੂੰਹ ਢਕੇ ਹੋਏ ਸਨ ਅਤੇ ਕਾਲੇ ਰੰਗ ਦੇ ਮੋਟਰਸਾਈਕਲ ਤੇ ਆਏ ਤੇ ਥੋੜੇ ਹੀ ਸਮੇਂ ਵਿੱਚ ਵਾਰਦਾਤ ਨੂੰ ਅੰਜਾਮ ਦੇ ਕੇ ਚਲੇ ਗਏ । ਉਸੇ ਰਾਤ ਚੋਰਾਂ ਨੇ ਦੂਸਰਾ ਨਿਸ਼ਾਨਾ ਇਕ ਟਿਊਬਵੈੱਲ ਨੂੰ ਬਣਾਇਆ ਜਿਸ ਦੀਆਂ ਤਾਰਾਂ ਚੋਰੀ ਕਰ ਕੇ ਲੈ ਗਏ। ਇਥੇ ਇਹ ਗੱਲ ਵਰਨਣਯੋਗ ਹੈ ਕਿ ਚੋਰਾਂ ਦੇ ਹੌਂਸਲੇ ਇੰਨੇ ਬੁਲੰਦ ਹੋ ਗਏ ਹਨ ਕਿ ਵੀਹਾਂ ਕੁ ਦਿਨਾਂ ਵਿਚ ਚੋਰਾਂ ਨੇ ਇਕੋ ਹੀ ਮੋਟਰ ਦੀਆਂ ਦੋ ਵਾਰੀ ਤਾਰਾਂ ਚੋਰੀ ਕੀਤੀਆ ਹਨ। ਇਲਾਕਾ ਮਾਹਿਲਪੁਰ ਵਿੱਚ ਲਗਾਤਾਰ ਹੋ ਰਹੀਆਂ ਚੋਰੀਆਂ ਕਾਰਨ ਲੋਕਾਂ ਦਾ ਪੁਲਸ ਤੋ ਵਿਸ਼ਵਾਸ ਉੱਠਦਾ ਨਜ਼ਰ ਆ ਰਿਹਾ ਹੈ । ਜਦੋਂ ਇਸ ਵਾਰੇ ਐਸ ਐਚ ਓ ਥਾਣਾ ਮਾਹਿਲਪੁਰ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਕਿਹਾ ਕਿ ਮੈਂ ਕਿਸੇ ਖਾਸ ਮਕਸਦ ਵਾਸਤੇ ਬਾਹਰ ਆਇਆ ਹੋਇਆ ਹਾਂ ।



# ਪਹਿਲੀ ਟਰੈਕਟਰ ਯਾਤਰਾ ਲੈ ਕੇ ਜਥਾ ਸ੍ਰੀ ਹਜ਼ੂਰ ਸਾਹਿਬ ਨੂੰ ਹੋਇਆ ਰਵਾਨਾ



**ਆਦਮਪੁਰ (ਪਰਮਜੀਤ ਸਿੰਘ)**- ਪਿੰਡ ਬੁਢਿਆਣਾ ਦੇ ਨੌਜਵਾਨਾਂ ਵੱਲੋਂ ਪਹਿਲੀ ਟਰੈਕਟਰ ਯਾਤਰਾ ਲਈ ਜਥਾ ਲੈ ਕੇ ਸ੍ਰੀ ਹਜ਼ੂਰ ਸਾਹਿਬ ਨੂੰ ਰਵਾਨਾ ਹੋਏ। ਇਸ ਮੌਕੇ ਹਾਜ਼ਰ ਨੌਜਵਾਨਾਂ ਨੇ ਦੱਸਿਆ ਕਿ ਇਹ ਪਹਿਲੀ ਟਰੈਕਟਰ ਯਾਤਰਾ ਸਮੂਹ ਸੰਗਤਾਂ ਅਤੇ ਨੌਜਵਾਨਾਂ ਦੇ ਸਹਿਯੋਗ ਨਾਲ ਸ੍ਰੀ ਹਜ਼ੂਰ ਸਾਹਿਬ ਅਤੇ ਹੋਰ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਦੀਦਾਰਿਆਂ ਦੇ ਲਈ ਆਰੰਭ ਕੀਤੀ ਗਈ ਹੈ, ਜੋ ਕਿ ਰਸਤੇ ਵਿੱਚ ਵੱਖ-ਵੱਖ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਦੇ ਹੋਏ ਸ੍ਰੀ ਹਜ਼ੂਰ ਸਾਹਿਬ ਪਹੁੰਚੇਗੀ ਅਤੇ ਉੱਥੇ ਵੀ ਵੱਖ-ਵੱਖ ਗੁਰਦੁਆਰਿਆਂ ਦੇ ਦਰਸ਼ਨ ਦੀਦਾਰੇ ਕਰਨ ਉਪਰੰਤ ਵਾਪਸ ਪਿੰਡ ਬੁਢਿਆਣਾ ਆਵੇਗੀ। ਉਹਨਾਂ ਕਿਹਾ ਕਿ ਸਮੂਹ ਨੌਜਵਾਨਾਂ ਵੱਲੋਂ ਗੁਰਦੁਆਰਾ ਸ੍ਰੀ ਹਜ਼ੂਰ ਸਾਹਿਬ ਵਿਖੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਜਾਵੇਗੀ। ਇਸ ਮੌਕੇ ਉਹਨਾਂ ਦੇ ਨਾਲ ਅਮਰਜੀਤ ਸਿੰਘ ਵਾਇਸ ਪ੍ਰਧਾਨ ਆਦਮਪੁਰ ਕਿਸਾਨ ਯੂਨੀਅਨ ਰਾਜੇਵਾਲ, ਮਨਵੀਰ ਸਿੰਘ, ਭੁਪਿੰਦਰ ਸਿੰਘ, ਹਰਦਿਆਲ ਸਿੰਘ, ਹਰਜਿੰਦਰ ਸਿੰਘ, ਸੁਖਰਾਜ ਸਿੰਘ, ਕਰਮਵੀਰ ਸਿੰਘ, ਹਰਮਨਜੋਤ ਸਿੰਘ, ਬਲਵੀਰ ਸਿੰਘ ਅਤੇ ਹੋਰ ਨੌਜਵਾਨ ਹਾਜ਼ਰ ਸਨ।

# ਹਾਰਟੈਕ ਫਾਊਂਡੇਸ਼ਨ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਲਈ 500 ਸੋਲਰ ਲਾਈਟਾਂ ਭੇਟ

**ਫਾਜ਼ਿਲਕਾ** : ਹੜ੍ਹਾਂ ਦਾ ਪਾਣੀ ਪੰਜਾਬ ਦੇ ਵੱਡੇ ਹਿੱਸਿਆਂ ਨੂੰ ਪ੍ਰਭਾਵਿਤ ਕਰ ਰਿਹਾ ਹੈ ਜਿਸ ਕਾਰਣ ਅਜਨਾਲਾ, ਫਾਜ਼ਿਲਕਾ ਅਤੇ ਰਾਮਦਾਸ ਦੇ ਕਈ ਪਿੰਡ ਬਿਜਲੀ ਅਤੇ ਮੁੱਢਲੀਆਂ ਜ਼ਰੂਰਤਾਂ ਤੋਂ ਵਾਂਝੇ ਹੋ ਗਏ ਹਨ।ਇਸ ਸੰਕਟ ਵਿੱਚ, ਹਾਰਟੈਕ ਫਾਊਂਡੇਸ਼ਨ ਨੇ ਇੱਕ ਮਹੱਤਵਪੂਰਨ ਕਦਮ ਚੁੱਕਿਆ ਹੈ।ਹਾਰਟੈਕ ਗਰੁੱਪ ਦੀ ਸੀਐਸਆਰ ਸ਼ਾਖਾ, ਹਾਰਟੈਕ ਫਾਊਂਡੇਸ਼ਨ ਨੇ ਹੜ੍ਹ ਪ੍ਰਭਾਵਿਤ ਲੋਕਾਂ ਦੇ ਘਰਾਂ ਨੂੰ ਰੌਸ਼ਨ ਕਰਨ ਲਈ 500 ਸੂਰਜੀ ਊਰਜਾ ਨਾਲ ਚੱਲਣ ਵਾਲੀਆਂ ਲਾਈਟਾਂ ਦਾਨ ਕਰਨ ਦਾ ਐਲਾਨ ਕੀਤਾ ਹੈ ਜੋ ਬਿਜਲੀ ਕੱਟਾਂ ਕਾਰਨ ਹਨੇਰੇ ਵਿੱਚ ਰਹਿ ਰਹੇ ਹਨ।ਹਾਰਟੈਕ ਫਾਊਂਡੇਸ਼ਨ ਦੀ ਸੀਈਓ ਹਰਕੀਰਤ ਕੌਰ ਨੇ ਦੱਸਿਆ ਕਿ ਇਸ ਸੰਕਟ ਵਿੱਚ ਰੌਸ਼ਨੀ ਸਿਰਫ ਦ੍ਰਿਸ਼ਟੀ ਬਾਰੇ ਨਹੀਂ ਹੈ- ਇਹ ਮਾਣ, ਸੁਰੱਖਿਆ ਅਤੇ ਭਰੋਸੇ ਦਾ ਪ੍ਰਤੀਕ ਹੈ।ਅਸੀਂ ਚਾਹੁੰਦੇ ਹਾਂ ਕਿ ਪਰਿਵਾਰ ਇਸ ਸਥਿਤੀ ਤੋਂ ਪ੍ਰਭਾਵਿਤ ਹੋਣ ਦੇ ਬਾਵਜੂਦ ਕੁਝ ਆਮ ਸਥਿਤੀ ਦਾ ਅਨੁਭਵ ਕਰਨ।

ਨਵਾਂ ਜ਼ਮਾਨਾ
ਸ਼ਨੀਵਾਰ 6 ਸਤੰਬਰ 2025

# ਸਵਾਲ ਗੰਦਮ, ਜਵਾਬ ਚਨਾ

*ਲੋਕਾਂ ਵੱਲੋਂ ਚੁਣ ਕੇ ਸੰਸਦ ਵਿੱਚ ਘੱਲੇ ਗਏ ਨੁਮਾਇੰਦਿਆਂ ਨਾਲ ਮੰਤਰੀ ਕਿਸ ਤਰ੍ਹਾਂ ਵਿਹਾਰ ਕਰ ਰਹੇ ਹਨ, ਇਸ ਦੀਆਂ ਮਿਸਾਲਾਂ ਉਨ੍ਹਾਂ ਵੱਲੋਂ ਪੁੱਛੇ ਗਏ ਸਵਾਲਾਂ ਦੇ ਜਵਾਬਾਂ ਤੋਂ ਮਿਲਦੀਆਂ ਹਨ। ਮੌਕੇ 'ਤੇ ਪੁੱਛੇ ਸਵਾਲ ਬਾਰੇ ਮੰਤਰੀ ਨੂੰ ਜਵਾਬ ਦੇਣ ਵਿੱਚ ਮੁਸ਼ਕਲ ਆ ਸਕਦੀ ਹੈ, ਪਰ ਲਿਖਤੀ ਤੌਰ 'ਤੇ ਦਿੱਤੇ ਸਵਾਲਾਂ ਦਾ ਜਵਾਬ ਦੇਣ ਲਈ ਉਨ੍ਹਾਂ ਕੋਲ ਕਾਫੀ ਵਕਤ ਹੁੰਦਾ ਹੈ। ਇਸ ਦੇ ਬਾਵਜੂਦ ਉਹ ਉਨ੍ਹਾਂ ਸਵਾਲਾਂ ਦੇ ਊਟ-ਪਟਾਂਗ ਜਵਾਬ ਦਿੰਦੇ ਹਨ, ਜਿਨ੍ਹਾਂ ਵਿੱਚ ਸੰਸਦ ਮੈਂਬਰਾਂ ਨੇ ਸਕੀਮਾਂ ਤੇ ਪ੍ਰੋਜੈਕਟਾਂ ਆਦਿ 'ਤੇ ਅਮਲ ਦੀਆਂ ਜਾਣਕਾਰੀਆਂ ਮੰਗੀਆਂ ਹੁੰਦੀਆਂ ਹਨ। ਮੌਨਸੂਨ ਅਜਲਾਸ ਦੌਰਾਨ ਸਮਾਜਵਾਦੀ ਪਾਰਟੀ ਦੇ ਮੈਂਬਰ ਰਾਜੀਵ ਰਾਇ ਨੇ ਪੁੱਛਿਆ ਕਿ ਸਿੱਖਿਆ ਮੰਤਰਾਲੇ ਦੀ ਇੰਸਟੀਚਿਊਸ਼ਨ ਆਫ ਐਮੀਨੈਂਸ (ਆਈ ਓ ਈ) ਸਕੀਮ ਤੋਂ ਮਿਲੇ ਫੰਡ ਨੂੰ ਬਨਾਰਸ ਹਿੰਦੂ ਯੂਨੀਵਰਸਿਟੀ ਨੇ ਕਿਵੇਂ ਖਰਚਿਆ। (ਇਸ ਸਕੀਮ ਤਹਿਤ ਸਰਕਾਰੀ ਫੰਡ ਨਾਲ ਚੱਲਦੀਆਂ ਯੂਨੀਵਰਸਿਟੀਆਂ ਨੂੰ ਇੱਕ ਹਜ਼ਾਰ ਕਰੋੜ ਰੁਪਏ ਮਿਲਦੇ ਹਨ।) ਰਾਇ ਨੇ ਪੁੱਛਿਆ ਕਿ ਕੀ ਯੂਨੀਵਰਸਿਟੀ ਨੇ ਗੈਰ-ਅਕਾਦਮਿਕ ਕੰਮ ਲਈ ਸਲਾਹਕਾਰ ਹਾਇਰ ਕਰਨ ਲਈ ਫੰਡ ਖਰਚਿਆ ਅਤੇ ਜੇ ਖਰਚਿਆ ਤਾਂ ਵੇਰਵੇ ਦਿੱਤੇ ਜਾਣ। ਉਨ੍ਹਾ ਇਹ ਵੀ ਜਾਨਣਾ ਚਾਹਿਆ ਕਿ ਕੀ ਫੰਡ ਦੀ ਅਜਿਹੇ ਸਲਾਹਕਾਰ ਹਾਇਰ ਕਰਨ ਲਈ ਵਰਤੋਂ ਨੇਮਾਂ ਦੀ ਉਲੰਘਣਾ ਤਾਂ ਨਹੀਂ? ਸਿੱਖਿਆ ਰਾਜ ਮੰਤਰੀ ਸੁਕਾਂਤਾ ਮਜੂਮਦਾਰ ਨੇ ਸਵਾਲ ਦੇ ਸਾਰੇ ਹਿੱਸਿਆਂ ਨੂੰ ਇਕੱਠੇ ਕਰਕੇ ਸਕੀਮ ਦੀਆਂ ਸ਼ਰਤਾਂ ਦਾ ਮੋਟੇ ਤੌਰ 'ਤੇ ਜ਼ਿਕਰ ਕੀਤਾ, ਪਰ ਨਿਸ਼ਚਿਤ ਜਾਣਕਾਰੀ ਕੋਈ ਨਹੀਂ ਦਿੱਤੀ। ਮੰਤਰੀ ਨੇ ਕਿਹਾ ਕਿ ਵਿਸ਼ਵ ਪੱਧਰੀ ਇੰਸਟੀਚਿਊਸ਼ਨਜ਼ ਸਕੀਮ, ਜਿਸ ਨੂੰ ਇੰਸਟੀਚਿਊਸ਼ਨਜ਼ ਆਫ ਐਮੀਨੈਂਸ ਸਕੀਮ ਵੀ ਕਹਿੰਦੇ ਹਨ, ਤਹਿਤ ਫੰਡ ਅਕਾਦਮਿਕ ਕੰਮ ਅਤੇ ਬੁਨਿਆਦੀ ਢਾਂਚਾ ਕਾਇਮ ਕਰਨ ਲਈ ਦਿੱਤੇ ਜਾਂਦੇ ਹਨ। ਇਸ ਤਹਿਤ ਵਿਦਿਆਰਥੀਆਂ ਨੂੰ ਵਿਸ਼ਵ ਪੱਧਰੀ ਅਦਾਰਿਆਂ ਵਰਗੀਆਂ ਸਹੂਲਤਾਂ ਦੇਣੀਆਂ ਹੁੰਦੀਆਂ ਹਨ। ਕੈਂਪਸ ਵੀ ਵੱਡੇ ਬਣਾਉਣੇ ਹੁੰਦੇ ਹਨ, ਪਰ ਮੰਤਰੀ ਨੇ ਗੈਰ-ਅਕਾਦਮਿਕ ਕੰਮ ਲਈ ਸਲਾਹਕਾਰ ਹਾਇਰ ਕਰਨ ਤੇ ਫੰਡ ਖਰਚਣ ਦੇ ਸਵਾਲ ਦਾ ਜਵਾਬ ਨਹੀਂ ਦਿੱਤਾ।*

*ਦਰਅਸਲ ਸਿੱਖਿਆ ਬਾਰੇ ਸੰਸਦ ਦੀ ਸਟੈਂਡਿੰਗ ਕਮੇਟੀ ਦੇ ਮੈਂਬਰ ਵਜੋਂ ਰਾਇ ਨੇ ਬਨਾਰਸ ਹਿੰਦੂ ਯੂਨੀਵਰਸਿਟੀ, ਜਿਹੜੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਲੋਕ ਸਭਾ ਹਲਕੇ ਵਾਰਾਨਸੀ ਵਿੱਚ ਸਥਿਤ ਹੈ, ਦਾ ਦੌਰਾ ਕੀਤਾ ਸੀ। ਉੱਥੇ ਫੰਡਾਂ ਦੀ ਦੁਰਵਰਤੋਂ ਬਾਰੇ ਕਈ ਸ਼ਿਕਾਇਤਾਂ ਮਿਲੀਆਂ। ਰਾਇ ਮੁਤਾਬਕ ਜੇ ਫੰਡਾਂ ਦੀ ਦੁਰਵਰਤੋਂ ਹੋਵੇਗੀ ਤਾਂ ਬਨਾਰਸ ਹਿੰਦੂ ਯੂਨੀਵਰਸਿਟੀ ਵਿਸ਼ਵ ਪੱਧਰੀ ਕਿਵੇਂ ਬਣ ਸਕਦੀ ਹੈ। ਇਸੇ ਕਰਕੇ ਉਨ੍ਹਾ ਸੰਸਦ ਵਿੱਚ ਮੰਤਰੀ ਤੋਂ ਸਵਾਲ ਪੁੱਛੇ ਸਨ। ਗੱਲ ਰਾਜੀਵ ਰਾਇ ਤੱਕ ਹੀ ਸੀਮਤ ਨਹੀਂ। ਭਾਰਤੀ ਕਮਿਊਨਿਸਟ ਪਾਰਟੀ ਦੇ ਰਾਜ ਸਭਾ ਮੈਂਬਰ ਸੰਦੋਸ਼ ਕੁਮਾਰ ਮੁਤਾਬਕ ਸਵਾਲਾਂ ਨਾਲ ਨਜਿੱਠਦਾ ਪਾਰਲੀਮੈਂਟ ਸੈਕਸ਼ਨ ਉਨ੍ਹਾਂ ਸਵਾਲਾਂ ਨੂੰ ਮੰਤਰੀ ਤੱਕ ਪੁੱਜਣ ਤੋਂ ਪਹਿਲਾਂ ਆਪ ਹੀ ਲਾਂਭੇ ਕਰ ਦਿੰਦਾ ਹੈ, ਜਿਨ੍ਹਾਂ ਦਾ ਜਵਾਬ ਦੇਣ ਵਿੱਚ ਸਰਕਾਰ ਨੂੰ ਔਖ ਹੁੰਦੀ ਹੋਵੇ। ਸੰਦੋਸ਼ ਕੁਮਾਰ ਨੇ ਮੌਨਸੂਨ ਅਜਲਾਸ ਵਿੱਚ ਪੁੱਛਿਆ ਸੀ ਕਿ ਸਰਕਾਰ ਆਰ ਐੱਸ ਐੱਸ ਨੂੰ ਜਥੇਬੰਦੀ ਵਜੋਂ ਕਿਵੇਂ ਪ੍ਰੀਭਾਸ਼ਤ ਕਰਦੀ ਹੈ। ਇਸ ਸਵਾਲ ਦਾ ਜਵਾਬ ਸੱਭਿਆਚਾਰ ਮੰਤਰਾਲੇ ਨੇ ਦੇਣਾ ਸੀ, ਪਰ ਪਾਰਲੀਮੈਂਟ ਸੈਕਸ਼ਨ ਨੇ ਇਸ ਨੂੰ ਰੱਦ ਕਰ ਦਿੱਤਾ। ਸੰਦੋਸ਼ ਕੁਮਾਰ ਨੇ ਇਹ ਭੈੜਾ ਚਲਣ ਵੀ ਸਾਹਮਣੇ ਲਿਆਂਦਾ ਹੈ ਕਿ ਜਵਾਬ ਦੇਣ ਵੇਲੇ ਮੰਤਰੀ ਪ੍ਰਧਾਨ ਮੰਤਰੀ ਦਾ ਗੁਣਗਾਣ ਕਰਨ ਵਿੱਚ ਇੱਕ-ਦੂਜੇ ਨੂੰ ਪਿੱਛੇ ਛੱਡਦੇ ਹਨ ਪਰ ਸਿੱਧਾ ਜਵਾਬ ਨਹੀਂ ਦਿੰਦੇ।*

*ਸੀ ਪੀ ਆਈ (ਐੱਮ) ਦੇ ਰਾਜ ਸਭਾ ਮੈਂਬਰ ਜੌਹਨ ਬ੍ਰਿਟਸ ਨੇ ਪੁੱਛਿਆ ਸੀ ਕਿ ਅਪ੍ਰੇਸ਼ਨ ਸਿੰਧੂਰ ਦੌਰਾਨ ਪਾਕਿਸਤਾਨੀ ਗੋਲਾਬਾਰੀ ਨਾਲ ਕਿੰਨੇ ਭਾਰਤੀ ਨਾਗਰਿਕ ਮਰੇ। ਇਸ ਸਵਾਲ ਨੂੰ ਮਨਜ਼ੂਰ ਹੀ ਨਹੀਂ ਕੀਤਾ ਗਿਆ। ਇਸੇ ਤਰ੍ਹਾਂ ਬ੍ਰਿਟਸ ਨੇ 13 ਦਸੰਬਰ 2024 ਨੂੰ ਰੇਲਵੇ ਨੂੰ ਪਿਛਲੇ ਪੰਜ ਸਾਲ ਦੌਰਾਨ ਅਤੇ 2024-25 ਦੀਆਂ ਪਹਿਲੀਆਂ ਦੋ ਤਿਮਾਹੀਆਂ 'ਚ ਫਲੈਕਸੀ ਕਿਰਾਏ, ਤੱਤਕਾਲ, ਪ੍ਰੀਮਿਅਮ ਤੱਤਕਾਲ ਨਾਲ ਹੋਈ ਕਮਾਈ ਤੇ ਰੱਦ ਕੀਤੀਆਂ ਟਿਕਟਾਂ ਬਾਰੇ ਪੁੱਛਿਆ ਸੀ। ਰੇਲਵੇ ਮੰਤਰੀ ਅਸ਼ਵਨੀ ਵੈਸ਼ਨਵ ਨੇ ਲਿਖਤੀ ਜਵਾਬ ਵਿੱਚ ਕਿਹਾ ਕਿ ਰੇਲਵੇ ਵੱਲੋਂ 2018-19 ਤੋਂ 2022-23 ਤੱਕ ਫਲੈਕਸੀ ਕਿਰਾਏ, ਤੱਤਕਾਲ ਤੇ ਪ੍ਰੀਮੀਅਮ ਤੱਤਕਾਲ ਤੋਂ ਕੀਤੀ ਗਈ ਕਮਾਈ ਕੁਲ ਯਾਤਰੀ ਕਿਰਾਏ ਦਾ ਅੰਦਾਜ਼ਨ ਪੰਜ ਫੀਸਦੀ ਸੀ। ਬ੍ਰਿਟਸ ਮੁਤਾਬਕ ਕਿਸੇ ਅਦਾਰੇ ਜਾਂ ਕਿਸੇ ਸਕੀਮ 'ਤੇ ਅਮਲ ਨੂੰ ਸਮਝਣ ਲਈ ਸਟੀਕ ਅੰਕੜਿਆਂ ਦੀ ਲੋੜ ਹੁੰਦੀ ਹੈ, ਪਰ ਮੰਤਰੀ ਨੇ ਚਲਾਵਾਂ ਜਵਾਬ ਦੇ ਕੇ ਸਾਰ ਦਿੱਤਾ।*

*ਸੰਸਦ ਹੀ ਦੇਸ਼ਵਾਸੀਆਂ ਦੀ ਸਭ ਤੋਂ ਵੱਡੀ ਪੰਚਾਇਤ ਹੈ ਤੇ ਉੱਥੇ ਲੋਕਾਂ ਦੇ ਨੁਮਾਇੰਦਿਆਂ ਦੇ ਸਵਾਲਾਂ ਨੂੰ ਜਿਵੇਂ ਦਰਕਿਨਾਰ ਕੀਤਾ ਜਾ ਰਿਹਾ ਹੈ, ਉਹ ਸੰਸਦੀ ਲੋਕਤੰਤਰ ਲਈ ਬਹੁਤ ਮਾੜਾ ਹੈ। ਮੋਦੀ ਸਰਕਾਰ ਆਉਣ ਤੋਂ ਬਾਅਦ ਸੰਸਦ ਵਿੱਚ ਉਮਦਾ ਬਹਿਸ ਤਾਂ ਪਹਿਲਾਂ ਹੀ ਗਾਇਬ ਹੋ ਚੁੱਕੀ ਹੈ। ਲਿਖਤੀ ਸਵਾਲਾਂ ਦੀ ਵੀ ਕੋਈ ਵੁੱਕਤ ਨਹੀਂ ਰਹੀ।*

## ਕੁਦਰਤ ਕਹਿਰਵਾਨ

*ਵਹਿਣ ਕੁਦਰਤੀ ਪਾਣੀ ਦੇ ਰੋਕ ਲਏ ਨੇ,*
*ਛੱਡ ਸਿਆਣਪਾਂ ਬਿਰਤੀ ਨਾਦਾਨ ਹੋਈ।*
*ਰੇਤਾ ਵੇਚ ਦਰਿਆਵਾਂ ਦਾ 'ਸ਼ਾਹ' ਹੋਏ,*
*ਨਵੇਂ ਬਣੇ 'ਅਮੀਰਾਂ' ਵਿੱਚ ਸ਼ਾਨ ਹੋਈ।*
*ਮਿੱਤਰ ਕੀੜੇ ਵੀ ਅੱਗ ਲਾ ਸਾੜਦੇ ਹਾਂ,*
*ਭੁੱਲੀ ਤੁਕ ਜੀਅ ਦਇਆ ਪ੍ਰਵਾਨ ਹੋਈ।*
*ਕਈ 'ਵਿਰਾਸਤੀ' ਵਰਤੋਂ-ਵਿਹਾਰ ਛੱਡੇ,*
*ਲਿਸ਼ਕ-ਪੁਸ਼ਕ ਦੀ ਭੁੱਖ ਬਲਵਾਨ ਹੋਈ।*
*ਪੌਣ ਪਾਣੀ ਤੇ ਧਰਤੀ ਪਲੀਤ ਕਰ ਲਏ,*
*ਬਹੁਗਿਣਤੀ 'ਲੋਕਾਈ' ਬੇਈਮਾਨ ਹੋਈ।*
*ਸਹਿ ਬਹੁਤ ਮਨਮਰਜ਼ੀਆਂ ਸਾਡੀਆਂ ਨੂੰ,*
*ਕੁਦਰਤ ਅੱਕ ਕੇ ਹੁਣ ਕਹਿਰਵਾਨ ਹੋਈ!*

***-ਤਰਲੋਚਨ ਸਿੰਘ ਦੁਪਾਲਪੁਰ, 78146-92724***

# ਅਮਰੀਕੀ ਟੈਰਿਫ ਅਤੇ ਭਾਰਤ



ਡਾ. ਅਮਨਪ੍ਰੀਤ ਸਿੰਘ ਬਰਾੜ

ਜਦੋਂ ਤੋਂ ਅਮਰੀਕਾ ਵਿੱਚ ਸਰਕਾਰ ਬਦਲੀ ਹੈ, ਉਸੇ ਸਮੇਂ ਤੋਂ ਉਸ ਨੇ ਦੂਜੇ ਦੇਸ਼ਾਂ ਨਾਲ ਵਪਾਰ ਵਿੱਚ ਅਮਰੀਕਾ ਨੂੰ ਮੁੱਖ ਰੱਖਣ ਦੀ ਗੱਲ ਛੇੜ ਦਿੱਤੀ ਹੈ। ਇਸ ਵਿੱਚ ਜਿਹੜੇ ਦੇਸ਼ ਅਮਰੀਕਾ ਨਾਲ ਵਪਾਰ ਚਾਹੁੰਦੇ ਹਨ, ਉਹ ਆਪਣੇ ਨਿਯਮ ਸੁਖਾਲੇ ਕਰਨ ਅਤੇ ਅਮਰੀਕਾ ਨੂੰ ਆਪਣੇ ਦੇਸ਼ ਵਿੱਚ ਵਪਾਰ ਕਰਨ ਦੀ ਖੁੱਲ੍ਹ ਦੇਣ, ਨਹੀਂ ਤਾਂ ਉਨ੍ਹਾਂ 'ਤੇ ਵੱਡੀ ਟੈਰਿਫ ਲਗਾਈ ਜਾਂਦੀ ਹੈ। ਅਮਰੀਕਾ ਨੇ ਭਾਰਤ ਨੂੰ ਆਪਣੇ ਨਾਲ ਦੁਵੱਲੇ ਵਪਾਰ ਲਈ ਨਿਯਮ ਸੁਖਾਲੇ ਕਰਨ ਦੀ ਗੱਲ ਕੀਤੀ ਹੈ। ਇਹ ਗੱਲਬਾਤ ਚੱਲ ਹੀ ਰਹੀ ਸੀ ਕਿ ਅਮਰੀਕਾ ਨੇ ਭਾਰਤ ਨੂੰ ਰੂਸ ਤੋਂ ਕੱਚੇ ਤੇਲ ਦੀ ਬਰਾਮਦ 'ਤੇ ਰੋਕ ਲਗਾਉਣ ਨੂੰ ਕਹਿ ਦਿੱਤਾ, ਇਸ ਤੋਂ ਭਾਰਤ ਨੇ ਨਾਂਹ ਕਰ ਦਿੱਤੀ। ਅਮਰੀਕਾ ਨੇ ਤਲਖੀ ਵਿੱਚ ਆ ਕਿ ਪਹਿਲਾਂ 25 ਫੀਸਦੀ ਟੈਰਿਫ ਲਾਉਣਾ ਸੀ, ਉਸ ਨੂੰ 50 ਫੀਸਦੀ ਕਰ ਦਿੱਤਾ, ਜੋ 27 ਅਗਸਤ ਤੋਂ ਚਾਲੂ ਕਰ ਦਿੱਤਾ ਹੈ। ਇਹ ਟੈਰਿਫ ਅਜੇ ਚਾਲੂ ਨਹੀ ਸੀ ਹੋਇਆ, ਜਦੋਂ ਸਾਡੇ ਉਦਯੋਗਪਤੀਆਂ ਨੇ ਚਿੰਤਾ ਜ਼ਾਹਿਰ ਕੀਤੀ ਕਿ ਅਸੀਂ ਤਾਂ ਕੰਗਾਲ ਹੋ ਜਾਵਾਂਗੇ। ਉਸੇ ਸਮੇਂ ਕੇਂਦਰ ਸਰਕਾਰ ਦਾ ਬਿਆਨ ਆਇਆ ਕੇ ਜੋ ਵੀ ਬਰਾਮਦ ਵਿੱਚ ਘਾਟਾ ਪਿਆ ਉਹ ਸਰਕਾਰ ਪੂਰਾ ਕਰੇਗੀ। ਇਸੇ ਦੌਰਾਨ ਜਦੋਂ ਅਮੀਰਾ ਨੇ 50 ਫੀਸਦੀ ਟੈਰਿਫ ਦਾ ਐਲਾਨ ਕੀਤਾ ਤੇ ਸਰਕਾਰ ਝੁਕਦੀ ਨਜ਼ਰ ਨਹੀ ਆਈ। ਉਸ ਵੇਲੇ ਲਿਬਾਸ ਨਿਰਯਾਤ ਪ੍ਰਮੋਸ਼ਨ ਕੌਂਸਲ ਦੇ ਚੇਅਰਮੈਨ ਨੇ ਪ੍ਰਧਾਨ ਮੰਤਰੀ ਨੂੰ ਚਿੱਠੀ ਲਿਖੀ ਅਤੇ ਆਪਣੀਆਂ ਸਮੱਸਿਆਵਾਂ ਬਾਰੇ ਦੱਸਿਆ। ਉਸ 'ਤੇ ਐਕਸ਼ਨ ਲੈਂਦੇ ਹੋਏ ਭਾਰਤ ਸਰਕਾਰ ਨੇ ਜੋ 11 ਫੀਸਦੀ ਡਿਊਟੀ ਰੂੰ ਦੀ ਦਰਆਮਦ 'ਤੇ ਲਗਾਈ ਸੀ, ਉਹ ਹਟਾ ਦਿੱਤੀ। ਪਹਿਲਾਂ ਇਸ ਨੂੰ 30 ਸਤੰਬਰ ਤੱਕ ਹਟਾਇਆ ਗਿਆ, ਫਿਰ ਜਦੋਂ ਵਪਾਰੀਆਂ ਨੇ ਕਿਹਾ ਕਿ ਇਹ ਸਮਾਂ ਘੱਟ ਹੈ ਤੇ ਉਹਨਾਂ ਤੋਂ ਤਾਂ ਏਨੇ ਸਮੇਂ ਵਿੱਚ ਆਰਡਰ ਹੀ ਨਹੀਂ ਕੀਤੇ ਜਾਣੇ, ਇਸ ਦੀ ਮਿਆਦ ਵਧਾ ਕੇ 31 ਦਸੰਬਰ ਤੱਕ ਕਰ ਦਿੱਤੀ ਹੈ।

ਅੱਜ ਇਸ ਦਾ ਸਿੱਧਾ ਅਸਰ ਕਿਸਾਨੀ 'ਤੇ ਪੈਂਦਾ ਹੈ। ਸਰਕਾਰ ਨੇ ਜੋ ਕਾਟਨ ਦੀ ਦਰਆਮਦ 'ਤੇ ਡਿਊਟੀ ਲਾਈ ਸੀ 11 ਫੀਸਦੀ ਤਾਂ ਜੋ ਛੋਟੇ ਕਿਸਾਨਾਂ ਨੂੰ ਬਚਾਇਆ ਜਾ ਸਕੇ, ਪਰ ਹੁਣ ਸਰਕਾਰ ਨੇ ਇਹਨਾਂ ਨੂੰ ਅੱਖੋਂ-ਪਰੋਖੇ ਕਰ ਦਿੱਤਾ। ਅੱਜ ਜਦੋਂ ਅਕਤੂਬਰ ਵਿੱਚ ਆਪਣੀ ਫ਼ਸਲ ਆਉਣੀ ਹੈ, ਉਸ ਨੂੰ ਵਪਾਰੀ ਖਰੀਦ ਕਿ ਜ਼ਰੂਰਤ ਪੂਰੀ ਕਰ ਸਕਦੇ ਸਨ। ਇਸ ਪਿੱਛੇ ਵਪਾਰੀਆਂ ਨੇ ਆਪਣਾ ਫਾਇਦਾ ਦੇਖਿਆ ਹੈ, ਕਿਸਾਨਾਂ ਦਾ ਨੁਕਸਾਨ ਕਰਕੇ। ਇਸ ਵਾਰ ਕਾਟਨ ਉਹਨਾਂ ਚਾਰ ਫਸਲਾਂ ਵਿੱਚ ਸੀ, ਜਿਹਨਾਂ ਦੀ ਐੱਮ ਐੱਸ ਪੀ ਸਭ ਤੋਂ ਵੱਧ ਵਧਾਈ ਸੀ, ਪਰ ਵਪਾਰੀਆਂ ਨੇ ਇਹ ਅਮਰੀਕੀ ਕਾਟਨ 5201 ਨੂੰ ਖੁੱਲ੍ਹਵਾ ਕੇ ਘਰੇਲੂ ਕਾਟਨ ਦੀਆਂ ਕੀਮਤਾਂ ਘਟਾ ਦੇਣੀਆਂ ਹਨ, ਕਿਉਂਕਿ ਉਹਨਾਂ ਨੂੰ ਇਸ ਦੀ ਲੋੜ ਨਹੀਂ ਆਖਿਰ ਕਿਸਾਨ ਆਪੇ ਘੱਟ ਰੇਟ 'ਤੇ ਵੇਚਣਗੇ, ਇਸੇ ਕਰਕੇ ਵਪਾਰੀ ਐੱਮ ਐੱਸ ਪੀ ਦਾ ਕਾਨੂੰਨ ਨਹੀਂ ਬਣਨ ਦਿੰਦੇ। ਉੱਧਰ ਅਮਰੀਕਾ ਦੀ ਖੇਤੀ ਜੋ ਹੁਣ ਤਕਰੀਬਨ ਕਾਰਪੋਰੇਟ ਦੇ ਕੰਟਰੋਲ ਵਿੱਚ ਹੈ, ਉਹ ਹੌਲੀ-ਹੌਲੀ ਸਾਡੀ ਪੈਦਾਵਾਰ ਨੂੰ ਖ਼ਤਮ ਕਰਕੇ ਆਪਣੀ ਮੰਡੀ ਪੱਕੀ ਕਰਨ ਦੀ ਫਰਾਕ ਵਿੱਚ ਹਨ।

ਦੂਜੀ ਵਿਸ਼ਵ ਜੰਗ ਤੋਂ ਬਾਅਦ ਦੇਸ਼ਾਂ ਦਾ ਆਪਸ ਵਿੱਚ ਵਪਾਰ 1948 ਵਿੱਚ 'ਗੇਟ' ਬਣਾ ਕਿ ਹੋਇਆ ਸੀ। ਇਸ ਵਿੱਚ ਕਾਫੀ ਕਮੀਆਂ ਸਨ, ਜਿਸ ਤਰ੍ਹਾਂ ਪੱਕੇ ਮੈਂਬਰ ਨਾ ਹੋਣਾ, ਫੇਰ ਜੇ ਆਪਸ ਵਿੱਚ ਵਿਵਾਦ ਹੋ ਜਾਂਦਾ ਹੈ ਤਾਂ ਕਿਸ ਦੀ ਜ਼ਿੰਮੇਵਾਰੀ ਹੋਊਗੀ। ਇਸ ਲਈ 1995 ਵਿੱਚ ਡੰਕਲ ਕਾਨਫਰੰਸ ਵਿੱਚ ਗੇਟ ਨੂੰ ਬਦਲ ਕਿ ਵਿਸ਼ਵ ਵਪਾਰ ਸੰਗਠਨ ਬਣਾਇਆ ਗਿਆ। ਉਸ ਵੇਲੇ ਤਕਰੀਬਨ 123 ਦੇਸ਼ ਡਬਲਿਊ ਟੀ ਓ ਦੇ ਮੈਂਬਰ ਸਨ, ਜੋ ਹੁਣ ਵਧ ਕੇ 166 ਹੋ ਗਏ। ਇਸ ਵਿੱਚ 14 ਸਮਝੌਤੇ ਵਸਤੂਆਂ ਨਾਲ ਜੁੜੇ ਸੀ ਅਤੇ ਇੱਕ ਸਮਝੌਤਾ ਸਰਵਿਸ਼ਿਜ ਨਾਲ ਸੀ। 14 ਸਮਝੌਤੇ ਜੋ ਵਸਤੂਆਂ ਦੇ ਸਨ, ਉਹਨਾਂ ਨੂੰ ਵਸਤੂ ਵਪਾਰ ਦਾ ਨਾਂਅ ਦਿੱਤਾ ਸੀ ਇਸ ਵਿੱਚ ਖੇਤੀ ਅਤੇ ਸਹਾਇਕ ਧੰਦਿਆਂ ਨੂੰ ਵੀ ਜੋੜ ਲਿਆ ਗਿਆ ਸੀ। ਉਸ ਸਮੇਂ ਵਿਕਾਸਸ਼ੀਲ ਅਤੇ ਪਛੜੇ ਦੇਸ਼ਾਂ ਨੇ ਰੌਲਾ ਪਾਇਆ ਤਾਂ ਖੇਤੀ ਅਤੇ ਸਹਾਇਕ ਧੰਦਿਆਂ ਦੇ ਵਪਾਰ ਨੂੰ ਇੱਕ ਦਮ ਖੋਲ੍ਹਣ 'ਤੇ ਰੋਕ ਲਗਾ ਦਿੱਤੀ ਅਤੇ ਵਿਕਸਤ ਦੇਸ਼ਾਂ ਨੂੰ 6 ਸਾਲ ਅਤੇ ਵਿਕਾਸਸ਼ੀਲ ਨੂੰ 10 ਸਾਲ ਦਾ ਸਮਾਂ ਦਿੱਤਾ ਗਿਆ ਹੈ ਕਿ ਹੌਲੀ ਹੌਲੀ ਤੁਸੀਂ ਆਪਣੇ ਖੇਤੀ ਖੇਤਰਾਂ ਨੂੰ ਠੀਕ ਕਰ ਲਉ। ਪਿਛਲੇ ਸਮੇਂ ਵਿੱਚ ਐੱਮ ਐੱਸ ਪੀ ਅਤੇ ਸਰਕਾਰੀ ਖਰੀਦ ਨੂੰ ਲੈ ਕੇ ਭਾਰਤ 'ਤੇ ਦਬਾਅ ਦੇ ਪ੍ਰਤੀਕਰਨ ਬਣਦੇ ਰਹੇ ਹਨ, ਖਾਸ ਕਰਕੇ ਅਮਰੀਕਾ ਵੱਲੋਂ, ਪਰ ਜਦੋਂ ਤੋਂ ਚੀਨ ਅਤੇ ਪਾਕਿਸਤਾਨ ਵਿਚਕਾਰ ਸਮਝੌਤੇ ਹੋਏ ਤਾਂ ਅਮਰੀਕਾ ਦਾ ਰੁਖ਼ ਭਾਰਤ ਲਈ ਕੁਝ ਨਰਮ ਹੋਇਆ। ਇਥੇ ਇੱਕ ਗੱਲ ਸਪੱਸ਼ਟ ਹੈ ਕਿ ਜਿਥੇ ਜ਼ਿਆਦਾ ਦੇਸ਼ ਇਕੱਠੇ ਹੋਣਗੇ, ਉੱਥੇ ਵਿਕਾਸਸ਼ੀਲ ਦੇਸ਼ ਵਿਕਸਤ ਦੇਸ਼ਾਂ ਦੀਆਂ ਨੀਤੀਆਂ ਦਾ ਝੁਕਾਅ ਆਪਣੇ ਵੱਲ ਕਰ ਸਕਦੇ ਹਨ। ਜਦੋਂ ਭਾਰਤ ਦੀ ਨਿੰਮ, ਹਲਦੀ ਅਤੇ ਬਾਸਮਤੀ ਨੂੰ ਅਮਰੀਕਾ ਨੇ ਆਪਣਾ ਦੱਸ ਕੇ ਪੇਟੈਂਟ ਕਰਵਾ ਲਿਆ ਤਾਂ ਭਾਰਤ ਨੇ ਵਿਸ਼ਵ ਵਪਾਰ ਸੰਗਠਨ ਦੀ ਕਚਹਿਰੀ ਡਿਸਪਿਊਟ ਸੈਟਲਮੈਂਟ ਸੰਸਥਾ ਵਿੱਚ ਪਹੁੰਚਿਆ ਤਾਂ ਕੁਝ ਸਫਲਤਾ ਜ਼ਰੂਰ ਮਿਲੀ ਗੱਲ ਹੈ ਕਿ ਸ਼ਿਕਾਇਤ ਨਿਵਾਰਨ ਲਈ ਸਾਂਝੀ ਸੰਸਥਾ ਤਾਂ ਹੈ।

ਇਕ ਗੱਲ ਹੋਰ ਵੀ ਧਿਆਨ ਦੇਣ ਵਾਲੀ ਹੈ ਵਿਕਸਤ ਦੇਸ਼ ਵਿਕਾਸਸ਼ੀਲ ਦੇਸ਼ਾਂ ਤੋਂ ਆਉਣ ਵਾਲੇ ਸਮਾਨ 'ਤੇ ਵਾਤਾਵਰਨ ਟੈਕਸ ਲਗਾਉਣ ਦੀਆ ਯੋਜਨਾਵਾਂ ਵੀ ਬਣਾ ਰਹੇ ਹਨ। ਅੱਜ ਹਾਲਾਤ ਇਹ ਹਨ ਕਿ ਹਰ ਵਿਕਸਤ ਦੇਸ਼ ਆਪਣਾ ਪਾਣੀ ਬਚਾਉਣ ਲਈ ਉਦਯੋਗ ਵਿਕਾਸਸ਼ੀਲ ਦੇਸ਼ਾਂ ਵਿੱਚ ਭੇਜ ਰਹੇ ਹਨ ਅਤੇ ਖੇਤੀ ਲਈ ਪਾਣੀ ਵਧਾ ਕਿ ਉਸ ਦੀ ਨਿਰਭਰਤਾ ਦੂਜਿਆਂ 'ਤੇ ਘਟਾਈ ਜਾ ਰਹੀ ਹੈ, ਉੱਧਰ ਵਿਕਾਸਸ਼ੀਲ ਦੇਸ਼ਾ ਵੱਲੋਂ ਬਣਾਈਆਂ ਵਸਤੂਆਂ ਤੇ ਡਿਊਟੀ ਘਟਾ ਕੇ ਵਾਤਾਵਰਨ ਟੈਕਸ ਲਗਾਉਣ ਦੀ ਫਰਾਕ ਵਿੱਚ ਹਨ।

ਖੁੱਲ੍ਹਾ ਵਪਾਰ ਸਮਝੌਤਾ (ਫਰੀ ਟਰੇਡ ਐਗਰੀਮੈਂਟ) :- ਕਈ ਦੇਸ਼ ਆਪਸ ਵਿੱਚ ਖੁੱਲ੍ਹਾ ਵਪਾਰ ਸਮਝੌਤਾ ਕਰਕੇ ਵਿਸ਼ਵ ਵਪਾਰ ਦੀਆਂ ਹੱਦਾਂ ਬਦਲ ਰਹੇ ਹਨ। ਭਾਰਤ ਨੇ ਵੀ ਪਿਛਲੇ ਸਮੇਂ ਵਿੱਚ ਕਈ ਦੇਸ਼ਾਂ ਨਾਲ ਖੁੱਲ੍ਹੇ ਵਪਾਰ ਸਮਝੌਤੇ ਕੀਤੇ, ਜਿਵੇਂ ਕਿ ਨਿਊ ਜ਼ੀਲੈਂਡ, ਆਸਟਰੇਲੀਆ, ਮੋਰੀਸ਼ੀਅਸ। ਇਥੇ ਗੱਲ ਇਹ ਹੈ ਕਿ ਜੇ ਇਕ ਦੇਸ਼ ਯਾਨਿ ਭਾਰਤ ਦਾ ਕੁਝ ਵਸਤੂਆਂ ਲਈ ਆਸਟਰੇਲੀਆ ਨਾਲ ਫਰੀ ਟਰੇਡ ਹੈ ਤਾਂ ਹੋਰ ਕਿਸੇ ਦੇਸ਼ ਦਾ ਵੀ ਆਸਟਰੇਲੀਆ ਨਾਲ ਇਹੋ ਜਿਹਾ ਸਮਝੌਤਾ ਹੈ। ਉਸ ਦੇਸ਼ ਦਾ ਭਾਰਤ ਨਾਲ ਸਮਝੌਤਾ ਨਹੀਂ ਅਤੇ ਭਾਰਤ ਵਿੱਚ ਉਸ ਦੀਆਂ ਵਸਤੂਆਂ ਤੇ ਡਿਊਟੀ ਲੱਗਦੀ ਹੈ ਤਾਂ ਉਹ ਆਪਣੀਆਂ ਵਸਤੂਆਂ ਆਸਟਰੇਲੀਆ ਜ਼ਰੀਏ ਭਾਰਤ ਬਿਨਾਂ ਡਿਊਟੀ ਭੇਜ ਸਕਦਾ ਹੈ। ਭਾਰਤ ਅਤੇ ਯੂਰਪ ਦੀ ਦੁਵੱਲੇ ਵਪਾਰ ਦੀ ਗੱਲਬਾਤ 2007 ਵਿੱਚ ਸ਼ੁਰੂ ਹੋਈ ਸੀ, ਪਰ ਸਹਿਮਤੀ ਨਾਂ ਬਣਨ ਕਰਕੇ 2022 ਤੱਕ ਮੁਅੱਤਲ ਰਹੀ। ਇਸ ਨੂੰ ਜੁਲਾਈ 2022 ਵਿੱਚ ਮੁੜ ਸ਼ੁਰੂ ਕੀਤਾ ਗਿਆ ਅਤੇ 2023 ਤੱਕ ਇਸ ਨੂੰ ਪੂਰਾ ਕਰਨ ਦਾ ਟੀਚਾ ਰੱਖਿਆ ਗਿਆ ਸੀ। ਜਦੋਂ ਤੋਂ ਅਮਰੀਕਾ ਨੇ ਰੈਸੀਪਰੋਕਲ ਟੈਕਸ ਦੀ ਗੱਲ ਛੇੜੀ ਹੈ ਭਾਰਤ ਈ ਯੂ ਨਾਲ ਸਮਝੌਤੇ ਦੀ ਕਾਹਲੀ ਵਿੱਚ ਹੈ। ਇਹ ਸਮਝੌਤਾ ਅਜੇ ਤੱਕ ਸਿਰੇ ਨਾ ਚੜ੍ਹ ਸਕਿਆ, ਅਸਲ ਵਿੱਚ ਮੁੱਖ ਮੁੱਦਾ ਫਿਰ ਖੇਤੀ ਤੇ ਸਹਾਇਕ ਧੰਦੇ ਹੀ ਹਨ। ਯੂਰਪੀਨ ਯੂਨੀਅਨ ਖੇਤੀ ਨੂੰ ਖੁੱਲ੍ਹਵਾਉਣਾ ਚਾਹੁੰਦੀ ਹੈ। ਖਾਸ ਕਰਕੇ ਡੇਅਰੀ ਖੇਤਰ ਨੂੰ ਉੱਧਰ ਸਾਡੀਆਂ ਵਸਤੂਆਂ ਲਈ ਉਸ ਨੇ ਮਿਆਰ ਉੱਚੇ ਕਰ ਦਿੱਤੇ ਹਨ। ਗੱਲ ਇਹ ਹੈ ਕਿ ਜਰਮਨੀ ਦੇ ਅਰਥਵਿਵਸਥਾ ਮੰਤਰੀ ਰੋਬਰਟ ਨੇ ਕਿਹਾ ਕਿ ਭਾਰਤ ਤੇ ਜਰਮਨੀ ਦੀ ਤੁਲਨਾ ਬਰਾਬਰ ਨਹੀਂ ਕੀਤੀ ਜਾ ਸਕਦੀ, ਕਿਉਂਕਿ ਜਰਮਨੀ ਦੀ ਸਿਰਫ 2 ਫੀਸਦੀ ਅਬਾਦੀ ਖੇਤੀ 'ਤੇ ਨਿਰਭਰ ਹੈ, ਜਦਕਿ ਭਾਰਤ ਦੀ 60 ਫੀਸਦੀ। ਭਾਰਤ ਲਈ ਖੇਤੀ ਤੇ ਸਹਾਇਕ ਧੰਦੇ ਦਾ ਖੇਤਰ ਖੋਲ੍ਹਣਾ ਸੌਖਾ ਨਹੀਂ ਹੋਵੇਗਾ। 2023 ਵਿੱਚ ਯੂਰਪੀਅਨ ਯੂਨੀਅਨ ਭਾਰਤ ਦਾ ਤਕਰੀਬਨ ਸਭ ਤੋਂ ਵੱਡਾ ਵਪਾਰਕ ਹਿੱਸੇਦਾਰ ਸੀ। ਦੋਨਾਂ ਦੇਸ਼ਾਂ ਦਰਮਿਅਨ 124 ਬਿਲੀਅਨ ਯੂਰੋ ਦਾ ਵਪਾਰ ਹੋਇਆ ਸੀ। ਈ ਯੂ ਦੀ ਅੱਖ ਆਪਣਾ ਦੁੱਧ ਅਤੇ ਸਮੁੰਦਰੀ ਖਾਣੇ ਦੇ ਕਾਰੋਬਾਰ ਨੂੰ ਵਿਕਸਤ ਕਰਨ ਲਈ ਨਵੀਂ ਮੰਡੀ ਦੇ ਰੂਪ ਵਿੱਚ ਵੇਖਿਆ ਜਾ ਰਿਹਾ ਹੈ। ਇਸ ਨਾਲ ਸਿੱਧਾ ਸਾਡੇ ਡੇਅਰੀ ਅਤੇ ਸੀਅ ਫੂਡ ਦੇ ਵਪਾਰ 'ਤੇ ਫਰਕ ਪੈਣਾ ਹੈ। ਦੋਨੋਂ ਹੀ ਸਾਡੀ ਖੇਤੀ ਤੇ ਕਿਸਾਨਾਂ ਨੂੰ ਸਹਾਰਾ ਲਾਉਂਦੇ ਹਨ। ਇਹਨਾਂ ਤੋਂ ਬਿਨਾਂ ਸਾਡੀ 60 ਫੀਸਦੀ ਅਬਾਦੀ ਦਾ ਜਿਉਣਾ ਮੁਹਾਲ ਹੋ ਜਾਵੇਗਾ। ਉੱਧਰ ਐਨੀ ਵੱਡੀ ਆਬਾਦੀ ਨੂੰ ਸਾਂਭਣ ਲਈ ਸਾਡੇ ਉਦਯੋਗ ਵਿੱਚ ਵੀ ਨੌਕਰੀਆਂ ਨਹੀਂ ਹਨ।

ਕੁੱਲ ਮਿਲਾ ਕਿ ਜਿਸ ਤਰ੍ਹਾਂ ਅਮਰੀਕਾ ਨੇ ਇਕ ਦਮ ਆਮਦ ਵਾਲੀਆ ਵਸਤੂਆਂ 'ਤੇ ਟੈਕਸ ਵਧਾ ਕਿ ਸਾਰੀ ਦੁਨੀਆ ਨੂੰ ਸ਼ਸ਼ੋਪੰਜ ਵਿੱਚ ਪਾ ਦਿੱਤਾ ਹੈ। ਇਸ ਵਕਤ ਬਹੁਤ ਸੋਚ-ਸਮਝ ਕੇ ਬਿਨਾਂ ਕਿਸੇ ਦਬਾਅ ਦੇ ਦੇਸ਼ ਦੇ ਹਿੱਤ ਅੱਗੇ ਰੱਖ ਕੇ ਫੈਸਲੇ ਲੈਣ ਦੀ ਲੋੜ ਹੈ, ਤਾਂ ਕਿ ਦੇਸ਼ ਦੀ ਆਰਥਿਕਤਾ ਨੂੰ ਸੱਟ ਨਾ ਵੱਜੇ। ਖਾਸ ਕਰਕੇ ਹੁਣ ਜੋ ਹਾਲਾਤ ਸਾਡੇ ਪਾਕਿਸਤਾਨ ਨਾਲ ਬਣੇ ਹਨ, ਉਹਨਾਂ ਦੇ ਮੱਦੇਨਜ਼ਰ ਦਬਾਅ ਵਧ ਸਕਦਾ ਹੈ।

**# ਸੰਪਰਕ : 96537-90000**

# ਹੜ੍ਹ ਕੁਦਰਤ ਦੀ ਕਰੋਪੀ ਜਾਂ ਮਨੁੱਖੀ ਵਰਤਾਰਾ

ਗੁਰਜਿੰਦਰ ਸਿੰਘ ਸਾਹਦੜਾ

ਸਾਡਾ ਇਨਸਾਨਾਂ ਦਾ ਖਾਸ ਕਰ ਪੰਜਾਬੀਆਂ ਦਾ ਇੱਕ ਸੁਭਾਅ ਰਿਹਾ ਏ, ਜੇ ਕੁਝ ਚੰਗਾ ਹੋ ਜੇ ਤਾਂ ਮੈਂ ਕੀਤਾ, ਪਰ ਜੇ ਕੁਝ ਮਾੜਾ ਹੁੰਦਾ ਏ, ਉਹਦੇ ਲਈ 'ਉੱਪਰ ਵਾਲੇ' ਸਿਰ ਉਲ੍ਹਾਂਭਾ ਧਰ ਦਿੰਦੇ ਹਾਂ ਜਾਂ ਫਿਰ ਕਿਸੇ ਹੋਰ ਨੂੰ ਜ਼ਿੰਮੇਵਾਰ ਠਹਿਰਾ ਦਿੱਤਾ ਜਾਂਦਾ ਏ। ਇਹੀ ਕੁਝ ਹੜ੍ਹਾਂ ਵਾਲੇ ਮਾਮਲੇ 'ਚ ਵੀ ਹੋ ਰਿਹਾ ਏ। ਹੋਏ ਤੇ ਹੋ ਰਹੇ ਨੁਕਸਾਨ ਦਾ ਸਾਰਾ ਦੋਸ਼ ਸਿਰਫ ਤੇ ਸਿਰਫ ਸਰਕਾਰਾਂ ਸਿਰ ਧਰਿਆ ਜਾ ਰਿਹਾ ਏ। ਸਰਕਾਰ ਨੇ ਆਹ ਨਹੀਂ ਕੀਤਾ, ਸਰਕਾਰ ਨੇ ਓਹ ਨਹੀਂ ਕੀਤਾ? ਸਰਕਾਰ ਨੂੰ ਆਹ ਕਰਨਾ ਚਾਹੀਦਾ ਸੀ, ਸਰਕਾਰ ਨੂੰ ਉਹ ਕਰਨਾ ਚਾਹੀਦਾ ਸੀ, ਪਰ ਕਦੀ ਸੋਚਿਆ ਇਹ ਸਰਕਾਰਾਂ ਆਈਆਂ ਕਿੱਥੋਂ ਨੇ? ਇਹਨਾਂ ਨੂੰ ਬਣਾਉਂਦਾ ਕੌਣ ਏ ਤੇ ਜਦੋਂ ਸਰਕਾਰਾਂ ਬਣੀਆਂ, ਓਦੋਂ ਅਸੀਂ ਕਿੱਥੇ ਸੀ? ਤੇ ਓਦੋਂ ਅਸੀਂ ਕੀ ਕਰਿਆ? ਓਦੋਂ ਅਸੀਂ ਇਹਨਾਂ ਸਰਕਾਰਾਂ ਵਿਚਲੇ ਨੁਮਾਇੰਦਿਆਂ ਨੂੰ ਚੁਣਿਆ ਤੇ ਚੁਣਨ ਵੇਲੇ ਇਹ ਦੇਖਿਆ ਕਿ ਫਲਾਣਾ ਕੀ ਕੁਝ ਮੁਫਤ ਵੰਡ ਰਿਹਾ ਏ! ਉਮੀਦਵਾਰ ਵੱਲੋਂ ਸ਼ਰਾਬ ਕਿਹੜੀ ਵੰਡੀ ਜਾ ਰਹੀ ਏ! ਕਿਹਨੇ ਕਿੰਨੀਆਂ ਪੇਟੀਆਂ ਭੇਜੀਆਂ! ਫਲਾਣੇ ਨੇ ਮੇਰੀ ਇਸ ਕੇਸ ਜਾਂ ਝਗੜੇ 'ਚ ਮਦਦ ਕਰੀ ਏ! ਫਲਾਣਾ ਮੇਰੀ ਜਾਤ ਜਾਂ ਮੇਰੇ ਧਰਮ ਦਾ ਏ! ਸਰਕਾਰ ਬਣਨ ਵੇਲੇ ਕੀ ਕੁਝ ਮੁਫ਼ਤ ਮਿਲੇਗਾ! ਵਗੈਰਾ-ਵਗੈਰਾ! ਬੱਸ ਆ ਕੁਝ ਹੀ ਦੇਖਦੇ ਹਾਂ ਅਸੀਂ ਓਦੋਂ।

ਹੁਣ ਦੀ ਗੱਲ ਕਰੀਏ ਤਾਂ ਕਈ 'ਵਿਦਵਾਨ' ਤਾਂ ਇਹ ਵੀ ਕਹਿ ਰਹੇ ਨੇ ਕਿ ਹੜ੍ਹ ਲਿਆਂਦੇ ਹੀ ਸਰਕਾਰ ਨੇ ਤੇ ਉਹ ਵੀ ਜਾਣ-ਬੁੱਝ ਕੇ, ਪੰਜਾਬ ਨੂੰ ਡੋਬਣ ਲਈ, ਬਦਲਾ ਲੈਣ ਲਈ ਜ਼ਮੀਨਾਂ 'ਤੇ ਕਬਜ਼ਾ ਕਰਨ ਲਈ, ਪਰ ਸ਼ਾਇਦ ਉਹ ਭੁੱਲ ਰਹੇ ਨੇ ਕਿ ਹੜ੍ਹ ਇਕੱਲੇ ਪੰਜਾਬ 'ਚ ਹੀ ਨੀ ਆਏ, ਹਿਮਾਚਲ, ਜੰਮੂ ਤੇ ਉਤਰਾਂਚਲ ਵੀ ਇਸ ਦੀ ਲਪੇਟ ਤੇ ਮਾਰ ਹੇਠ ਆਏ ਨੇ। ਕੀ ਉੱਥੇ ਵੀ ਸਰਕਾਰਾਂ ਨੇ ਜਾਣ-ਬੁੱਝ ਕੇ ਹੜ੍ਹ ਲਿਆਂਦੇ ਨੇ? ਹਾਂ, ਇੱਕ ਗੱਲ ਜ਼ਰੂਰ ਏ, ਜਿਹੜੀ ਕਹਿਣੀ ਬਣਦੀ ਏ, ਸਰਕਾਰਾਂ ਤੋਂ ਲਾਪਰਵਾਹੀ ਤਾਂ ਹੋਈ ਏ। ਜੇਕਰ ਸਮਾਂ ਰਹਿੰਦੇ ਡੈਮਾਂ ਵਿੱਚੋਂ ਥੋੜ੍ਹਾ-ਥੋੜ੍ਹਾ ਕਰਕੇ ਪਾਣੀ ਛੱਡਿਆ ਹੁੰਦਾ ਤੇ ਛੱਡਣ ਤੋ ਪਹਿਲਾਂ ਬਰਸਾਤੀ ਨਦੀ, ਨਾਲੇ, ਚੋਅ, ਖੱਡਾਂ ਵਗੈਰਾ ਸਾਫ ਕਰਾਏ ਹੁੰਦੇ ਤਾਂ ਹੋ ਸਕਦਾ ਨੁਕਸਾਨ ਘੱਟ ਹੁੰਦਾ, ਪਰ ਉਹਦੇ 'ਚ ਵੀ ਇੱਕ ਦਲੀਲ ਹੈ ਕਿ ਡੈਮਾਂ ਦੇ ਵਿੱਚ ਪਾਣੀ ਦਾ ਇੱਕ ਪੱਧਰ ਬਣਾ ਕੇ ਰੱਖਣਾ ਪੈਂਦਾ ਏ ਤਾਂ ਜੋ ਘੱਟ ਬਾਰਸ਼ ਹੋਣ ਜਾਂ ਸੋਕੇ ਦੀ ਸਥਿਤੀ 'ਚ ਡੈਮਾਂ ਦਾ ਲੈਵਲ ਨਾ ਘਟ ਜੇ। ਹਰ ਸਾਲ ਇਵੇਂ ਹੀ ਹੁੰਦਾ ਆਇਆ ਏ, ਪਰ ਇਸ ਵਾਰ ਗੱਲ ਇਹ ਹੋਈ ਕਿ ਬਰਸਾਤ ਲੋੜ ਤੋਂ ਕਿਤੇ ਜ਼ਿਆਦਾ ਹੋ ਗਈ ਤੇ ਪਾਣੀ ਸਾਂਭਣਾ ਮੁਸ਼ਕਲ ਹੋ ਗਿਆ। ਪ੍ਰਬੰਧਕ ਅੰਤ ਤੱਕ ਇਹੀ ਦੇਖਦੇ ਰਹੇ ਕਿ ਸ਼ਾਇਦ ਪਾਣੀ ਖ਼ਤਰੇ ਦੇ ਨਿਸ਼ਾਨ ਦੇ ਨੇੜੇ-ਤੇੜੇ ਨਾ ਹੀ ਪੁੱਜੇ, ਹੇਠਾਂ ਹੀ ਰਹਿ ਜਾਵੇ, ਜੋ ਕਿ ਪ੍ਰਸ਼ਾਸਨ ਦੀ ਇੱਕ ਭੁੱਲ ਤੇ ਵੱਡੀ ਲਾਪਰਵਾਹੀ ਸਾਬਤ ਹੋਈ। ਇਹ ਵੀ ਕਹਿ ਸਕਦੇ ਹਾਂ ਆਪਸੀ ਕਾਟੋ-ਕਲੇਸ਼ 'ਚ ਉਲਝਿਆ ਪ੍ਰਸ਼ਾਸਨ ਇਸ ਪੱਖੋਂ ਅਵੇਸਲਾ, ਅਣਗੌਲਾ ਤੇ ਬੇਧਿਆਨਾ ਹੀ ਰਿਹਾ, ਜਿਸ ਦਾ ਖ਼ਮਿਆਜ਼ਾ ਲੋਕਾਂ ਨੂੰ ਭੁਗਤਣਾ ਪੈ ਰਿਹਾ ਏ।

ਚਲੋ ਸਰਕਾਰਾਂ ਨੇ ਤਾਂ ਜੋ ਕਰਨਾ ਸੀ ਕਰ ਦਿੱਤਾ ਜਾਂ ਕਹਿ ਲਓ ਅੰਗਰੇਜ਼ਾਂ ਦੇ ਜਾਣ ਦੇ ਬਾਅਦ ਤੋਂ ਹੀ ਕਰਦੀਆਂ ਆ ਰਹੀਆਂ ਨੇ ਤੇ ਇਨ੍ਹਾਂ ਤੋਂ ਕੋਈ ਬਹੁਤੀ ਉਮੀਦ ਵੀ ਨਹੀਂ ਸੀ। (ਇਸ ਸਭ ਨੂੰ ਕਿਸੇ ਇੱਕ ਖਾਸ ਸਰਕਾਰ ਦੇ ਕੰਮ-ਕਾਰ ਨਾਲ ਨ੍ਹੀਂ ਜੋੜ ਸਕਦੇ, ਹੁਣ ਤੱਕ ਸਾਰਿਆਂ ਦਾ ਇਹੀ ਹਾਲ ਰਿਹਾ ਏ।) ਪਰ ਜ਼ਰਾ ਆਪਣੇ ਅੰਦਰ ਝਾਤੀ ਮਾਰ ਕੇ ਵੇਖੋ ਤੇ ਇੱਕ ਗੱਲ ਧਰਮ ਨਾਲ ਦੱਸੋ, ਕਦੀ ਕਿਸੇ ਨੇ ਸਵੈ-ਪੜਚੋਲ ਕਰੀ ਏ ਕਿ ਤੁਸੀਂ ਕੀ ਕਰਿਆ? ਮਿੱਟੀ, ਪਾਣੀ ਜਾਂ ਹਵਾ ਨੂੰ ਤੁਸੀਂ ਤਾਂ ਨਹੀਂ ਪਲੀਤ ਕਰਿਆ? ਕੁਦਰਤ ਦਾ ਅਕਸ ਵਿਗਾੜਨ 'ਚ ਤੁਸੀਂ ਤਾਂ ਨਹੀਂ ਕੋਈ ਯੋਗਦਾਨ ਪਾਇਆ? ਇਹਨਾਂ ਹੜ੍ਹਾਂ ਲਈ ਕਿਤੇ ਨਾ ਕਿਤੇ ਤੁਸੀਂ ਤਾਂ ਨਹੀਂ ਜ਼ਿੰਮੇਵਾਰ? ਹੈ ਕੋਈ ਜਵਾਬ ਤੁਹਾਡੇ ਕੋਲੇ? ਵਗਦੀ ਗੰਗਾ 'ਚ ਸਾਰਿਆਂ ਨੇ ਹੀ ਹੱਥ ਧੋ ਰੱਖੇ ਨੇ। ਬਹੁਤੇ ਜ਼ਿਮੀਂਦਾਰਾਂ ਨੇ ਪਿੰਡਾਂ ਵਿਚਲੇ ਖ਼ਾਲੇ ਵਾਹ ਕੇ ਆਪਣੀਆਂ ਜ਼ਮੀਨਾਂ 'ਚ ਰਲਾ ਲਏ ਨੇ। ਟੋਭੇ ਤੱਕ ਲੋਕਾਂ ਨੇ ਪੂਰ ਦਿੱਤੇ ਨੇ। ਸਾਂਝੀਆਂ ਸ਼ਾਮਲਾਟਾਂ ਨਹੀਂ ਛੱਡੀਆਂ, ਉਨ੍ਹਾਂ 'ਤੇ ਵੀ ਨਜ਼ਾਇਜ਼ ਕਬਜ਼ੇ ਕਰ ਕੇ ਬਹਿ ਗਏ। ਹੋਰ ਤਾਂ ਹੋਰ ਸੜਕਾਂ ਦੇ ਨਾਲ ਦੇ ਬਰਮ ਵੀ ਵੱਢ ਕੇ ਖੇਤਾਂ 'ਚ ਰਲਾ ਲਏ। ਅੱਜ ਹਾਲਾਤ ਇਹ ਹੋ ਗਏ ਨੇ ਕਿ ਇੱਕ ਪਿੰਡ ਤੋਂ ਆਪਣਾ ਗਲੀਆਂ-ਨਾਲੀਆਂ ਦਾ ਪਾਣੀ ਨਹੀਂ ਸਾਂਭਿਆ ਜਾ ਰਿਹਾ, ਬਰਸਾਤ ਵਾਲਾ ਮੀਂਹ ਦਾ ਵਾਧੂ ਪਾਣੀ ਸਾਂਭਣਾ ਤਾਂ ਫਿਰ ਦੂਰ ਦੀ ਗੱਲ ਏ। ਹੁਣ ਦੱਸੋ ਜਿੱਥੇ ਖਾਲੇ ਵਾਹ ਲਏ ਗਏ ਨੇ ਜਾਂ ਬੰਦ ਕਰ ਦਿੱਤੇ ਗਏ ਨੇ, ਉੱਥੇ ਆਏ ਪਾਣੀ ਦਾ ਜ਼ੁੰਮੇਵਾਰ ਕੌਣ ਏ?

ਦਰਿਆਵਾਂ ਦੇ ਧੁਰ ਅੰਦਰ ਤੱਕ ਤਾਂ ਲੋਕਾਂ ਨੇ ਘਰ ਬਣਾ ਰੱਖੇ ਨੇ। ਮੱਝਾਂ, ਗਾਵਾਂ ਬੰਨ੍ਹ ਰੱਖੀਆਂ ਨੇ। ਦਰਿਆਵਾਂ ਕੰਢੇ ਖੜੇ ਦਰੱਖਤ ਵੱਢ ਲਏ। ਜੰਗਲ ਕੱਟ ਕੇ ਪੱਧਰੇ ਖੇਤ ਬਣਾ ਲਏ। ਭੁੱਲ ਗਏ ਕਿ ਪਾਣੀ ਤਾਂ ਸੌ ਸਾਲ ਪਿੱਛੋਂ ਵੀ ਆਪਣਾ ਰਸਤਾ ਤਲਾਸ਼ ਲੈਂਦਾ ਏ। ਮੁੜ ਆਪਣਾ ਰਾਹ ਬਣਾ ਲੈਂਦਾ ਏ। ਉਹਨੇ ਥੋੜ੍ਹਾ ਦੇਖਣਾ ਕਿ ਰਾਹ 'ਚ ਕਿਸੇ ਦਾ ਘਰ ਏ ਜਾਂ ਗੁਰਦੁਆਰਾ, ਮੰਦਰ ਏ ਜਾਂ ਕੋਈ ਡੇਰਾ ਏ ਜਾਂ ਫਿਰ ਪਸ਼ੂ ਬੰਨੇ ਹੋਏ ਨੇ। ਉਹਨੇ ਤਾਂ ਬੱਸ ਨਿਵਾਣ ਲੱਭਣੀ ਏ।

ਡੈਮਾਂ ਤੋਂ ਛੱਡੇ ਪਾਣੀਆਂ ਦੀ ਬਦੌਲਤ ਤਾਂ ਜਿਹੜੇ ਹੜ੍ਹ ਆਏ ਸੋ ਆਏ, ਪਰ ਬਹੁਤੇ ਪਿੰਡਾਂ 'ਚ ਕੁਦਰਤੀ ਵਹਾਅ ਬੰਦ ਕਰਨ ਕਰਕੇ ਹੀ ਹੜ੍ਹਾਂ ਜਿਹੀ ਸਥਿਤੀ ਪੈਦਾ ਹੋਈ ਏ। ਪਿੰਡਾਂ 'ਚ, ਘਰਾਂ ਚ ਪਾਣੀ ਵੜ ਚੁੱਕਾ ਏ। ਅੱਗੋਂ ਮੀਂਹਾਂ ਦੇ ਪਾਣੀ ਨਾਲ ਜਦੋਂ ਜੀਰੀ ਦੇ ਖੇਤਾਂ ਵਿੱਚ ਖੜਾ ਪਾਣੀ ਰਲਿਆ ਤਾਂ ਸਭ ਵੱਟ-ਬੰਨੇ ਟੁੱਟ ਗਏ। ਕੋਈ ਸਮਾਂ ਸੀ, ਬੰਜਰ ਤੇ ਪਿਆਸੀਆਂ ਜ਼ਮੀਨਾਂ ਮੀਂਹਾਂ ਦਾ ਪਾਣੀ ਸੋਖ ਲੈਂਦੀਆਂ ਸਨ। ਜਿੰਨਾ ਮਰਜ਼ੀ ਮੀਂਹ ਪਵੇ ਪੀ ਲੈਂਦੀਆਂ ਸਨ, ਆਪਣੇ ਅੰਦਰ ਸਮਾ ਲੈਂਦੀਆਂ ਸਨ, ਪਰ ਹੁਣ ਪਹਾੜ ਢਾਹ ਕੇ, ਟਿੱਬੇ-ਟੋਏ ਕਰਾਹ ਕੇ ਬਹੁਤੀਆਂ ਜ਼ਮੀਨਾਂ ਪੱਧਰੀਆਂ ਕੀਤੀਆਂ ਜਾ ਚੁੱਕੀਆਂ ਨੇ। ਬੰਜਰ ਤੋਂ ਸੇਂਜੂ ਬਣ ਗਈਆਂ ਨੇ। ਪੈਰ-ਪੈਰ 'ਤੇ ਮੋਟਰਾਂ ਲੱਗ ਗਈਆਂ ਨੇ ਤੇ ਉਹ ਜ਼ਮੀਨਾਂ ਪਾਣੀ ਖੁਣੋਂ ਪਿਆਸੀਆਂ ਨਹੀਂ ਰਹੀਆਂ। ਹੋਰ ਤਾਂ ਹੋਰ ਸਾਡੇ ਤੇ ਧੱਕੇ ਨਾਲ ਥੋਪੀ ਗਈ ਫਸਲ ਜੀਰੀ ਦੀ ਬਦੌਲਤ ਝੋਨਾ ਲੱਗੇ ਖੇਤਾਂ ਵਿੱਚ ਪਾਣੀ ਦਾ ਕੁਦਰਤੀ ਰਸਾਅ ਰੁਕ ਗਿਆ ਏ। ਸਗੋਂ ਇਹਨਾਂ ਖੇਤਾਂ ਵਿੱਚ ਪਹਿਲਾਂ ਤੋਂ ਖੜਾ ਪਾਣੀ ਮੀਂਹਾਂ ਦੇ ਪਾਣੀ ਨਾਲ ਰਲ ਕੇ ਹੋਰ ਨੁਕਸਾਨ ਕਰ ਰਿਹਾ ਏ।

ਇਸ ਤੋਂ ਪਹਿਲਾਂ ਕਿ ਬਹੁਤ ਦੇਰ ਹੋ ਜੇ, ਹਾਲੇ ਵੀ ਸਮਾਂ ਏ ਲੋਕੋ, ਥੋੜ੍ਹਾ ਪਿੱਛੇ ਵੱਲ ਪਰਤੋ ਤੇ ਕੁਦਰਤ ਦੇ ਨੇੜੇ ਹੋਵੋ। ਕੁਦਰਤ ਦਾ ਤਾਂ ਅਸੂਲ ਏ, ਇੱਕ ਹੱਥ ਦੇਵੋ ਤੇ ਦੂਜੇ ਹੱਥ ਲੈ ਲਵੋ। ਚੰਗਾ ਲੈਣਾ ਜਾਂ ਮਾੜਾ, ਉਹ ਤੁਹਾਡੀ ਮਰਜ਼ੀ।

**# ਸੰਪਰਕ : 98153-02341**

# ਸੋਸ਼ਲ ਮੀਡੀਆ ਤੋਂ ਰੁਜ਼ਗਾਰ

ਸੰਦੀਪ ਕੁਮਾਰ

ਆਧੁਨਿਕ ਯੁੱਗ 'ਚ ਸੋਸ਼ਲ ਮੀਡੀਆ ਸਿਰਫ਼ ਮਨੋਰੰਜਨ ਜਾਂ ਸੰਚਾਰ ਦਾ ਸਾਧਨ ਨਹੀਂ ਰਿਹਾ, ਸਗੋਂ ਇਹ ਇੱਕ ਸ਼ਕਤੀਸ਼ਾਲੀ ਆਰਥਿਕ ਸਾਧਨ ਵਜੋਂ ਉਭਰਿਆ ਹੈ। ਪਿਛਲੇ ਦਹਾਕੇ ਵਿੱਚ ਇੰਟਰਨੈੱਟ ਦੀ ਪਹੁੰਚ ਵਿੱਚ ਹੋਏ ਵਾਧੇ ਨੇ ਸੋਸ਼ਲ ਮੀਡੀਆ ਨੂੰ ਸਿਰਫ਼ ਸਮਾਂ ਬਰਬਾਦ ਕਰਨ ਦਾ ਪਲੇਟਫਾਰਮ ਨਹੀਂ ਰਹਿਣ ਦਿੱਤਾ, ਬਲਕਿ ਇਸ ਨੂੰ ਰੁਜ਼ਗਾਰ ਸਿਰਜਣ ਦਾ ਮਜ਼ਬੂਤ ਸਾਧਨ ਬਣਾਇਆ। ਅੱਜ ਸੋਸ਼ਲ ਮੀਡੀਆ ਪਲੇਟਫਾਰਮ, ਜਿਵੇਂ ਕਿ ਫੇਸਬੁਕ, ਇੰਸਟਾਗ੍ਰਾਮ, ਯੂਟਿਊਬ, ਟਿਕਟੌਕ, ਲਿੰਕਡਇਨ ਅਤੇ ਐਕਸ (ਪਹਿਲਾਂ ਟਵਿੱਟਰ) ਰਾਹੀਂ ਲੱਖਾਂ-ਕਰੋੜਾਂ ਲੋਕ ਘਰ ਬੈਠੇ ਵਧੀਆ ਆਮਦਨ ਪ੍ਰਾਪਤ ਕਰ ਰਹੇ ਹਨ। ਸੋਸ਼ਲ ਮੀਡੀਆ ਨੇ ਨਾ ਸਿਰਫ਼ ਨੌਜਵਾਨਾਂ ਲਈ ਨਵੇਂ ਮੌਕੇ ਖੋਲ੍ਹੇ, ਸਗੋਂ ਉਨ੍ਹਾਂ ਲੋਕਾਂ ਲਈ ਵੀ ਰੁਜ਼ਗਾਰ ਦੇ ਦਰਵਾਜ਼ੇ ਖੋਲ੍ਹੇ ਜੋ ਰਵਾਇਤੀ ਨੌਕਰੀਆਂ ਦੀ ਬਜਾਏ ਆਪਣੀ ਸਿਰਜਣਾਤਮਕਤਾ ਅਤੇ ਹੁਨਰ ਨੂੰ ਵਰਤਣਾ ਚਾਹੁੰਦੇ ਹਨ।

**ਸੋਸ਼ਲ ਮੀਡੀਆ ਦੀ ਰੁਜ਼ਗਾਰ ਵਿੱਚ ਭੂਮਿਕਾ**

ਪਹਿਲਾਂ ਦੇ ਸਮੇਂ ਵਿੱਚ ਰੁਜ਼ਗਾਰ ਦਾ ਅਰਥ ਸਰਕਾਰੀ ਜਾਂ ਪ੍ਰਾਈਵੇਟ ਨੌਕਰੀਆਂ ਤੱਕ ਸੀਮਤ ਸੀ। ਲੋਕਾਂ ਦੀ ਜ਼ਿੰਦਗੀ ਦਾ ਮੁੱਖ ਟੀਚਾ ਸਥਿਰ ਨੌਕਰੀ ਪ੍ਰਾਪਤ ਕਰਨਾ ਹੁੰਦਾ ਸੀ, ਪਰ ਤਕਨੀਕੀ ਵਿਕਾਸ ਨੇ ਰੁਜ਼ਗਾਰ ਦੀ ਪਰਿਭਾਸ਼ਾ ਨੂੰ ਬਦਲ ਦਿੱਤਾ। ਸੋਸ਼ਲ ਮੀਡੀਆ ਨੇ ਉਨ੍ਹਾਂ ਨੌਜਵਾਨਾਂ ਲਈ ਨਵੇਂ ਰਾਹ ਖੋਲ੍ਹੇ ਹਨ, ਜੋ ਆਪਣੇ ਵਿਚਾਰਾਂ, ਸਿਰਜਣਾਤਮਕਤਾ ਅਤੇ ਹੁਨਰ ਨਾਲ ਵੱਖਰੀ ਪਛਾਣ ਬਣਾਉਣਾ ਚਾਹੁੰਦੇ ਹਨ। ਇਹ ਪਲੇਟਫਾਰਮ ਉਨ੍ਹਾਂ ਲਈ ਵੀ ਵਰਦਾਨ ਸਾਬਤ ਹੋਏ, ਜੋ ਘਰ ਬੈਠੇ ਕੰਮ ਕਰਨ ਦੇ ਇੱਛੁਕ ਹਨ ਜਾਂ ਜਿਨ੍ਹਾਂ ਕੋਲ ਰਵਾਇਤੀ ਨੌਕਰੀਆਂ ਦੇ ਮੌਕੇ ਨਹੀਂ ਹਨ। ਸੋਸ਼ਲ ਮੀਡੀਆ ਨੇ ਬੇਰੁਜ਼ਗਾਰੀ ਦੀ ਸਮੱਸਿਆ ਨੂੰ ਘਟਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ ਅਤੇ ਲੋਕਾਂ ਨੂੰ ਸਵੈ-ਰੁਜ਼ਗਾਰ ਦੇ ਮੌਕੇ ਪ੍ਰਦਾਨ ਕੀਤੇ ਹਨ।

**ਕੰਟੈਂਟ ਕਰੀਏਟਰ - ਇੱਕ ਨਵਾਂ ਪੇਸ਼ਾ**

ਸੋਸ਼ਲ ਮੀਡੀਆ ਨੇ ਕੰਟੈਂਟ ਕਰੀਏਟਰ ਦੇ ਰੂਪ ਵਿੱਚ ਇੱਕ ਨਵੇਂ ਪੇਸ਼ੇ ਨੂੰ ਜਨਮ ਦਿੱਤਾ। ਅੱਜ ਦੇ ਸਮੇਂ ਵਿੱਚ ਲੋਕ ਵੀਡੀਓ, ਮੀਮ, ਬਲੌਗ, ਪੋਸਟ ਜਾਂ ਲਾਈਵ ਸੈਸ਼ਨ ਰਾਹੀਂ ਵੱਡੀ ਗਿਣਤੀ ਵਿੱਚ ਦਰਸ਼ਕਾਂ ਨੂੰ ਆਕਰਸ਼ਿਤ ਕਰ ਰਹੇ ਹਨ। ਇਹ ਦਰਸ਼ਕ ਅੱਗੇ ਜਾ ਕੇ ਉਨ੍ਹਾਂ ਦੇ ਪਲੇਟਫਾਰਮਾਂ ਲਈ ਆਮਦਨ ਦਾ ਸਰੋਤ ਬਣਦੇ ਹਨ। ਕੰਟੈਂਟ ਕਰੀਏਟਰ ਆਪਣੀ ਸਿਰਜਣਾਤਮਕਤਾ ਨਾਲ ਨਾ ਸਿਰਫ਼ ਨਾਂਅ ਕਮਾਉਂਦੇ ਹਨ, ਸਗੋਂ ਵਿਗਿਆਪਨ, ਸਪਾਂਸਰਸ਼ਿਪ ਅਤੇ ਬ੍ਰਾਂਡ ਸਹਿਯੋਗ ਰਾਹੀਂ ਲੱਖਾਂ ਰੁਪਏ ਦੀ ਕਮਾਈ ਵੀ ਕਰਦੇ ਹਨ। ਉਦਾਹਰਣ ਵਜੋਂ ਕਈ ਨੌਜਵਾਨ ਆਪਣੇ ਸ਼ੌਕ, ਜਿਵੇਂ ਕਿ ਖਾਣਾ ਬਣਾਉਣਾ, ਯਾਤਰਾ ਕਰਨਾ ਜਾਂ ਫੈਸ਼ਨ ਨੂੰ ਸੋਸ਼ਲ ਮੀਡੀਆ 'ਤੇ ਸਾਂਝਾ ਕਰਕੇ ਇਸ ਨੂੰ ਆਪਣੇ ਕੈਰੀਅਰ ਦਾ ਹਿੱਸਾ ਬਣਾਉਂਦੇ ਹਨ। ਇਹ ਪੇਸ਼ਾ ਨਾ ਸਿਰਫ਼ ਰੁਜ਼ਗਾਰ ਦਿੰਦਾ ਹੈ, ਸਗੋਂ ਵਿਅਕਤੀ ਨੂੰ ਆਪਣੀ ਪਸੰਦ ਦੇ ਕੰਮ ਨਾਲ ਜੋੜਦਾ ਹੈ।

**ਯੂਟਿਊਬ - ਘਰ ਬੈਠੇ ਆਮਦਨ ਦਾ ਸਰੋਤ**

ਯੂਟਿਊਬ ਅੱਜ ਦੁਨੀਆ ਦਾ ਸਭ ਤੋਂ ਵੱਡਾ ਵੀਡੀਓ ਸ਼ੇਅਰਿੰਗ ਪਲੇਟਫਾਰਮ ਹੈ, ਜੋ ਮਨੋਰੰਜਨ ਦੇ ਨਾਲ-ਨਾਲ ਰੁਜ਼ਗਾਰ ਦਾ ਵੀ ਮੁੱਖ ਸਾਧਨ ਬਣ ਗਿਆ ਹੈ। ਯੂਟਿਊਬ 'ਤੇ ਚੈਨਲ ਸ਼ੁਰੂ ਕਰਕੇ ਲੋਕ ਵਿਗਿਆਪਨ, ਮੈਂਬਰਸ਼ਿਪ ਅਤੇ ਸਪਾਂਸਰਸ਼ਿਪ ਰਾਹੀਂ ਮਹੀਨੇ ਦੇ ਲੱਖਾਂ ਰੁਪਏ ਕਮਾ ਰਹੇ ਹਨ। ਖਾਸ ਕਰਕੇ ਨੌਜਵਾਨ, ਪੜ੍ਹੇ-ਲਿਖੇ ਵਿਅਕਤੀ, ਸੰਗੀਤਕਾਰ, ਅਧਿਆਪਕ, ਮੋਟੀਵੇਸ਼ਨਲ ਸਪੀਕਰ ਅਤੇ ਫੂਡ ਬਲੌਗਰ ਇਸ ਪਲੇਟਫਾਰਮ ਦਾ ਪੂਰਾ ਲਾਭ ਉਠਾ ਰਹੇ ਹਨ। ਯੂਟਿਊਬ ਦੀ ਸਭ ਤੋਂ ਵੱਡੀ ਖ਼ੂਬੀ ਇਹ ਹੈ ਕਿ ਇਹ ਹਰ ਕਿਸੇ ਲਈ ਖੁੱਲ੍ਹਾ ਹੈ। ਜੇਕਰ ਕੋਈ ਵਿਅਕਤੀ ਕਿਸੇ ਖੇਤਰ ਵਿੱਚ ਮਾਹਰ ਹੈ, ਤਾਂ ਉਹ ਆਪਣੀ ਜਾਣਕਾਰੀ ਨੂੰ ਵੀਡੀਓ ਦੇ ਰੂਪ ਵਿੱਚ ਸਾਂਝਾ ਕਰਕੇ ਆਮਦਨ ਕਮਾ ਸਕਦਾ ਹੈ। ਉਦਾਹਰਣ ਵਜੋਂ ਸਿੱਖਿਆ ਦੇ ਖੇਤਰ ਵਿੱਚ ਕਈ ਅਧਿਆਪਕ ਆਨਲਾਈਨ ਲੈਕਚਰ ਦੇ ਕੇ ਵਿਦਿਆਰਥੀਆਂ ਨੂੰ ਪੜ੍ਹਾਉਂਦੇ ਹਨ ਅਤੇ ਇਸ ਦੇ ਬਦਲੇ ਵਧੀਆ ਕਮਾਈ ਕਰਦੇ ਹਨ। ਇਸ ਤੋਂ ਇਲਾਵਾ, ਗੇਮਿੰਗ, ਟੈਕਨੋਲੋਜੀ, ਸਿਹਤ ਅਤੇ ਸੁੰਦਰਤਾ ਨਾਲ ਸੰਬੰਧਤ ਚੈਨਲ ਵੀ ਬਹੁਤ ਪ੍ਰਸਿੱਧ ਹਨ।

**ਇੰਸਟਾਗ੍ਰਾਮ ਅਤੇ ਫੇਸਬੁਕ ਤੇ ਇਨਫਲੂਐਂਸਰ ਮਾਰਕੀਟਿੰਗ**

ਇੰਸਟਾਗ੍ਰਾਮ ਅਤੇ ਫੇਸਬੁਕ ਵੀ ਰੁਜ਼ਗਾਰ ਦੇ ਨਵੇਂ ਮੌਕੇ ਪ੍ਰਦਾਨ ਕਰ ਰਹੇ ਹਨ। ਇਨ੍ਹਾਂ ਪਲੇਟਫਾਰਮਾਂ 'ਤੇ ਪ੍ਰਸਿੱਧੀ ਹਾਸਲ ਕਰਨ ਵਾਲੇ ਲੋਕ ਇਨਫਲੂਐਂਸਰ ਦੇ ਰੂਪ ਵਿੱਚ ਜਾਣੇ ਜਾਂਦੇ ਹਨ। ਇਹ ਇਨਫਲੂਐਂਸਰ ਬ੍ਰਾਂਡਸ ਅਤੇ ਕੰਪਨੀਆਂ ਨਾਲ ਸਹਿਯੋਗ ਕਰਕੇ ਉਨ੍ਹਾਂ ਦੇ ਉਤਪਾਦਾਂ ਦਾ ਪ੍ਰਚਾਰ ਕਰਦੇ ਹਨ। ਇਨਫਲੂਐਂਸਰ ਮਾਰਕੀਟਿੰਗ ਅੱਜ ਦੇ ਸਮੇਂ ਵਿੱਚ ਇੱਕ ਵੱਡਾ ਉਦਯੋਗ ਬਣ ਚੁੱਕੀ ਹੈ। ਇੰਸਟਾਗ੍ਰਾਮ 'ਤੇ ਰੀਲਸ, ਸਟੋਰੀਜ਼ ਅਤੇ ਪੋਸਟਸ ਰਾਹੀਂ ਲੋਕ ਆਪਣੇ ਫਾਲੋਅਰਸ ਨੂੰ ਵਧਾਉਂਦੇ ਹਨ ਅਤੇ ਬ੍ਰਾਂਡਸ ਦੇ ਪ੍ਰਮੋਸ਼ਨ ਲਈ ਭਾਰੀ ਰਕਮ ਵਸੂਲਦੇ ਹਨ। ਇਸੇ ਤਰ੍ਹਾਂ ਫੇਸਬੁਕ 'ਤੇ ਪੇਜ ਅਤੇ ਗਰੁੱਪ ਬਣਾ ਕੇ ਵੀ ਲੋਕ ਆਮਦਨ ਕਮਾ ਰਹੇ ਹਨ। ਇਨਫਲੂਐਂਸਰ ਮਾਰਕੀਟਿੰਗ ਦਾ ਸਭ ਤੋਂ ਵੱਡਾ ਫਾਇਦਾ ਇਹ ਹੈ ਕਿ ਇਸ ਵਿੱਚ ਵਿਅਕਤੀ ਨੂੰ ਸਿਰਫ਼ ਆਪਣੀ ਪ੍ਰਸਿੱਧੀ ਅਤੇ ਸਮਗਰੀ ਦੀ ਗੁਣਵੱਤਾ 'ਤੇ ਧਿਆਨ ਦੇਣਾ ਹੁੰਦਾ ਹੈ।

**ਫ੍ਰੀਲਾਂਸਿੰਗ - ਦਫਤਰ ਤੋਂ ਬਿਨਾਂ ਕਮਾਈ**

ਸੋਸ਼ਲ ਮੀਡੀਆ ਨੇ ਫ੍ਰੀਲਾਂਸਿੰਗ ਦੇ ਖੇਤਰ ਨੂੰ ਵੀ ਬਹੁਤ ਵਧਾਇਆ ਹੈ। ਅੱਜ ਲੋਕ ਆਪਣੀਆਂ ਸੇਵਾਵਾਂ ਨੂੰ ਆਨਲਾਈਨ ਪਲੇਟਫਾਰਮਾਂ ਜਿਵੇਂ ਕਿ ਫੀਵਰ, ਅਪਵਰਕ, ਫ੍ਰੀਲਾਂਸਰ ਅਤੇ ਗੁਰੂ 'ਤੇ ਵੇਚ ਰਹੇ ਹਨ। ਜਿਹੜੇ ਵਿਅਕਤੀ ਗ੍ਰਾਫਿਕ ਡਿਜ਼ਾਈਨ, ਕੰਟੈਂਟ ਰਾਈਟਿੰਗ, ਡਿਜ਼ੀਟਲ ਮਾਰਕੀਟਿੰਗ, ਵੀਡੀਓ ਐਡੀਟਿੰਗ ਜਾਂ ਵੈਬ ਡਿਵੈੱਲਪਮੈਂਟ ਵਿੱਚ ਮਾਹਰ ਹਨ, ਉਹ ਬਿਨਾਂ ਕਿਸੇ ਦਫਤਰ ਜਾਂ ਨੌਕਰੀ ਦੀ ਲੋੜ ਤੋਂ ਘਰ ਬੈਠੇ ਲੱਖਾਂ ਰੁਪਏ ਕਮਾ ਰਹੇ ਹਨ। ਸੋਸ਼ਲ ਮੀਡੀਆ ਦੀ ਮਦਦ ਨਾਲ ਫ੍ਰੀਲਾਂਸਰ ਆਪਣੇ ਹੁਨਰ ਨੂੰ ਪ੍ਰਮੋਟ ਕਰ ਸਕਦੇ ਹਨ। ਉਦਾਹਰਣ ਵਜੋਂ ਇੱਕ ਗ੍ਰਾਫਿਕ ਡਿਜ਼ਾਈਨਰ ਆਪਣੇ ਕੰਮ ਦੇ ਨਮੂਨੇ ਇੰਸਟਾਗ੍ਰਾਮ ਜਾਂ ਲਿੰਕਡਇਨ 'ਤੇ ਸਾਂਝੇ ਕਰਕੇ ਨਵੇਂ ਗਾਹਕ ਪ੍ਰਾਪਤ ਕਰ ਸਕਦਾ ਹੈ। ਇਸ ਤਰ੍ਹਾਂ ਸੋਸ਼ਲ ਮੀਡੀਆ ਨੇ ਫ੍ਰੀਲਾਂਸਿੰਗ ਨੂੰ ਇੱਕ ਗਲੋਬਲ ਮਾਰਕੀਟ ਵਿੱਚ ਬਦਲ ਦਿੱਤਾ ਹੈ।

**ਈ-ਕਾਮਰਸ ਅਤੇ ਡਰੌਪਸ਼ਿਪਿੰਗ**

ਸੋਸ਼ਲ ਮੀਡੀਆ ਨੇ ਈ-ਕਾਮਰਸ ਦੇ ਖੇਤਰ ਵਿੱਚ ਵੀ ਕ੍ਰਾਂਤੀ ਲਿਆਂਦੀ ਹੈ। ਅੱਜ ਲੋਕ ਆਪਣੇ ਛੋਟੇ-ਵੱਡੇ ਵਪਾਰ ਨੂੰ ਸੋਸ਼ਲ ਮੀਡੀਆ 'ਤੇ ਪ੍ਰਮੋਟ ਕਰਕੇ ਵਧੀਆ ਮੁਨਾਫਾ ਕਮਾ ਰਹੇ ਹਨ। ਹੱਥੀਂ ਬਣੀਆਂ ਵਸਤੂਆਂ, ਕੱਪੜੇ, ਗਹਿਣੇ ਅਤੇ ਹੋਰ ਉਤਪਾਦ ਸੋਸ਼ਲ ਮੀਡੀਆ 'ਤੇ ਆਸਾਨੀ ਨਾਲ ਵਿਕਦੇ ਹਨ। ਇੰਸਟਾਗ੍ਰਾਮ ਅਤੇ ਫੇਸਬੁਕ 'ਤੇ ਸ਼ੌਪ ਫੀਚਰ ਦੀ ਮਦਦ ਨਾਲ ਵਿਅਕਤੀ ਆਪਣੇ ਉਤਪਾਦ ਸਿੱਧੇ ਗਾਹਕਾਂ ਤੱਕ ਪਹੁੰਚਾਉਂਦੇ ਹਨ। ਇਸ ਤੋਂ ਇਲਾਵਾ ਡਰੌਪਸ਼ਿਪਿੰਗ ਇੱਕ ਨਵਾਂ ਅਤੇ ਪ੍ਰਸਿੱਧ ਵਪਾਰਕ ਮਾਡਲ ਹੈ। ਇਸ ਵਿੱਚ ਵਿਅਕਤੀ ਨੂੰ ਆਪਣੇ ਕੋਲ ਸਟਾਕ ਰੱਖਣ ਦੀ ਲੋੜ ਨਹੀਂ ਹੁੰਦੀ। ਉਹ ਸੋਸ਼ਲ ਮੀਡੀਆ 'ਤੇ ਹੋਰ ਕੰਪਨੀਆਂ ਦੇ ਉਤਪਾਦ ਪ੍ਰਮੋਟ ਕਰਦਾ ਹੈ ਅਤੇ ਆਰਡਰ ਮਿਲਣ 'ਤੇ ਸਪਲਾਇਰ ਸਿੱਧੇ ਗਾਹਕ ਨੂੰ ਸਮਾਨ ਭੇਜਦਾ ਹੈ। ਇਸ ਤਰ੍ਹਾਂ ਵਿਅਕਤੀ ਬਿਨਾਂ ਵੱਡੀ ਪੂੰਜੀ ਲਗਾਏ ਮੁਨਾਫਾ ਕਮਾ ਸਕਦਾ ਹੈ।

**ਸੋਸ਼ਲ ਮੀਡੀਆ ਮੈਨੇਜਮੈਂਟ - ਨਵਾਂ ਪੇਸ਼ਾਵਰ ਖੇਤਰ**

ਅੱਜ ਦੇ ਸਮੇਂ ਵਿੱਚ ਹਰ ਕੰਪਨੀ ਸੋਸ਼ਲ ਮੀਡੀਆ 'ਤੇ ਮੌਜੂਦ ਹੈ ਅਤੇ ਆਪਣੇ ਬ੍ਰਾਂਡ ਨੂੰ ਪ੍ਰਮੋਟ ਕਰਨ ਲਈ ਪ੍ਰੋਫੈਸ਼ਨਲ ਸੋਸ਼ਲ ਮੀਡੀਆ ਮੈਨੇਜਰਾਂ ਦੀ ਲੋੜ ਹੈ। ਸੋਸ਼ਲ ਮੀਡੀਆ ਮੈਨੇਜਰ, ਡਿਜੀਟਲ ਮਾਰਕੀਟਰ ਅਤੇ ਵਿਗਿਆਪਨ ਮਾਹਰ ਅੱਜ ਵੱਡੀਆਂ ਤਨਖਾਹਾਂ 'ਤੇ ਕੰਮ ਕਰ ਰਹੇ ਹਨ। ਇਹ ਮਾਹਰ ਕੰਪਨੀਆਂ ਦੇ ਸੋਸ਼ਲ ਮੀਡੀਆ ਅਕਾਊਂਟਸ ਨੂੰ ਸੰਭਾਲਦੇ ਹਨ, ਸਮਗਰੀ ਤਿਆਰ ਕਰਦੇ ਹਨ ਅਤੇ ਉਹਨਾਂ ਕੰਪਨੀਆਂ ਦੀ ਪ੍ਰਮੋਸ਼ਨ ਜਾਂ ਮਸ਼ਹੂਰੀ ਕਰਕੇ ਵਪਾਰ ਵਿੱਚ ਵਾਧਾ ਕਰਨ ਵਿੱਚ ਮਦਦ ਕਰਦੇ ਹਨ। ਇਸ ਤੋਂ ਇਲਾਵਾ ਸੋਸ਼ਲ ਮੀਡੀਆ ਮੈਨੇਜਮੈਂਟ ਦੇ ਖੇਤਰ ਵਿੱਚ ਫ੍ਰੀਲਾਂਸਿੰਗ ਦੇ ਮੌਕੇ ਵੀ ਬਹੁਤ ਹਨ। ਕਈ ਵਿਅਕਤੀ ਇੱਕ ਸਮੇਂ 'ਤੇ ਕੱਈ ਕੰਪਨੀਆਂ ਨੂੰ ਸੇਵਾਵਾਂ ਪ੍ਰਦਾਨ ਕਰਦੇ ਹਨ। ਸੋਸ਼ਲ ਮੀਡੀਆ ਅਤੇ ਰੁਜ਼ਗਾਰ ਦਾ ਭਵਿੱਖ ਸੋਸ਼ਲ ਮੀਡੀਆ ਨੇ ਰੁਜ਼ਗਾਰ ਦੀ ਪਰਿਭਾਸ਼ਾ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ। ਇਹ ਨਾ ਸਿਰਫ਼ ਇੱਕ ਮਨੋਰੰਜਨ ਜਾਂ ਸੰਚਾਰ ਦਾ ਸਾਧਨ ਹੈ, ਸਗੋਂ ਇੱਕ ਸ਼ਕਤੀਸ਼ਾਲੀ ਆਰਥਿਕ ਸਾਧਨ ਵੀ ਹੈ, ਜੋ ਲੋਕਾਂ ਨੂੰ ਆਪਣੀ ਸਿਰਜਣਾਤਮਕਤਾ, ਹੁਨਰ ਅਤੇ ਮਿਹਨਤ ਨਾਲ ਆਮਦਨ ਕਮਾਉਣ ਦਾ ਮੌਕਾ ਦਿੰਦਾ ਹੈ। ਕੰਟੈਂਟ ਕਰੀਏਸ਼ਨ, ਇਨਫਲੂਐਂਸਰ ਮਾਰਕੀਟਿੰਗ, ਫ੍ਰੀਲਾਂਸਿੰਗ, ਈ-ਕਾਮਰਸ ਅਤੇ ਸੋਸ਼ਲ ਮੀਡੀਆ ਮੈਨੇਜਮੈਂਟ ਵਰਗੇ ਖੇਤਰਾਂ ਨੇ ਲੱਖਾਂ ਲੋਕਾਂ ਨੂੰ ਘਰ ਬੈਠੇ ਰੁਜ਼ਗਾਰ ਦੇ ਮੌਕੇ ਪ੍ਰਦਾਨ ਕੀਤੇ ਹਨ। ਭਵਿੱਖ ਵਿੱਚ ਸੋਸ਼ਲ ਮੀਡੀਆ ਦਾ ਪ੍ਰਭਾਵ ਹੋਰ ਵੀ ਵਧੇਗਾ ਅਤੇ ਨਵੀਆਂ ਤਕਨੀਕਾਂ ਦੇ ਸੰਯੋਗ ਨਾਲ ਇਹ ਰੁਜ਼ਗਾਰ ਦੇ ਨਵੇਂ ਰੂਪ ਉਭਾਰੇਗਾ।

**# ਸੰਪਰਕ : 70098-07121**

# ਜੈ ਇੰਦਰ ਕੌਰ ਬੰਨ੍ਹ ਮਜ਼ਬੂਤ ਕਰਨ ਵਾਲੇ ਕਿਸਾਨਾਂ ਨੂੰ ਮਿਲੇ

## * ਕਿਸਾਨਾਂ ਨੂੰ 1000 ਲੀਟਰ ਡੀਜ਼ਲ ਸੌਂਪਿਆ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ) :** ਸੂਬੇ ਵਿੱਚ ਆਏ ਹੜ੍ਹਾਂ ਦੇ ਚੱਲਦਿਆਂ ਵਿਧਾਨ ਸਭਾ ਹਲਕਾ ਸ਼ੁਤਰਾਣਾ ਵਿੱਚੋਂ ਲੰਘਦੇ ਘੱਗਰ ਦਰਿਆ ਵਿੱਚ ਪਾਣੀ ਦਾ ਪੱਧਰ ਲਗਾਤਾਰ ਵਧਣ ਕਰਕੇ ਪੈਦਾ ਹੋ ਰਹੇ ਹਾਲਾਤਾਂ ਦਾ ਜਾਇਜ਼ਾ ਲੈਣ ਲਈ ਭਾਰਤੀ ਜਨਤਾ ਪਾਰਟੀ ਮਹਿਲਾ ਮੋਰਚਾ ਪੰਜਾਬ ਦੀ ਸੂਬਾ ਪ੍ਰਧਾਨ ਅਤੇ ਲੋਕ ਸਭਾ ਹਲਕਾ ਪਟਿਆਲਾ ਤੋਂ ਸਾਬਕਾ ਮੈਂਬਰ ਪਾਰਲੀਮੈਂਟ ਸ੍ਰੀਮਤੀ ਪਰਨੀਤ ਕੌਰ ਦੀ ਬੇਟੀ ਬੀਬੀ ਜੈ ਇੰਦਰ ਕੌਰ ਨੇ ਹਲਕਾ ਸ਼ੁਤਰਾਣਾ ਦਾ ਦੌਰਾ ਕੀਤਾ। ਇਸ ਦੌਰਾਨ ਉਨ੍ਹਾਂ ਪਿੰਡ ਸ਼ੁਤਰਾਣਾ ਤੇ ਤੇਈਪੁਰ ਵਿਖੇ ਘੱਗਰ ਦੇ ਬੰਨਿਆਂ ਨੂੰ ਮਜ਼ਬੂਤ ਕਰਨ ਵਿੱਚ ਲੱਗੇ ਹੋਏ ਕਿਸਾਨਾਂ ਦੀ ਵਿੱਤੀ ਸਹਾਇਤਾ ਕਰਨ ਲਈ 10 ਲੀਟਰ ਡੀਜ਼ਲ ਦੀ ਸੇਵਾ ਕੀਤੀ।ਇਸ ਮੌਕੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਹਰਮੇਸ਼ ਗੋਇਲ ਡਕਾਲਾ ਤੇ ਹਲਕਾ ਇੰਚਾਰਜ ਨਰਾਇਣ ਸਿੰਘ ਨਰਸੋਤ ਨਾਲ ਸਨ। ਘੱਗਰ ਦਰਿਆ ਦੇ ਬੰਨਿਆਂ ਨੂੰ ਮਜ਼ਬੂਤ ਕਰ ਰਹੇ ਕਿਸਾਨਾਂ ਨੂੰ ਮਿਲਣ ਉਪਰੰਤ ਬੀਬਾ ਜੈ ਇੰਦਰ ਕੌਰ ਨੇ ਕਿਹਾ ਕਿ ਸੂਬੇ ਵਿੱਚ ਪੈਦਾ ਹੋਈ ਹੜ੍ਹਾਂ ਦੀ ਸਥਿਤੀ ਲਈ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੈ, ਕਿਉਂਕਿ ਸਰਕਾਰ ਨੇ ਹੜ੍ਹਾਂ ਦੀ ਰੋਕਥਾਮ ਲਈ ਕੋਈ ਅਗਾਊਂ ਉਪਰਾਲਾ ਨਹੀਂ ਕੀਤਾ।ਉਨ੍ਹਾਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਇਸ ਆਫਤ ਦੀ ਘੜੀ ਵਿੱਚ ਕਿਸਾਨਾਂ ਦੇ ਨਾਲ ਖੜੀ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਾਬੂ ਕੀਮਤ ਸਿੰਗਲਾ, ਨਿਰੰਕਾਰ ਸਿੰਘ ਸਰਕਲ ਪ੍ਰਧਾਨ, ਮੁਖਤਿਆਰ ਸਿੰਘ ਮੈਂਬਰ ਪੰਜਾਬ ਕਾਰਜਕਾਰੀ ਕਮੇਟੀ ਭਾਜਪਾ, ਡਾ ਜੀਵਨ ਦੱਤ ਸ਼ੈਲੀ, ਕੁਲਦੀਪ ਸ਼ਰਮਾ ਦੇਧਨਾ, ਸਾਬਕਾ ਸਰਪੰਚ ਬਲਜੀਤ ਸਿੰਘ ਬੱਲੀ, ਜਾਨਪਾਲ ਸਿੰਘ, ਗੁਰਵਿੰਦਰ ਸਿੰਘ ਸਿੱਧੂ, ਡਾ ਦਲੇਰ ਸਿੰਘ ਮਤੌਲੀ, ਪ੍ਰੇਮ ਚੰਦ ਕਾਂਸਲ, ਮਿੱਠੂ ਰਾਮ, ਸ਼ਿਵਪਾਲ ਸ਼ੁਤਰਾਣਾ, ਬਲਵਿੰਦਰ ਸਿੰਘ ਮੰਤਰੀ, ਅਮਰੀਕ ਸਿੰਘ, ਜੱਸਾ ਸਿੰਘ, ਜਸਕਰਨ ਸਿੰਘ ਵਿਰਕ, ਜਗਸੀਰ ਸਿੰਘ, ਸੋਨੂੰ ਰਾਮ ਆਦਿ ਹਾਜ਼ਰ ਸਨ।



ਸ਼ੁਤਰਾਣਾ ਵਿਖੇ ਕਿਸਾਨਾਂ ਨੂੰ ਮਿਲਦੇ ਹੋਏ ਭਾਜਪਾ ਆਗੂ ਬੀਬਾ ਜੈ ਇੰਦਰ ਕੌਰ।

# ਹੜ੍ਹ ਪ੍ਰਭਾਵਿਤ ਪਿੰਡਾਂ 'ਚ ਮੱਖਣ ਬਰਾੜ ਦੀ ਟੀਮ ਨਾਲ ਹਲਕਾ ਨਿਹਾਲ ਸਿੰਘ ਵਾਲਾ ਦੀ ਜਥੇਬੰਦੀ ਵੀ ਮਦਦ ਲਈ ਪਹੁੰਚੀ



**ਮੋਗਾ, (ਇਕਬਾਲ ਸਿੰਘ ਖਹਿਰਾ)**-ਪੁਨਰ ਸੁਰਜੀਤ ਸ਼੍ਰੋਮਣੀ ਅਕਾਲੀ ਦਲ ਦੇ ਆਬਜ਼ਰਵਰ ਤੇ ਸੀਨੀਅਰ ਆਗੂ ਸਾਬਕਾ ਚੇਅਰਮੈਨ ਬਰਜਿੰਦਰ ਸਿੰਘ ਮੱਖਣ ਬਰਾੜ ਦੀ ਟੀਮ ਨਾਲ ਹਲਕਾ ਨਿਹਾਲ ਵਾਲਾ ਤੋਂ ਆਬਜ਼ਰਵਰ ਜਥੇਦਾਰ ਬਲਦੇਵ ਸਿੰਘ ਮਾਣੂੰਕੇ ਦੀ ਅਗਵਾਈ ਹੇਠ ਹਲਕਾ ਧਰਮਕੋਟ ਦੇ ਹੜ੍ਹਾਂ ਦੀ ਮਾਰ ਹੇਠ ਆਏ ਪਿੰਡਾਂ 'ਚ ਰਾਹਤ ਸਮੱਗਰੀ ਵੰਡੀ ਗਈ।ਇਸ ਮੌਕੇ ਜਥੇਦਾਰ ਬਲਦੇਵ ਸਿੰਘ ਮਾਣੂੰਕੇ ਨੇ ਦੱਸਿਆ ਕਿ ਜਿੱਥੇ ਹੜ੍ਹ ਪ੍ਰਭਾਵਿਤ ਪਿੰਡਾਂ ਦੇ ਲੋਕਾਂ ਲਈ ਰਾਸ਼ਨ ਆਟਾ, ਦਾਲਾਂ, ਬਿਸਕੁਟ, ਰਸ, ਪਾਣੀ ਅਤੇ ਹੋਰ ਖਾਧ ਪਦਾਰਥ ਵੰਡੇ ਗਏ ਹਨ, ਉੱਥੇ ਪਸ਼ੂਆਂ ਲਈ ਚਾਰਾ ਅਤੇ ਫੀਡ ਵੀ ਵੰਡੀ ਗਈ ਹੈ।ਉਨ੍ਹਾਂ ਦੱਸਿਆ ਕਿ ਲਗਾਤਾਰ ਮੀਂਹ ਪੈਣ ਕਾਰਨ ਲੋਕਾਂ ਦੇ ਘਰਾਂ ਦੀਆਂ ਛੱਤਾਂ ਵੀ ਚੋਣ ਲੱਗੀਆਂ ਹੋਈਆਂ ਸਨ ਜਿਸ ਕਰਕੇ ਉਨ੍ਹਾਂ ਲਈ ਤਰਪਾਲਾਂ ਦੇ ਪ੍ਰਬੰਧ ਕਰਕੇ ਦਿੱਤੇ ਗਏ ਹਨ। ਇਸ ਮੌਕੇ ਸੰਘੇੜਾ ਮਦਾਰਪੁਰ ਧੁੱਸੀ ਬੰਨ੍ਹ ਦਾ ਦੌਰਾ ਕਰਦਿਆਂ ਇਕਬਾਲਦੀਪ ਸਿੰਘ ਹੋਰੀ ਤੇ ਸਮੁੱਚੀ ਟੀਮ ਨੇ ਦੱਸਿਆ ਕਿ ਸਤਲੁਜ ਦਰਿਆ ਦੇ ਵਧ ਰਹੇ ਪਾਣੀ ਕਾਰਨ ਜਿੱਥੇ ਦਰਿਆ ਨੇੜਲੇ ਪਿੰਡਾਂ ਦੇ ਕਿਸਾਨਾਂ ਦੀਆਂ ਫ਼ਸਲਾਂ ਦਾ ਵੱਡੇ ਪੱਧਰ 'ਤੇ ਨੁਕਸਾਨ ਹੋ ਚੁੱਕਿਆ ਹੈ, ਉੱਥੇ ਲੋਕਾਂ ਦੇ ਘਰ ਪਾਣੀ ਦੀ ਮਾਰ ਹੇਠ ਆਉਣ ਕਾਰਨ ਘਰ ਖ਼ਤਮ ਹੋ ਚੁੱਕੇ ਹਨ।ਉਨ੍ਹਾਂ ਦੱਸਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ 'ਤੇ ਪੁਨਰ ਸੁਰਜੀਤ ਸ਼੍ਰੋਮਣੀ ਅਕਾਲੀ ਦਲ ਵੱਲੋਂ ਧਰਮਕੋਟ ਦੇ ਹਲਕੇ ਦੇ ਪਿੰਡਾਂ ਦੇ ਹੜ੍ਹ ਪੀੜਤ ਪਰਿਵਾਰਾਂ ਲਈ ਸੇਵਾਵਾਂ ਇਸੇ ਤਰ੍ਹਾਂ ਜਾਰੀ ਰਹਿਣਗੀਆਂ।ਇਸ ਮੌਕੇ ਜ਼ਿਲ੍ਹਾ ਡੈਲੀਗੇਟ ਸੁਖਚੈਨ ਸਿੰਘ ਢਿੱਲੋਂ, ਪ੍ਰਧਾਨ ਚਰਨਜੀਤ ਸਿੰਘ ਦੀਨਾ, ਗੁਰਜੀਤ ਸਿੰਘ ਸੋਨਾ, ਸੂਬਾ ਡੈਲੀਗੇਟ ਜੋਗਿੰਦਰ ਸਿੰਘ ਪੱਪੂ ਕਾਨੇਵਾਲਾ, ਮਨਪ੍ਰੀਤ ਸਿੰਘ ਮੋਗਾ, ਬਸੰਤ ਸਿੰਘ ਸੰਘੇੜਾ, ਜੰਗੀਰ ਸਿੰਘ ਸੰਘੇੜਾ, ਬਲਕਾਰ ਸਿੰਘ, ਸਤਨਾਮ ਸਿੰਘ ਸ਼ੇਰੇਵਾਲਾ, ਪਿੱਪਲ ਸਿੰਘ ਸ਼ੇਰੇਵਾਲਾ, ਜਸਵੀਰ ਸਿੰਘ ਸੈਦ ਜਲਾਲਪੁਰ ਆਦਿ ਹਾਜ਼ਰ ਸਨ।

# ਸਾਨੂੰ ਬਿਨਾਂ ਭੇਦਭਾਵ ਹੜ੍ਹ ਪੀੜਤਾਂ ਦੀ ਸਹਾਇਤਾ ਕਰਨੀ ਚਾਹੀਦੀ-ਹਰਜਿੰਦਰ ਸੋਨੂੰ



**ਕੋਟ ਈਸੇ ਖਾਂ (ਅਰੋੜਾ)**-ਪਿਛਲੇ ਕੁੱਝ ਦਿਨਾਂ ਤੋਂ ਪਹਾੜੀ ਇਲਾਕਿਆਂ ਤੇ ਪੰਜਾਬ ਅੰਦਰ ਹੋ ਰਹੀ ਲਗਾਤਾਰ ਬਾਰਿਸ਼ ਕਾਰਨ ਪੰਜਾਬ ਦੇ ਕਈ ਜ਼ਿਲ੍ਹਿਆ ਵਿੱਚ ਹੜ੍ਹ ਆਇਆ ਹੋਇਆ ਹੈ ਤੇ ਘਰਾਂ ਦੇ ਘਰ ਪਾਣੀ ਵਿੱਚ ਡੁੱਬ ਹੋਏ ਹਨ, ਜਿਨ੍ਹਾਂ ਦੀ ਸਹਾਇਤਾ ਕਰਨ ਲਈ ਪੰਜਾਬੀਆਂ ਨੇ ਇੱਕ ਵਾਰ ਫਿਰ ਤੋਂ ਏਕਤਾ ਤੇ ਆਪਸੀ ਭਾਈਚਾਰੇ ਦਾ ਸਬੂਤ ਦਿੱਤਾ ਹੈ। ਸਮੂਹ ਪੰਜਾਬੀਆਂ ਨੇ ਬਿਨਾਂ ਕਿਸੇ ਭੇਦਭਾਵ ਦੇ ਇੱਕ ਦੂਜੇ ਦਾ ਸਾਥ ਦਿੱਤਾ ਹੈ ਤੇ ਹਰ ਇੱਕ ਦੀ ਮਦਦ ਕੀਤੀ ਜਾ ਰਹੀ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਸਮਾਜ ਸੇਵੀ ਹਰਜਿੰਦਰ ਸਿੰਘ ਸੋਨੂੰ ਮਾਡਰਨ ਈਰਾ ਡਿਜ਼ਾਈਨਰ ਵਾਲਿਆਂ ਨੇ ਪ੍ਰੈੱਸ ਨਾਲ ਸਾਂਝਾ ਕੀਤਾ। ਉਨ੍ਹਾਂ ਕਿਹਾ ਕਿ ਸਾਨੂੰ ਹੜ੍ਹਾਂ ਦੀ ਮਾਰ ਹੇਠ ਆਏ ਸੈਂਕੜੇ ਪਿੰਡਾਂ ਦੇ ਲੋਕਾਂ ਦੀ ਮਦਦ ਲਈ ਵੱਧ ਚੜ੍ਹ ਕੇ ਯੋਗਦਾਨ ਪਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਹੜ੍ਹ ਆਉਣ ਕਰਕੇ ਕਿਸਾਨਾਂ ਦੀਆਂ ਫ਼ਸਲਾਂ ਤੇ ਪਸ਼ੂ ਡੁੱਬ ਮਰ ਰਹੇ ਹਨ, ਉੱਥੇ ਫ਼ਸਲਾਂ ਬਹੁਤ ਖ਼ਰਾਬ ਹੋਈਆਂ ਹਨ ਅਤੇ ਕਈ ਲੋਕਾਂ ਦੇ ਕੱਚੇ ਮਕਾਨ ਖ਼ਤਮ ਹੋ ਗਏ ਹਨ। ਇਸ ਲਈ ਸਾਨੂੰ ਇਨ੍ਹਾਂ ਲੋਕਾਂ ਦੀ ਵੱਧ ਤੋਂ ਵੱਧ ਮਦਦ ਕਰਨੀ ਚਾਹੀਦੀ ਹੈ।

# ਵਿਦੇਸ਼ੀ ਵਿਦਿਆਰਥੀਆਂ ਨੇ ਅੰਤਰਰਾਸ਼ਟਰੀ ਕਾਨਫ਼ਰੰਸ 'ਚ ਭਾਗ ਲਿਆ



ਅੰਤਰਰਾਸ਼ਟਰੀ ਕਾਨਫ਼ਰੰਸ ਵਿੱਚ ਭਾਗ ਲੈਂਦੇ ਪੰਜਾਬੀ ਯੂਨੀਵਰਸਿਟੀ ਵਿੱਚ ਪੜ੍ਹਦੇ ਵਿਦੇਸ਼ੀ ਵਿਦਿਆਰਥੀ।

**ਪਟਿਆਲਾ, (ਰਾਜਿੰਦਰ ਸਿੰਘ ਥਿੰਦ)**-ਪੰਜਾਬੀ ਯੂਨੀਵਰਸਿਟੀ ਵਿੱਚ ਪੜ੍ਹਦੇ ਵਿਦੇਸ਼ੀ ਵਿਦਿਆਰਥੀਆਂ ਦੇ ਵਫ਼ਦ ਨੇ ਪਿਛਲੇ ਦਿਨੀਂ ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ਼ ਲਾਅ ਪਟਿਆਲਾ ਵਿੱਚ ਹੋਈ ਅੰਤਰਰਾਸ਼ਟਰੀ ਕਾਨਫ਼ਰੰਸ ਵਿੱਚ ਭਾਗ ਲਿਆ।'ਭਾਰਤੀ ਸੰਵਿਧਾਨ ਦੇ ਪੰਝੱਤਰ ਸਾਲ : ਵਿਸ਼ਵ ਦੇ ਪ੍ਰਮੁੱਖ ਸੰਵਿਧਾਨਾਂ ਨਾਲ ਤੁਲਨਾ' ਵਿਸ਼ੇ 'ਤੇ ਕਰਵਾਈ ਗਈ ਇਹ ਦੋ-ਰੋਜ਼ਾ ਅੰਤਰਰਾਸ਼ਟਰੀ ਕਾਨਫ਼ਰੰਸ 26 ਜਨਵਰੀ 1950 ਨੂੰ ਭਾਰਤ ਦੇ ਸੰਵਿਧਾਨ ਨੂੰ ਅਪਣਾਉਣ ਦੇ 75 ਸਾਲ ਪੂਰੇ ਹੋਣ ਦੇ ਹਵਾਲੇ ਨਾਲ਼ ਕਰਵਾਈ ਗਈ ਸੀ।ਪੰਜਾਬੀ ਯੂਨੀਵਰਸਿਟੀ ਦੇ ਡੀਨ, ਅੰਤਰਰਾਸ਼ਟਰੀ ਮਾਮਲੇ, ਪ੍ਰੋ. ਦਮਨਜੀਤ ਸੰਧੂ ਨੇ ਇਹ ਜਾਣਕਾਰੀ ਸਾਂਝੀ ਕਰਦਿਆਂ ਵਿਦਿਆਰਥੀਆਂ ਲਈ ਅਜਿਹੀਆਂ ਗਤੀਵਿਧੀਆਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ।ਉਨ੍ਹਾਂ ਕਿਹਾ ਕਿ ਇਹ ਗਤੀਵਿਧੀ ਸਾਡੇ ਵਿਦਿਆਰਥੀਆਂ ਨੂੰ ਕੂਟਨੀਤੀ, ਅੰਤਰਰਾਸ਼ਟਰੀ ਸਬੰਧਾਂ ਤੇ ਕਾਨੂੰਨ ਵਰਗੇ ਖੇਤਰਾਂ ਵਿੱਚ ਅੰਤਰਰਾਸ਼ਟਰੀ ਕੈਰੀਅਰ ਲਈ ਤਿਆਰ ਕਰਨ ਹਿੱਤ ਬਹੁਤ ਜ਼ਰੂਰੀ ਸਾਬਿਤ ਹੋਵੇਗੀ।ਅਜਿਹੀਆਂ ਗਤੀਵਿਧੀਆਂ ਉਨ੍ਹਾਂ ਦੇ ਦ੍ਰਿਸ਼ਟੀਕੋਣ ਨੂੰ ਵਿਸ਼ਾਲ ਕਰਦੀਆਂ ਹਨ ਤੇ ਉਨ੍ਹਾਂ ਨੂੰ ਉੱਤਮਤਾ ਲਈ ਲੋੜੀਂਦੇ ਵਿਸ਼ਵਵਿਆਪੀ ਗਿਆਨ ਨਾਲ ਲੈਸ ਕਰਦੀਆਂ ਹਨ।

ਉਨ੍ਹਾਂ ਦੱਸਿਆ ਕਿ ਕਾਨਫ਼ਰੰਸ ਨੇ ਵਿਦਿਆਰਥੀਆਂ ਤੇ ਖੋਜਾਰਥੀਆਂ ਨੂੰ ਵਿਸ਼ਵ ਦੇ ਪ੍ਰਮੁੱਖ ਕਾਨੂੰਨੀ ਮਾਹਿਰਾਂ ਨਾਲ ਗੱਲਬਾਤ ਕਰਨ ਦਾ ਮੌਕਾ ਦਿੱਤਾ।ਇਸ ਮੌਕੇ ਸੁਪਰੀਮ ਕੋਰਟ ਆਫ਼ ਇੰਡੀਆ ਦੇ ਜਸਟਿਸ ਦੀਪਾਂਕਰ ਦੱਤਾ, ਜਸਟਿਸ ਪੰਕਜ ਮਿੱਤਲ ਤੇ ਜਸਟਿਸ ਰਾਜੇਸ਼ ਬਿੰਦਲ ਵਰਗੀਆਂ ਪ੍ਰਮੁੱਖ ਹਸਤੀਆਂ ਸ਼ਾਮਲ ਸਨ।ਇਸ ਤੋਂ ਇਲਾਵਾ ਨੇਪਾਲ ਦੇ ਜਸਟਿਸ ਬਾਲਕ੍ਰਿਸ਼ਨ ਢਕਾਲ ਤੇ ਸ਼੍ਰੀਲੰਕਾ ਦੇ ਸਾਬਕਾ ਚੀਫ਼ ਜਸਟਿਸ ਪੀਟਰ ਮੋਹਨ ਮੈਥਰੀ ਪੀਰਿਸ ਵੀ ਮੌਜੂਦ ਸਨ।ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਚੀਫ਼ ਜਸਟਿਸ ਅਤੇ ਨੈਸ਼ਨਲ ਯੂਨੀਵਰਸਿਟੀ ਆਫ਼ ਲਾਅ ਦੇ ਚਾਂਸਲਰ ਜਸਟਿਸ ਸ਼ੀਲ ਨਾਗੂ ਵੀ ਸਮਾਗਮ ਵਿੱਚ ਹਾਜ਼ਰ ਸਨ।

ਵਿਦਿਆਰਥੀਆਂ ਨੇ ਵੱਖ-ਵੱਖ ਸੈਸ਼ਨਾਂ ਵਿੱਚ ਸਰਗਰਮੀ ਨਾਲ ਹਿੱਸਾ ਲਿਆ, ਜਿਸ ਨਾਲ ਉਨ੍ਹਾਂ ਦੇ ਅਕਾਦਮਿਕ ਅਨੁਭਵ ਵਿੱਚ ਵਾਧਾ ਹੋਇਆ ਤੇ ਵੱਖ-ਵੱਖ ਸੱਭਿਆਚਾਰਾਂ ਵਿਚਕਾਰ ਕਾਨੂੰਨੀ ਗੱਲਬਾਤ ਨੂੰ ਹੁਲਾਰਾ ਮਿਲਿਆ।

# ਅਕਾਲੀ ਸਰਕਾਰ ਬਣਨ 'ਤੇ ਸਤਲੁਜ ਦੇ ਧੁੱਸੀ ਬੰਨ੍ਹ ਨੂੰ ਪੱਕਾ ਕਰਾਂਗੇ : ਸੁਖਬੀਰ ਬਾਦਲ

## * ਪਿੰਡ ਫੱਸੇ ਦੇ ਸਰਪੰਚ ਨੂੰ ਰਾਹਤ ਕਾਰਜਾਂ ਲਈ 3 ਲੱਖ ਦੀ ਵਿੱਤੀ ਸਹਾਇਤਾ ਦਿੱਤੀ



ਧੁੱਸੀ ਬੰਨ੍ਹ ਦਾ ਜਾਇਜ਼ਾ ਲੈਣ ਪੁੱਜੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ।

**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਤਲੁਜ ਦਰਿਆ ਦੇ ਨਾਜ਼ੁਕ ਸਥਾਨ ਪਿੰਡ ਫੱਸੇ, ਜੋ ਕਿ ਲੁਧਿਆਣਾ ਤੇ ਰੋਪੜ ਜ਼ਿਲ੍ਹੇ ਦੀ ਹੱਦ 'ਤੇ ਪੈਂਦਾ ਹੈ, ਦੇ ਧੁੱਸੀ ਬੰਨ੍ਹ ਦਾ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਆਪਣੇ ਸਾਥੀਆਂ ਸਮੇਤ ਦੌਰਾ ਕੀਤਾ ਤੇ ਮੌਕੇ ਦੇ ਹਾਲਾਤਾਂ ਦਾ ਜਾਇਜ਼ਾ ਲਿਆ। ਬਾਅਦ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਾਦਲ ਨੇ ਕਿਹਾ ਕਿ ਗੁਰੂਆਂ, ਪੀਰਾਂ ਦੀ ਪਵਿੱਤਰ ਧਰਤੀ ਪੰਜਾਬ ਅੱਜ ਹੜ੍ਹਾਂ ਦੀ ਮਾਰ ਹੇਠ ਹੈ, ਜਿਸ ਨੂੰ ਬਚਾਉਣ ਲਈ ਪੰਜਾਬੀ ਹੀ ਪਹਿਲਾਂ ਵਾਂਗ ਮੈਦਾਨ ਵਿੱਚ ਨਿੱਤਰੇ ਹੋਏ ਹਨ। ਉਨ੍ਹਾਂ ਕਿਹਾ ਕਿ ਬੀਤੀ ਰਾਤ ਇਸ ਬੰਨ੍ਹ 'ਤੇ ਸਥਿਤੀ ਬੜੀ ਖ਼ਤਰੇ ਵਾਲੀ ਬਣੀ ਹੋਈ ਸੀ ਤੇ ਜਾਣਕਾਰੀ ਮਿਲੀ ਸੀ ਕਿ ਬੰਨ੍ਹ ਕਿਸੇ ਸਮੇਂ ਵੀ ਟੁੱਟ ਸਕਦਾ ਹੈ, ਪਰ ਇਸ ਇਲਾਕੇ ਦੇ ਲੋਕ ਵਧਾਈ ਦੇ ਪਾਤਰ ਹਨ, ਜਿਨ੍ਹਾਂ ਨੇ ਹੰਭਲਾ ਮਾਰ ਕੇ ਇਸ ਨੂੰ ਬਚਾ ਲਿਆ। ਉਨ੍ਹਾਂ ਕਿਹਾ ਕਿ ਇਲਾਕੇ ਦੀ ਸੰਗਤ 24 ਘੰਟੇ ਇੱਥੇ ਬੋਰੀਆਂ ਲਗਾ ਕੇ ਬੰਨ੍ਹ ਨੂੰ ਬਚਾ ਰਹੀ ਹੈ। ਪਿੰਡਾਂ ਤੇ ਧਾਰਮਿਕ ਸੰਸਥਾਵਾਂ ਦੇ ਲੋਕਾਂ ਵੱਲੋਂ ਲੰਗਰ ਲਗਾਏ ਜਾ ਰਹੇ ਹਨ। ਸੁਖਬੀਰ ਬਾਦਲ ਨੇ ਕਿਹਾ ਕਿ ਅੱਜ ਜ਼ਰੂਰਤ ਹੈ ਕਿ ਅਸੀਂ ਇਸ ਧੁੱਸੀ ਬੰਨ੍ਹ ਨੂੰ ਬਚਾਉਣ ਲਈ ਪਿੰਡਾਂ ਦੇ ਲੋਕਾਂ ਦਾ ਸਾਥ ਦੇਈਏ ਤੇ ਖਾਸ ਕਰ ਪੰਜਾਬ ਦੇ ਵੱਡੇ ਉਦਯੋਗਿਕ ਘਰਾਣੇ ਲੋਕਾਂ ਦੀ ਜਾਨ, ਮਾਲ ਦੀ ਰਾਖੀ ਲਈ ਇੱਥੇ ਰਾਹਤ ਸਮੱਗਰੀ ਪਹੁੰਚਾਉਣ। ਉਨ੍ਹਾਂ ਕਿਹਾ ਕਿ ਪਿੰਡ ਵਾਸੀਆਂ ਅਨੁਸਾਰ ਉਨ੍ਹਾਂ ਨੂੰ ਜਿੱਥੇ ਟ੍ਰੈਕਟਰ, ਟਰਾਲੀਆਂ ਤੇ ਮਸ਼ੀਨਾਂ ਵਿਚ ਡੀਜ਼ਲ ਪਵਾਉਣ ਤੇ ਬੋਰੀਆਂ ਖ੍ਰੀਦਣ ਲਈ ਆਰਥਿਕ ਸਹਾਇਤਾ ਦੀ ਲੋੜ ਹੈ, ਉੱਥੇ ਵੱਧ ਤੋਂ ਵੱਧ ਨੌਜਵਾਨ ਵੀ ਇੱਥੇ ਆਉਣ ਤਾਂ ਜੋ ਬੰਨ੍ਹ ਨੂੰ ਬਚਾਉਣ ਵਿਚ ਤੇਜ਼ੀ ਲਿਆਂਦੀ ਜਾ ਸਕੇ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਹਲਕਾ ਸਮਰਾਲਾ ਦੇ ਮੁੱਖ ਸੇਵਾਦਾਰ ਪਰਮਜੀਤ ਸਿੰਘ ਢਿੱਲੋਂ ਦੀ ਡਿਊਟੀ ਲਗਾਈ ਕਿ ਉਹ ਇਨ੍ਹਾਂ ਪਿੰਡਾਂ ਦੇ ਲੋਕਾਂ ਦੀ ਵੱਧ ਤੋਂ ਵੱਧ ਸਹਾਇਤਾ ਕਰਨ ਤੇ ਬਾਦਲ ਵੱਲੋਂ ਆਪਣੇ ਤੌਰ 'ਤੇ 3 ਲੱਖ ਰੁਪਏ ਸਰਪੰਚ ਨੂੰ ਸੌਂਪੇ ਕਿ ਉਹ ਵਾਹਨਾਂ ਵਿੱਚ ਤੇਲ ਤੇ ਹੋਰ ਸਮੱਗਰੀ ਖ੍ਰੀਦਣ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਅੱਜ ਪੰਜਾਬ ਦੇ ਲੋਕ ਹੜ੍ਹਾਂ ਦੀ ਮਾਰ ਹੇਠ ਪੂਰੀ ਤਰ੍ਹਾਂ ਆਏ ਹੋਏ ਹਨ। ਜਿੱਥੇ ਕਿਸਾਨਾਂ ਦੀਆਂ ਫਸਲਾਂ ਤਬਾਹ ਹੋ ਗਈਆਂ ਉੱਥੇ ਕਈ ਗਰੀਬਾਂ ਦੇ ਘਰ ਢਹਿ-ਢੇਰੀ ਹੋ ਗਏ। ਉਨ੍ਹਾਂ ਕਿਹਾ ਕਿ ਨਾ ਹੀ ਕੇਂਦਰ ਤੇ ਨਾ ਹੀ ਸੂਬਾ ਸਰਕਾਰ ਨੇ ਹੜ੍ਹ ਪੀੜਤਾਂ ਦੀ ਸਾਰ ਲਈ ਤੇ ਅੱਜ ਧੁੱਸੀ ਬੰਨ੍ਹ 'ਤੇ ਕਿਵੇਂ ਲੋਕ ਆਪਣੇ ਪੱਲਿਓਂ ਪੈਸੇ ਖਰਚ ਕੇ ਹੜ੍ਹਾਂ ਤੋਂ ਬਚਾਅ ਲਈ ਜੁਟੇ ਹੋਏ ਹਨ।

# ਸਿੱਖਿਆ ਸ਼ਾਸਤਰੀ ਹਰਪਾਲ ਸਿੰਘ ਲਾਇਫ ਟਾਈਮ ਅਚੀਵਮੈਂਟ ਐਵਾਰਡ ਨਾਲ ਸਨਮਾਨਤ



**ਧੂਰੀ (ਸੁਖਦੇਵ ਧੂਰੀ)**-ਬੀਤੇ ਦਿਨੀਂ ਚੰਡੀਗੜ੍ਹ ਵਿਖੇ ਹੋਏ ਅਧਿਆਪਕ ਦਿਵਸ ਨੂੰ ਸਮਰਪਤ ਪ੍ਰੋਗਰਾਮ ਵਿੱਚ ਪੰਜਾਬ ਦੇ 25 ਅਜਿਹੇ ਉੱਘੇ ਸਿੱਖਿਆ ਸ਼ਾਸਤਰੀਆਂ ਦਾ ਸਨਮਾਨ ਕੀਤਾ ਗਿਆ, ਜਿਨ੍ਹਾਂ ਨੇ ਸਮਾਜ ਨੂੰ ਸਫਲ ਵਿਅਕਤੀ ਦਿੱਤੇ ਹਨ।ਆਪਣਾ ਪੰਜਾਬ ਫਾਊਂਡੇਸ਼ਨ ਵੱਲੋਂ ਆਯੋਜਿਤ ਪ੍ਰੋਗਰਾਮ ਵਿਖੇ ਮੁੱਖ ਮਹਿਮਾਨ ਦੇ ਤੌਰ 'ਤੇ ਪਹੁੰਚੇ ਮੈਂਬਰ ਰਾਜ ਸਭਾ ਸਤਨਾਮ ਸਿੰਘ ਸੰਧੂ ਵੱਲੋਂ ਅਧਿਆਪਕ ਦੇ ਤੌਰ 'ਤੇ ਸੇਵਾ ਮੁਕਤ ਹੋਏ ਉੱਘੇ ਸਿੱਖਿਆ ਸ਼ਾਸਤਰੀ ਹਰਪਾਲ ਸਿੰਘ ਨੂੰ ਸਨਮਾਨਤ ਕੀਤਾ ਗਿਆ।ਉਨ੍ਹਾਂ ਕਿਹਾ ਕਿ ਹਰਪਾਲ ਸਿੰਘ ਨੇ ਸੇਵਾ ਮੁਕਤੀ ਤੋਂ ਉਪਰੰਤ ਵੀ ਸਮਾਜ ਵਿੱਚ ਆਪਣਾ ਅਹਿਮ ਯੋਗਦਾਨ ਪਾਇਆ ਹੈ। ਉਨ੍ਹਾਂ ਨੇ ਪੇਂਡੂ ਖੇਤਰਾਂ ਵਿੱਚ ਅਨੇਕਾਂ ਸੰਸਥਾਵਾਂ ਖੋਲ੍ਹੀਆਂ, ਜੋ ਕਿ ਮਾਡਰਨ ਤੇ ਵਿੱਦਿਆ ਸਾਗਰ ਗਰੁੱਪ ਆਫ ਇਸਟੀਚਿਊਸ਼ਨਜ਼ ਵਜੋਂ ਜਾਣੀਆਂ ਜਾਂਦੀਆਂ ਹਨ।ਐਵਾਰਡ ਲੈਣ ਉਪਰੰਤ ਹਰਪਾਲ ਸਿੰਘ ਨੇ ਸੰਬੋਧਤ ਹੁੰਦਿਆਂ ਕਿਹਾ ਕਿ ਇੱਕ ਅਧਿਆਪਕ ਦਾ ਜੀਵਨ ਉਦੋਂ ਸਫਲ ਹੁੰਦਾ ਹੈ, ਜਦੋਂ ਉਸ ਦੇ ਵਿਦਿਆਰਥੀ ਵੱਖ ਵੱਖ ਖੇਤਰਾਂ ਵਿੱਚ ਇਮਾਨਦਾਰੀ ਨਾਲ ਆਪਣੀ ਭੂਮਿਕਾ ਨਿਭਾਉਂਦੇ ਹਨ।ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਆਪਣੇ ਪੂਰੇ ਜੀਵਨ ਕਾਲ ਵਿੱਚ ਅਧਿਆਪਕ ਰਹਿੰਦੇ ਹੋਏ ਪੂਰਨ ਇਮਾਨਦਾਰੀ ਤੇ ਸਹਿਜਤਾ ਨਾਲ ਕੰਮ ਕੀਤਾ ਹੈ।ਉਨ੍ਹਾਂ ਨੇ ਇਸ ਗੱਲ ਉੱਪਰ ਵੀ ਸੰਤੁਸ਼ਟੀ ਪ੍ਰਗਟਾਈ ਕਿ ਉਨ੍ਹਾਂ ਦੇ ਬੱਚੇ ਸਰਬਜੀਤ ਸਿੰਘ ਸਾਬਕਾ ਜ਼ਿਲ੍ਹਾ ਸਿੱਖਿਆ ਅਫ਼ਸਰ ਤੇ ਡਾ. ਜਗਜੀਤ ਸਿੰਘ ਵੀ ਉਨ੍ਹਾਂ ਦੀ ਸਿੱਖਿਆ ਅਨੁਸਾਰ ਸਮਾਜ ਵਿੱਚ ਆਪਣੀ ਭੂਮਿਕਾ ਨਿਭਾਅ ਰਹੇ ਹਨ।ਇਸ ਮੌਕੇ ਉਨ੍ਹਾਂ ਤੋਂ ਇਲਾਵਾ 24 ਹੋਰ ਸਫਲ ਅਧਿਆਪਕਾਂ ਨੂੰ ਵੀ ਸਨਮਾਨਤ ਕੀਤਾ ਗਿਆ।ਜ਼ਿਕਰਯੋਗ ਹੈ ਕਿ 'ਆਪਣਾ ਪੰਜਾਬ ਫਾਊਂਡੇਸ਼ਨ' ਵੱਲੋਂ ਕਰਵਾਏ ਇਸ ਐਵਾਰਡ ਪ੍ਰੋਗਰਾਮ ਵਿੱਚ ਜੈਕ ਦੇ ਪ੍ਰਤੀਨਿਧ ਸ੍ਰ. ਮਨਜੀਤ ਸਿੰਘ ਤੇ ਸ੍ਰ. ਨਿਰਮਲ ਸਿੰਘ ਤੋਂ ਇਲਾਵਾ ਫੈਡਰੇਸ਼ਨ ਦੇ ਸੀਨੀਅਰ ਆਗੂ ਸ੍ਰ. ਭੁਪਿੰਦਰ ਸਿੰਘ, ਸ੍ਰੀ ਬਲਦੇਵ ਬਾਵਾ ਤੇ ਸ੍ਰੀ ਅਨਿਲ ਮਿੱਤਲ ਵੀ ਮੌਜੂਦ ਸਨ। ਇਹ ਆਪਣੇ ਕਿਸਮ ਦੇ ਪਹਿਲੇ ਨਵੇਕਲੇ ਐਵਾਰਡ ਸਨ, ਜਿਨ੍ਹਾਂ ਦੀ ਖੁਸ਼ਬੂ ਸਾਰੇ ਸਮਾਜ ਵਿੱਚ ਫੈਲੇਗੀ।

# ਪੀ ਜੀ ਆਈ 8ਵੀਂ ਵਾਰ ਦੇਸ਼ ਦਾ ਦੂਜਾ ਸ੍ਰੇਸ਼ਠ ਮੈਡੀਕਲ ਸੰਸਥਾਨ ਬਣਿਆ



**ਸਮਰਾਲਾ (ਸੁਰਜੀਤ ਸਿੰਘ)**-ਪੀਜੀਆਈ ਚੰਡੀਗੜ੍ਹ ਨੇ ਮੈਡੀਕਲ ਖੇਤਰ ਵਿੱਚ ਆਪਣੀ ਕਾਰਜ ਕੁਸ਼ਲਤਾ ਦਾ ਪ੍ਰਗਟਾਵਾ ਕਰਦਿਆਂ ਲਗਾਤਾਰ 8ਵੀਂ ਵਾਰ ਦੇਸ਼ ਦੇ ਪ੍ਰਮੁੱਖ ਸਿਹਤ ਸੰਸਥਾਨਾਂ ਵਿੱਚ ਆਪਣਾ ਸਥਾਨ ਸਾਬਿਤ ਕਰਦਿਆਂ ਐੱਨ ਆਈ ਆਰ ਐੱਫ ਦੀ ਰੈਂਕਿੰਗ 2025 ਵਿੱਚ ਮੈਡੀਕਲ ਸ਼੍ਰੇਣੀ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ ਹੈ।ਇਹ ਰੈਂਕਿੰਗ ਅੱਜ ਨਵੀਂ ਦਿੱਲੀ ਦੇ ਭਾਰਤ ਮੰਡਪਮ ਵਿੱਚ ਆਯੋਜਿਤ ਸਮਾਰੋਹ ਦੌਰਾਨ ਭਾਰਤ ਸਰਕਾਰ ਦੇ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਵੱਲੋਂ ਘੋਸ਼ਿਤ ਕੀਤੀ ਗਈ।ਪ੍ਰੋ. ਵਿਵੇਕ ਲਾਲ ਡਾਇਰੈਕਟਰ ਨੇ ਪੂਰੀ ਪੀਜੀਆਈ ਪਰਵਾਰ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਇਹ ਮਾਣ ਸਿਰਫ਼ ਇਕ ਇਨਾਮ ਨਹੀਂ, ਸਗੋਂ ਸੰਸਥਾ ਦੀ ਮਰੀਜ਼ ਸੇਵਾ, ਮੈਡੀਕਲ ਸਿੱਖਿਆ ਤੇ ਨਵੇਂ ਖੋਜ-ਅਧਿਐਨ ਪ੍ਰਤੀ ਵਚਨਬੱਧਤਾ ਦਾ ਪ੍ਰਤੀਕ ਹੈ।ਉਨ੍ਹਾਂ ਕਿਹਾ ਕਿ ਇਹ ਪ੍ਰਾਪਤੀ ਪੀਜੀਆਈ ਫੈਕਲਟੀ, ਸਟਾਫ ਤੇ ਵਿਦਿਆਰਥੀਆਂ ਦੇ ਅਣਥੱਕ ਯਤਨਾਂ ਦਾ ਸਿੱਟਾ ਹੈ, ਜਿਸ ਨੇ ਪੀਜੀਆਈ ਦਾ ਸਿਰ ਦੇਸ਼ ਵਿੱਚ ਉੱਚਾ ਰੱਖਿਆ ਹੈ।

ਪ੍ਰੋ. ਲਾਲ ਨੇ ਕੇਂਦਰੀ ਸਿਹਤ ਤੇ ਪਰਵਾਰ ਕਲਿਆਣ ਮੰਤਰੀ ਅਤੇ ਸੰਸਥਾ ਦੇ ਪ੍ਰਧਾਨ ਜੇ. ਪੀ. ਨੱਢਾ ਦਾ ਉਨ੍ਹਾਂ ਦੇ ਲਗਾਤਾਰ ਸਹਿਯੋਗ ਤੇ ਮਾਰਗ ਦਰਸ਼ਨ ਲਈ ਧੰਨਵਾਦ ਕੀਤਾ।ਐੱਨ ਆਈ ਆਰ ਐੱਫ ਰੈਂਕਿੰਗ ਦੇ 10ਵੇਂ ਸੰਸਕਰਨ ਵਿੱਚ ਪੀਜੀਆਈ ਚੰਡੀਗੜ੍ਹ ਨੇ ਭਾਰਤ ਦੇ ਮੈਡੀਕਲ ਸੰਸਥਾਨਾਂ ਵਿੱਚ ਆਪਣਾ ਦੂਜਾ ਸਥਾਨ ਬਣਾਈ ਰੱਖਿਆ।ਇਸ ਰੈਂਕਿੰਗ ਵਿੱਚ ਐੱਨ ਆਈ ਆਈ ਐੱਮ ਐੱਸ ਨਵੀਂ ਦਿੱਲੀ ਪਹਿਲੇ ਸਥਾਨ 'ਤੇ ਰਿਹਾ, ਜਦਕਿ ਸੀ ਐੱਮ ਸੀ ਵੇਲੂਰ ਤੇ ਐੱਨ ਆਈ ਐੱਮ ਐੱਚ ਏ ਐੱਨ ਐੱਸ ਨੇ ਕ੍ਰਮਵਾਰ ਤੀਜਾ ਤੇ ਚੌਥਾ ਸਥਾਨ ਪ੍ਰਾਪਤ ਕੀਤਾ।ਨਵੀਂ ਦਿੱਲੀ ਸਮਾਰੋਹ ਵਿੱਚ ਸੰਸਥਾ ਵੱਲੋਂ ਇਹ ਇਨਾਮ ਪ੍ਰੋ. ਆਰ. ਕੇ. ਰਾਠੌ ਡੀਨ ਅਕੈਡਮਿਕ ਪੀਜੀਆਈ ਚੰਡੀਗੜ੍ਹ ਨੇ ਪ੍ਰਾਪਤ ਕੀਤਾ।

# ਨਗਰ ਕੌਂਸਲ ਚਾਹੇ ਤਾਂ ਕਮਲ ਚੌਕ ਦੇ ਪਾਣੀ ਦਾ ਹੱਲ ਹੋ ਸਕਦੈ-ਧੀਮਾਨ



**ਜਗਰਾਓਂ (ਅਮਿਤ ਖੰਨਾ)**-ਬਿਲਡਿੰਗ ਠੇਕੇਦਾਰ ਐਸੋਸੀਏਸ਼ਨ (ਰਜਿ:133) ਦੇ ਪ੍ਰਧਾਨ ਜਿੰਦਰਪਾਲ ਧੀਮਾਨ ਨੇ ਕਿਹਾ ਕਿ ਪਿਛਲੇ ਕਈ ਸਾਲਾਂ ਤੋਂ ਕਮਲ ਚੌਕ ਵਿੱਚ ਖੜ ਰਹੇ ਬਰਸਾਤੀ ਪਾਣੀ ਦਾ ਹੱਲ ਨਹੀਂ ਹੋ ਸਕਿਆ ਜਾਂ ਕੋਈ ਵੀ ਸਰਕਾਰ ਇਸ ਦਾ ਹੱਲ ਨਹੀਂ ਕੱਢ ਸਕੀ। ਜਗਰਾਓਂ ਵਿੱਚ ਪਿਛਲੇ ਕਈ ਦਿਨਾਂ ਤੋਂ ਬਰਸਾਤ ਹੋਣ ਕਰਕੇ ਕਮਲ ਚੌਕ ਦੀਆਂ ਦੁਕਾਨਾਂ ਪਿਛਲੇ ਕਈ ਦਿਨਾਂ ਤੋਂ ਬੰਦ ਪਈਆ ਸਨ, ਜਿਸ ਕਰਕੇ ਦੁਕਾਨਦਾਰਾਂ ਦਾ ਕਾਫੀ ਨੁਕਸਾਨ ਹੋਇਆ ਹੈ। ਇਸ ਨੁਕਸਾਨ ਦੀ ਜ਼ਿੰਮੇਵਾਰ ਨਗਰ ਕੌਂਸਲ ਜਗਰਾਓਂ ਤੇ ਜਗਰਾਓਂ ਦੀ ਐੱਮ ਐੱਲ ਏ ਹੈ। ਇਨ੍ਹਾਂ ਦੀ ਆਪਸੀ ਲੜਾਈ ਕਰਕੇ ਪੂਰੇ ਜਗਰਾਓਂ ਦਾ ਬੁਰਾ ਹਾਲ ਹੈ। ਸ਼ਹਿਰ ਦੀਆਂ ਸਾਰੀਆਂ ਸੜਕਾਂ ਟੁੱਟੀਆਂ ਹੋਈਆਂ ਹਨ। ਕੂੜੇ ਦੇ ਢੇਰ ਲੱਗੇ ਹੋਏ ਹਨ, ਬਹੁਤ ਹੀ ਘੱਟ ਖਰਚੇ 'ਤੇ ਕਮਲ ਚੌਕ ਵਿੱਚ ਬਰਸਾਤੀ ਪਾਣੀ ਦਾ ਹੱਲ ਇੱਕ ਬੋਰ ਕਰਵਾ ਕੇ ਨਿਕਲ ਸਕਦਾ ਹੈ।

# ਘੱਗਰ ਨੇੜਲੇ ਪਿੰਡਾਂ ਦੇ ਲੋਕਾਂ ਨੂੰ ਉੱਚੀਆਂ ਥਾਂਵਾਂ 'ਤੇ ਜਾਣ ਦੀ ਸਲਾਹ

**ਸੰਗਰੂਰ (ਪ੍ਰਵੀਨ ਸਿੰਘ)**-ਲਗਾਤਾਰ ਹੋ ਰਹੀ ਬਾਰਸ਼ ਕਾਰਨ ਘੱਗਰ ਦਰਿਆ ਦੇ ਮੌਜੂਦਾ ਹਾਲਾਤ ਦੇ ਮੱਦੇਨਜ਼ਰ ਜ਼ਿਲ੍ਹਾ ਪ੍ਰਸ਼ਾਸਨ ਨੇ ਜ਼ਿਲ੍ਹੇ ਦੇ ਪਿੰਡ ਬਨਾਰਸੀ, ਬਾਓਪਰ, ਨਵਾਗਾਓਂ, ਜਸਵੰਤਪੁਰਾ ਉਰਫ ਹੋਤੀਪੁਰ, ਅੰਨਦਾਨਾ, ਸ਼ਾਹਪੁਰਥੇੜੀ, ਚਾਦੂੰ, ਮੰਡਵੀ, ਬੰਗਾਂ, ਖਨੌਰੀ ਕਲਾਂ, ਹਮੀਰਗੜ੍ਹ, ਸੁਰਜਨਭੈਣੀ, ਭੂੰਦੜਭੈਣੀ, ਸਲੇਮਗੜ੍ਹ, ਮਕਰੌੜ ਸਾਹਿਬ, ਫੂਲਦ, ਗਨੌਟਾ, ਘਮੂਰਘਾਟ, ਰਾਮਪੁਰਾ ਗੁਜਰਾਂ, ਹਾਂਡਾ, ਕੁਦਨੀ, ਵਜੀਦਪੁਰ, ਕਬੀਰਪੁਰ, ਕੜੈਲ, ਬੁਸਹਿਰਾ, ਮੂਨਕ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਸੁਰੱਖਿਆ ਦੇ ਮੱਦੇਨਜ਼ਰ ਉਹ, ਖ਼ਾਸ ਤੌਰ ਉੱਤੇ ਬਜ਼ੁਰਗਾਂ ਤੇ ਬੱਚਿਆਂ ਨੂੰ ਲੈ ਕੇ ਉੱਚੀਆਂ ਥਾਂਵਾਂ 'ਤੇ ਚਲੇ ਜਾਣ ਤੇ ਆਪਣੇ ਪਸ਼ੂਆਂ ਨੂੰ ਵੀ ਦਰਿਆ ਤੋਂ ਦੂਰ ਉੱਚੀਆਂ ਥਾਂਵਾਂ 'ਤੇ ਲੈ ਜਾਣ।ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਲਾਹਕਾਰੀ ਜਾਰੀ ਕਰਦੇ ਹੋਏ ਇਨ੍ਹਾਂ ਪਿੰਡਾਂ ਦੇ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਕਿਸੇ ਵੀ ਤਰ੍ਹਾਂ ਦੀ ਅਫ਼ਵਾਹ ਉੱਤੇ ਯਕੀਨ ਨਾ ਕਰਨ ਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਪੂਰੀ ਤਰ੍ਹਾਂ ਸਹਿਯੋਗ ਕਰਨ।ਜ਼ਿਲ੍ਹਾ ਪ੍ਰਸ਼ਾਸਨ ਤੇ ਪੰਜਾਬ ਸਰਕਾਰ ਉਨ੍ਹਾਂ ਦੀ ਸੁਰੱਖਿਆ ਲਈ 24 ਘੰਟੇ ਹਾਜ਼ਰ ਹਨ।ਦਰਿਆ ਦੇ ਆਲੇ ਦੁਆਲੇ ਦੇ ਖੇਤਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ, 15 ਸੰਵੇਦਨਸ਼ੀਲ ਥਾਵਾਂ, ਜਿੱਥੇ 2023 ਵਿੱਚ ਪਾੜ ਪਿਆ ਸੀ ਅਤੇ ਦਰਿਆ ਦੇ ਨਾਲ ਲੱਗਦੇ ਹੋਰ ਸਥਾਨਾਂ ਦੀ ਪਛਾਣ ਕੀਤੀ ਗਈ ਹੈ, ਜਿੱਥੇ ਜੰਬੋ ਬੈਗਾਂ ਸਮੇਤ ਰੇਤ ਦੀਆਂ ਬੋਰੀਆਂ ਨਾਲ ਦਰਿਆ ਦੇ ਕੰਢਿਆਂ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ।ਪਿਛਲੇ ਚਾਰ ਦਿਨਾਂ ਤੋਂ ਠੀਕਰੀ ਪਹਿਰੇ ਵੀ ਸ਼ੁਰੂ ਕੀਤੇ ਹੋਏ ਹਨ।ਡਰੇਨੇਜ ਵਿਭਾਗ, ਮਾਲ ਵਿਭਾਗ, ਮੰਡੀ ਬੋਰਡ ਤੇ ਪੰਚਾਇਤ ਵਿਭਾਗ ਦੇ ਕਰਮਚਾਰੀਆਂ, ਸਥਾਨਕ ਪਿੰਡ ਵਾਸੀਆਂ ਸਮੇਤ, ਵਿਸ਼ੇਸ਼ ਟੀਮਾਂ ਬਣਾਈਆਂ ਗਈਆਂ ਹਨ, ਜੋ ਲਗਾਤਾਰ ਇਨ੍ਹਾਂ ਸੰਵੇਦਨਸ਼ੀਲ ਥਾਵਾਂ ਦੀ ਨਿਗਰਾਨੀ ਕਰ ਰਹੀਆਂ ਹਨ।ਇਸ ਤੋਂ ਇਲਾਵਾ ਰਾਤ ਦੇ ਸਮੇਂ ਦਰਿਆ ਦੇ ਕੰਢਿਆਂ 'ਤੇ ਪੁਲਸ ਗਸ਼ਤ ਦੇ ਨਿਰਦੇਸ਼ ਵੀ ਦਿੱਤੇ ਗਏ ਹਨ।ਕਿਸੇ ਵੀ ਐਮਰਜੈਂਸੀ ਦੀ ਸਥਿਤੀ ਵਿੱਚ ਡਰੇਨੇਜ ਵਿਭਾਗ ਨਾਲ 87250-29785 ਜਾਂ ਜ਼ਿਲ੍ਹਾ ਪ੍ਰਸ਼ਾਸਨ ਨਾਲ 01672-234196 ਜਾਂ ਮੂਨਕ ਕੰਟਰੋਲ ਰੂਮ ਨਾਲ 97802-95132 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਵਾਟਰ ਸਪਲਾਈ ਮਹਿਕਮੇ ਦੀ ਅਣਗਹਿਲੀ ਕਾਰਨ ਲੋਕਾਂ ਦੇ ਮਕਾਨ ਡਿੱਗਣ ਦੀ ਕਗਾਰ 'ਤੇ



ਪੀੜਤਾਂ ਨੂੰ ਇਨਸਾਫ ਦਿਵਾਉਣ ਲਈ ਅਧਿਕਾਰੀ ਨੂੰ ਮੰਗ ਪੱਤਰ ਸੌਂਪਦੇ ਜਥੇਬੰਦੀ ਦੇ ਆਗੂ।

**ਲੌਂਗੋਵਾਲ, (ਪ੍ਰਦੀਪ ਸੱਪਲ) :** ਕਸਬਾ ਲੌਂਗੋਵਾਲ ਵਾਸੀ ਤੇ ਮਿਹਨਤੀ ਪਰਵਾਰ ਚੰਦਰ ਰੇਖਾ ਪਤਨੀ ਨਿਰਦੋਸ਼ ਕੁਮਾਰ ਨੇ ਆਪਣੀ ਜੀਵਨ ਭਰ ਦੀ ਕਮਾਈ ਨਾਲ ਤਿਆਰ ਕੀਤਾ ਮਕਾਨ ਵਾਟਰ ਸਪਲਾਈ ਦੇ ਲੀਕੇਜ ਨਾਲ ਡਿੱਗਣ ਦੀ ਕਗਾਰ ਉੱਤੇ ਹੈ।

ਜਾਣਕਾਰੀ ਦਿੰਦਿਆਂ ਮਕਾਨ ਮਾਲਕਨ ਚੰਦਰ ਰੇਖਾ ਪਤਨੀ ਨਿਰਦੋਸ਼ ਕੁਮਾਰ ਵਾਸੀ ਲੌਂਗੋਵਾਲ ਨੇ ਦੱਸਿਆ ਕਿ ਉਹ 20 ਸਾਲਾਂ ਤੱਕ ਕਿਰਾਏ ਦੇ ਮਕਾਨ ਵਿੱਚ ਰਹੇ ਹਨ ਤੇ ਫਿਰ ਮਿਹਨਤ ਕਰਕੇ 10 ਤੋਂ 15 ਸਾਲ ਵਿੱਚ ਮਕਾਨ ਤਿਆਰ ਕੀਤਾ ਅਤੇ ਵਾਟਰ ਸਪਲਾਈ ਦੀ ਅਣਗਹਿਲੀ ਕਾਰਨ ਪਾਣੀ ਦੇ ਲੀਕੇਜ ਕਰਕੇ ਉਨ੍ਹਾਂ ਦੇ ਸਾਰੇ ਮਕਾਨ ਵਿੱਚ ਬਹੁਤ ਤਰੇੜਾਂ ਪੈ ਗਈਆਂ ਹਨ ਅਤੇ ਉਨ੍ਹਾਂ ਦਾ ਮਕਾਨ ਕਿਸੇ ਸਮੇਂ ਵੀ ਡਿੱਗ ਸਕਦਾ ਹੈ।ਇਸ ਨੂੰ ਮੁੱਖ ਰੱਖਦਿਆਂ ਲੌਂਗੋਵਾਲ ਦੀਆਂ ਸਮੂਹ ਜਥੇਬੰਦੀਆ ਵੱਲੋਂ ਸਾਂਝੇ ਰੂਪ ਵਿੱਚ ਤਹਿਸੀਲਦਾਰ ਨੂੰ ਮੰਗ ਪੱਤਰ ਦਿੱਤਾ ਗਿਆ ਤੇ ਪਰਵਾਰ ਨੂੰ ਇਨਸਾਫ ਦੇਣ ਦੀ ਮੰਗ ਕੀਤੀ ਗਈ।ਇਸ ਮੌਕੇ ਸਿਸ਼ਨ ਪਾਲ, ਬਲਵੀਰ ਚੰਦ ਪ੍ਰਧਾਨ ਦੇਸ਼ ਭਗਤ ਯਾਦਗਾਰ ਲੌਂਗੋਵਾਲ, ਜੁਝਾਰ ਸਿੰਘ ਸੂਬਾ ਆਗੂ ਤਰਕਸ਼ੀਲ ਸੁਸਾਇਟੀ ਪੰਜਾਬ, ਕਮਲਜੀਤ ਸਿੰਘ ਵਿੱਕੀ (ਸਮਾਜ ਸੇਵਕ), ਅੰਮ੍ਰਿਤ ਸਿੰਗਲਾ, ਪਾਲਾ ਮੱਲ, ਜੋਜੀ, ਨਿਰਮਲ ਕੁਮਾਰ, ਨਿੰਦੀ ਆਦਿ ਸ਼ਾਮਲ ਸਨ।

# ਰੋਟਰੀ ਕਲੱਬ ਦਾ ਦੀਵਾਲੀ ਉਤਸਵ 15 ਅਕਤੂਬਰ ਨੂੰ ਮਹਾਰਾਜਾ ਪੈਲੇਸ 'ਚ ਮਨਾਇਆ ਜਾਵੇਗਾ : ਜਗਦੀਪ ਭਾਰਦਵਾਜ

**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਰੋਟਰੀ ਕਲੱਬ ਸੁਨਾਮ ਦੀ ਮੀਟਿੰਗ ਕਲੱਬ ਪ੍ਰਧਾਨ ਜਗਦੀਪ ਭਾਰਦਵਾਜ ਦੀ ਅਗਵਾਈ ਹੇਠ ਰੋਇਲ ਰੈਸਟੋਰੈਂਟ ਵਿਖੇ ਕੀਤੀ ਗਈ।ਮੀਟਿੰਗ ਦੀ ਸ਼ੁਰੂਆਤ ਕਲੱਬ ਜਰਨਲ ਸਕੱਤਰ ਵਿਜੇ ਮੋਹਨ ਨੇ ਮੈਂਬਰਾਂ ਦਾ ਸਵਾਗਤ ਕਰਕੇ ਕੀਤੀ।ਮੀਟਿੰਗ ਦੌਰਾਨ ਆਉਣ ਵਾਲੇ ਦੀਵਾਲੀ ਉਤਸਵ ਦੇ ਪ੍ਰਬੰਧਾਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ ਤੇ ਫੈਸਲਾ ਲਿਆ ਗਿਆ ਕਿ 15 ਅਕਤੂਬਰ ਨੂੰ ਮਹਾਰਾਜਾ ਪੈਲੇਸ ਵਿੱਚ ਦੀਵਾਲੀ ਉਤਸਵ ਸ਼ਾਨ ਨਾਲ ਮਨਾਇਆ ਜਾਵੇਗਾ।ਪ੍ਰਧਾਨ ਜਗਦੀਪ ਭਾਰਦਵਾਜ ਨੇ ਦੱਸਿਆ ਕਿ ਪ੍ਰਬੰਧਕ ਕਮੇਟੀ ਦਾ ਐਲਾਨ ਅਗਲੀ ਮੀਟਿੰਗ ਵਿੱਚ ਕੀਤਾ ਜਾਵੇਗਾ।



ਇਸ ਮੌਕੇ ਹਾਲ ਹੀ ਵਿੱਚ ਕੈਬਨਿਟ ਮੰਤਰੀ ਅਮਨ ਅਰੋੜਾ ਦੇ ਨਾਲ ਆਨਰੇਰੀ ਮੈਂਬਰ ਬਣੇ ਆਰ. ਐੱਨ. ਕਾਂਸਲ ਨੂੰ ਪਹਿਲੀ ਵਾਰ ਮੀਟਿੰਗ ਵਿੱਚ ਹਾਜ਼ਰ ਹੋਣ 'ਤੇ ਸਨਮਾਨਤ ਕੀਤਾ ਗਿਆ।

ਆਪਣੇ ਸੰਬੋਧਨ ਵਿੱਚ ਆਰ. ਐੱਨ. ਕਾਂਸਲ ਨੇ ਕਲੱਬ ਪ੍ਰਧਾਨ ਤੇ ਬੋਰਡ ਆਫ ਡਾਇਰੈਕਟਰਜ਼ ਦਾ ਧੰਨਵਾਦ ਕਰਦੇ ਹੋਏ ਸਮਾਜ ਸੇਵਾ ਲਈ ਕਲੱਬ ਦੇ ਹਰ ਯਤਨ ਵਿੱਚ ਭਾਗੀਦਾਰੀ ਦਾ ਭਰੋਸਾ ਦਿਵਾਇਆ।

ਮੀਟਿੰਗ ਵਿੱਚ ਕਲੱਬ ਡਿਊਜ਼ ਅਦਾ ਕਰਨ ਵਾਲੇ ਮੈਂਬਰਾਂ ਵਿੱਚੋਂ ਹੋਏ ਡਰਾਅ 'ਚ ਡਾ. ਰੋਮਿਤ ਗੁਪਤਾ ਤੇ ਵਿਜੇ ਮੋਹਨ ਨੂੰ ਸਨਮਾਨਤ ਕੀਤਾ ਗਿਆ।ਇਸੇ ਤਰ੍ਹਾਂ ਪੰਕਚੁਐਲਿਟੀ ਅਵਾਰਡ ਪਵਨਜੀਤ ਹੰਜਰਾ ਨੂੰ ਪ੍ਰਦਾਨ ਕੀਤਾ ਗਿਆ।ਕਲੱਬ ਮੈਂਬਰ ਰੋਟੇਰੀਅਨ ਰਾਕੇਸ਼ ਕੁਮਾਰ ਟੋਨੀ ਦੇ ਅਚਾਨਕ ਨਿਧਨ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ ਗਿਆ।ਇਸ ਦੌਰਾਨ ਦੋ ਮਿੰਟ ਦਾ ਮੌਨ ਰੱਖ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ ਗਈ।

ਮੀਟਿੰਗ ਵਿੱਚ ਹੋਰ ਮੈਂਬਰਾਂ ਤੋਂ ਇਲਾਵਾ ਡਾ. ਐੱਚ. ਐੱਸ. ਬਾਬਾ, ਸ਼ਸ਼ੀ ਗੋਇਲ, ਵਿਕਰਮ ਗਰਗ, ਪ੍ਰਭਾਤ ਜਿੰਦਲ, ਸ਼ਿਵ ਗਰਗ, ਹਰੀਸ਼ ਗਖੜ, ਸੰਦੀਪ ਜੈਨ, ਰਾਜੀਵ ਸਿੰਗਲਾ, ਸੁਮਿਤ ਬੰਦਲਿਸ਼, ਸੰਜੇ ਬੰਦਲਿਸ਼, ਸ਼੍ਰੀਕ੍ਰਿਸ਼ਨ ਰਾਜੂ, ਅਨਿਲ ਜੁਨੇਜਾ, ਹਰੀਸ਼ ਕੁਮਾਰ, ਪ੍ਰਮੋਦ ਹੋਡਲਾ, ਕਮਲ ਗਰਗ, ਹਰੀਸ਼ ਐੱਲ ਆਈ ਸੀ, ਪੁਨੀਤ ਬੰਸਲ, ਅਸ਼ੋਕ ਗੋਇਲ, ਵਿਕਰਮ ਗੋਇਲ, ਐਡਵੋਕੇਟ ਵਰਿੰਦਰ ਰੰਮੀ, ਅਨੂਪ ਗੋਇਲ, ਅਤੁਲ ਗੁਪਤਾ, ਵਿਨੋਦ ਬੌਬੀ, ਬਹਾਲ ਸਿੰਘ ਤੇ ਵਿਨੀਤ ਕੁਮਾਰ ਹਾਜ਼ਰ ਸਨ।

# ਬਾਬਾ ਸੁੱਧ ਸਿੰਘ ਨੇ ਹੜ੍ਹ ਪੀੜਤਾਂ ਨੂੰ 5 ਲੱਖ ਤੋਂ ਵੱਧ ਦੀ ਰਾਹਤ ਸਮੱਗਰੀ ਵੰਡੀ



ਹੜ੍ਹ ਪੀੜਤਾਂ ਨੂੰ ਰਾਹਤ ਸਮੱਗਰੀ ਵੰਡਦੇ ਹੋਏ ਬਾਬਾ ਸੁੱਧ ਸਿੰਘ ਟੂਸੇ ਵਾਲੇ।

**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਮਾਜ ਸੇਵੀ ਤੇ ਧਾਰਮਿਕ ਕਾਰਜਾਂ ਵਿੱਚ ਲੱਗੇ ਬਾਬਾ ਸੁੱਧ ਸਿੰਘ ਟੂਸੇ ਵਾਲਿਆਂ ਵੱਲੋਂ ਹੜ੍ਹ ਪੀੜਤਾਂ ਨੂੰ 5 ਲੱਖ ਰੁਪਏ ਤੋਂ ਵੱਧ ਦੀ ਰਾਹਤ ਸਮੱਗਰੀ ਵੰਡੀ ਗਈ। ਬਾਬਾ ਸੁੱਧ ਸਿੰਘ ਟੂਸੇ ਵਾਲਿਆਂ ਨੇ ਦੱਸਿਆ ਕਿ ਅਜਨਾਲਾ ਇਲਾਕੇ ਵਿੱਚ ਹੜ੍ਹ ਕਾਰਨ ਲੋਕਾਂ ਦੇ ਹਾਲਾਤ ਬਹੁਤ ਖ਼ਰਾਬ ਹਨ ਤੇ ਇਲਾਕੇ ਦੀ ਸੰਗਤ ਦੇ ਸਹਿਯੋਗ ਨਾਲ ਉਨ੍ਹਾਂ ਵੱਲੋਂ ਅੱਜ ਰਾਹਤ ਸਮੱਗਰੀ ਵੰਡੀ ਗਈ। ਉਨ੍ਹਾਂ ਕਿਹਾ ਕਿ ਅਜਨਾਲਾ ਇਲਾਕੇ ਵਿੱਚ ਜਿੱਥੇ ਕਿਸਾਨਾਂ ਦੀਆਂ ਫਸਲਾਂ ਖ਼ਰਾਬ ਹੋ ਗਈਆਂ, ਉੱਥੇ ਉਨ੍ਹਾਂ ਕੋਲ ਖਾਣ-ਪੀਣ ਵਾਲੀ ਸਮੱਗਰੀ ਵੀ ਨਹੀਂ ਹੈ। ਸੁੱਧ ਸਿੰਘ ਟੂਸੇ ਵਾਲਿਆਂ ਨੇ ਕਿਹਾ ਕਿ ਸੰਗਤਾਂ ਨੂੰ ਇੱਕਜੁਟ ਹੋ ਕੇ ਅੱਜ ਹੜ੍ਹ ਪੀੜਤਾਂ ਦੀ ਮੱਦਦ ਲਈ ਅੱਗੇ ਆਉਣਾ ਚਾਹੀਦਾ ਹੈ।

# ਮੁੜ ਤੋਂ ਕਰੋ ਜ਼ਮੀਨੀ ਵੰਡ ਕਾਨਫਰੰਸ ਦੀ ਤਿਆਰੀ ਸੰਬੰਧੀ ਮੀਟਿੰਗਾਂ ਜਥੇਬੰਦ



**ਮੁਕਤਸਰ ਸਾਹਿਬ, (ਸ਼ਮਿੰਦਰ ਪਾਲ/ਪੂਜਾ)**-ਮੌਜੂਦਾ ਸਮੇਂ ਲੋਕਾਂ ਦੇ ਜਾਨ-ਮਾਲ ਦਾ ਖੌਅ ਬਣ ਰਹੇ ਹੜ੍ਹ ਕੁਦਰਤੀ ਕਰੋਪੀ ਨਹੀਂ, ਸਗੋਂ ਸਰਕਾਰਾਂ ਦੀਆਂ ਲੋਕ ਦੋਖੀ ਨੀਤੀਆਂ ਦਾ ਸਿੱਟਾ ਹਨ ਅਤੇ ਇਸ ਨੁਕਸਾਨ ਦੀ ਸੌ ਫ਼ੀਸਦੀ ਭਰਪਾਈ ਕੇਂਦਰ ਤੇ ਸੂਬਾ ਸਰਕਾਰ ਨੂੰ ਕਰਨੀ ਚਾਹੀਦੀ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ ਵੱਲੋਂ ਪਿੰਡ ਭਾਗਸਰ ਤੇ ਖੁੰਡੇ ਹਲਾਲ ਵਿਖੇ ਲੋਕ ਮੋਰਚਾ ਪੰਜਾਬ ਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ 8 ਸਤੰਬਰ ਨੂੰ ਦਾਨਾ ਮੰਡੀ ਸ੍ਰੀ ਮੁਕਤਸਰ ਸਾਹਿਬ ਵਿਖੇ ਰੱਖੀ ਮੁੜ ਤੋਂ ਕਰੋ ਜ਼ਮੀਨੀ ਵੰਡ ਕਾਨਫਰੰਸ ਦੀ ਤਿਆਰੀ ਸਬੰਧੀ ਰੱਖੀਆਂ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਕੀਤਾ ਗਿਆ। ਉਨ੍ਹਾਂ ਆਖਿਆ ਕਿ ਅੱਜ ਜਦੋਂ ਪਹਿਲਾਂ ਹੀ ਖੇਤੀ ਸੰਕਟ ਦੀ ਬਦੌਲਤ ਖੇਤ ਮਜ਼ਦੂਰ ਤੇ ਕਿਸਾਨ ਕਰਜ਼ੇ ਤੇ ਖ਼ੁਦਕੁਸ਼ੀਆਂ ਵਰਗਾ ਸੰਤਾਪ ਹੰਢਾ ਰਹੇ ਆ ਤਾਂ ਹੜ੍ਹਾਂ ਕਾਰਨ ਹੋ ਰਿਹਾ ਭਾਰੀ ਨੁਕਸਾਨ ਇਨ੍ਹਾਂ ਤਬਕਿਆਂ ਲਈ ਸਾੜ੍ਹ ਸਤੀ ਬਣ ਰਿਹਾ ਹੈ।ਉਨ੍ਹਾਂ ਆਖਿਆ ਕਿ ਖੇਤ ਮਜ਼ਦੂਰਾਂ ਅਤੇ ਬੇਜ਼ਮੀਨੇ ਤੇ ਥੁੜ ਜ਼ਮੀਨੇ ਕਿਸਾਨਾਂ ਦੀਆਂ ਸਮੱਸਿਆਵਾਂ ਤੇ ਖੇਤੀ ਸੰਕਟ ਦੇ ਹੱਲ ਲਈ ਜ਼ਮੀਨਾਂ ਸਮੇਤ ਖੇਤੀ ਦੇ ਸੰਦ ਸਾਧਨਾਂ ਦੀ ਮੁੜ ਵੰਡ ਕਰਨਾ ਬੇਹੱਦ ਜ਼ਰੂਰੀ ਹੈ। ਉਹਨਾਂ ਆਖਿਆ ਕਿ ਜ਼ਮੀਨਾਂ ਅਤੇ ਸੰਦ ਸਾਧਨਾਂ ਦੀ ਮੁੜ ਵੰਡ ਨਾਂ ਸਿਰਫ ਮਜ਼ਦੂਰਾਂ ਕਿਸਾਨਾਂ ਦੀ ਤਰੱਕੀ ਤੇ ਖ਼ੁਸ਼ਹਾਲੀ ਦਾ ਰਾਹ ਖੋਲ੍ਹਣ ਦਾ ਅਹਿਮ ਸਾਧਨ ਬਣੇਗੀ, ਸਗੋਂ ਹੋਰਨਾਂ ਵਰਗਾਂ ਦੀ ਹੋਣੀ ਵੀ ਇਨ੍ਹਾਂ ਕਦਮਾਂ ਨਾਲ ਹੀ ਬਦਲੇਗੀ।ਉਨ੍ਹਾਂ ਆਖਿਆ ਕਿ ਇਸ ਖਾਤਰ ਜ਼ਮੀਨੀ ਹੱਦਬੰਦੀ ਕਾਨੂੰਨ ਨੂੰ ਸਭ ਚੋਰ ਮੋਰੀਆਂ ਖਤਮ ਕਰਕੇ ਤੁਰੰਤ ਲਾਗੂ ਕਰਨ ਤੋਂ ਇਲਾਵਾ ਇਸ ਕਾਨੂੰਨ ਨੂੰ ਹੋਰ ਤਰਕ ਸੰਗਤ ਬਣਾਉਣ ਤੇ ਪੰਚਾਇਤੀ, ਸਾਂਝੀਆਂ, ਨਜ਼ੂਲ ਤੇ ਹੋਰਨਾਂ ਸਾਂਝੀਆਂ ਜ਼ਮੀਨਾਂ ਉੱਤੇ ਖੇਤ ਮਜ਼ਦੂਰਾਂ ਤੇ ਬੇਜ਼ਮੀਨੇ ਕਿਸਾਨਾਂ ਦੇ ਹੱਕ ਨੂੰ ਬਿਨਾਂ ਕਿਸੇ ਰੱਖ ਰਖਾਅ ਦੇ ਪ੍ਰਵਾਨ ਕਰਨ ਦੀ ਲੋੜ ਹੈ।ਇਸ ਤੋਂ ਇਲਾਵਾ ਸ਼ਾਹੂਕਾਰਾ ਲੁੱਟ ਦਾ ਖਾਤਮਾ ਕਰਨ, ਕਿਸਾਨਾਂ ਖੇਤ ਮਜ਼ਦੂਰਾਂ ਨੂੰ ਸਸਤੇ ਤੇ ਬਿਨਾਂ ਵਿਆਜ ਕਰਜ਼ੇ ਦੇਣ ਦੀ ਨੀਤੀ ਬਣਾਉਣ, ਮਜ਼ਦੂਰਾਂ ਦੇ ਘਰਾਂ ਤੇ ਕਿਸਾਨਾਂ ਦੀਆਂ ਜ਼ਮੀਨਾਂ ਦੀਆਂ ਕੁਰਕੀਆਂ ਰੋਕਣ ਵਰਗੇ ਅਹਿਮ ਕਦਮ ਚੁੱਕੇ ਜਾਣ ਦੀ ਅਣਸਰਦੀ ਲੋੜ ਹੈ।ਇਸ ਮੌਕੇ ਮਜ਼ਦੂਰ ਆਗੂ ਕਾਕਾ ਸਿੰਘ ਤੇ ਤਰਸੇਮ ਸਿੰਘ ਖੁੰਡੇ ਹਲਾਲ, ਅਮਰੀਕ ਸਿੰਘ ਤੇ ਭਿੰਦਰ ਸਿੰਘ ਭਾਗਸਰ ਵੱਲੋਂ ਸੰਬੋਧਨ ਕਰਦਿਆਂ ਮਜ਼ਦੂਰਾਂ ਕਿਸਾਨਾਂ ਨੂੰ 8 ਸਤੰਬਰ ਨੂੰ ਸ੍ਰੀ ਮੁਕਤਸਰ ਸਾਹਿਬ ਦੀ ਦਾਨਾ ਮੰਡੀ 'ਚ ਕੀਤੀ ਜਾ ਰਹੀ ਕਾਨਫਰੰਸ 'ਚ ਪਰਵਾਰਾਂ ਸਮੇਤ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ।

# ਜਾਲ੍ਹੀ ਦਸਤਾਵੇਜ਼ਾਂ 'ਤੇ ਗੱਡੀਆਂ ਨੂੰ ਨੰਬਰ ਜਾਰੀ ਕਰਨ ਵਾਲੇ ਦੋ ਮੁਲਾਜ਼ਮ ਵਿਜੀਲੈਂਸ ਦੇ ਸ਼ਿਕੰਜੇ 'ਚ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਬਠਿੰਡਾ ਵਿਜੀਲੈਂਸ ਵੱਲੋਂ ਬੀਤੇ ਦਿਨੀ ਕਵਾੜ ਵਿੱਚ ਗੱਡੀਆਂ ਖਰੀਦ ਕੇ ਡੱਬ ਵਾਲੀ ਹਰਿਆਣਾ ਤੋਂ ਤਿਆਰ ਕਰਵਾ ਕੇ ਬਠਿੰਡਾ ਦੇ ਆਰਟੀਓ ਦਫਤਰ ਵਿੱਚੋਂ ਜਾਲ੍ਹੀ ਦਸਤਾਵੇਜ਼ਾਂ ਦੇ ਆਧਾਰ 'ਤੇ ਫਰੀਦਕੋਟ ਤੋਂ ਸਰਕਾਰੀ ਨੰਬਰ ਪਲੇਟਾਂ ਲਵਾ ਕੇ ਪੰਜ ਗੱਡੀਆਂ ਵੇਚੀਆਂ ਹੋਈਆਂ ਨੂੰ ਫੜਿਆ ਸੀ, ਜਿਸ ਵਿੱਚ ਦੋ ਲੋਕਾਂ ਉੱਪਰ ਮਾਮਲਾ ਦਰਜ ਕੀਤਾ ਗਿਆ ਸੀ। ਇਸ ਵਿੱਚ ਡੱਬਵਾਲੀ ਤੋਂ ਨਰੇਸ਼ ਕੁਮਾਰ, ਜੋ ਕਿ ਜੀਪਾਂ ਨੂੰ ਬਾਡੀਆਂ ਲਗਾਉਣ ਦਾ ਕੰਮ ਕਰਦਾ ਹੈ, ਨੂੰ ਮੌਕੇ ਤੋਂ ਫੜਿਆ ਸੀ, ਜਿਸ ਤੋਂ ਮੌਕੇ 'ਤੇ ਪੰਜ ਜੀਪਾਂ ਵੀ ਬਰਾਮਦ ਕੀਤੀਆਂ ਗਈਆਂ ਸਨ, ਜਿਨਾਂ ਦੀ ਕੀਮਤ 25 ਲੱਖ ਦੇ ਕਰੀਬ ਦੱਸੀ ਗਈ ਸੀ। ਇਸ ਦੀ ਲੰਬੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਬਠਿੰਡਾ ਨੇ ਆਰਟੀਓ ਦਫਤਰ ਬਠਿੰਡਾ ਦੇ ਜੂਨੀਅਰ ਸਹਾਇਕ ਰਾਜੀਵ ਢੰਡ ਤੇ ਫਰੀਦਕੋਟ ਦੇ ਗੁਰਲਾਲ ਸਿੰਘ, ਜੋ ਸਰਕਾਰੀ ਨੰਬਰ ਪਲੇਟਾਂ ਲਗਾਉਣ ਦਾ ਕੰਮ ਕਰਦਾ ਹੈ, ਨੂੰ ਗ੍ਰਿਫਤਾਰ ਕੀਤਾ ਤੇ ਜਿਨ੍ਹਾਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਇੱਕ ਦਿਨ ਦਾ ਰਿਮਾਂਡ ਵੀ ਲਿਆ ਗਿਆ। ਇਹ ਲੋਕ ਭੋਲੇ ਭਾਲੇ ਲੋਕਾਂ ਨੂੰ ਜਾਲ੍ਹੀ ਦਸਤਾਵੇਜ਼ਾਂ ਦੇ ਅਧਾਰ 'ਤੇ ਨੰਬਰ ਲਗਾ ਕੇ ਤਿਆਰ ਕੀਤੀਆਂ ਹੋਈਆਂ ਗੱਡੀਆਂ ਵੇਚਦੇ ਸਨ।

ਇਸ ਮਾਮਲੇ ਵਿੱਚ ਵਿਜੀਲੈਂਸ ਬਿਊਰੋ ਬਠਿੰਡਾ ਦੇ ਡੀਐੱਸਪੀ ਕੁਲਵੰਤ ਸਿੰਘ ਨੇ ਦੱਸਿਆ ਕਿ ਅਸੀਂ 7 ਅਪ੍ਰੈਲ 2025 ਨੂੰ ਦੋ ਲੋਕਾਂ ਖਿਲਾਫ ਇੱਕ ਮਾਮਲਾ ਦਰਜ ਕੀਤਾ ਸੀ, ਜਿਸ ਵਿੱਚ ਡੱਬਵਾਲੀ ਤੋਂ ਗੱਡੀਆਂ ਨੂੰ ਬਾਡੀਆਂ ਤਿਆਰ ਕਰਨ ਵਾਲੇ ਨਰੇਸ਼ ਕੁਮਾਰ ਨੂੰ ਪੰਜ ਗੱਡੀਆਂ ਸਮੇਤ ਗ੍ਰਿਫਤਾਰ ਕੀਤਾ ਸੀ, ਜਿਸ ਦੀ ਇਨਕੁਆਇਰੀ ਤੋਂ ਬਾਅਦ ਬਠਿੰਡਾ ਆਰਟੀਓ ਦਫਤਰ ਦੇ ਜੂਨੀਅਰ ਸਹਾਇਕ ਰਜੀਵ ਢੰਡ ਤੇ ਫਰੀਦਕੋਟ ਤੋਂ ਸਰਕਾਰੀ ਪਲੇਟਾਂ ਲਗਾਉਣ ਵਾਲੇ ਗੁਰਲਾਲ ਸਿੰਘ ਨੂੰ ਇਸ ਮਾਮਲੇ ਵਿੱਚ ਗ੍ਰਿਫਤਾਰ ਕੀਤਾ ਹੈ। ਇਹ ਲੋਕ ਕਬਾੜ ਵਿੱਚ ਖਰੀਦੀਆਂ ਜੀਪਾਂ ਦੀਆਂ ਡੱਬਵਾਲੀ ਤੋਂ ਬਾਡੀਆਂ ਲਵਾ ਕੇ ਜਾਲ੍ਹੀ ਦਸਤਾਵੇਜ਼ਾਂ ਦੇ ਆਧਾਰ 'ਤੇ ਨੰਬਰ ਇਸ਼ੂ ਕਰਦੇ ਸਨ, ਜੋ ਸਿੱਧੇ ਤੌਰ 'ਤੇ ਲੋਕਾਂ ਨਾਲ ਠੱਗੀ ਸੀ। ਡੀਐੱਸਪੀ ਦਾ ਕਹਿਣਾ ਹੈ ਕਿ ਜੀਪਾਂ ਡੱਬਵਾਲੀ ਖੜੀਆਂ ਹੁੰਦੀਆਂ ਸਨ, ਪਰ ਉਨ੍ਹਾਂ ਦੇ ਨੰਬਰ ਬਠਿੰਡਾ ਆਰਟੀਓ ਦਫਤਰ ਤੋਂ ਹੀ ਇਸ਼ੂ ਕਿਵੇਂ ਹੋ ਜਾਂਦੇ ਸਨ, ਇਸ ਵਿੱਚ ਸਭ ਮਿਲੇ ਹੋਏ ਸਨ। ਹੁਣ ਇਨ੍ਹਾਂ ਨੂੰ ਰਿਮਾਂਡ 'ਤੇ ਲੈ ਕੇ ਅੱਗੇ ਦੀ ਪੁੱਛਗਿੱਛ ਕੀਤੀ ਜਾਵੇਗੀ ਤਾਂ ਜੋ ਪਤਾ ਲੱਗ ਸਕੇ ਕਿ ਇਨ੍ਹਾਂ ਤੋਂ ਇਲਾਵਾ ਹੋਰ ਕੌਣ ਲੋਕ ਇਸ ਵਿੱਚ ਸ਼ਾਮਲ ਹਨ।

# ਡਾ. ਅਰੋੜਾ ਨੇ ਹੜ੍ਹ ਪੀੜਤਾਂ ਲਈ ਰਾਹਤ ਸਮੱਗਰੀ ਭੇਜੀ

## * ਪੰਜਾਬ ਸਰਕਾਰ ਹਰ ਮੁਸ਼ਕਲ 'ਚ ਰਾਜ ਦੇ ਪ੍ਰਭਾਵਿਤ ਲੋਕਾਂ ਦੇ ਨਾਲ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਸਰਕਾਰ ਹੜ੍ਹ ਪੀੜਤ ਇਲਾਕਿਆਂ ਵਿੱਚ ਵਿਆਪਕ ਪੱਧਰ 'ਤੇ ਰਾਹਤ ਤੇ ਬਚਾਓ ਦਾ ਕੰਮ ਕਰ ਰਹੀ ਹੈ, ਜਿਸ ਵਿੱਚ ਸਮੁੱਚੇ ਪੰਜਾਬ ਵਾਸੀ ਸਹਿਯੋਗ ਦੇ ਰਹੇ ਹਨ।ਇਸ ਆਫਤ ਦੀ ਘੜੀ ਵਿੱਚ ਸਾਰੇ ਪੰਜਾਬੀਆਂ ਨੂੰ ਇੱਕਜੁਟ ਹੋ ਕੇ ਇਹਨਾਂ ਲੋੜਵੰਦਾਂ ਦੀ ਮੱਦਦ ਲਈ ਅੱਗੇ ਆਉਣਾ ਚਾਹੀਦਾ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਇਕ ਮੋਗਾ ਡਾ. ਅਮਨਦੀਪ ਕੌਰ ਅਰੋੜਾ ਨੇ ਮੋਗਾ ਤੋਂ ਫਿਰੋਜ਼ਪੁਰ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਲਈ ਚਾਵਲ, ਰਾਸ਼ਨ ਕਿੱਟਾਂ, ਬੱਚਿਆਂ ਤੇ ਔਰਤਾਂ ਲਈ ਲੋੜੀਂਦੀ ਜ਼ਰੂਰੀ ਰਾਹਤ ਸਮੱਗਰੀ ਭੇਜਣ ਮੌਕੇ ਕੀਤਾ।ਉਨ੍ਹਾਂ ਰਾਹਤ ਸਮੱਗਰੀ ਨੂੰ ਰਵਾਨਾ ਕਰਨ ਉਪਰੰਤ ਕਿਹਾ ਕਿ ਆਮ ਆਦਮੀ ਪਾਰਟੀ ਦੇ ਵਰਕਰ ਪੂਰੀ ਮਿਹਨਤ ਅਤੇ ਤਨਦੇਹੀ ਨਾਲ ਆਫਤ ਦੀ ਘੜੀ ਵਿੱਚ ਹਰ ਸਮੇਂ ਲੋੜਵੰਦ ਲੋਕਾਂ ਦੀ ਸੇਵਾ ਕਰਦੇ ਹਨ।ਸਮਾਜ ਸੇਵੀ ਸੰਗਠਨਾਂ ਵੱਲੋਂ ਵੀ ਇਸ ਵਿਚ ਪੂਰਾ ਸਹਿਯੋਗ ਦਿੱਤਾ ਜਾ ਰਿਹਾ ਹੈ, ਅਸੀ ਨਿਰੰਤਰ ਰਾਹਤ ਸਮੱਗਰੀ ਭੇਜ ਰਹੇ ਹਾਂ।ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਦੇ ਹੋਏ ਨੁਕਸਾਨ ਦਾ ਜਾਇਜ਼ਾ ਲਿਆ ਜਾ ਰਿਹਾ ਹੈ ਅਤੇ ਪੀੜਤ ਪਰਵਾਰਾਂ ਨੂੰ ਰਾਸ਼ਨ, ਤਰਪਾਲਾਂ, ਪਸ਼ੂਆਂ ਲਈ ਚਾਰਾ, ਡਾਕਟਰੀ ਸਹਾਇਤਾ ਤੇ ਹੋਰ ਲੋੜੀਂਦੀਆਂ ਸਹੂਲਤਾਂ ਪਹੁੰਚਾਈਆਂ ਜਾ ਰਹੀਆਂ ਹਨ।ਉਨ੍ਹਾਂ ਕਿਹਾ ਕਿ ਫ਼ਸਲਾਂ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਦੇਣ ਲਈ ਗਿਰਦਾਵਰੀ ਦੇ ਆਦੇਸ਼ ਜਾਰੀ ਕੀਤੇ ਗਏ ਹਨ ਤੇ ਲੋਕਾਂ ਨੂੰ ਪੰਜਾਬ ਸਰਕਾਰ ਵਲੋਂ ਵੱਧ ਤੋਂ ਵੱਧ ਮੁਆਵਜ਼ਾ ਦਿੱਤਾ ਜਾਵੇਗਾ।ਉਹਨਾਂ ਕਿਹਾ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਹਰ ਮੁਸ਼ਕਲ ਵਿੱਚ ਰਾਜ ਦੇ ਪ੍ਰਭਾਵਿਤ ਲੋਕਾਂ ਦੇ ਨਾਲ ਖੜੀ ਹੈ।ਉਨ੍ਹਾਂ ਅਪੀਲ ਕੀਤੀ ਕਿ ਇਸ ਸਮੇਂ ਹਰ ਕਿਸੇ ਨੂੰ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਇਕੱਠੇ ਹੋ ਕੇ ਲੋੜਵੰਦ ਲੋਕਾਂ ਦੀ ਮੱਦਦ ਕਰਨੀ ਚਾਹੀਦੀ ਹੈ।ਇਹ ਸਮਾਂ ਰਾਜਨੀਤੀ ਕਰਨ ਦਾ ਨਹੀਂ, ਸਗੋਂ ਮਨੁੱਖਤਾ ਨਿਭਾਉਣ ਦਾ ਹੈ। ਜਦੋਂ ਲੋਕ ਮੁਸ਼ਕਲ ਵਿੱਚ ਹਨ, ਤਾਂ ਸਾਡਾ ਫ਼ਰਜ਼ ਹੈ ਕਿ ਉਨ੍ਹਾਂ ਦੇ ਨਾਲ ਖੜ੍ਹ ਕੇ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕਰੀਏ।

# ਚੋਰੀਆਂ ਕਰਨ ਵਾਲੇ ਲੋਕਾਂ ਕਾਬੂ ਕਰ ਪੁਲਸ ਸਪੁਰਦ ਕੀਤੇ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਇਲਾਕੇ ਵਿੱਚ ਦਰਜਨਾਂ ਚੋਰੀਆਂ ਕਰਨ ਵਾਲੇ ਚੋਰ ਲੋਕਾਂ ਨੇ ਕਾਬੂ ਕਰ ਪੁਲਸ ਦੇ ਸਪੁਰਦ ਕਰ ਦਿੱਤੇ। ਘੁਮਾਣਾ ਅੱਡੇ ਨੇੜੇ ਦੁਕਾਨਦਾਰ ਮਨੀ ਨੇ ਦੱਸਿਆ ਕਿ ਉਸ ਦੀ ਮੋਬਾਇਲਾਂ ਦੀ ਦੁਕਾਨ ਹੈ, ਜਿਸ 'ਤੇ ਕੁਝ ਦਿਨ ਪਹਿਲਾਂ ਚੋਰੀ ਹੋਈ। ਇਸ ਤੋਂ ਬਾਅਦ ਉਸ ਨੇ ਸੀ.ਸੀ.ਟੀ.ਵੀ. ਕੈਮਰੇ ਲਗਾ ਦਿੱਤੇ। ਕੱਲ੍ਹ ਫੇਰ ਚੋਰਾਂ ਨੇ ਉਸ ਦੀ ਦੁਕਾਨ 'ਚੋਂ ਕੁਝ ਸਾਮਾਨ ਚੋਰੀ ਕਰ ਲਿਆ, ਪਰ ਇਹ ਚੋਰ ਸੀ.ਸੀ.ਟੀ.ਵੀ. ਕੈਮਰੇ ਵਿੱਚ ਕੈਦ ਹੋ ਗਏ, ਜਿਸ ਸਬੰਧੀ ਉਸ ਨੇ ਵੀਡੀਓ ਸੋਸ਼ਲ ਮੀਡੀਆ 'ਤੇ ਪਾ ਦਿੱਤੀ। ਸੋਸ਼ਲ ਮੀਡੀਆ 'ਤੇ ਇਹ ਵੀਡੀਓ ਦੇਖ ਚੋਰਾਂ ਨੂੰ ਇੱਕ ਵਿਅਕਤੀ ਨੇ ਪਹਿਚਾਣ ਲਿਆ, ਜਿਸ ਨੇ ਤੁਰੰਤ ਸਾਨੂੰ ਸੂਚਿਤ ਕੀਤਾ, ਜਿਸ ਨੂੰ ਅਸੀਂ ਕਾਬੂ ਕਰ ਲਿਆ। ਇਸ ਕਾਬੂ ਕੀਤੇ ਚੋਰ ਨੇ ਆਪਣੇ 4 ਹੋਰ ਸਾਥੀਆਂ ਦੇ ਨਾਮ ਦੱਸੇ, ਜਿਸ 'ਚੋਂ ਇੱਕ ਹੋਰ ਨੂੰ ਨੇੜਲੇ ਪਿੰਡ ਤੋਂ ਕਾਬੂ ਕਰ ਲਿਆ। ਇਨ੍ਹਾਂ ਦੋਵਾਂ ਚੋਰਾਂ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਕੁਝ ਦਿਨ ਪਹਿਲਾਂ ਪਿੰਡ ਝੜੌਦੀ ਅੱਡੇ ਕਰੀਬ 8 ਤੋਂ 10 ਦੁਕਾਨਾਂ ਦੇ ਤਾਲ਼ੇ ਤੋੜੇ, 4 ਦੁਕਾਨਾਂ ਦੇ ਗੱਲ੍ਹਿਆਂ 'ਚੋਂ ਨਕਦੀ ਚੋਰੀ ਕੀਤੀ, 2 ਧਾਰਮਿਕ ਸਥਾਨਾਂ ਦੀਆਂ ਗੋਲਕਾਂ ਤੋੜੀਆਂ ਤੇ ਇੱਥੋਂ ਤੱਕ ਇਹ ਵੀ ਜਾਣਕਾਰੀ ਮਿਲੀ ਹੈ ਕਿ ਪਿੰਡ ਪੰਜਗਰਾਈਆਂ ਵਿਖੇ ਸਥਿਤ ਸਹਿਕਾਰੀ ਬੈਂਕ ਵਿਚ ਵੀ ਚੋਰੀ ਕਰਨ ਦੀ ਨਾਕਾਮ ਕੋਸ਼ਿਸ਼ ਕੀਤੀ। ਲੋਕਾਂ ਵੱਲੋਂ ਚੋਰਾਂ ਨੂੰ ਫੜ ਕੇ ਮਾਛੀਵਾੜਾ ਥਾਣਾ ਵਿਖੇ ਸਪੁਰਦ ਕਰ ਦਿੱਤਾ ਗਿਆ ਹੈ ਤੇ ਇਹ ਚੋਰ ਗਰੋਹ ਵੱਲੋਂ ਮਾਛੀਵਾੜਾ ਇਲਾਕੇ ਵਿੱਚ ਪਿਛਲੇ ਸਮੇਂ ਜੋ ਦਰਜਨਾਂ ਚੋਰੀਆਂ ਕੀਤੀਆਂ ਹਨ, ਉਸ ਦਾ ਪਰਦਾਫਾਸ਼ ਹੋ ਸਕਦਾ ਹੈ।

# ਡੀ ਬੀ ਯੂ ਵੱਲੋਂ ਹੜ੍ਹਾਂ ਤੇ ਜ਼ਮੀਨ ਖਿਸਕਣ ਤੋਂ ਪ੍ਰਭਾਵਿਤ ਵਿਦਿਆਰਥੀਆਂ ਲਈ ਸਕਾਲਰਸ਼ਿਪ ਦਾ ਐਲਾਨ

**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)**-ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਵਿੱਚ ਆਏ ਵਿਨਾਸ਼ਕਾਰੀ ਹੜ੍ਹਾਂ ਤੇ ਜ਼ਮੀਨ ਖਿਸਕਣ ਦੇ ਮੱਦੇਨਜ਼ਰ ਹਜ਼ਾਰਾਂ ਪਰਵਾਰ ਬੇਘਰ ਹੋ ਗਏ ਹਨ ਅਤੇ ਆਪਣੀਆਂ ਜ਼ਿੰਦਗੀਆਂ ਨੂੰ ਮੁੜ ਬਣਾਉਣ ਲਈ ਸੰਘਰਸ਼ ਕਰ ਰਹੇ ਹਨ।ਇਨ੍ਹਾਂ ਆਫ਼ਤ ਪ੍ਰਭਾਵਿਤ ਖੇਤਰਾਂ ਵਿੱਚ ਵਿਦਿਆਰਥੀਆਂ ਤੇ ਮਾਪਿਆਂ ਨੂੰ ਦਰਪੇਸ਼ ਭਾਰੀ ਮੁਸ਼ਕਲਾਂ ਨੂੰ ਪਛਾਣਦੇ ਹੋਏ ਦੇਸ਼ ਭਗਤ ਯੂਨੀਵਰਸਿਟੀ, ਨੈਕ ਏ+ ਮਾਨਤਾ ਪ੍ਰਾਪਤ ਬਹੁ-ਅਨੁਸ਼ਾਸਨੀ ਸੰਸਥਾ, ਇੱਕ ਹਮਦਰਦੀਪੂਰਨ ਪਹਿਲਕਦਮੀ ਨਾਲ ਅੱਗੇ ਆਈ ਹੈ। ਯੂਨੀਵਰਸਿਟੀ ਨੇ ਹੜ੍ਹ ਤੇ ਜ਼ਮੀਨ ਖਿਸਕਣ ਤੋਂ ਪ੍ਰਭਾਵਿਤ ਪਰਵਾਰਾਂ ਦੇ ਵਿਦਿਆਰਥੀਆਂ ਲਈ ਟਿਊਸ਼ਨ ਫੀਸ ਵਿੱਚ 50% ਸਕਾਲਰਸ਼ਿਪ ਦਾ ਐਲਾਨ ਕੀਤਾ ਹੈ, ਜੋ ਆਪਣੇ ਨਿਯਮਤ, ਔਨਲਾਈਨ, ਤੇ ਓਪਨ ਐਂਡ ਡਿਸਟੈਂਸ ਲਰਨਿੰਗ ਢੰਗਾਂ ਰਾਹੀਂ ਯੂ ਜੀ ਸੀ ਦੁਆਰਾ ਨਿਯੰਤ੍ਰਿਤ ਗੈਰ-ਕੌਂਸਲ ਪ੍ਰੋਗਰਾਮਾਂ ਨੂੰ ਅੱਗੇ ਵਧਾਉਣਾ ਚਾਹੁੰਦੇ ਹਨ।ਇਹ ਸਕਾਲਰਸ਼ਿਪ ਸਿਰਫ਼ ਇੱਕ ਵਿੱਤੀ ਸਹਾਇਤਾ ਨਹੀਂ ਹੈ, ਸਗੋਂ ਇਹ ਡੀਬੀਯੂ ਦੇ ਮੂਲ ਵਿਸ਼ਵਾਸ ਨੂੰ ਦਰਸਾਉਂਦੀ ਹੈ ਕਿ ਮੁਸ਼ਕਲ ਸਮੇਂ ਵਿੱਚ ਵੀ ਸਿੱਖਿਆ ਨੂੰ ਨਿਰਵਿਘਨ ਰਹਿਣਾ ਚਾਹੀਦਾ ਹੈ। ਇਸ ਮੌਕੇ ਪ੍ਰਭਾਵਿਤ ਲੋਕਾਂ ਪ੍ਰਤੀ ਆਪਣੀ ਡੂੰਘੀ ਚਿੰਤਾ ਪ੍ਰਗਟ ਕਰਦੇ ਹੋਏ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਨੇ ਕਿਹਾ ਕਿ ਹਾਲ ਹੀ ਵਿੱਚ ਆਏ ਹੜ੍ਹਾਂ ਤੇ ਜ਼ਮੀਨ ਖਿਸਕਣ ਨੇ ਅਣਗਿਣਤ ਪਰਵਾਰਾਂ ਦੀਆਂ ਜ਼ਿੰਦਗੀਆਂ ਨੂੰ ਹਿਲਾ ਕੇ ਰੱਖ ਦਿੱਤਾ ਹੈ, ਜਿਸ ਨਾਲ ਨਾ ਸਿਰਫ਼ ਘਰਾਂ ਤੇ ਰੋਜ਼ੀ-ਰੋਟੀ ਨੂੰ ਨੁਕਸਾਨ ਹੋਇਆ ਹੈ, ਸਗੋਂ ਨੌਜਵਾਨ ਪੀੜ੍ਹੀ ਲਈ ਅਨਿਸ਼ਚਿਤਤਾ ਵੀ ਪਿੱਛੇ ਰਹਿ ਗਈ ਹੈ।ਡੀਬੀਯੂ ਵਿੱਚ ਉਹ ਦ੍ਰਿੜ੍ਹਤਾ ਨਾਲ ਵਿਸ਼ਵਾਸ ਕਰਦੇ ਹਾਂ ਕਿ ਸਿੱਖਿਆ ਉਮੀਦ ਦੀ ਨੀਂਹ ਹੈ ਤੇ ਭਵਿੱਖ ਦੇ ਪੁਨਰ ਨਿਰਮਾਣ ਲਈ ਸਭ ਤੋਂ ਮਜ਼ਬੂਤ ਸਾਧਨ ਹੈ।ਉਨ੍ਹਾਂ ਕਿਹਾ ਕਿ ਇਸ ਸਕਾਲਰਸ਼ਿਪ ਰਾਹੀਂ ਉਹ ਵਿਦਿਆਰਥੀਆਂ ਤੇ ਮਾਪਿਆਂ ਨਾਲ ਆਪਣੀ ਦਿਲੋਂ ਹਮਦਰਦੀ ਵਧਾਉਂਦੇ ਉਨ੍ਹਾਂ ਨੂੰ ਭਰੋਸਾ ਦਿਵਾਉਂਦੇ ਹਨ ਕਿ ਵਿੱਤੀ ਤੰਗੀ ਉੱਚ ਸਿੱਖਿਆ ਦੇ ਰਾਹ ਵਿੱਚ ਉਨ੍ਹਾਂ ਨੂੰ ਨਹੀਂ ਰੋਕ ਸਕਦੀ। ਉਨ੍ਹਾਂ ਕਿਹਾ ਕਿ ਦੇਸ਼ ਭਗਤ ਯੂਨੀਵਰਸਿਟੀ ਸਿੱਖਿਆ, ਸਸ਼ਕਤੀਕਰਨ ਤੇ ਸਮਾਜਿਕ ਜ਼ਿੰਮੇਵਾਰੀ ਦੇ ਆਪਣੇ ਮਿਸ਼ਨ ਪ੍ਰਤੀ ਵਚਨਬੱਧ ਹੈ।ਇਹ ਪਹਿਲ ਸੰਕਟ ਦੀ ਘੜੀ ਵਿੱਚ ਪੀੜਤਾਂ ਦੀ ਸੇਵਾ ਕਰਨ 'ਚ ਯੂਨੀਵਰਸਿਟੀ ਦੀ ਵਿਰਾਸਤ ਵਿੱਚ ਇੱਕ ਹੋਰ ਕਦਮ ਹੈ। ਡਾ. ਜ਼ੋਰਾ ਸਿੰਘ ਨੇ ਕਿਹਾ ਕਿ ਡੀਬੀਯੂ ਦਾ ਮੰਨਣਾ ਹੈ ਕਿ ਅੱਜ ਦੇ ਨੌਜਵਾਨਾਂ ਦੀ ਸਿੱਖਿਆ ਵਿੱਚ ਨਿਵੇਸ਼ ਕਰਨਾ ਕੱਲ੍ਹ ਦੀ ਤਾਕਤ ਨੂੰ ਸੁਰੱਖਿਅਤ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ।ਇਸ ਸਕਾਲਰਸ਼ਿਪ ਦੀ ਪੇਸ਼ਕਸ਼ ਕਰਕੇ, ਡੀਬੀਯੂ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਕਿਸੇ ਵੀ ਯੋਗ ਵਿਦਿਆਰਥੀ ਨੂੰ ਉਨ੍ਹਾਂ ਦੇ ਨਿਯੰਤਰਣ ਤੋਂ ਬਾਹਰ ਦੇ ਹਾਲਾਤ ਕਾਰਨ ਆਪਣੇ ਸੁਪਨਿਆਂ ਨੂੰ ਛੱਡਣਾ ਨਾ ਪਵੇ।



# ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਮੋਗਾ ਦੀ ਹੜ੍ਹ ਪ੍ਰਭਾਵਿਤ ਇਲਾਕਿਆਂ ਨੂੰ ਲੈ ਕੇ ਮੀਟਿੰਗ

## ਪੰਜਾਬ 'ਚ ਹੜ੍ਹ ਸਰਕਾਰਾਂ ਦੀ ਨਕਾਮੀ-ਸੂਰਤ ਸਿੰਘ



**ਮੋਗਾ, (ਇਕਬਾਲ ਸਿੰਘ ਖਹਿਰਾ)**-ਸੰਯੁਕਤ ਕਿਸਾਨ ਮੋਰਚਾ ਪੰਜਾਬ ਦੇ ਸੱਦੇ ਤਹਿਤ ਐੱਸ ਕੇ ਐੱਮ ਜ਼ਿਲ੍ਹਾ ਮੋਗਾ ਦੀ ਮੀਟਿੰਗ ਜਤਿੰਦਰ ਸਿੰਘ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਦੀ ਪ੍ਰਧਾਨਗੀ ਹੇਠ ਕੀਤੀ ਗਈ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭੁਪਿੰਦਰ ਸਿੰਘ ਦੌਲਤਪੁਰਾ ਜ਼ਿਲ੍ਹਾ ਪ੍ਰਧਾਨ ਬੀਕੇਯੂ ਲੱਖੋਵਾਲ, ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰੈੱਸ ਸਕੱਤਰ ਜਸਮੇਲ ਸਿੰਘ ਰਾਜਿਆਣਾ ਨੇ ਆਖਿਆ ਕਿ ਜੋ ਪਿਛਲੇ ਸਮੇਂ ਤੋਂ ਲਗਾਤਾਰ ਪੈ ਰਹੀ ਬਾਰਸ਼ ਤੇ ਭਾਖੜਾ ਡੈਮ ਦੇ ਗੇਟ ਖੋਲ੍ਹੇ ਜਾਣ ਕਰਕੇ ਪੰਜਾਬ ਦੇ ਕਰੀਬ 12 ਜ਼ਿਲ੍ਹਿਆਂ ਵਿੱਚ ਜ਼ਿਆਦਾ ਪਾਣੀ ਆਉਣ ਕਾਰਨ ਹੜ੍ਹਾਂ ਦੀ ਸਥਿਤੀ ਬਣੀ ਹੋਈ ਹੈ ਤੇ ਮਨੁੱਖਾਂ, ਪਸ਼ੂਆਂ, ਫਸਲਾਂ ਦਾ ਵੱਡੇ ਪੱਧਰ 'ਤੇ ਜਾਨੀ ਮਾਲੀ ਨੁਕਸਾਨ ਹੋ ਚੁੱਕਿਆ ਹੈ, ਜਿਸ ਲਈ ਹੜ੍ਹ ਪੀੜਤ ਇਲਾਕਿਆਂ ਵਿੱਚ ਐੱਸ ਕੇ ਐੱਮ ਵੱਲੋਂ ਮਦਦ ਕਰਨ ਲਈ ਵਿਚਾਰ ਵਟਾਂਦਰਾ ਕੀਤਾ ਗਿਆ।

ਇਸ ਦੌਰਾਨ ਬਲੌਰ ਸਿੰਘ ਘੱਲ ਕਲਾਂ ਬੀਕੇਯੂ ਉਗਰਾਹਾਂ, ਸੂਰਤ ਸਿੰਘ ਸੂਬਾ ਆਗੂ ਕੁੱਲ ਹਿੰਦ ਕਿਸਾਨ ਸਭਾ, ਪ੍ਰਗਟ ਸਿੰਘ ਸਾਫੂਵਾਲਾ ਜ਼ਿਲ੍ਹਾ ਪ੍ਰਧਾਨ ਕਿਰਤੀ ਕਿਸਾਨ ਯੂਨੀਅਨ ਆਗੂਆਂ ਨੇ ਬਿਆਨ ਦਿੰਦਿਆਂ ਆਖਿਆ ਕਿ ਇਹ ਹੜ੍ਹ ਕੁਦਰਤੀ ਆਫ਼ਤ ਕਾਰਨ ਨਹੀਂ ਆਏ, ਸਗੋਂ ਇਹ ਹੜ੍ਹ ਮੌਕੇ ਦੀਆਂ ਸਰਕਾਰਾਂ ਦੀ ਨਿਕਾਮੀ, ਸਮੇਂ ਤੋਂ ਪਹਿਲਾਂ ਦਰਿਆਵਾਂ, ਨਹਿਰਾਂ, ਟੋਭਿਆਂ, ਸੇਮ ਨਾਲਿਆਂ ਦੀ ਸਫਾਈ ਨਾ ਕਰਨ, ਕਰਕੇ ਆਏ ਹੋਏ ਹਨ, ਕਿਉਂਕਿ ਬਰਸਾਤਾਂ ਤੋਂ ਪਹਿਲਾਂ ਅਧਿਕਾਰੀਆਂ ਵਲੋਂ ਮੀਟਿੰਗ ਕਰਕੇ ਮੌਕੇ ਦੀ ਸਰਕਾਰ ਵੱਲੋਂ ਦਰਿਆਵਾਂ ਆਦਿ ਦਾ ਪ੍ਰਬੰਧ ਕਰਨਾ ਲਾਜ਼ਮੀ ਹੁੰਦਾ ਹੈ, ਪ੍ਰੰਤੂ ਪੰਜਾਬ ਸਰਕਾਰ ਨੇ ਇਹ ਮੀਟਿੰਗ ਜੂਨ ਵਿੱਚ ਕੀਤੀ ਤੇ ਇਸ ਉੱਪਰ ਪੰਜਾਬ ਸਰਕਾਰ ਵੱਲੋਂ ਕੋਈ ਅਮਲ ਨਹੀਂ ਕੀਤਾ ਗਿਆ।

ਦੌਰਾਨ ਦਰਿਆਵਾਂ ਦੀ ਦੇਖ-ਰੇਖ ਦਾ ਮਤਾ ਜਾਰੀ ਕਰਨਾ ਲਾਜ਼ਮੀ ਹੁੰਦਾ ਹੈ।ਆਗੂਆਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਦਿਆਂ ਹੋਇਆਂ ਪਾਣੀ ਜਮ੍ਹਾਂ ਕਰ ਕੇ ਜਾਣਬੁੱਝ ਕੇ ਇੰਦਿਰਾ ਜ਼ਿਆਦਾ ਪਾਣੀ ਛੱਡਣ ਕਰਕੇ ਪੰਜਾਬ ਵਿੱਚ ਹੜ੍ਹਾਂ ਦੀ ਮਾਰ ਹੇਠ ਬਹੁਤ ਜ਼ਿਲ੍ਹੇ ਪਾਣੀ ਦੀ ਲਪੇਟ ਵਿੱਚ ਆ ਚੁੱਕੇ ਹਨ।ਪੰਜਾਬ ਵਿੱਚ ਆਏ ਹੜ੍ਹਾਂ ਨੂੰ ਲੈ ਕੇ ਪੰਜਾਬ ਸਰਕਾਰ ਹਰ ਫਰੰਟ 'ਤੇ ਫੇਲ੍ਹ ਹੋਈ ਹੈ, ਪ੍ਰੰਤੂ ਲੋਕ ਏਕਤਾ ਕਰਕੇ ਪੰਜਾਬ ਦੇ ਲੋਕਾਂ ਨੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਆਪਣੇ ਪੱਧਰ 'ਤੇ ਸਹਾਇਤਾ ਲਈ ਉਪਰਾਲੇ ਕੀਤੇ ਹਨ।ਹੜ੍ਹਾਂ ਦੀ ਸਥਿਤੀ ਨੂੰ ਭਾਂਪਦਿਆਂ ਐੱਸ ਕੇ ਐੱਮ ਚੇਅਰ ਪੰਜਾਬ ਨੇ ਐਲਾਨ ਕੀਤਾ ਹੈ ਕਿ ਆਉਂਦੇ ਦਿਨਾਂ ਵਿੱਚ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਕੈਂਪ ਲਗਾਏ ਜਾਣਗੇ ਅਤੇ ਕਣਕਾਂ ਦੀ ਬਿਜਾਈ ਤੱਕ ਹੜ੍ਹ ਪੀੜਤਾਂ ਦੀ ਮਦਦ ਕੀਤੀ ਜਾਵੇਗੀ।

ਐੱਸ ਕੇ ਐੱਮ ਮੋਗਾ ਨੇ ਮੰਗ ਕਰਦਿਆਂ ਆਖਿਆ ਕਿ ਹੜ੍ਹਾਂ ਦੀ ਨਿਰਪੱਖ ਨਿਆਂਇਕ ਜਾਂਚ ਜੱਜ ਦੀ ਸ਼ਮੂਲੀਅਤ ਤੋਂ ਕਰਵਾਈ ਜਾਵੇ, ਹੜ੍ਹਾਂ ਵਿੱਚ ਹੋਈਆਂ ਮੌਤਾਂ ਦੀ ਮੁਆਵਜ਼ਾ ਰਾਸ਼ੀ ਦਸ ਲੱਖ ਰੁਪਏ ਤੇ ਹਰ ਇੱਕ ਪੀੜਤ ਪਰਿਵਾਰ ਨੂੰ ਇੱਕ ਲੱਖ ਰੁਪਏ ਸਹਾਇਤਾ ਰਾਸ਼ੀ ਤੁਰੰਤ ਮੁਹੱਈਆ ਕਰਵਾਈ ਜਾਵੇ। ਨੁਕਸਾਨੀਆਂ ਗਈਆਂ ਫਸਲਾਂ ਦੀ ਭਰਪਾਈ ਲਈ ਸੱਤਰ ਹਜ਼ਾਰ ਪ੍ਰਤੀ ਏਕੜ ਰਾਸ਼ੀ ਦਿੱਤੀ ਜਾਵੇ, ਜੋ ਤੁਰੂੰਆਂ ਹੋਈਆਂ ਜ਼ਮੀਨਾਂ ਦੀ ਭਰਪਾਈ ਕੇਂਦਰ ਸਰਕਾਰ ਕਰੇ, ਕੱਚੇ ਰਸਤੇ ਵਾਲਾ ਬੰਨ੍ਹ ਬੀਜ ਸਰਕਾਰ ਸ਼ੰਗੂਰ ਤੋਂ ਲੈ ਕੇ ਮੰਦਰਪੁਰ ਸੰਘੇੜਾ ਬੰਨ੍ਹ ਬਣਾਇਆ ਜਾਵੇ ਤੇ ਡੈਮ ਤੋਂ ਲੈ ਕੇ ਬੰਨ੍ਹ ਬਣਾ ਕੇ ਇਸ ਵਿੱਚ ਤਬਦੀਲ ਕੀਤਾ ਜਾਵੇ।ਭਾਰਤ ਮਾਲਾ ਪ੍ਰਾਜੈਕਟ ਅਧੀਨ ਆਉਂਦੀਆਂ ਸੜਕਾਂ ਦੇ ਥੱਲੇ ਪਾਣੀ ਦੀ ਨਿਕਾਸੀ ਲਈ ਪੁਲੀਆਂ ਨੱਪੀਆਂ ਜਾਣ ਤੇ ਦਰਿਆ 'ਤੇ ਬਣ ਰਹੇ ਪੁਲ ਵੱਡੇ ਕੀਤੇ ਜਾਣ ਤਾਂ ਜੋ ਹੜ੍ਹਾਂ ਦੀ ਸਮੱਸਿਆ ਤੋਂ ਬਚਿਆ ਜਾ ਸਕੇ।

ਇਸ ਮੌਕੇ ਦਵਿੰਦਰ ਸਿੰਘ ਬੀਕੇਯੂ ਪੰਜਾਬ, ਬਖਸ਼ੀਸ਼ ਸਿੰਘ ਰੰਡੇ ਖੁਰਦ, ਸਾਰਜ ਸਿੰਘ ਪੰਡੋਰੀ, ਗੁਰਸੇਵਕ ਸਿੰਘ ਬੀਕੇਯੂ ਪੰਜਾਬ, ਜਗਜੀਤ ਸਿੰਘ ਸਮਾਲਸਰ, ਸਿਕੰਦਰ ਸਿੰਘ, ਗੁਰਦਿਆਲ ਸਿੰਘ ਕੁੱਲ ਹਿੰਦ ਕਿਸਾਨ ਸਭਾ, ਇਕਬਾਲ ਸਿੰਘ, ਨਛਿੱਤਰ ਸਿੰਘ ਕੌਮੀ ਕਿਸਾਨ ਯੂਨੀਅਨ, ਗੁਰਮੇਲ ਸਿੰਘ, ਗੁਰਮੇਲ ਸਿੰਘ, ਬੀਕੇਯੂ ਲੱਖੋਵਾਲ, ਗੁਰਚਰਨ ਸਿੰਘ ਸੈਕਰਟੀ ਬੀਕੇਯੂ ਰਾਜੇਵਾਲ ਆਦਿ ਆਗੂ ਹਾਜ਼ਰ ਹੋਏ।

# ਬਾਬਾ ਜੀਵਨ ਸਿੰਘ ਦਾ ਜਨਮ ਦਿਹਾੜਾ ਮਨਾਇਆ



**ਧੂਰੀ, (ਮਹਿੰਦਰ ਗਰਗ, ਬਿੰਨੀ ਗਰਗ)**-ਕ੍ਰਾਂਤੀਕਾਰੀ ਲੋਕ ਚੇਤਨਾ ਮੰਚ ਵੱਲੋਂ ਬਾਬਾ ਜੀਵਨ ਸਿੰਘ ਜੀ ਦਾ ਜਨਮ ਦਿਹਾੜਾ ਮਨਾਇਆ ਗਿਆ।ਇਸ ਮੌਕੇ ਪ੍ਰਧਾਨ ਵਿੱਕੀ ਪਰੋਚਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਬਾਬਾ ਜੀਵਨ ਸਿੰਘ ਜੀ ਨੇ ਆਪਣੀ ਜਾਨ ਦੀ ਪਰਵਾਹ ਨਾ ਕਰਦਿਆਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਦਿੱਲੀ ਤੋਂ ਅਨੰਦਪੁਰ ਸਾਹਿਬ ਲੈ ਕੇ ਆਏ ਸਨ।ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਨੂੰ ਆਪਣੇ ਗਲ ਨਾਲ ਲਾਇਆ ਤੇ ਰੰਘਰੇਟੇ ਗੁਰੂ ਕੇ ਬੇਟੇ ਦਾ ਖ਼ਿਤਾਬ ਦਿੱਤਾ।ਉਨ੍ਹਾਂ ਗਿਲਾ ਜ਼ਾਹਰ ਕਰਦਿਆਂ ਕਿਹਾ ਕਿ ਅੱਜ ਤੱਕ ਪੰਜਾਬ ਸਰਕਾਰ ਨੇ ਉਨ੍ਹਾਂ ਦੇ ਜਨਮ ਦਿਹਾੜੇ ਦੀ ਸਰਕਾਰੀ ਛੁੱਟੀ ਨਹੀਂ ਕੀਤੀ।ਇਸ ਮੌਕੇ ਲੈਫਟੀਨੈਂਟ ਦਰਸ਼ਨ ਸਿੰਘ ਮੀਤ ਪ੍ਰਧਾਨ, ਅਜੇ ਪਰੋਚਾ ਐੱਮ ਸੀ, ਰਣਜਿੰਦਰ ਸਿੰਘ, ਸਤਵਿੰਦਰ ਸਿੰਘ ਤੇ ਹੋਰ ਮੈਂਬਰ ਹਾਜ਼ਰ ਸਨ।

# ਕੇਂਦਰ ਸਰਕਾਰ ਹੜ੍ਹਾਂ ਕਾਰਨ ਹੋਈ ਬਰਬਾਦੀ ਦੇ ਮੱਦੇਨਜ਼ਰ 5 ਹਜ਼ਾਰ ਕਰੋੜ ਦਾ ਵਿਸ਼ੇਸ਼ ਰਾਹਤ ਪੈਕੇਜ ਦੇਵੇ : ਸ਼ਾਹਪੁਰ

## ਖ਼ਾਲਸਾ ਏਡ, ਗਾਇਕਾਂ, ਸੰਤ ਮਹਾਂਪੁਰਸ਼ਾਂ, ਜਥੇਬੰਦੀਆਂ, ਆਮ ਲੋਕਾਂ ਤੇ ਦਾਨੀ ਸੱਜਣਾਂ ਦੀ ਜ਼ੋਰਦਾਰ ਸ਼ਲਾਘਾ



**ਦੋਰਾਹਾ (ਹਰਮਿੰਦਰ ਸੇਠ)**-ਪੰਜਾਬ 'ਚ ਭਾਰੀ ਬਰਸਾਤ ਤੇ ਸਾਰੇ ਡੈਮਾਂ ਤੋਂ ਭਾਰੀ ਮਾਤਰਾ 'ਚ ਆ ਰਹੇ ਪਾਣੀ ਦੇ ਤੇਜ਼ ਵਹਾਅ ਨੇ ਹਰ ਪਾਸੇ ਭਾਰੀ ਤਬਾਹੀ ਕਰ ਦਿੱਤੀ ਹੈ।ਇਸ ਬਾਰੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਸਾਬਕਾ ਜ਼ਿਲ੍ਹਾ ਵੈਟਰਨੀ ਇੰਸਪੈਕਟਰ ਤੇ ਲੋਕ ਸੇਵਾ ਸੋਸਾਇਟੀ ਦੇ ਪ੍ਰਧਾਨ ਸੁਰਿੰਦਰ ਸਿੰਘ ਸ਼ਾਹਪੁਰ ਨੇ ਕੇਂਦਰ ਸਰਕਾਰ ਨੂੰ ਜ਼ੋਰਦਾਰ ਅਪੀਲ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਹੜ੍ਹਾਂ ਕਾਰਨ ਫਸਲਾਂ, ਮਕਾਨਾਂ, ਪਸ਼ੂਆਂ ਤੇ ਘਰੇਲੂ ਸਾਮਾਨ ਦੀ ਬਿਲਕੁਲ ਬਰਬਾਦੀ ਹੋ ਗਈ ਹੈ।ਲੋਕ ਘਰੋਂ ਬੇਘਰ ਹੋ ਗਏ ਹਨ।ਉਨ੍ਹਾਂ ਕਿਹਾ ਕਿ ਲੋਕਾਂ ਦੀ ਪੁੱਤਾਂ ਵਾਂਗ ਪਾਲੀ ਚਾਰ ਲੱਖ ਏਕੜ ਫਸਲ ਬਰਬਾਦ ਕਰ ਦਿੱਤੀ ਹੈ।ਇਸ ਤੋਂ ਇਲਾਵਾ ਮਕਾਨਾਂ, ਪਸ਼ੂਆਂ ਤੇ ਘਰੇਲੂ ਸਾਮਾਨ ਵੀ ਬਿਲਕੁਲ ਨਸ਼ਟ ਹੋ ਗਿਆ ਹੈ ਅਤੇ ਕਾਫ਼ੀ ਲੋਕਾਂ ਦੀ ਮੌਤ ਵੀ ਹੋ ਗਈ ਹੈ।ਲੋਕਾਂ ਦੇ ਘਰ ਤੇ ਖੇਤ ਵੀ ਭਾਰੀ ਗਾਰ ਦੇ ਆਉਣ ਨਾਲ ਬਰਬਾਦ ਹੋ ਗਏ ਹਨ।ਉਨ੍ਹਾਂ ਕਿਹਾ ਕਿ ਪੰਜਾਬ 'ਚ ਹੜ੍ਹਾਂ ਨੂੰ ਰਾਸ਼ਟਰੀ ਆਫ਼ਤ ਐਲਾਨਿਆ ਜਾਵੇ, ਕਿਉਂਕਿ ਇਨ੍ਹਾਂ ਹੜ੍ਹਾਂ ਦੌਰਾਨ ਬੁਨਿਆਦੀ ਢਾਂਚਾ ਹੀ ਤਹਿਸ ਨਹਿਸ ਹੋ ਗਿਆ ਹੈ, ਜਿਸ ਦੀ ਪੂਰਤੀ ਕਰਨਾ ਤਾਂ ਬਹੁਤ ਅਸੰਭਵ ਹੈ, ਪਰ ਸੰਭਵ ਮੱਦਦ ਕਰਨਾ ਸਮੇਂ ਦੀ ਲੋੜ ਤੇ ਹਰ ਵਿਅਕਤੀ ਦਾ ਮੁਢਲਾ ਫ਼ਰਜ਼ ਹੈ।ਉਨ੍ਹਾਂ ਖ਼ਾਲਸਾ ਏਡ, ਸੰਤ ਮਹਾਂਪੁਰਸ਼ਾਂ, ਗਾਇਕਾਂ, ਆਮ ਲੋਕਾਂ, ਦਾਨੀ ਸੱਜਣਾਂ, ਵੱਖ ਵੱਖ ਜਥੇਬੰਦੀਆਂ ਤੇ ਸਰਕਾਰ ਵੱਲੋਂ ਕੀਤੇ ਜ਼ੋਰਦਾਰ ਯਤਨਾਂ ਦੀ ਤਾਰੀਫ਼ ਕੀਤੀ।ਉਨ੍ਹਾਂ ਕਿਹਾ ਕਿ ਆਪਾਂ ਨੂੰ ਇਹ ਕਾਰਜ ਕਰੀ ਜਾਣੇ ਚਾਹੀਦੇ ਹਨ।ਕਿਸਾਨ ਵੀਰ ਕਣਕ ਦਾ ਬੀਜ ਤੇ ਹੋਰ ਜ਼ਰੂਰੀ ਚੀਜ਼ਾਂ ਖਾਦ, ਡੀਜ਼ਲ ਦੇਣ ਸਬੰਧੀ ਧਿਆਨ ਦੇਣ, ਜਿਸ ਦੀ ਬਿਜਾਈ ਸਮੇਂ ਲੋੜ ਪੈਣੀ ਹੈ।ਅਖੀਰ 'ਚ ਸ੍ਰੀ ਸ਼ਾਹਪੁਰ ਨੇ ਕੇਂਦਰ ਸਰਕਾਰ ਨੂੰ ਜ਼ੋਰਦਾਰ ਅਪੀਲ ਕਰਦਿਆਂ ਕਿਹਾ ਕਿ ਹੜ੍ਹਾਂ ਦੀ ਤ੍ਰਾਸਦੀ ਦੇ ਮੱਦੇਨਜ਼ਰ ਕੇਂਦਰ ਸਰਕਾਰ ਫਸਲਾਂ, ਮਕਾਨਾਂ, ਪਸ਼ੂਆਂ ਤੇ ਘਰੇਲੂ ਸਾਮਾਨ ਦੇ ਬਰਬਾਦ ਹੋਣ ਦੇ ਮੱਦੇਨਜ਼ਰ 50000 ਕਰੋੜ ਦਾ ਰਾਹਤ ਪੈਕੇਜ ਦੇਵੇ।ਇਸ ਮੌਕੇ ਉਨ੍ਹਾਂ ਨਾਲ ਰਾਏ ਸਿੰਘ ਸ਼ਾਹਪੁਰ, ਹਰਭਜਨ ਸਿੰਘ ਮੁੰਡੀ ਤੇ ਸੁਖਵਿੰਦਰ ਸਿੰਘ ਬਿੱਲੂ ਹਾਜ਼ਰ ਸਨ।

# ਪਾਣੀ ਨਾਲ ਭਰੇ ਅੰਡਰ ਬ੍ਰਿਜ ਦਾ ਰੇਲਵੇ ਦੇ ਜੀ ਐੱਮ ਵੱਲੋਂ ਜਾਇਜ਼ਾ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਹਿਮਾਚਲ ਪ੍ਰਦੇਸ਼ ਤੇ ਪੰਜਾਬ ਵਿੱਚ ਭਾਰੀ ਬਰਸਾਤਾਂ ਕਾਰਨ ਜਿੱਥੇ ਪੰਜਾਬ ਅੰਦਰ ਵੱਡੇ ਪੱਧਰ 'ਤੇ ਹੜ੍ਹ ਆਇਆ ਹੋਇਆ ਹੈ, ਉੱਥੇ ਹੀ ਨੀਵੀਆਂ ਥਾਵਾਂ ਤੇ ਸੜਕਾਂ 'ਤੇ ਪਾਣੀ ਆ ਜਾਣ ਕਾਰਨ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਇਸ ਦੇ ਨਾਲ ਹੀ ਫਿਰੋਜ਼ਪੁਰ-ਫਾਜ਼ਿਲਕਾ ਰੇਲਵੇ ਲਾਈਨ 'ਤੇ ਜਿਨ੍ਹੇ ਵੀ ਅੰਡਰ ਬ੍ਰਿਜ ਬਣੇ ਹਨ, ਉਹ ਪਾਣੀ ਨਾਲ ਪੂਰੀ ਤਰ੍ਹਾਂ ਨਾਲ ਪਿਛਲੇ ਕਈ ਦਿਨਾਂ ਤੋਂ ਭਰ ਚੁੱਕੇ ਹਨ।ਉਨ੍ਹਾਂ ਦੀ ਨਿਕਾਸੀ ਨਾ ਹੋਣ ਕਾਰਨ ਇਹ ਅੰਡਰ ਬ੍ਰਿਜ ਪਾਣੀ ਨਾਲ ਭਰ ਜਾਣ 'ਤੇ ਲੋਕਾਂ ਦਾ ਰਸਤਾ ਬੰਦ ਹੋਇਆ ਪਿਆ ਹੈ।ਬਲਾਕ ਗੁਰੂ ਹਰਸਹਾਏ ਵਿੱਚ ਲਗਭਗ ਚਾਰ-ਪੰਜ ਅੰਡਰਬ੍ਰਿਜ ਅਜਿਹੇ ਹਨ, ਜਿਹੜੇ ਕਿ ਪਾਣੀ ਨਾਲ ਨੱਕੋ ਨੱਕ ਭਰੇ ਹੋਏ ਹਨ ਤੇ ਪਾਣੀ ਨਾਲ ਉਨ੍ਹਾਂ ਦੀ ਹਾਲਤ ਖਸਤਾ ਹੋ ਰਹੀ ਹੈ। ਜੇ ਪਾਣੀ ਦੀ ਨਿਕਾਸੀ ਲਈ ਖੂਹ ਬਣਾਏ ਗਏ ਸਨ, ਉਨ੍ਹਾਂ ਵਿੱਚ ਮਿੱਟੀ ਭਰ ਚੁੱਕੀ ਹੈ।ਆਸ-ਪਾਸ ਤੇ ਜ਼ਮੀਨਾਂ ਦਾ ਪਾਣੀ ਵੀ ਇਨ੍ਹਾਂ ਅੰਡਰਬ੍ਰਿਜਾਂ ਵਿੱਚ ਆ ਰਿਹਾ ਹੈ, ਜਿਸ ਨਾਲ 15-15 ਫੁੱਟ ਦੇ ਕਰੀਬ ਪਾਣੀ ਅੰਡਰਬ੍ਰਿਜਾਂ ਵਿੱਚ ਭਰ ਚੁੱਕਾ ਹੈ।ਇਨ੍ਹਾਂ ਅੰਡਰਬ੍ਰਿਜਾਂ ਵਿੱਚ ਭਰੇ ਪਾਣੀ ਦਾ ਜਾਇਜ਼ਾ ਲੈਣ ਲਈ ਰੇਲਵੇ ਦੇ ਜਨਰਲ ਮੈਨੇਜਰ ਅਸ਼ੋਕ ਕੁਮਾਰ ਵਰਮਾ ਤੇ ਉਨ੍ਹਾਂ ਨਾਲ ਰੇਲਵੇ ਦੇ ਹੋਰ ਉੱਚ ਅਧਿਕਾਰੀਆਂ ਨੇ ਪਹੁੰਚ ਕੇ ਸਮੂਹ ਅੰਡਰਬ੍ਰਿਜਾਂ ਦਾ ਜਾਇਜ਼ਾ ਲਿਆ।ਪਿੰਡ ਕੋਹਰ ਸਿੰਘ ਵਾਲਾ ਵਿਖੇ ਪਹੁੰਚੇ ਰੇਲਵੇ ਦੇ ਉੱਚ ਅਧਿਕਾਰੀਆਂ ਨੇ ਰੇਲਵੇ ਦੇ ਫਾਟਕ ਨੰਬਰ ਸੀ 32 ਦੇ ਹਾਲਾਤਾਂ ਨੂੰ ਵੇਖਿਆ।ਇਸ ਸਮੇਂ ਪਿੰਡ ਵਾਸੀ ਰਵਿੰਦਰ ਸਿੰਘ, ਹਰਚਰਨ ਸਿੰਘ ਸੰਧੂ, ਹਰਜਿੰਦਰ ਸਿੰਘ, ਜਸਕਰਨ ਸਿੰਘ, ਹਰਨੇਕ ਸਿੰਘ ਤੇ ਹੋਰ ਪਿੰਡ ਵਾਸੀਆਂ ਨੇ ਦੱਸਿਆ ਕਿ ਇਸ ਫਾਟਕ ਵਿੱਚ ਪਾਣੀ ਭਰ ਜਾਣ ਨਾਲ ਘੱਟੋ ਘੱਟ 50 ਪਿੰਡਾਂ ਦਾ ਰਸਤਾ ਪੂਰੀ ਤਰ੍ਹਾਂ ਬੰਦ ਹੋ ਚੁੱਕਿਆ ਹੈ, ਜਿਸ ਨੂੰ ਆਰਜ਼ੀ ਤੌਰ 'ਤੇ ਪਿੰਡ ਵਾਸੀਆਂ ਨੇ ਸਾਂਝੇ ਤੌਰ 'ਤੇ ਰਾਹ ਬਣਾਇਆ ਹੈ। ਉਨ੍ਹਾਂ ਦੱਸਿਆ ਕਿ ਸਾਰੇ ਸੰਭਾਲ ਵਾਸਤੇ ਵੱਡੀ ਰੁਕਾਵਟ ਪੈਦਾ ਹੋ ਰਹੀ ਹੈ ਅਤੇ ਹੋਰ ਮੁਸ਼ਕਲਾਂ ਤੋਂ ਜਾਣੂ ਕਰਵਾਇਆ।ਲੋਕਾਂ ਨੇ ਇਸ ਦੇ ਨਾਲ ਹੀ ਮੰਗ ਕੀਤੀ ਕਿ ਜਿੱਥੇ ਇਸ ਅੰਡਰਬ੍ਰਿਜ ਦੀ ਆਵਾਜਾਈ ਬਹਾਲ ਕਰਨ ਲਈ ਪਾਣੀ ਨੂੰ ਸਟੋਰ ਕਰਨ ਵਾਲੇ ਖੂਹ ਸਾਫ ਕੀਤੇ ਜਾਣ ਤੇ ਇਹ ਖਸਤਾ ਹਾਲਤ ਨੂੰ ਪੂਰੀ ਤਰ੍ਹਾਂ ਠੀਕ ਕਰਨ ਦੇ ਨਾਲ ਨਾਲ ਰੇਲਵੇ ਸਟੇਸ਼ਨ ਫਾਟਕ ਨੰਬਰ ਸੀ 31 ਤੋਂ ਲੈ ਕੇ ਸੀ ਨੰਬਰ 32 ਰੇਲਵੇ ਫਾਟਕ ਤੱਕ ਇੱਕ ਆਉਣ ਜਾਣ ਲਈ ਸੜਕ ਬਣਾਈ ਜਾਵੇ ਤਾਂ ਜੋ ਅਜਿਹੇ ਹਾਲਾਤਾਂ ਵਿੱਚ ਲੋਕ ਸੜਕ ਰਸਤੇ ਤੋਂ ਆ ਜਾ ਸਕਣ ਤਾਂ ਰੇਲਵੇ ਦੇ ਜਨਰਲ ਮੈਨੇਜਰ ਅਸ਼ੋਕ ਵਰਮਾ ਨੇ ਤੁਰੰਤ ਹੀ ਰੇਲਵੇ ਦੇ ਜ਼ਿਲ੍ਹਾ ਅਧਿਕਾਰੀ ਸੰਜੀਵ ਵਰਮਾ ਨੂੰ ਰਸਤਾ ਦੇਣ ਲਈ ਸੜਕ ਬਣਾਉਣ ਦਾ ਹੁਕਮ ਦਿੱਤਾ।ਇਸ ਤੋਂ ਇਲਾਵਾ ਉਨ੍ਹਾਂ ਆਏ ਹੋਏ ਹੋਰ ਲੋਕਾਂ ਦੀਆਂ ਮੁਸ਼ਕਲਾਂ ਵੀ ਸੁਣੀਆਂ ਤੇ ਜਲਦ ਹੀ ਪੱਕੇ ਤੌਰ 'ਤੇ ਹੱਲ ਕਰਾਉਣ ਦਾ ਭਰੋਸਾ ਦਿੱਤਾ।ਇਸ ਮੌਕੇ ਪਿੰਡ ਵਾਸੀਆਂ ਸਮੇਤ ਆਸ-ਪਾਸ ਪਿੰਡਾਂ ਤੋਂ ਆਏ ਵਸਨੀਕਾਂ ਨੇ ਵੀ ਆਪਣੀਆਂ ਮੁਸ਼ਕਲਾਂ ਤੋਂ ਜਾਣੂ ਕਰਵਾਇਆ।ਇਸ ਮੌਕੇ ਹਰਮੇਲ ਸਿੰਘ, ਸੂਬਾ ਸਿੰਘ, ਅਜਮੇਰ ਸਿੰਘ, ਸਰਬਜੀਤ ਸਿੰਘ ਸਮੇਤ ਕਈ ਹੋਰ ਪਤਵੰਤੇ ਹਾਜ਼ਰ ਸਨ।

# ਦਰਿਆਵਾਂ ਦਾ ਕਬਜ਼ਾ ਛੁਡਵਾਉਣ ਦੀ ਮੰਗ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)** ਪੰਜਾਬ ਅਨਏਡਿਡ ਡਿਗਰੀ ਕਾਲਜ ਐਸੋਸੀਏਸ਼ਨ (ਪੁਕਾ), ਜੁਆਇੰਟ ਐਸੋਸੀਏਸ਼ਨ ਆਫ ਕਾਲਜ (ਜੈਕ) ਤੇ ਪ੍ਰਾਈਵੇਟ ਸਕੂਲਜ਼ ਐਂਡ ਐਸੋਸੀਏਸ਼ਨਜ਼ ਆਫ ਪੰਜਾਬ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਲਈ ਸ਼ੁਰੂ ਕੀਤੀ ਗਈ ਸਾਂਝੀ ਮੁਹਿੰਮ ਦੇ ਪਹਿਲੇ ਦੌਰੇ ਮਗਰੋਂ, ਪੁਕਾ ਦੇ ਪ੍ਰਧਾਨ ਤੇ ਜੈਕ ਦੇ ਜਨਰਲ ਸਕੱਤਰ, ਫਤਿਹ ਗਰੁੱਪ ਆਫ ਇੰਸਟੀਟਿਊਸ਼ਨਜ਼ ਦੇ ਚੇਅਰਮੈਨ ਐੱਸ.ਐੱਸ. ਚੱਠਾ ਨੇ ਕਿਹਾ ਕਿ ਹੜ੍ਹਾਂ ਨਾਲ ਪੀੜਤ ਪਿੰਡਾਂ ਦੇ ਲੋਕ ਜ਼ਿੰਦਾਦਿਲੀ ਤੇ ਚੜ੍ਹਦੀ ਕਲਾ ਦੇ ਅਸਲ ਪ੍ਰਤੀਕ ਹਨ।

ਉਨ੍ਹਾਂ ਦੱਸਿਆ ਕਿ ਰਾਜ ਸਭਾ ਮੈਂਬਰ ਸਤਨਾਮ ਸਿੰਘ ਸੰਧੂ ਦੀ ਅਗਵਾਈ ਹੇਠ ਪੰਜਾਬ ਦੀਆਂ ਵੱਖ-ਵੱਖ ਸਿੱਖਿਆ ਸੰਸਥਾਵਾਂ ਦੇ ਪ੍ਰਤਿਨਿਧੀ ਲੋੜੀਂਦੀ ਸਮੱਗਰੀ ਲੈ ਕੇ ਸੁਲਤਾਨਪੁਰ ਲੋਧੀ ਨੇੜਲੇ ਪਿੰਡ ਸਾਂਗਰਾ ਅਤੇ ਬਾਊਪੁਰ 'ਚ ਪਹੁੰਚੇ।ਇਲਾਕੇ ਵਿੱਚ ਲਗਭਗ ਕਈ ਕਿਲੋਮੀਟਰ ਤੱਕ ਸਮੁੰਦਰ ਵਰਗਾ ਪਾਣੀ ਹੀ ਪਾਣੀ ਫੈਲਿਆ ਹੋਇਆ ਸੀ।ਬਾਬਾ ਬਲਬੀਰ ਸਿੰਘ ਸੀਚੇਵਾਲ ਦੀ ਕਿਸ਼ਤੀ ਰਾਹੀਂ ਟੀਮ ਹੜ੍ਹ ਨਾਲ ਘਿਰੇ ਘਰਾਂ ਤੱਕ ਪਹੁੰਚੀ ਤੇ ਉੱਥੇ ਵੱਸਦੇ ਲੋਕਾਂ ਦੇ ਹੌਸਲੇ ਤੇ ਹਿੰਮਤ ਨੂੰ ਦੇਖ ਕੇ ਪ੍ਰੇਰਤ ਹੋਈ।

ਸਥਾਨਕ ਵਾਸੀਆਂ ਨੇ ਦੱਸਿਆ ਕਿ ਅਸੀਂ ਹੜ੍ਹਾਂ ਦੇ ਦੁੱਖਾਂ ਦੇ ਆਦੀ ਹੋ ਚੁੱਕੇ ਹਾਂ, ਪਰ ਸਰਕਾਰਾਂ ਵੱਲੋਂ ਇਸ ਸਮੱਸਿਆ ਦਾ ਸਥਾਈ ਹੱਲ ਨਾ ਕੱਢਿਆ ਜਾਣਾ ਬਹੁਤ ਦੁਖਦਾਈ ਹੈ।ਜਦੋਂ ਉਨ੍ਹਾਂ ਤੋਂ ਲੋੜਾਂ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਕਿਹਾ ਕਿ ਇਸ ਵੇਲੇ ਸਾਨੂੰ ਕੁਝ ਨਹੀਂ ਚਾਹੀਦਾ, ਪਰ ਜਦੋਂ ਹੜ੍ਹ ਦਾ ਪਾਣੀ ਹਟੇਗਾ, ਤਦੋਂ ਖੇਤੀਬਾੜੀ ਤੇ ਰੋਜ਼ਗਾਰ ਜੀਵਨ ਮੁੜ ਸੈੱਟ ਕਰਨ ਲਈ ਸਾਨੂੰ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ।ਖ਼ਾਸ ਕਰਕੇ ਪਸ਼ੂਆਂ ਦੇ ਦੁੱਧ ਦੀ ਵਿਕਰੀ ਜਾਂ ਲੰਗਰਾਂ ਵਿੱਚ ਵਰਤੋਂ ਲਈ ਕੋਈ ਵਿਵਸਥਾ ਬਣਾਈ ਜਾਵੇ।

ਪਿੰਡ ਸਾਂਗਰਾ ਦੀ ਸਾਂਝੀ ਕਮੇਟੀ ਦੇ ਆਗੂ ਕੁਲਦੀਪ ਸਿੰਘ ਸਾਂਗਰਾ ਨੇ ਕਿਹਾ ਕਿ ਕੁਝ ਲੋਕ ਭਰਮ ਪੈਦਾ ਕਰ ਰਹੇ ਹਨ ਕਿ ਅਸੀਂ ਦਰਿਆ ਦੇ ਖੇਤਰ ਵਿੱਚ ਕਬਜ਼ਾ ਕੀਤਾ ਹੋਇਆ ਹੈ, ਜਦਕਿ ਹਕੀਕਤ ਇਸ ਤੋਂ ਬਿਲਕੁਲ ਉਲਟ ਹੈ।ਸਾਡੀ ਮੰਗ ਹੈ ਕਿ ਸਾਡੇ ਖੇਤਾਂ ਉੱਤੇ ਦਰਿਆਵਾਂ ਦਾ ਕਬਜ਼ਾ ਛੁਡਵਾਇਆ ਜਾਵੇ।ਰਾਜ ਸਭਾ ਮੈਂਬਰ ਸਤਨਾਮ ਸਿੰਘ ਸੰਧੂ ਨੇ ਯਕੀਨ ਦਿਵਾਇਆ ਕਿ ਉਹ ਪੀੜਤ ਲੋਕਾਂ ਦੀਆਂ ਗੱਲਾਂ ਨੂੰ ਸਰਕਾਰ ਤੱਕ ਪੁਚਾਉਣਗੇ।


# PAOS INDUSTRIES LTD.

CIN : L24100PB1990PLC049032
Registered Office: Village Pawa, G.T. Road, Near Civil Airport, Ludhiana-141120 (Pb)

## NOTICE OF 35th ANNUAL GENERAL MEETING, BOOK CLOSURE AND E-VOTING INFORMATION

NOTICE is hereby given that the 35th Annual General Meeting (AGM) of the company will be held on Tuesday, the 30th day of September, 2025 at 10.00 A.M. at the Registered Office of the Company at Village Pawa, G.T. Road, Near Civil Airport, Ludhiana-141 120 (Pb) to transact the businesses set out in the notice of AGM.
The Notice of the Annual General Meeting, Annual Report, and Attendance Slip have been sent electronically to all members whose e-mail IDs are registered with the Company/Depositories. For other members, physical letters have been dispatched by the Registrar and Transfer Agent (RTA), containing the link to download the aforesaid documents. Members may note that the Notice and Annual Report 2024-25 will also be available on the Company's website www.paosindustries.in and website of the Stock Exchange, i.e. BSE Limited at https://www.bseindia.com.
Members can also download the annual report from the following link https://drive.google.com/file/d/1ZpmDSFZe1FKWoKDWgvdfDzXE5SLb1Onc/view?usp=drivesdk.
NOTICE is hereby given pursuant to Section 91 of the Companies Act, 2013 and Regulation 42 of SEBI (Listing Obligations and Disclosure Requirements) Regulations, 2015 that the Register of Members and Share Transfer Books of the Company will remain closed from Wednesday, 23rd September, 2025 to Tuesday, 30th September, 2025 (both days inclusive) for the purpose of 35th Annual General Meeting of the Company.
Notice is also hereby given Pursuant to the provisions of Section 108 of the Companies Act, 2013 read with rule 20 of the Companies (Management and Administration) Rules, 2014, as amended, and Regulation 44 of the SEBI (Listing Obligations and Disclosure Requirements) Regulations, 2015 that the Company is also providing the facility to members to Vote Electronically (remote e-voting) through Central Depository Services (India) Limited e-voting platform. The procedure for E-Voting is given under "Voting through electronic means" in the Notice.
The e-voting facility will be available during the following voting period :

| Commencement of E-voting | End of E-voting |
| --- | --- |
| Saturday 27th Sept, 2025 at 9:00 A.M.(IST) | Monday 29th Sept, 2025 at 5:00 P.M. (IST) |

During the period, members of the Company, holding shares either in physical form or in dematerialized form, as on the cut-off date 23.09.2025 may cast their vote electronically. The e-voting module shall be displayed by CDSL for voting thereafter and voting shall not be allowed beyond the above mentioned date and time.
For instructions relating to e-voting, members may kindly go through the instructions in the Notice of the 35th AGM and they may also refer to the E-voting User Manual for shareholders available at the Help section of https://www.evotingindia.com or send an e-mail to helpdesk.evoting@cdslindia.com.
The Company Secretary of Company will be person responsible to address the grievances connected with the voting by electronic means. Her contact details are given below:
Tel: +91-161-5220000
e-mail: paosindustriesltd@gmail.com, rajagromills@gmail.com

For PAOS INDUSTRIES LIMITED
Sd/-
Managing Director (DIN : 00057485)

DATE : 05-09-2025
PLACE : LUDHIANA


# ਮਾਤਾ ਗੰਗਾ ਕਾਲਜ ਦੇ ਵਿਦਿਆਰਥੀਆਂ ਹੜ੍ਹ ਪੀੜਤਾਂ ਲਈ ਕਿਸ਼ਤੀ ਬਣਾਈ



**ਦੋਰਾਹਾ (ਹਰਮਿੰਦਰ ਸੇਠ)**-ਮਾਤਾ ਗੰਗਾ ਖਾਲਸਾ ਕਾਲਜ ਮੰਜੀ ਸਾਹਿਬ ਕੋਟਾਂ (ਪ੍ਰਬੰਧ ਅਧੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ) ਦੇ ਹੋਣਹਾਰ, ਮਿਹਨਤੀ ਤੇ ਸੰਵੇਦਨਸ਼ੀਲ ਵਿਦਿਆਰਥੀਆਂ ਨੇ ਲਗਾਤਾਰ ਦਿਨ-ਰਾਤ ਇੱਕ ਕਰਦਿਆਂ ਦੋ ਦਿਨਾਂ ਵਿੱਚ ਹੜ੍ਹ ਪੀੜਤਾਂ ਲਈ ਰਾਹਤ ਕਾਰਜ ਦੇ ਮੱਦੇਨਜ਼ਰ ਇੱਕ ਕਿਸ਼ਤੀ ਤਿਆਰ ਕਰ ਵਿਖਾਈ।ਕਾਲਜ ਦੇ ਪ੍ਰਿੰਸੀਪਲ ਡਾ. ਗਗਨਦੀਪ ਸਿੰਘ ਤੇ ਸਮੁੱਚੇ ਸਟਾਫ਼ ਦੀ ਹੌਸਲਾ ਅਫਜ਼ਾਈ ਨਾਲ ਬੀ ਏ ਭਾਗ ਤੀਜਾ ਦੇ ਵਿਦਿਆਰਥੀ ਸੁਖਚੈਨ ਸਿੰਘ ਤੇ ਉਸ ਦੀ ਟੀਮ ਨੇ ਇਹ ਨਿਵੇਕਲਾ ਕਾਰਜ ਸਿਰੇ ਚਾੜ੍ਹਿਆ।ਕਹਿੰਦੇ ਨੇ ਲੋੜ ਕਾਢ ਦੀ ਮਾਂ ਹੈ।ਪੰਜਾਬ ਵਿੱਚ ਹੜ੍ਹ ਮਾਰੇ ਇਲਾਕਿਆਂ ਵਿੱਚ ਪਹੁੰਚਣ ਲਈ ਵਸੀਲਿਆਂ ਦੀ ਘਾਟ ਨੇ ਵਿਦਿਆਰਥੀਆਂ ਨੂੰ ਇਹ ਕਿਸ਼ਤੀ ਬਣਾਉਣ ਲਈ ਪ੍ਰੇਰਿਆ।ਜ਼ਿਕਰਯੋਗ ਹੈ ਕਿ ਸੁਖਚੈਨ ਸਿੰਘ, ਪਵਨ ਕੁਮਾਰ, ਗੁਰਵੀਰ ਸਿੰਘ ਤੇ ਅਮਨਪ੍ਰੀਤ ਸਿੰਘ ਦੀ ਅਣਥੱਕ ਮਿਹਨਤ ਨੇ ਇਸ ਸਮੁੱਚੇ ਪ੍ਰਜੈਕਟ ਨੂੰ ਲੱਕੀ ਮਿਸਤਰੀ ਦੀ ਅਗਵਾਈ ਹੇਠ ਸਫਲਤਾਪੂਰਵਕ ਸੰਪੂਰਨ ਕੀਤਾ।ਪੰਜਾਬ ਅਤੇ ਪੰਜਾਬੀਆਂ ਲਈ ਗੁਰੂ ਸਾਹਿਬ ਅੱਗੇ ਅਰਦਾਸ ਕਰਦਿਆਂ ਇਸ ਔਖੀ ਘੜੀ ਵਿੱਚ ਤਨੋਂ, ਮਨੋਂ ਤੇ ਧਨੋਂ ਸੇਵਾ ਦਾ ਅਹਿਦ ਲਿਆ ਗਿਆ। ਐਮਰਜੈਂਸੀ ਹਾਲਾਤ ਦੇ ਮੱਦੇਨਜ਼ਰ ਕੱਲ੍ਹ ਰਾਤ ਹੀ ਇਸ ਕਿਸ਼ਤੀ ਨੂੰ ਡੇਰਾ ਬਾਬਾ ਨਾਨਕ ਇਲਾਕੇ ਵਿੱਚ ਸੇਵਾ ਲਈ ਪਹੁੰਚਦਾ ਕੀਤਾ ਗਿਆ।ਪ੍ਰਿੰਸੀਪਲ ਡਾ. ਗਗਨਦੀਪ ਸਿੰਘ ਨੇ ਮਾਤਾ ਗੰਗਾ ਕਾਲਜ ਪਰਵਾਰ ਦੇ ਇਨ੍ਹਾਂ ਵਿਦਿਆਰਥੀਆਂ ਦੇ ਸਿਦਕ, ਸਿਰੜ ਤੇ ਜੀਅ ਜਾਨ ਨਾਲ ਕੀਤੇ ਇਸ ਉਪਰਾਲੇ ਲਈ ਦਿਲੋਂ ਸਿਜਦਾ ਤੇ ਸਰਾਹਨਾ ਕੀਤੀ।

# ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਹੜ੍ਹ ਪੀੜਤਾਂ ਦੀ ਮਦਦ ਕੀਤੀ ਜਾਵੇ : ਦੀਪਾਂਸ਼ੂ ਸਨੌਰ



**ਸਨੌਰ/ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਜਿੱਥੇ ਪੰਜਾਬ ਦੇ ਕਈ ਜ਼ਿਲ੍ਹੇ ਹੜ੍ਹਾਂ ਦੀ ਮਾਰ ਝੱਲ ਰਹੇ ਹਨ, ਉਥੇ ਹੀ ਪਟਿਆਲਾ ਜ਼ਿਲ੍ਹੇ ਹਲਕਾ ਘਨੌਰ ਦੇ ਇੱਕ ਦਰਜ਼ਨ ਪਿੰਡ ਮਾਰ ਹੇਠ ਹਨ ਅਤੇ ਘੱਗਰ ਤੇ ਭਾਖੜਾ ਦੋਨਾਂ ਦੀ ਮਾਰ ਝੱਲ ਰਹੇ ਹਨ।ਪਿੰਡਾਂ ਵਿੱਚ ਪਾਣੀ ਵੜਨਾ ਸ਼ੁਰੂ ਹੋ ਗਿਆ, ਜਿਸ ਕਾਰਨ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਔਖੇ ਸਮੇਂ 'ਚ ਸਾਰੀਆਂ ਪਾਰਟੀਆਂ ਨੂੰ ਇੱਕ ਮਿੱਕ ਹੋ ਕੇ ਹੜ੍ਹ ਪੀੜਤਾਂ ਦੀ ਮਦਦ ਕਰਨੀ ਚਾਹੀਦੀ ਹੈ। ਇਹ ਪ੍ਰਗਟਾਵਾ ਨੌਜਵਾਨ ਆਗੂ ਸਮਾਜਸੇਵੀ ਦੀਪਾਂਸ਼ੂ ਸਨੌਰ ਨੇ ਘਨੌਰ ਦੇ ਪਿੰਡ ਸਰਾਲਾ ਵਿਖੇ ਹੜ੍ਹ ਪੀੜਤਾਂ ਦਾ ਜਾਇਜ਼ਾ ਲੈਂਦੇ ਹੋਏ ਕੀਤਾ।ਮੌਕੇ ਦਾ ਜਾਇਜ਼ਾ ਲੈਂਦੇ ਹੋਏ ਉਨ੍ਹਾ ਕਿਹਾ ਕਿ ਆਪਣੀ ਟੀਮ ਦੇ ਨਾਲ ਰਲ ਕੇ ਪਿੰਡਾਂ ਦੀ ਤੇ ਲੋਕਾਂ ਦੀ ਸੇਵਾ ਲਈ ਆਪਣੇ ਕਾਰਜ ਸ਼ੁਰੂ ਕਰੀਏ, ਜੋ ਵੀ ਇਸ ਕਾਰਜ ਵਿੱਚ ਮੱਦਦ ਕਰਨਾ ਚਾਹੁੰਦੇ ਹਨ ਤਾਂ ਕਿਰਪਾ ਕਰਕੇ ਉਹ ਉਨ੍ਹਾਂ ਨਾਲ ਸੰਪਰਕ ਕਰ ਸਕਦੇ ਹਨ ਤਾਂ ਜੋ ਸਾਰੇ ਰਲ਼ ਕੇ ਇਸ ਮੁਸੀਬਤ ਦਾ ਸਾਹਮਣਾ ਕਰ ਸਕੀਏ।


# SHARP CHUCKS AND MACHINES LIMITED

REGD OFC:-A-12 INDUSTRIAL DEVELOPMENT COLONY, Jalandhar, Punjab, India, 144012
CIN:L27106PB1994PLC014701 TEL:0181-2610341,2611763
Website: www.sharpchucks.com, Email: cs@sharpchucks.com

ਕਾਰਪੋਰੇਟ ਮਾਮਲੇ ਮੰਤਰਾਲਾ ("ਐੱਮ ਸੀ ਏ ਸਰਕੂਲਰਜ਼") ਅਤੇ ਸਕਿਉਰਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆ ("ਸੇਬੀ ਸਰਕੂਲਰਜ਼") ਵੱਲੋਂ ਕੰਪਨੀਜ਼ ਐਕਟ 2013 ਨਾਲ ਪੜ੍ਹੇ ਜਾਂਦੇ ਵੱਖ-ਵੱਖ ਸਰਕੂਲਰਜ਼ ਦੀਆਂ ਵਿਵਸਥਾਵਾਂ ਦੀ ਪਾਲਣਾ ਹਿੱਤ 31ਵੀਂ ਏ ਜੀ ਐੱਮ ਦੇ ਸੱਦੇ ਵਾਲੇ ਨੋਟਿਸ 'ਚ ਉਲੇਖ ਕਾਰੋਬਾਰ ਦੇ ਨਿਪਟਾਰੇ ਲਈ ਸ਼ਾਰਪ ਚਕਸ ਐਂਡ ਮਸ਼ੀਨਜ਼ ਲਿਮਟਿਡ ("ਦਾ ਕੰਪਨੀ") ਦੀ 31ਵੀਂ ਸਾਲਾਨਾ ਜਨਰਲ ਮੀਟਿੰਗ ("ਏ ਜੀ ਐੱਮ") ਵੀਡੀਉ ਕਾਨਫਰੰਸ ("ਵੀ ਸੀ")/ਹੋਰ ਆਡੀਓ ਵਿਜ਼ੂਅਲ ਮੀਨਜ਼ ("ਓ ਏ ਵੀ ਐੱਮ") ਰਾਹੀਂ ਸੋਮਵਾਰ, 29 ਸਤੰਬਰ 2025 ਨੂੰ ਦੁਪਹਿਰ 12.00 ਵਜੇ (ਭਾਰਤੀ ਸਮੇਂ ਅਨੁਸਾਰ) ਹੋਵੇਗੀ। ਈ-ਵੋਟਿੰਗ ਅਤੇ ਵਿੱਤੀ ਵਰ੍ਹੇ 2024-2025 ਦੀ ਸਾਲਾਨਾ ਰਿਪੋਰਟ, ਜਿਸ 'ਚ ਹੋਰ ਅਮਲ ਅਤੇ ਹਦਾਇਤਾਂ ਸ਼ਾਮਲ ਹਨ, ਬਾਰੇ 31ਵੀਂ ਏ ਜੀ ਐੱਮ ਦੇ ਸੱਦੇ ਵਾਲੇ ਨੋਟਿਸ ਦੀ ਇਲੈਕਟ੍ਰਾਨਿਕ ਕਾਪੀ ਉਨ੍ਹਾਂ ਮੈਂਬਰਾਂ ਨੂੰ ਭੇਜੀ ਜਾਵੇਗੀ, ਜਿਨ੍ਹਾਂ ਦੀ ਆਈ ਡੀ ਕੰਪਨੀ/ਡਿਪਾਜ਼ਟਰੀ ਪਾਰਟੀਸੀਪੈਂਟ ਕੋਲ ਰਜਿਸਟਰਡ ਹੈ।
ਜਿਨ੍ਹਾਂ ਮੈਂਬਰ ਨੇ ਆਪਣੇ ਈ-ਮੇਲ ਪਤੇ ਰਜਿਸਟਰਡ ਨਹੀਂ ਕਰਵਾਏ, ਉਨ੍ਹਾਂ ਨੂੰ ਜਲਦੀ ਤੋਂ ਜਲਦੀ ਰਜਿਸਟਰਡ ਕਰਵਾਉਣ ਦੀ ਬੇਨਤੀ ਕੀਤੀ ਜਾਂਦੀ ਹੈ।
(ਏ) ਡੀਮੇਟ ਫਾਰਮ 'ਚ ਸ਼ੇਅਰ ਹੋਣ ਦੀ ਸੂਰਤ 'ਚ ਡਿਪਾਜ਼ਟਰੀ ਪਾਰਟੀਸੀਪੈਂਟਸ (ਡੀਪੀਜ਼ 'ਚ) ਕੋਲ,
(ਬੀ) ਭੌਤਿਕ ਫਾਰਮ 'ਚ ਸ਼ੇਅਰ ਹੋਣ ਦੀ ਸੂਰਤ 'ਚ (i) ਕੰਪਨੀ ਦੇ ਰਜਿਸਟਰਾਰ ਅਤੇ ਸ਼ੇਅਰ ਟਰਾਂਸਫਰ ਏਜੰਟ ਨੂੰ ਲਿਖਕੇ, ਜਿਵੇਂ ਸਕਾਈਲਾਈਨ ਫਾਇਨੈਂਸ਼ੀਅਲ ਸਰਵਿਸਿਜ਼ ਪ੍ਰਾਈਵੇਟ ਲਿਮਟਿਡ ਨੂੰ ਫੋਲੀਓ ਨੰਬਰ ਦੇ ਵੇਰਵਿਆਂ ਨਾਲ ਅਤੇ ਪੈਨ ਕਾਰਡ ਦੀ ਖੁਦ ਤਸਦੀਕਸ਼ੁਦਾ ਕਾਪੀ ਸਮੇਤ ਡੀ-153 ਏ, ਪਹਿਲੀ ਮੰਜ਼ਲ, ਓਖਲਾ ਇੰਡਸਟ੍ਰੀਅਲ ਏਰੀਆ ਫੇਜ਼-1 ਨਵੀਂ ਦਿੱਲੀ (ii) info@skylinerta.com 'ਤੇ ਈ-ਮੇਲ ਭੇਜ ਕੇ।
31ਵੀਂ ਏ ਜੀ ਐੱਮ ਦੇ ਨੋਟਿਸ ਅਤੇ ਵਿੱਤੀ ਸਾਲ 2024-2025 ਦੀ ਸਾਲਾਨਾ ਵਿੱਤੀ ਰਿਪੋਰਟ ਦੇ ਸੀਮਤ ਮੰਤਵ ਲਈ ਮੈਂਬਰ ਜੋ ਡੀਮੇਟ ਫਾਰਮ 'ਚ ਸ਼ੇਅਰ ਰੱਖਦੇ ਹਨ, ਉਹ ਉਕਤ ਦੱਸੀ ਈ-ਮੇਲ ਰਾਹੀਂ ਰਜਿਸਟਰਾਰ ਨੂੰ ਈ-ਮੇਲ ਪਤੇ 'ਤੇ ਈ-ਮੇਲ ਭੇਜ ਸਕਦੇ ਹਨ।
ਕੰਪਨੀ ਮੈਂਬਰਾਂ ਨੂੰ ਵੋਟਿੰਗ ਅਧਿਕਾਰਾਂ ਦੀ ਵਰਤੋਂ ਲਈ ਇਲੈਕਟ੍ਰਾਨਿਕ ਸਾਧਨਾਂ ਦੀ ਸਹੂਲਤ ਦੇਵੇਗੀ। 31ਵੀਂ ਏ ਜੀ ਐੱਮ 'ਚ ਵੀ ਸੀ/ ਓ ਏ ਵੀ ਐੱਮ ਰਾਹੀਂ ਸ਼ਾਮਲ ਲਈ ਹੋਣ ਲਈ ਅਤੇ ਈ-ਵੋਟਿੰਗ ਅਮਲ (ਜਿਸ 'ਚ ਮੈਂਬਰਾਂ ਦੇ ਭੌਤਿਕ ਫਾਰਮ 'ਚ ਸ਼ੇਅਰ ਰੱਖਣ ਜਾਂ ਜਿਨ੍ਹਾਂ ਨੇ ਆਪਣੇ ਈ-ਮੇਲ ਪਤੇ ਰਜਿਸਟਰਡ ਨਹੀਂ ਕਰਵਾਏ ਆਪਣੀ ਵੋਟ ਈ-ਵੋਟਿੰਗ ਰਾਹੀਂ) 31ਵੀਂ ਏ ਜੀ ਐੱਮ ਦਾ ਹਿੱਸਾ ਹੋਵੇਗਾ।
31ਵੀਂ ਏ ਜੀ ਐੱਮ ਦਾ ਸੱਦਾ ਨੋਟਿਸ ਅਤੇ ਵਿੱਤੀ ਸਾਲ 2024-25 ਦੀ ਸਾਲਾਨਾ ਰਿਪੋਰਟ ਕੰਪਨੀ ਦੀ ਵੈੱਬਸਾਈਟ www.sharpchucks.com ਅਤੇ ਸਟਾਕ ਐਕਸਚੇਂਜ ਅਰਥਾਤ ਐੱਨ ਐੱਸ ਈ ਦੀ ਵੈੱਬਸਾਈਟ www.nseindia.com'ਤੇ ਵੀ ਉਪਲੱਬਧ ਹੈ।

ਵਾਸਤੇ ਸ਼ਾਰਪ ਚਕਸ ਐਂਡ ਮਸ਼ੀਨਜ਼ ਲਿਮਟਿਡ
ਸਹੀ/-
ਅਜੇ ਸਿੱਕਾ
ਮੈਨੇਜਰ ਡਾਇਰੈਕਟਰ,
ਡੀ ਆਈ ਐੱਨ : 00665858

ਮਿਤੀ : 05.09.2025
ਸਥਾਨ : ਜਲੰਧਰ


# ਨੀਲੀ ਕ੍ਰਾਂਤੀ ਨੂੰ ਉਤਸ਼ਾਹਤ ਕਰਨ ਲਈ ਉਪਰਾਲੇ ਜਾਰੀ



**ਫ਼ਤਹਿਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)** ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਦੇ ਦਿਸ਼ਾ ਨਿਰਦੇਸ਼ਾਂ ਹੇਠ ਮੱਛੀ ਪਾਲਣ ਵਿਭਾਗ ਵੱਲੋਂ ਜ਼ਿਲ੍ਹੇ ਵਿੱਚ ਵੱਧ ਤੋਂ ਵੱਧ ਵਿਅਕਤੀਆਂ ਨੂੰ ਮੱਛੀ ਪਾਲਣ ਦੇ ਕਿੱਤੇ ਨਾਲ ਜੋੜਨ ਲਈ ਨਿਰੰਤਰ ਉਪਰਾਲੇ ਕੀਤੇ ਜਾ ਰਹੇ ਹਨ।ਇਸ ਉਦੇਸ਼ ਦੀ ਪੂਰਤੀ ਹਿੱਤ ਜਿੱਥੇ ਵਿਭਾਗੀ ਅਧਿਕਾਰੀ, ਸਮੇਂ-ਸਮੇਂ ਤੇ ਜਾ ਕੇ ਪਿੰਡਾਂ ਵਿੱਚ ਲੋਕਾਂ ਨੂੰ ਇਸ ਕਿੱਤੇ ਦੇ ਫਾਇਦਿਆਂ ਬਾਰੇ ਜਾਣੂ ਕਰਾਉਂਦੇ ਹਨ, ਉਥੇ ਹੀ ਨੀਲੀ ਕ੍ਰਾਂਤੀ ਲਿਆਉਣ ਲਈ ਚਾਹਵਾਨ ਵਿਅਕਤੀਆਂ ਦੇ ਸਿਖਲਾਈ ਕੈਂਪ ਵੀ ਆਯੋਜਤ ਕੀਤੇ ਜਾਂਦੇ ਹਨ।

ਮੱਛੀ ਪਾਲਣ ਵਿਭਾਗ ਦੇ ਸਹਾਇਕ ਡਾਇਰੈਕਟਰ ਦਵਿੰਦਰ ਸਿੰਘ ਬੇਦੀ ਨੇ ਦੱਸਿਆ ਕਿ 15 ਸਤੰਬਰ ਤੋਂ 19 ਸਤੰਬਰ ਤੱਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਕਮਰਾ ਨੰਬਰ 404 ਵਿੱਚ ਮੱਛੀ ਪਾਲਣ ਸਿਖਲਾਈ ਕੋਰਸ ਸ਼ੁਰੂ ਕੀਤਾ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਵਿਭਾਗ ਵੱਲੋਂ ਮੱਛੀ ਪਾਲਣ ਸਬੰਧੀ ਤਕਨੀਕੀ ਜਾਣਕਾਰੀ ਦੇਣ ਤੇ ਵਿਭਾਗ ਦੀਆਂ ਵੱਖ-ਵੱਖ ਸਕੀਮਾਂ ਬਾਰੇ ਜਾਗਰੂਕ ਕਰਨ ਲਈ ਹਰੇਕ ਮਹੀਨੇ 5 ਦਿਨਾਂ ਦਾ ਸਿਖਲਾਈ ਕੈਂਪ ਲਾਇਆ ਜਾਂਦਾ ਹੈ ਅਤੇ ਇਸ ਸਾਲ ਹੁਣ ਤੱਕ ਲਗਾਏ ਗਏ 8 ਕੈਂਪਾਂ ਵਿੱਚ 227 ਵਿਅਕਤੀਆਂ ਨੂੰ ਮੁਫ਼ਤ ਸਿਖਲਾਈ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਨੌਜਵਾਨ ਵਰਗ ਵਿੱਚ ਇਸ ਸਿਖਲਾਈ ਨੂੰ ਹਾਸਲ ਕਰਨ ਪ੍ਰਤੀ ਕਾਫੀ ਰੁਝਾਨ ਹੈ ਤੇ ਪਿਛਲੇ ਸਾਲਾਂ ਤੋਂ ਲਗਾਤਾਰ ਜ਼ਿਲੇ ਵਿੱਚ ਮੱਛੀ ਪਾਲਣ ਹੇਠਲੇ ਰਕਬੇ ਵਿੱਚ ਵਾਧਾ ਹੁੰਦਾ ਜਾ ਰਿਹਾ ਹੈ।

# ਬਲਜਿੰਦਰ ਢਿੱਲੋਂ ਰਾਸ਼ਨ ਸਮੱਗਰੀ ਲੈ ਕੇ ਹੜ੍ਹ ਪ੍ਰਭਾਵਿਤ ਪਿੰਡਾਂ 'ਚ ਪੁੱਜੇ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਠਾਨਕੋਟ ਵਿਖੇ ਹੜ੍ਹਾਂ ਦੇ ਹਾਲਾਤਾਂ ਨੂੰ ਦੇਖਦੇ ਹੋਏ ਮੁੱਖ ਮੰਤਰੀ ਪੰਜਾਬ ਸ੍. ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਤਹਿਤ ਚੇਅਰਮੈਨ ਤੇ ਪਟਿਆਲਾ ਲੋਕ ਸਭਾ ਇੰਚਾਰਜ ਬਲਜਿੰਦਰ ਸਿੰਘ ਢਿੱਲੋਂ ਰਾਸ਼ਨ ਸਮਗਰੀ ਤੇ ਹੜ੍ਹ ਪੀੜਤਾਂ ਦੀ ਲੋੜੀਂਦੀ ਵਸਤਾਂ ਲੈ ਕੇ ਆਪਣੀ ਟੀਮ ਨਾਲ ਪਠਾਨਕੋਟ ਪੁੱਜੇ ਅਤੇ ਉਥੇ ਹੜ੍ਹ ਪ੍ਰਭਾਵਿਤ ਪਿੰਡ ਇਸਲਾਮਪੁਰ ਤੇ ਨਾਲ ਲੱਗਦੇ ਪਿੰਡਾਂ ਦੀ ਸਥਿਤੀ ਦਾ ਜਾਇਜ਼ਾ ਲਿਆ। ਇਸ ਮੌਕੇ ਉਥੋਂ ਦੇ ਪਿੰਡ ਦੀ ਸਰਪੰਚ ਰੀਨਾ ਰਾਣੀ ਤੇ ਪਠਾਨਕੋਟ ਦੇ ਜ਼ਿਲ੍ਹਾ ਪ੍ਰਧਾਨ ਅਮਨਦੀਪ ਸਿੰਘ ਸੰਧੂ ਅਤੇ ਉਨ੍ਹਾ ਦੀ ਟੀਮ ਸਮੇਤ ਜਾ ਕੇ ਲੋਕਾਂ ਨਾਲ ਸੰਪਰਕ ਕੀਤਾ। ਉਪਰੰਤ ਉਥੇ ਪਟਿਆਲਾ ਨਗਰ ਨਿਗਮ ਦੇ ਮੇਅਰ ਸ਼੍ਰੀ ਕੁੰਦਨ ਗੋਗੀਆ, ਚੇਅਰਮੈਨ ਨਗਰ ਸੁਧਾਰ ਟਰੱਸਟ ਨਾਭਾ ਜੱਸੀ ਸੋਹੀਆਂਵਾਲਾ ਨਾਲ ਮੁਲਾਕਾਤ ਹੋਈ ਅਤੇ ਉਨ੍ਹਾਂ ਦੀ ਸਲਾਹ ਨਾਲ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਸਮਗਰੀ ਤੇ ਰਾਸ਼ਨ ਵੰਡਣ ਦੀ ਵਿਉਂਤਬੰਦੀ ਕੀਤੀ ਗਈ। ਇਸ ਮੌਕੇ ਮੁਖਤਿਆਰ ਸਿੰਘ ਗਿੱਲ ਸੀਨੀਅਰ ਆਗੂ, ਸੁਸ਼ੀਲ ਮਿੱਡਾ, ਰਜਿੰਦਰ ਮੋਹਨ ਸੀਨੀਅਰ ਆਗੂ ਤੇ ਜਸਵੰਤ ਰਾਏ ਸੂਬਾ ਜਾਇੰਟ ਸਕੱਤਰ ਐੱਸ ਸੀ ਵਿੰਗ ਪੰਜਾਬ, ਲਖਵਿੰਦਰ ਸਿੰਘ ਢਿੱਲੋਂ ਮੈਂਬਰ ਪੀ ਐੱਸ ਈ ਬੀ, ਮਨਦੀਪ ਜੋਲਾ ਜ਼ਿਲ੍ਹਾ ਸਕੱਤਰ ਐੱਸ ਸੀ ਵਿੰਗ, ਜਤਿੰਦਰ ਕੁਮਾਰ, ਹਰਪ੍ਰੀਤ ਸਿੰਘ, ਰਜਿੰਦਰ ਸਿੰਘ ਕੋਹਲੀ ਮੀਡੀਆ ਸਲਾਹਕਾਰ ਤਾਂ ਇਲਾਵਾ ਹੋਰ ਸਾਥੀ ਨਾਲ ਸਨ।


# A B COTSPIN INDIA LIMITED

CIN : L17111PB1997PLC020118
Registered Address : NH-54, Goniana Road, Near Lake-3 Bathinda, Punjab-151001
Factory Address : Bathinda Road, Jaitu, Faridkot, Punjab-151202
Email : info@abcotspin.in, Website: www.abcotspin.co.in, Phone : 01635232670

## ਵੀਡੀਓ ਕਾਨਫਰੰਸਿੰਗ ('ਵੀ ਸੀ')/ ਹੋਰ ਆਡੀਓ -ਵਿਜ਼ੂਅਲ ਮੀਨਜ਼ ('ਓ ਏ ਵੀ ਐੱਨ') ਰਾਹੀਂ 28ਵੀਂ ਸਾਲਾਨਾ ਜਨਰਲ ਮੀਟਿੰਗ ਅਤੇ ਈ-ਵੋਟਿੰਗ ਜਾਣਕਾਰੀ ਲਈ ਨੋਟਿਸ

ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਏ ਜੀ ਐੱਮ ਦੇ ਨੋਟਿਸ ਕਾਰੋਬਾਰ ਦੇ ਨਿਪਟਾਰੇ ਲਈ ਏ ਬੀ ਕਾਟਸਪਿੰਨ ਇੰਡੀਆ ਲਿਮਟਿਡ ("ਦ ਕੰਪਨੀ") ਦੀ 28ਵੀਂ ਸਾਲਾਨਾ ਜਨਰਲ ਮੀਟਿੰਗ (ਏ ਜੀ ਐੱਮ) ਸੋਮਵਾਰ 29 ਸਤੰਬਰ, 2025 ਨੂੰ ਦੁਪਹਿਰ 12.30 ਵਜੇ (ਭਾਰਤੀ ਸਮੇਂ ਅਨੁਸਾਰ) ਵੀਡੀਓ ਕਾਨਫਰੰਸਿੰਗ ('ਵੀ ਸੀ') ਹੋਰ ਆਡੀਓ ਵਿਜ਼ੂਅਲ ਮੀਨਜ਼ ('ਓ ਏ ਵੀ ਐੱਮ') ਰਾਹੀਂ ਹੋਵੇਗੀ। ਕਾਰਪੋਰੇਟ ਮਾਮਲੇ ਮੰਤਰਾਲਾ ਅਤੇ ਸਰਕੂਲਰ ਨੰ. ਸੇਬੀ/ਐੱਚ ਓ/ਸੀ ਐੱਫ ਡੀ/ ਸੀ ਐੱਫ ਡੀ-ਪੀ ਓ ਡੀ-2/ਪੀ-/ਸੀ ਆਈ ਆਰ/2024/133 ਮਿਤੀ 03 ਅਕਤੂਬਰ 2024 ਦੀ ਆਧਾਰਿਤ ਕੰਪਨੀਜ਼ ਐਕਟ 2013 ਦੀਆਂ ਵਿਵਸਥਾਵਾਂ ਅਤੇ ਇਸ ਅਧੀਨ ਬਣਾਏ ਨਿਯਮਾਂ ਅਤੇ ਜਨਰਲ ਸਰਕੂਲਰ ਨੰ. 14/2020 ਮਿਤੀ 08 ਅਪ੍ਰੈਲ 2020 ਅਤੇ ਜਨਰਲ ਸਰਕੂਲਰ ਨੰ. 20/2020 ਮਿਤੀ 5 ਮਈ 2020 ਅਤੇ ਇਸ ਦੇ ਸੰਬੰਧ 'ਚ ਹੋਰ ਯੋਗ ਸਰਕੂਲਰਾਂ ਨਾਲ ਪੜ੍ਹੇ ਜਾਂਦੇ ਸਕਿਉਰਿਟੀ ਐਂਡ ਐਕਸਚੇਂਜ ਬੋਰਡ ਆਫ ਇੰਡੀਆ (ਲਿਸਟਿੰਗ ਆਬਲੀਗੇਸ਼ਨਜ਼ ਐਂਡ ਡਿਸਕਲੋਜ਼ਰ ਰਿਕੁਆਇਰਐਂਟਸ) ਰੈਗੂਲੇਸ਼ਨ 2015 ("ਦ ਲਿਸਟਿੰਗ ਰੈਗੂਲੇਸ਼ਨਜ਼") ਦੀ ਪਾਲਣਾ ਹਿਤ ਕਾਰੋਬਾਰ ਦੇ ਨਿਪਟਾਰੇ ਦੇ ਸੰਬੰਧ 'ਚ ਕੰਪਨੀ ਨੇ 28ਵੀਂ ਏ ਜੀ ਐੱਮ ਸਮੇਤ ਵਿੱਤੀ ਸਾਲ ("ਐੱਫ ਵਾਈ") 2024-25 ਦੀ ਸਾਲਾਨਾ ਰਿਪੋਰਟ ਉਨ੍ਹਾਂ ਸਾਰੇ ਸ਼ੇਅਰ ਧਾਰਕਾਂ ਜਿਨ੍ਹਾਂ ਦੇ ਈ-ਮੇਲ ਪਤੇ ਕੰਪਨੀ/ਇਸ ਦੇ ਰਜਿਸਟਰਾਰ ਅਤੇ ਸ਼ੇਅਰ ਟਰਾਂਸਫਰ ਏਜੰਟ ਅਰਥਾਤ ਐੱਮ ਯੂ ਐੱਫ ਜੀ ਇਨਟਾਈਮ ਇੰਡੀਆ ਪ੍ਰਾਈਵੇਟ ਲਿਮਟਿਡ (ਪਹਿਲਾਂ ਲਿੰਕ-ਟਾਈਮ ਇੰਡੀਆ ਪ੍ਰਾਈਵੇਟ ਲਿਮਟਿਡ ਵਜੋਂ ਜਾਣੇ ਜਾਂਦੇ) ('ਆਰ ਟੀ ਏ')/ਡਿਪਾਜ਼ਟਰੀ ਪਾਰਟੀਸੀਪੈਂਟਸ ('ਡੀਪੀਜ਼')/ਡਿਪਾਜ਼ਟਰੀਜ਼ ਕੋਲ ਰਜਿਸਟਰਡ ਹਨ, ਨੂੰ ਇਲੈਕਟ੍ਰਾਨਿਕ ਕਾਪੀਆਂ ਭੇਜੀਆਂ ਜਾ ਚੁੱਕੀਆਂ ਹਨ।
ਅੱਗੇ ਲਿਸਟਿੰਗ ਰੈਗੂਲੇਸ਼ਨਜ਼ ਦੇ ਰੈਗੂਲੇਸ਼ਨ 36(1) ਬੀ ਦੀਆਂ ਵਿਵਸਥਾਵਾਂ ਦੀ ਪਾਲਣ ਹਿੱਤ ਵੈੱਬ ਲਿੰਕ ਮੁਹੱਈਆ ਕਰਵਾਉਂਦਾ ਇਕ ਪੱਤਰ ਜਿਸ 'ਚ ਸਹੀ ਢੰਗ ਜਿਸ 'ਚ ਵਿੱਤੀ ਸਾਲ 2024-25 ਦੀ ਸਾਲਾਨਾ ਰਿਪੋਰਟ ਦੇ ਪੂਰੇ ਵੇਰਵੇ ਹੋਣਗੇ। ਉਨ੍ਹਾਂ ਸ਼ੇਅਰ ਧਾਰਕਾਂ ਜਿਨ੍ਹਾਂ ਦੇ ਈ-ਮੇਲ ਪਤੇ ਕੰਪਨੀ/ਆਰ ਟੀ ਏ/ ਡੀਪੀਜ਼/ਡਿਪਾਜ਼ਟਰੀਜ਼ ਕੋਲ ਰਜਿਸਟਰਡ ਨਹੀਂ ਹਨ, ਭੇਜਿਆ ਜਾਵੇਗਾ। ਏ ਜੀ ਐੱਮ ਦਾ ਨੋਟਿਸ ਅਤੇ ਵਿੱਤੀ ਸਾਲ 2024-25 ਦੀ ਸਾਲਾਨਾ ਰਿਪੋਰਟ ਹੇਠ ਲਿਖੀਆਂ ਵੈੱਬਸਾਈਟਾਂ 'ਤੇ ਉਪਲੱਬਧ ਹੈ।
(ਏ) ਕੰਪਨੀ www.abcotspin.co.in (ਬੀ) ਨੈਸ਼ਨਲ ਸਟਾਕ ਐਕਸਚੇਂਜ ਆਫ ਇੰਡੀਆ ਲਿਮਟਿਡ www.nseindia.com ਅਤੇ (ਸੀ) ਸੈਂਟਰਲ ਡਿਪਾਜ਼ਟਰੀ ਸਰਵਿਸਿਜ਼ ਲਿਮਟਿਡ ('ਸੀ ਡੀ ਐੱਸ ਐੱਲ/ਈ-ਵੋਟਿੰਗ ਸਰਵਿਸ ਪ੍ਰੋਵਾਈਡਰ) www.evotingindia.com ਕੰਪਨੀਜ਼ (ਪ੍ਰਬੰਧਨ ਅਤੇ ਪ੍ਰਸ਼ਾਸਨ) ਰੂਲਜ਼ 2014, ਰੈਗੂਲੇਸ਼ਨ 44 ਆਫ ਦਾ ਲਿਸਟਿੰਗ ਰੈਗੂਲੇਸ਼ਨਜ਼ (ਵਿਧਾਨਕ ਸੋਧ (ਸੋਧਾਂ) ਜਾਂ ਪੁਨਰ ਨਿਯਮ (ਨਿਯਮਾਂ) ਜਿੱਥੇ ਹਾਲ ਦੇ ਸਮੇਂ ਲਾਗੂ ਹੈ), ਸੇਬੀ ਸਰਕੂਲਰ ਨੰ. ਸੇਬੀ/ਐੱਚ ਓ/ਸੀ ਐੱਫ ਡੀ/ਸੀ ਐੱਮ ਡੀ/ਸੀ ਆਈ ਆਰ ਪੀ/2020/242 ਮਿਤੀ 09 ਦਸੰਬਰ 2020 ਅਤੇ ਕੰਪਨੀ ਸੈਕਟਰੀ ਆਫ ਇੰਡੀਆ ("ਐੱਸ ਐੱਸ-2") ਦੀ ਸੰਸਥਾ ਵੱਲੋਂ ਜਾਰੀ ਕੰਪਨੀਜ਼ ਐਕਟ 2013 ਦੇ ਸੈਕਸ਼ਨ 108 ਨਾਲ ਪੜ੍ਹੇ ਜਾਂਦੇ ਸੈਕਸ਼ਨ ਦੀਆਂ ਵਿਵਸਥਾਵਾਂ ਅਧੀਨ ਕੰਪਨੀ ਆਪਣੇ ਮੈਂਬਰਾਂ ਸੀ ਡੀ ਐੱਸ ਐੱਲ ਅਤੇ ਸਹੂਲਤ ਇਲੈਕਟ੍ਰਾਨਿਕ ਵੋਟਿੰਗ ("ਈ-ਵੋਟਿੰਗ") ਮੁਹੱਈਆ ਕਰਵਾਉਣ ਦੀ ਖੁਸ਼ੀ ਪ੍ਰਾਪਤ ਕਰ ਰਹੀ ਹੈ। ਮੈਂਬਰ ਏ ਜੀ ਐੱਮ ਨੋਟਿਸ ਦੇ ਸਾਰੇ ਮਤਿਆਂ 'ਤੇ ਏ ਜੀ ਐੱਮ ਦੌਰਾਨ ਰਿਮੋਟ ਈ-ਵੋਟਿੰਗ ਸਹੂਲਤ ਜਾਂ ਈ-ਵੋਟਿੰਗ ਰਾਹੀਂ ਆਪਣੀ ਵੋਟ ਪਾ ਸਕਦੇ ਹਨ। ਸੰਬੰਧਤ ਰਿਮੋਟ-ਈ-ਵੋਟਿੰਗ ਦਾ ਸਮਾਂ ਅਤੇ ਕੱਟ-ਆਫ-ਡੇਟ ਹੇਠ ਲਿਖੇ ਅਨੁਸਾਰ ਹੈ:

| | |
| --- | --- |
| ਏ ਜੀ ਐੱਮ ਦੌਰਾਨ ਰਿਮੋਟ ਈ-ਵੋਟਿੰਗ/ਵੋਟਿੰਗ ਲਈ ਯੋਗ ਮੈਂਬਰਾਂ ਦੀ ਨਿਰਧਾਰਤ ਕੱਟ-ਆਫ ਡੇਟ | ਸੋਮਵਾਰ 22 ਦਸੰਬਰ 2025 |
| ਰਿਮੋਟ ਈ-ਵੋਟਿੰਗ ਦੇ ਸ਼ੁਰੂ ਹੋਣ ਦਾ ਸਮਾਂ | ਸ਼ੁੱਕਰਵਾਰ, 26 ਸਤੰਬਰ 2025 |
| ਰਿਮੋਟ ਈ-ਵੋਟਿੰਗ ਦੇ ਖਤਮ ਹੋਣ ਦਾ ਸਮਾਂ | ਐਤਵਾਰ, 28 ਸਤੰਬਰ 2025 |

ਮੈਂਬਰ (ਜਿਨ੍ਹਾਂ ਕੋਲ ਭੌਤਿਕ ਰੂਪ 'ਚ ਜਾਂ ਡੀ ਮੈਟਰੀਲਾਈਜ਼ਡ ਰੂਪ 'ਚ ਸ਼ੇਅਰ ਹਨ), ਜਿਨ੍ਹਾਂ ਦੇ ਨਾਂਅ ਮੈਂਬਰਾਂ ਦੇ ਰਜਿਸਟਰ/ਡਿਪਾਜ਼ਟਰੀਜ਼ ਕੋਲ ਲਾਭਕਾਰੀ ਮਾਲਕਾਂ ਦੀ ਸੂਚੀ 'ਚ ਦਰਜ ਹਨ, ਜੋ ਸੋਮਵਾਰ 22 ਸਤੰਬਰ 2025 ('ਕੱਟ-ਆਫ ਡੇਟ') ਮੁਤਾਬਕ ਏ ਜੀ ਐੱਮ 'ਚ ਸ਼ਾਮਲ ਹੋ ਸਕਦੇ ਹਨ ਅਤੇ ਏ ਜੀ ਐੱਮ ਦੌਰਾਨ ਰਿਮੋਟ ਈ-ਵੋਟਿੰਗ ਰਾਹੀਂ ਵੋਟ ਪਾ ਸਕਦੇ ਹਨ, ਜੋ ਉਪਰੋਕਤ ਟਾਈਮ ਲਾਈਨਜ਼ ਮੁਤਾਬਕ ਹੋਵੇਗਾ। ਇਸ ਤੋਂ ਬਾਅਦ ਵੋਟਿੰਗ ਦੀ ਸਹੂਲਤ ਰੱਦ ਹੋ ਜਾਵੇਗੀ ਅਤੇ ਸਮੇਂ ਅਤੇ ਮਿਤੀ ਤੋਂ ਬਾਅਦ ਵੋਟਿੰਗ ਦੀ ਆਗਿਆ ਨਹੀਂ ਹੋਵੇਗੀ। ਮੈਂਬਰ ਵੱਲੋਂ ਮਤੇ 'ਤੇ ਇੱਕ ਵਾਰ ਪਾਈ ਵੋਟ, ਮੈਂਬਰ ਨੂੰ ਇਸ ਨੂੰ ਬਦਲਣ ਦੀ ਜਾਂ ਵੋਟ ਪਾਉਣ ਦੀ ਆਗਿਆ ਨਹੀਂ ਹੋਵੇਗੀ। ਮੈਂਬਰਾਂ ਕੋਲ ਵੋਟ ਪਾਉਣ ਦਾ ਹੱਕ ਕੰਪਨੀ ਦੀ ਸ਼ੇਅਰ ਕੈਪੀਟਲ ਕੱਟ-ਆਫ-ਡੇਟ 'ਚ ਇਕੁਇਟੀ ਸ਼ੇਅਰ ਅਦਾ ਕਰਨ 'ਚ ਉਨ੍ਹਾਂ ਦੇ ਸ਼ੇਅਰ ਦੇ ਅਨੁਪਾਤ ਅਨੁਸਾਰ ਹੋਵੇਗਾ, ਜਿਹੜੇ ਏ ਜੀ ਐੱਮ ਤੋਂ ਪਹਿਲਾਂ ਰਿਮੋਟ ਈ-ਵੋਟਿੰਗ ਢੰਗ ਰਾਹੀਂ ਮਤਿਆਂ 'ਤੇ ਪਹਿਲਾਂ ਹੀ ਵੋਟ ਪਾ ਚੁੱਕੇ ਹੋਣਗੇ, ਏ ਜੀ ਐੱਮ 'ਚ ਵੀ ਹਿੱਸਾ ਲੈਣ ਦੇ ਯੋਗ ਹੋਣਗੇ, ਪਰ ਆਪਣੀ ਵੋਟ ਦੁਬਾਰਾ ਪਾਉਣ ਦੇ ਹੱਕਦਾਰ ਨਹੀਂ ਹੋਣਗੇ।
ਕੋਈ ਵੀ ਵਿਅਕਤੀ ਜੋ ਕੰਪਨੀ ਦੇ ਸ਼ੇਅਰ ਰੱਖਦਾ ਹੈ ਅਤੇ ਕੰਪਨੀ ਦੁਆਰਾ 28ਵੀਂ ਏ ਜੀ ਐੱਮ ਦਾ ਨੋਟਿਸ ਈ-ਮੇਲ ਰਾਹੀਂ ਭੇਜਣ ਤੋਂ ਬਾਅਦ ਕੰਪਨੀ ਦਾ ਮੈਂਬਰ ਬਣ ਜਾਂਦਾ ਅਤੇ ਕੱਟ ਆਫ ਮਿਤੀ 'ਤੇ ਸ਼ੇਅਰ ਰੱਖਦਾ ਹੈ helpdesk.evoting @cdslindia.com 'ਤੇ ਬੇਨਤੀ ਭੇਜ ਕੇ ਯੂਜ਼ਰ ਆਈ ਡੀ ਅਤੇ ਪਾਸਵਰਡ ਪ੍ਰਾਪਤ ਕਰ ਸਕਦਾ ਹੈ। ਹਾਲਾਂਕਿ ਪਹਿਲਾਂ ਹੀ ਸੀ ਡੀ ਐੱਸ ਐੱਲ ਕੋਲ ਰਿਮੋਟ ਈ-ਵੋਟਿੰਗ ਲਈ ਰਜਿਸਟਰਡ ਹੈ ਤਾਂ ਉਹ ਵੋਟ ਪਾਉਣ ਲਈ ਆਪਣੀ ਮੌਜੂਦਾ ਯੂਜ਼ਰ ਆਈ ਡੀ ਅਤੇ ਪਾਸਵਰਡ ਦੀ ਵਰਤੋਂ ਕਰ ਸਕਦਾ ਹੈ।
ਈ-ਵੋਟਿੰਗ ਰਾਹੀਂ ਵੋਟ ਪਾਉਣ ਅਤੇ ਵੀ ਸੀ/ਓ ਏ ਵੀ ਐੱਮ ਰਾਹੀਂ ਏ ਜੀ ਐੱਮ 'ਚ ਸ਼ਾਮਲ ਹੋਣ ਦੀ ਵਿਸਤ੍ਰਿਤ ਪ੍ਰਕਿਰਿਆ, ਜਿਸ 'ਚ ਇਹ ਵੀ ਸ਼ਾਮਲ ਹੈ ਕਿ ਭੌਤਿਕ ਰੂਪ 'ਚ /ਡੀਮੈਟ ਰੂਪ 'ਚ ਸ਼ੇਅਰ ਰੱਖਣ ਵਾਲੇ ਮੈਂਬਰ ਜਿਨ੍ਹਾਂ ਦੇ ਆਪਣੇ ਈ-ਮੇਲ ਪਤੇ ਰਜਿਸਟਰਡ ਨਹੀਂ ਕਰਵਾਏ ਏ ਜੀ ਐੱਮ ਨੋਟਿਸ 'ਚ ਮੁਹੱਈਆ ਜਾਣਕਾਰੀ ਅਨੁਸਾਰ ਏ ਜੀ ਐੱਮ 'ਚ ਆਪਣੀ ਵੋਟ ਰਿਮੋਟ-ਈ-ਵੋਟਿੰਗ/ਈ-ਵੋਟਿੰਗ ਰਾਹੀਂ ਪਾ ਸਕਦੇ ਹਨ।
ਈ-ਵੋਟਿੰਗ ਦੇ ਸੰਬੰਧ 'ਚ ਕਿਸੇ ਪੁੱਛਗਿੱਛ/ਜਾਂ ਮੁਸ਼ਕਲ ਲਈ ਤੁਸੀਂ ਸੀ ਡੀ ਐੱਸ ਐੱਲ ਦੇ ਡਾਊਨਲੋਡ ਸੈਕਸ਼ਨ 'ਤੇ ਉਪਲੱਬਧ ਸ਼ੇਅਰਧਾਰਕਾਂ ਲਈ ਅਕਸਰ ਪੁੱਛੇ ਜਾਂਦੇ ਸੁਆਲ (ਐੱਫ ਏ ਕਿਊਜ਼) ਅਤੇ ਈ-ਵੋਟਿੰਗ ਯੂਜ਼ਰ ਮੈਨੂਅਲ ਦਾ ਹਵਾਲਾ ਲੈ ਸਕਦੇ ਹੋ। ਜਾਂ ਸ੍ਰੀ ਰਾਕੇਸ਼ ਦਾਲਵੀ, ਸੀਨੀਅਰ ਮੈਨੇਜਰ (ਸੀ ਡੀ ਐੱਸ ਐੱਲ), ਸੈਂਟਰਲ ਡਿਪਾਜ਼ਟਰੀ ਸਰਵਿਸਿਜ਼ (ਇੰਡੀਆ) ਲਿਮਟਿਡ, ਏ ਵਿੰਗ, 26ਵੀਂ ਮੰਜ਼ਲ ਮੈਰਾਥਨ ਫਿਊਟਰੈਕਸ, ਮਫਤਲਾਲ ਮਿੱਲ ਕੰਪਾਊਂਡਸ, ਐੱਨ ਐੱਮ ਜੋਸ਼ੀ ਮਾਰਗ, ਲੋਅਰ ਪਾਰਲੇ (ਪੂਰਬੀ) ਮੁੰਬਈ-400013 ਨੂੰ ਬੇਨਤੀ ਭੇਜ ਕੇ ਜਾਂ helpdesk.evoting@cdslindia.com ਨੂੰ ਈ-ਮੇਲ ਭੇਜ ਕੇ ਜਾਂ ਟੋਲ ਫ੍ਰੀ ਨੰ. : 18002109911 'ਤੇ ਜਾਣਕਾਰੀ ਲੈ ਸਕਦੇ ਹੋ।
ਮੈਂਬਰ ਕੰਪਨੀ ਦੇ ਕੰਪਨੀ ਸੈਕਟਰੀ ਅਤੇ ਕੰਪਲਾਇੰਸ ਅਫਸਰ cs@abcolspin ਸਕਦੇ 'ਤੇ ਲਿਖ ਕੇ ਜਾਣਕਾਰੀ ਲੈ ਸਕਦੇ ਹਨ।
ਮੈਂਬਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਏ ਜੀ ਐੱਮ ਨੋਟਿਸ ਨੂੰ ਧਿਆਨ ਨਾਲ ਪੜ੍ਹ ਲੈਣ ਅਤੇ ਖਾਸ ਕਰ ਏ ਜੀ ਐੱਮ 'ਚ ਸ਼ਾਮਲ ਹੋਣ ਦੀਆਂ ਹਦਾਇਤਾਂ, ਰਿਮੋਟ ਈ-ਵੋਟਿੰਗ/ਈ-ਵੋਟਿੰਗ ਰਾਹੀਂ ਵੋਟ ਪਾਉਣ ਦੇ ਤਰੀਕੇ ਨੂੰ ਧਿਆਨ ਨਾਲ ਪੜ੍ਹਨ।

ਵਾਸਤੇ ਏ ਬੀ ਕਾਸਟਪਿੰਨ ਇੰਡੀਆ ਲਿਮਟਿਡ
ਸਹੀ/-
ਰਾਹੁਲ ਕਪਾਸੀਆ
ਕੰਪਨੀ ਸੈਕਟਰੀ ਅਤੇ ਕੰਪਲਾਇੰਸ ਅਫਸਰ
ਆਈ ਸੀ ਐੱਸ ਆਈ ਮੈਂਬਰਸ਼ਿਪ ਨੰ. ਏ 70811

ਸਥਾਨ : ਬਠਿੰਡਾ, ਪੰਜਾਬ
ਮਿਤੀ : 05.09.2025



# JEENA SIKHO LIFECARE LIMITED

(CIN: L52601PB2017PLC046545)
Registered Office: SCO 11 First Floor, Kalgidhar Enclave, Mohali, Zirakpur, Punjab, India, 140604
Telephone: 91-0172-513185 | E-mail:cs@jeenasikho.com | Website: www.jeenasikho.com

## ਮੈਂਬਰਾਂ ਦੀ 8ਵੀਂ ਸਾਲਾਨਾ ਜਨਰਲ ਮੀਟਿੰਗ ਵਾਸਤੇ

ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਜੀਨਾ ਸੀਖੋ ਲਾਈਫ ਕੇਅਰ ਲਿਮਟਿਡ ('ਦਾ ਕੰਪਨੀ') ਦੇ ਮੈਂਬਰਾਂ ਦੀ 8ਵੀਂ ਸਾਲਾਨਾ ਜਨਰਲ ਮੀਟਿੰਗ ('ਏ ਜੀ ਐੱਮ') 29 ਸਤੰਬਰ 2025 ਦਿਨ ਸੋਮਵਾਰ ਨੂੰ ਪਹਿਲੀ ਮੰਜ਼ਲ, ਪਾਰਲੇ ਜੀ ਗਡਾਊਨ, ਸਿਟੀ ਇਨਕਲੇਵ, ਜੇ ਪੀ ਹਸਪਤਾਲ ਦੇ ਪਿਛਲੇ ਪਾਸੇ, ਨੇੜੇ ਅਨੰਦ ਕੰਪਲੈਕਸ, ਜ਼ੀਰਕਪੁਰ ਮੇਨ ਰੋਡ, ਐੱਸ ਏ ਐੱਸ ਨਗਰ, ਪੰਜਾਬ-140603 ਵਿਖੇ ਮਿਤੀ 27 ਅਗਸਤ 2025 ਨੂੰ ਸਾਲਾਨਾ ਜਨਰਲ ਮੀਟਿੰਗ ('ਏ ਜੀ ਐੱਮ ਨੋਟਿਸ') ਦੇ ਨੋਟਿਸ 'ਚ ਹੇਠਾਂ ਦਰਸਾਏ ਕਾਰੋਬਾਰ ਦੇ ਨਿਪਟਾਰੇ ਲਈ ਦੁਪਹਿਰ 12.00 ਵਜੇ ਹੋਵੇਗੀ :

(i) 31 ਮਾਰਚ 2025 ਨੂੰ ਖਤਮ ਹੋਈ ਵਿੱਤੀ ਮਿਆਦ 'ਤੇ ਕੰਪਨੀ ਦੇ ਪੜਤਾਲੇ ਸਟੈਂਡਲੋਨ ਵਿੱਤੀ ਵੇਰਵੇ ਸਮੇਤ ਉਸ ਉਪਰ ਡਾਇਰੈਕਟਰਾਂ ਅਤੇ ਆਡੀਟਰਾਂ ਦੀਆਂ ਰਿਪੋਰਟਾਂ ਪ੍ਰਾਪਤ ਕਰਨ, ਵਿਚਾਰ ਕਰਨ ਅਤੇ ਅਪਣਾਉਣ ਲਈ।
(ii) 31 ਮਾਰਚ 2025 ਨੂੰ ਖ਼ਤਮ ਹੋਏ ਵਿੱਤੀ ਵਰ੍ਹੇ ਲਈ ਰੁਪਏ 2/- ਹਰੇਕ ਦੀ ਫੇਸ ਵੈਲਿਊ ਦੇ ਇਕਇਟੀ ਸ਼ੇਅਰ 'ਤੇ ਰੁਪਏ 1.10/- ਦਾ ਅੰਤਮ ਲਾਭਾਂਸ ਐਲਾਨ ਕਰਲ ਲਈ।
(iii) ਕੁਮਾਰੀ ਸ਼੍ਰੇਆ ਗਰੋਵਰ ਜੋ ਰੋਟੇਸ਼ਨ ਅਨੁਸਾਰ ਸੇਵਾਮੁਕਤ ਅਤੇ ਉਸ ਵੱਲੋਂ ਮੁੜ ਨਿਯੁਕਤੀ ਲਈ ਕੀਤੀ ਗਈ ਯੋਗ ਪੇਸ਼ਕਸ਼ 'ਤੇ ਡਾਇਰੈਕਟਰ ਵਜੋਂ ਮੁੜ-ਨਿਯੁਕਤੀ ਲਈ ਕੰਪਨੀ ਦੇ ਡਾਇਰੈਕਟਰ
(iv) ਕੰਪਨੀ ਦੀ 13ਵੀ ਸਾਲਾਨਾ ਮੀਟਿੰਗ ਜੋ 30 ਸਤੰਬਰ 2030 ਨੂੰ ਜਾਂ ਪਹਿਲਾਂ ਹੋਣੀ ਹੈ, ਦੇ ਨਤੀਜੇ ਵਜੋਂ ਇਸ ਸਾਲਾਨਾ ਜਨਰਲ ਮੀਟਿੰਗ ਦੇ ਖਾਤਮੇ ਤੋਂ ਪੰਜ (5) ਸਾਲਾਂ ਦੀ ਮਿਆਂਦ ਲਈ ਦਫਤਰ ਲਈ ਕਾਨੂੰਨੀ ਆਡੀਟਰ ਵਜੋਂ ਮੈਸਰਜ਼ ਵਰਕਰ ਚੰਡਿਓਕ ਐਂਡ ਕੰਪਨੀ ਐੱਲ ਐੱਲ ਪੀ, ਚਾਰਟਿਡ ਅਕਾਊਂਟੈਂਟਸ (ਫਰਮ ਦਾ ਰਜਿਸਟ੍ਰੇਸ਼ਨ ਨੰ. 001076 ਐੱਨ/ਐੱਨ 500013) ਦੀ ਨਿਯੁਕਤੀ।
(v) ਮੈਸ. ਵਾਲਕਰ ਚੰਡਿਓਕ ਐਂਡ ਕੰਪਨੀ ਐਲ ਐਲ ਪੀ ਚਾਰਟਿਡ ਅਕਾਊਂਟੈਂਟਸ ਦੀ ਇਤਫਾਕੀਆ ਅਸਾਮੀ ਭਰਨ ਲਈ ਵਿਧਾਇਕ ਆਡੀਟਰ ਦੀ ਨਿਯੁਕਤੀ।
(vi) ਅੰਕੁਰ ਸਿੰਘ ਐਂਡ ਐਸੋਸੀਏਟਸ (ਕੰਪਨੀ ਸੈਕਟਰੀਜ਼) ਦੀ ਸੈਕਟੀਰੀਅਲ ਆਡੀਟਰ ਵਜੋਂ ਨਿਯੁਕਤੀ।
(vii) ਕੰਪਨੀ ਦੇ ਯੋਗ ਕਰਮਚਾਰੀ ਲਈ ਜੀਨਾ ਸੀਖੋ ਕਰਮਚਾਰੀ ਸਟਾਕ ਵਿਕਲਪ ਯੋਜਨਾ, 2025 ਦੀ ਪ੍ਰਵਾਨਗੀ
(viii) ਸਮੂਹ ਕੰਪਨੀਆਂ ਦੇ ਯੋਗ ਕਰਮਚਾਰੀਆਂ ਲਈ ਜੀਨਾ ਸੀਖੋ ਕਰਮਚਾਰੀ ਸਟਾਕ ਵਿਕਲਪ ਯੋਜਨਾ 2025 ਦਾ ਵਿਸਤਾਰ।
(ix) ਕੰਪਨੀ ਐਕਟ ਸ੍ਰੀਮਤੀ ਸ਼੍ਰੇਆ ਗਰੋਵਰ (ਡੀ ਆਈ ਐੱਨ : 09199495) ਦੀ ਗੈਰ-ਕਾਰਜਕਾਰੀ ਡਾਇਰੈਕਟਰ ਤੋਂ ਕੰਪਨੀ ਦੇ ਪੂਰਨ-ਨਿਰਦੇਸ਼ਕ ਅਤੇ ਇੱਕ ਮੁੱਖ ਪ੍ਰਬੰਧਕੀ ਕਰਮਚਾਰੀ ਵਜੋਂ ਨਿਯੁਕਤੀ।

ਕੰਪਨੀਜ਼ (ਪ੍ਰਬੰਧਨ ਅਤੇ ਪ੍ਰਸ਼ਾਸਨ) ਨਿਯਮ 2014 ਦੇ ਨਿਯਮ 20 ਅਤੇ ਸਕਿਉਰਿਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆ (ਲਿਸਟਿੰਗ ਆਬਲੀਗੇਸ਼ਨਜ਼ ਐਂਡ ਡਿਸਕਲੋਜ਼ਰ ਰਿਕੁਆਇਰਮੈਂਟਸ) ਰੈਗੂਲੇਸ਼ਨ 2015 ਨਾਲ ਪੜ੍ਹੇ ਜਾਂਦੇ ਕੰਪਨੀਜ਼ ਐਕਟ 2013 ('ਦਾ ਐਕਟ') ਸੈਕਸ਼ਨ 108 ਅਤੇ ਹੋਰ ਯੋਗ ਵਿਵਸਥਾਵਾਂ ਦੀ ਪਾਲਣਾ ਹਿਤ ਕੰਪਨੀ ਉੱਪਰ ਦੱਸੇ ਕਾਰੋਬਾਰ ਅਤੇ ਏ ਜੀ ਐੱਮ 'ਚ ਵਰਣਿਤ ਨੋਟਿਸ 'ਚ ਏ ਜੀ ਐੱਮ ਦੇ ਸਥਾਨ ('ਰਿਮੋਟ ਈ ਵੋਟਿੰਗ') ਤੋਂ ਇਲਾਵਾ ਕਿਸੇ ਹੋਰ ਜਗ੍ਹਾ ਤੋਂ ਇਲੈਕਟ੍ਰਾਨਿਕ ਸਾਧਨਾਂ ਦੁਆਰਾ ਕਾਰੋਬਾਰ ਦੇ ਸੰਬੰਧ 'ਚ ਆਪਣੇ ਮੈਂਬਰਾਂ ਨੂੰ 8ਵੀਂ ਸਾਲਾਨਾ ਜਨਰਲ ਮੀਟਿੰਗ (ਏ ਜੀ ਐੱਮ) 'ਚ ਵੋਟ ਪਾਉਣ ਦੀ ਸਹੂਲਤ ਲਈ ਖੁਸ਼ੀ ਪ੍ਰਾਪਤ ਕਰ ਰਹੀ ਹੈ।
ਮੈਂਬਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕੰਪਨੀ ਨੇ ਏ ਜੀ ਐੱਮ ਨੋਟਿਸ ਨੂੰ ਡਿਸਪੈਚ ਕਰਨ ਦੇ ਮੰਤਵ ਲਈ ਸ਼ੇਅਰ ਧਾਰਕਾਂ ਦੀ ਯੋਗਤਾ ਨਿਰਧਾਰਨ ਕਰਨ ਲਈ ਵੋਟ ਪਾਉਣ ਅਤੇ ਹੋਰ ਢੁੱਕਵੇਂ ਵੇਰਵਿਆਂ ਸਮੇਤ 3 ਸਤੰਬਰ 2025 ਨੂੰ ਏ ਜੀ ਐੱਮ ਨੋਟਿਸ ਦੀ ਪ੍ਰਕਿਰਿਆ ਪੂਰੀ ਕਰ ਲਈ ਹੈ ਅਤੇ ਕੱਟ ਆਫ਼ ਮਿਤੀ ਜੋ ਕਿ 29 ਅਗਸਤ 2025 ਸੀ। ਮੈਂਬਰਾਂ ਜਿਨ੍ਹਾਂ ਦੇ ਨਾਂਅ ਮੈਂਬਰਾਂ ਦੇ ਰਜਿਸਟਰ/ਲਾਭਪਾਤਰੀ ਮਾਲਕਾਂ ਦੇ ਨਾਂਅ ਸੋਮਵਾਰ 22 ਸਤੰਬਰ 2025 ਨੂੰ ਦਰਜ ਹੋਣਗੇ ਉਹ ਏ ਜੀ ਐੱਮ ਦੇ ਨੋਟਿਸ ਦੇ ਪਤਿਆਂ 'ਤੇ ਵੋਟ ਪਾ ਸਕਦੇ ਹਨ।
ਵਿਅਕਤੀ ਜਿਸ ਦਾ ਨਾਂ ਮੈਂਬਰਾਂ ਦੇ ਰਜਿਸਟਰ ਤੇ ਡਿਪਾਜ਼ਟਰੀਜ਼ ਨੇ ਰੱਖ-ਰਖਾਅ ਵਾਲੇ ਲਾਭਪਾਤਰੀ ਮਾਲਕਾਂ ਦੇ ਰਜਿਸਟਰ 'ਚ ਕੱਟ-ਆਫ਼-ਡੇਟ ਨੂੰ ਦਰਜ ਹੋਵੇਗਾ, ਰਿਮੋਟ ਈ-ਵੋਟਿੰਗ ਦੀ ਸਹੂਲਤ ਪ੍ਰਾਪਤ ਕਰਨ ਅਤੇ ਏ ਜੀ ਐੱਮ 'ਚ ਵੋਟਿੰਗ ਕਰਨਯੋਗ ਹੋਣਗੇ।
ਰਿਮੋਟ ਈ ਵੋਟਿੰਗ ਸ਼ੁਰੂ ਹੋਣ ਦਾ ਸਮਾਂ ਸ਼ੁੱਕਰਵਾਰ 26 ਸਤੰਬਰ 2025 ਨੂੰ ਸਵੇਰੇ 9.00 ਵਜੇ ਹੋਵੇਗਾ ਤੇ ਐਤਵਾਰ 28 ਸਤੰਬਰ, 2025 ਨੂੰ ਸ਼ਾਮ 5.00 ਵਜੇ ਖ਼ਤਮ ਹੋਵੇਗਾ। ਉਕਤ ਮਿਤੀ ਅਤੇ ਸਮੇਂ ਤੋਂ ਬਾਅਦ ਰਿਮੋਟ ਈ ਵੋਟਿੰਗ ਦੀ ਆਗਿਆ ਨਹੀਂ ਹੋਵੇਗੀ। ਇਸ ਮਿਤੀ ਤੋਂ ਬਾਅਦ ਪ੍ਰਾਪਤ ਕੋਈ ਪ੍ਰਕਿਰਿਆ ਨੂੰ ਨਾ ਪ੍ਰਾਪਤ ਹੋਈ ਵਜੋਂ ਹੀ ਵਿਚਾਰਿਆ ਜਾਵੇਗਾ। ਇਲੈਕਟ੍ਰਾਨਿਕ ਢੰਗ ਨਾਲ ਵੋਟ ਪਾਉਣ ਦੇ ਚਾਹਵਾਨ ਮੈਂਬਰ ਏ ਜੀ ਐੱਮ ਦੇ ਨੋਟਿਸ 'ਚ ਦਰਸਾਈ ਵਿਸਥਾਰਤ ਪ੍ਰਕਿਰਿਆ ਅਤੇ ਏ ਜੀ ਐੱਮ ਭੇਜਣ ਵਾਲੀ ਈ-ਮੇਲ ਦਾ ਹਵਾਲਾ ਲੈ ਸਕਦੇ ਹਨ।
ਮੈਂਬਰ ਜਿਸ ਨੇ ਈ-ਵੋਟਿੰਗ ਰਾਹੀਂ ਆਪਣੇ ਵੋਟ ਦਾ ਇਸਤੇਮਾਲ ਕਰਨ ਹੈ ਤੋਂ ਬਾਅਦ ਏ ਜੀ ਐੱਮ 'ਚ ਸ਼ਾਮਲ ਹੋ ਸਕਦੇ ਹਨ। ਪ੍ਰੰਤੂ ਮੀਟਿੰਗ 'ਚ ਉਸ ਨੂੰ ਦੁਬਾਰਾ ਵੋਟ ਪਾਉਣ ਦੀ ਆਗਿਆ ਨਹੀਂ ਹੋਵੇਗੀ। ਮੈਂਬਰ ਜਿਨ੍ਹਾਂ ਨੇ ਆਪਣੇ ਵੋਟ ਰਿਮੋਟ ਈ-ਵੋਟਿੰਗ ਢੰਗ ਨਾਲ ਨਹੀਂ ਪਾਏ ਉਹ ਏ ਜੀ ਐੱਮ ਦੌਰਾਨ ਆਪਣੇ ਵੋਟ ਉਹ ਐਕਟ 'ਚ ਦਰਸਾਏ ਅਨੁਸਾਰ ਮਤਦਾਨ ਪੱਤਰ ਰਾਹੀਂ ਵੋਟ ਪਾ ਸਕਦੇ ਹਨ।

### ਅੰਤਮ ਲਾਭਾਂਸ਼ ਅਤੇ ਰਿਕਾਰਡ ਮਿਤੀ ਅਤੇ ਕਿਤਾਬ ਬੰਦ ਦਾ ਨੋਟਿਸ :

ਕੰਪਨੀ ਦੇ ਡਾਇਰੈਕਟਰਾਂ ਦੇ ਬੋਰਡ ਨੇ 16 ਮਈ 2025 ਨੂੰ ਹੋਈ ਮੀਟਿੰਗ ਵਿੱਚ ਵਿੱਤੀ ਸਾਲ 2024-25 ਲਈ ਫੇਸ ਵੈਲਿਊ ਰੁਪਏ 2/- ਹਰੇਕ ਦੇ ਸ਼ੇਅਰ ਦੀ ਰੁਪਏ 1.10/- ਪ੍ਰਤੀ ਇਕੁਇਟੀ ਸ਼ੇਅਰ ਦੇ ਅੰਤਮ ਲਾਭਾਂਸ਼ ਦੀ ਸਿਫਾਰਸ਼ ਕੀਤੀ ਹੈ, ਜੋ ਕਿ ਆਉਣ ਵਾਲੀ 8ਵੀਂ ਏ ਜੀ ਐੱਮ ਵਿੱਚ ਮੈਂਬਰਾਂ ਦੀ ਪ੍ਰਵਾਨਗੀ ਅਤੇ 14 ਜੂਨ 2025 ਨੂੰ ਸੂਚਿਤ ਕੀਤੇ ਗਏ ਸ਼ੇਅਰਾਂ ਦੀ ਵੰਡ ਅਨੁਾਰ ਲਾਭਾਂਸ਼ ਦੇ ਸਮਾਂਯੋਜਨ ਦੇ ਅਧੀਨ ਹੈ।
ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਕੰਪਨੀਜ਼ ਐਕਟ, 2013 ਦੇ ਸੈਕਸ਼ਨ ਅਤੇ ਇਸ ਦੁਆਰਾ ਪੜ੍ਹੇ ਜਾਂਦੇ ਰੂਲਜ਼ ਦੀ ਪਾਲਣਾ ਹਿੱਤ ਅਤੇ ਸੇਬੀ ਦੇ ਰੈਗੂਲੇਸ਼ਨ 42 (ਲਿਸਟਿੰਗ ਆਬਲਾਈਜੇਸ਼ਨਜ਼ ਐਂਡ ਡਿਸਕਲੋਜ਼ਰ ਰਿਕੁਆਇਰਮੈਂਟਸ) ਰੈਗੂਲੇਸ਼ਨਜ਼ 2015 ਦੀ ਪਾਲਣਾ ਹਿਤ ਕੰਪਨੀ ਨੇ ਮੈਂਬਰਾਂ ਦੇ ਵਿੱਤੀ ਸਾਲ 2024-25 ਦੇ ਅੰਤਮ ਲਾਭਾਂਸ਼ ਲਈ ਸ਼ਾਮਲ ਹੋਣ ਲਈ ਰਿਕਾਰਡ ਮਿਤੀ ਸੋਮਵਾਰ 22 ਸਤੰਬਰ 2025 ਨਿਰਧਾਰਤ ਕੀਤੀ ਹੈ ਜੋ 8ਵੀਂ ਏ ਜੀ ਐੱਮ ਲਈ ਘੋਸ਼ਿਤ ਅਤੇ ਪ੍ਰਵਾਨ ਹੋਵੇਗੀ। ਇਸ ਤੋਂ ਅੱਗੇ ਉਕਤ ਮੰਤਵ ਲਈ ਕੰਪਨੀ ਦੇ ਮੈਂਬਰਾਂ ਦੇ ਰਜਿਸਟਰ ਅਤੇ ਸ਼ੇਅਰ ਟਰਾਂਸਫਰ ਬੁਕਸ ਮੰਗਲਵਾਰ 23 ਸਤੰਬਰ 2025 ਤੋਂ ਸੋਮਵਾਰ 29 ਸਤੰਬਰ 2025 (ਦੋਵੇਂ ਦਿਨ ਸ਼ਾਮਲ) ਬੰਦ ਰਹਿਣਗੇ।
ਅੰਤਮ ਲਾਭਾਂਸ਼, ਜੇਕਰ ਘੋਸ਼ਿਤ ਕੀਤਾ ਗਿਆ ਕੰਪਨੀ ਸਵੀਕ੍ਰਿਤ ਢੰਗ ਰਾਹੀਂ ਉਨ੍ਹਾਂ ਮੈਂਬਰਾਂ ਦੇ ਸਟੈਪੂਲੇਟਿਡ ਲਾਈਨਜ਼ ਰਾਹੀਂ ਉਨ੍ਹਾ ਮੈਂਬਰਾਂ ਨੂੰ ਸੋਮਵਾਰ, 29 ਸਤੰਬਰ 2025 ਨੂੰ ਜਾਂ ਜਿਨ੍ਹਾਂ ਦੇ ਨਾਂਅ ਲਾਭਕਾਰੀ ਮਾਲਕਾਂ/ਮੈਂਬਰਾਂ ਦੇ ਰਜਿਸਟਰ 'ਚ ਦਰਜ ਹਨ ਕਿਉਂਕਿ ਰਿਕਾਰਡ ਮਿਤੀ 'ਤੇ ਕਾਰੋਬਾਰ ਦਾ ਬੰਦ ਸਮਾਂ ਹੁੰਦਾ ਕੰਪਨੀ ਨੇ ਰਾਵਲ ਐਂਡ ਕੰਪਨੀ (ਕੰਪਨੀ ਸੈਕਟਰੀਜ਼) ਨੂੰ ਪਈਆਂ ਵੋਟਾਂ ਦੇ ਨਿਰੀਖਣ ਲਈ ਨਿਰੀਖਕ ਨਿਯੁਕਤ ਕੀਤਾ ਹੈ। ਏ ਜੀ ਐੱਮ ਲਈ ਵੋਟਿੰਗ ਦਾ ਨਤੀਜਾ ਚੇਅਰਮੈਨ ਵੱਲੋਂ ਘੋਸ਼ਿਤ ਕੀਤਾ ਜਾਵੇਗਾ, ਜਿਸ ਨੂੰ ਕੰਪਨੀ ਦੇ ਐਕਟ ਅਧੀਨ ਕੰਪਨੀ ਸੈਕਟਰੀ ਦੁਆਰਾ ਨਿਰਧਾਰਤ ਕੀਤਾ ਹੋਵੇਗਾ। ਨਤੀਜਾ ਸਟਾਕ ਐਕਸਚੇਂਜ ਐੱਨ ਐੱਸ ਈ ਰਾਹੀਂ ਘੋਸ਼ਿਤ ਕੀਤਾ ਜਾਵੇਗਾ ਅਤੇ ਰਜਿਸਟਰਡ ਦਫ਼ਤਰ 'ਤੇ ਕੰਪਨੀ ਦੀ ਵੈੱਬਸਾਈਟ 'ਤੇ ਦਰਸਾਇਆ ਜਾਵੇਗਾ।
ਏ ਜੀ ਐੱਮ ਨੋਟਿਸ ਕੰਪਨੀ ਦੀ ਵੈੱਬਸਾਈਟ https://jeenasikho.com/investors/ 'ਤੇ ਵੀ ਉਪਲਬੱਧ ਹੈ ਸ਼ੇਅਰਧਾਰਕ ਜਿਨ੍ਹਾਂ ਦੇ ਏ ਜੀ ਐੱਮ ਨੋਟਿਸ ਪ੍ਰਾਪਤ ਰਾਹੀਂ ਕੀਤੇ ਕੰਪਨੀ ਦੀ cs@jeenasikho.com ਜਾਂ ਸਾਡੇ ਆਰ ਟੀ ਏ 'ਤੇ info@skylinerta.com 'ਤੇ ਬੇਨਤੀ ਭੇਜ ਕੇ ਪ੍ਰਾਪਤ ਕਰ ਸਕਦੇ ਹਨ।
ਕਿਸੇ ਪੁੱਛਗਿੱਛ ਦੇ ਮਾਮਲੇ 'ਚ ਤੁਸੀਂ www.evoting.nsdl.com 'ਤੇ ਉਪਬਲੱਧ ਸ਼ੇਅਰਧਾਰਕਾਂ ਦੇ ਅਕਸਰ ਪੁੱਛੇ ਜਾਂਦੇ ਸਵਾਲ (ਐੱਫ ਏ ਕਿਊਜ਼) ਅਤੇ ਸ਼ੇਅਰਧਾਰਕਾਂ ਦੇ ਈ-ਵੋਟਿੰਗ ਯੂਜ਼ਰ ਮੈਨੂਅਲ ਦਾ ਹਵਾਲਾ ਦੇ ਕੇ ਪਤਾ ਕਰ ਸਕਦੇ ਹੋ ਜਾਂ 022-48867000 'ਤੇ ਫੋਨ ਕਰਕੇ ਜਾਂ ਸ਼ਰੁਥੀ ਸ਼ੈਟੀ ShruthiS@nsdl.com 'ਤੇ ਬੇਨਤੀ ਭੇਜ ਕੇ ਪ੍ਰਾਪਤ ਕਰ ਸਕਦੇ ਹੋ।

ਵਾਸਤੇ ਅਤੇ ਲਈ ਬੋਰਡ ਆਫ਼ ਡਾਇਰੈਕਟਰਜ਼
ਜੀਨਾ ਸੀਖੋ ਲਾਈਫਕੇਅਰ ਲਿਮਟਿਡ
ਮਨੀਸ਼ ਗਰੋਵਰ
ਮੈਨੇਜਿੰਗ ਡਾਇਰੈਕਟਰ
ਡੀ ਆਈ ਐਨ : 07557886

ਮਿਤੀ : 04/09/2025
ਸਥਾਨ : ਜ਼ੀਰਕਪੁਰ, ਪੰਜਾਬ


# ਤਰਕਸ਼ੀਲ ਸੁਸਾਇਟੀ ਪੰਜਾਬ ਹੜ੍ਹ ਪ੍ਰਭਾਵਤ ਲੋਕਾਂ ਲਈ ਅੱਗੇ ਆਈ

**ਸੰਗਰੂਰ (ਪ੍ਰਵੀਨ ਸਿੰਘ)** ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜ਼ੋਨ ਜਥੇਬੰਦਕ ਮੁਖੀ ਮਾਸਟਰ ਪਰਮ ਵੇਦ, ਵਿੱਤ ਮੁਖੀ ਸੋਹਣ ਸਿੰਘ ਮਾਝੀ ਤੇ ਮੀਡੀਆ ਮੁਖੀ ਸੀਤਾ ਰਾਮ ਬਾਲਦ ਕਲਾਂ ਨੇ ਜ਼ੋਨ ਬਰਨਾਲਾ-ਸੰਗਰੂਰ ਦੀਆਂ ਇਕਾਈਆਂ ਦੇ ਆਗੂਆਂ ਤੇ ਮੈਂਬਰਾਂ ਸਮੇਤ ਦੇਸ਼-ਵਿਦੇਸ਼ ਵਿੱਚ ਵਸਦੇ ਹਮਦਰਦ ਸਾਥੀਆਂ ਨੂੰ ਜ਼ੋਰਦਾਰ ਅਪੀਲ ਕੀਤੀ ਹੈ ਕਿ ਉਹ ਆਪੋ ਆਪਣੀ ਸਮਰੱਥਾ ਅਨੁਸਾਰ ਪੰਜਾਬ ਵਿੱਚ ਹੜ੍ਹਾਂ ਦੀ ਤਬਾਹੀ ਤੋਂ ਪੀੜਤ ਪਰਿਵਾਰਾਂ ਦੀ ਵਿੱਤੀ ਮਦਦ ਲਈ ਅੱਗੇ ਆਉਣ।ਇਸਦੇ ਨਾਲ ਹੀ ਸੁਸਾਇਟੀ ਨੇ ਪੰਜਾਬ ਤੇ ਕੇਂਦਰ ਸਰਕਾਰ ਤੋਂ ਵੀ ਮੰਗ ਕੀਤੀ ਹੈ ਕਿ ਹੜ੍ਹ ਪੀੜਤ ਲੋਕਾਂ ਦੇ ਜਾਨ ਮਾਲ ਦੀ ਰਾਖੀ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਭੋਜਨ, ਤਰਪਾਲਾਂ ਤੇ ਪਸ਼ੂਆਂ ਦੇ ਚਾਰੇ ਸਮੇਤ ਹਰ ਪ੍ਰਕਾਰ ਦੀ ਫੌਰੀ ਮਦਦ ਪੁਚਾਉਣ ਦੇ ਉਪਰਾਲੇ ਤੇਜ਼ ਕੀਤੇ ਜਾਣ।ਆਗੂਆਂ ਦੱਸਿਆ ਕਿ ਹੜ੍ਹਾਂ ਦੀ ਕੁਦਰਤੀ ਆਫ਼ਤ ਤੋਂ ਇਨ੍ਹਾਂ ਦੀ ਰੋਕਥਾਮ ਲਈ ਅਗਾਊਂ ਪ੍ਰਬੰਧਾਂ ਵਿੱਚ ਪੰਜਾਬ ਸਰਕਾਰ ਦੀ ਘੋਰ ਲਾਪ੍ਰਵਾਹੀ ਤੇ ਬਦਇੰਤਜ਼ਾਮੀ ਨੇ ਪੰਜਾਬ ਦੇ ਪਿੰਡਾਂ ਦੇ ਲੱਖਾਂ ਲੋਕਾਂ ਦੇ ਘਰਾਂ, ਡੰਗਰਾਂ, ਫ਼ਸਲਾਂ, ਪਸ਼ੂ ਚਾਰਾ, ਖੇਤੀ ਸੰਦਾਂ ਤੇ ਜ਼ਮੀਨਾਂ ਨੂੰ ਬਰਬਾਦ ਕਰਕੇ ਰੱਖ ਦਿੱਤਾ ਹੈ ਤੇ ਪੰਜਾਬ ਦੇ ਲੋਕਾਂ ਦਾ ਵੱਡੇ ਪੱਧਰ ਤੇ ਜਾਨੀ ਤੇ ਮਾਲੀ ਨੁਕਸਾਨ ਹੋਇਆ ਹੈ ਜਿਸਦੀ ਭਰਪਾਈ ਲਈ ਪੰਜਾਬ ਤੇ ਕੇਂਦਰ ਸਰਕਾਰਾਂ ਨੂੰ ਜੰਗੀ ਪੱਧਰ 'ਤੇ ਯਤਨ ਕਰਨ ਦੀ ਲੋੜ ਹੈ। ਉਨ੍ਹਾਂ ਦੱਸਿਆ ਕਿ ਤਰਕਸ਼ੀਲ ਸੁਸਾਇਟੀ ਪੰਜਾਬ ਪੀੜਤ ਲੋਕਾਂ ਦੀਆਂ ਲੋੜਾਂ ਵਿੱਚੋਂ ਕੁੱਝ ਦੀ ਪੂਰਤੀ ਲਈ ਆਪਣੇ ਯਤਨਾਂ ਨਾਲ ਸਹਾਇਤਾ ਰਾਸ਼ੀ ਇਕੱਠੀ ਕਰਨ ਦੀ ਜਨਤਕ ਮੁਹਿੰਮ ਚਲਾ ਰਹੀ ਹੈ ਤੇ ਇਸ ਇਕੱਠੀ ਹੋਈ ਸਹਾਇਤਾ ਰਾਸ਼ੀ ਨਾਲ ਪੰਜਾਬ ਦੇ ਵੱਖ ਵੱਖ ਇਲਾਕਿਆਂ ਦੇ ਸਹੀ ਲੋੜਵੰਦਾਂ ਦੀ ਪਛਾਣ ਕਰਕੇ ਢੁਕਵੇਂ ਸਮੇਂ ਤੇ ਢੁੱਕਵੀਂ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ।ਇਕਾਈ ਸੰਗਰੂਰ ਦੇ ਆਗੂਆਂ ਸੁਰਿੰਦਰ ਪਾਲ, ਕ੍ਰਿਸ਼ਨ ਸਿੰਘ, ਗੁਰਦੀਪ ਸਿੰਘ ਲਹਿਰਾ, ਗੁਰਜੰਟ ਸਿੰਘ,ਸੁਖਦੇਵ ਸਿੰਘ ਕਿਸ਼ਨਗੜ੍ਹ ਤੇ ਲੈਕਚਰਾਰ ਜਸਦੇਵ ਸਿੰਘ ਤਰਕਸ਼ੀਲ ਆਗੂਆਂ ਨੇ ਦੱਸਿਆ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਪਾਣੀ ਘਟਣ ਨਾਲ ਜਿਉਂ-ਜਿਉਂ ਲੋਕਾਂ ਨੂੰ ਆਪਣੇ ਨੁਕਸਾਨ ਦਾ ਪਤਾ ਚਲੇਗਾ ਤਾਂ ਉਨ੍ਹਾਂ ਅੱਗੇ ਹੋਰ ਵੀ ਬਹੁਤ ਸਾਰੀਆਂ ਲੋੜਾਂ ਦਰਪੇਸ਼ ਹੋਣਗੀਆਂ, ਜਿਨ੍ਹਾਂ ਲਈ ਕਾਫ਼ੀ ਸਮੇਂ ਤੱਕ ਵੱਡੇ ਪੱਧਰ 'ਤੇ ਵਿੱਤੀ ਸਹਾਇਤਾ ਦੀ ਲੋੜ ਬਣੀ ਰਹੇਗੀ।

# ਸ਼ਹੀਦ ਭਗਤ ਸਿੰਘ ਬਲੱਡ ਸੇਵਾ ਸੋਸਾਇਟੀ ਮਹਿਲਾ ਵਿੰਗ ਦੀ ਚੋਣ



**ਮੋਗਾ, (ਇਕਬਾਲ ਸਿੰਘ ਖਹਿਰਾ)**-ਸ਼ਹੀਦ ਭਗਤ ਸਿੰਘ ਬਲੱਡ ਸੇਵਾ ਸੋਸਾਇਟੀ (ਰਜਿ.) ਮੋਗਾ ਵੱਲੋਂ ਇਕ ਵਿਸ਼ੇਸ਼ ਸਮਾਗਮ ਦੌਰਾਨ ਮਹਿਲਾ ਵਰਗ ਦੀ ਟੀਮ ਦੀ ਚੋਣ ਕੀਤੀ ਗਈ।ਇਸ ਮੌਕੇ ਸਰਪ੍ਰਸਤ ਗੁਰਪ੍ਰੀਤ ਸਿੰਘ ਗਿੱਲ, ਪ੍ਰਧਾਨ ਗੁਰਜੋਤ ਸਿੰਘ ਅਤੇ ਚੇਅਰਮੈਨ ਰਾਗਵ ਸ਼ਰਮਾ ਖਾਸ ਤੌਰ 'ਤੇ ਹਾਜ਼ਰ ਰਹੇ। ਚੋਣ ਪ੍ਰਕਿਰਿਆ ਦੌਰਾਨ ਨਵੀਂ ਟੀਮ ਅਹੁਦਿਆਂ ਦਾ ਐਲਾਨ ਕਰਦਿਆਂ ਸਰਬਜੀਤ ਕੌਰ ਬਰਾੜ ਨੂੰ ਸਰਪ੍ਰਸਤ, ਪੰਜਾਬ ਚੇਅਰਮੈਨ ਮਨਦੀਪ ਕੌਰ ਖੰਭੇ, ਪੰਜਾਬ ਪ੍ਰਧਾਨ ਭਾਵਨਾ ਬਾਂਸਲ, ਜ਼ਿਲ੍ਹਾ ਚੇਅਰਮੈਨ ਜਸਵੀਰ ਕੌਰ ਜੱਸੀ, ਜ਼ਿਲ੍ਹਾ ਪ੍ਰਧਾਨ ਪਰਮਜੀਤ ਕੌਰ, ਸੀਨੀਅਰ ਵਾਈਸ ਪ੍ਰਧਾਨ ਇੰਦਰਜੀਤ ਕੌਰ, ਵਾਈਸ ਪ੍ਰਧਾਨ ਮਨਜੀਤ ਕੌਰ ਰਣਸੀਂਹ, ਮੀਤ ਵਾਈਸ ਪ੍ਰਧਾਨ ਗੁਰਪ੍ਰੀਤ ਕੌਰ, ਸੀਨੀਅਰ ਜਨਰਲ ਸਕੱਤਰ ਗੁਰਲੀਨ ਕੌਰ, ਜਨਰਲ ਸਕੱਤਰ ਵੇਨਿਕਾ ਗੋਇਲ, ਮੀਤ ਜਨਰਲ ਸਕੱਤਰ ਸੰਗੀਤਾ ਅਰੋੜਾ, ਦਫ਼ਤਰ ਸਕੱਤਰ ਕੁਲਵੰਤ ਕੌਰ, ਸਹਾਇਕ ਦਫ਼ਤਰ ਸਕੱਤਰ ਗੁਰਜੀਤ ਕੌਰ, ਸਟੇਜ ਸਕੱਤਰ ਭਵਦੀਪ ਕੋਹਲੀ, ਸਹਾਇਕ ਸਟੇਜ ਸਕੱਤਰ ਮਨਜੀਤ ਕੌਰ ਪ੍ਰੀਤ, ਪ੍ਰੈੱਸ ਸਕੱਤਰ ਇੰਦੂ, ਸੀਨੀਅਰ ਸਲਾਹਕਾਰ ਸੁਮਨ ਸੂਦ, ਸਲਾਹਕਾਰ ਪ੍ਰਿਤਿਕਾ, ਸੀਨੀਅਰ ਮੈਂਬਰ ਮਮਤਾ, ਨਵੀਂ ਬਣੀ ਟੀਮ ਵੱਲੋਂ ਸੋਸਾਇਟੀ ਨੂੰ ਪੂਰਾ ਭਰੋਸਾ ਦਿੱਤਾ ਗਿਆ ਕਿ ਉਹ ਤਨ-ਮਨ-ਧਨ ਨਾਲ ਸਮਾਜਿਕ ਸੇਵਾ ਦੇ ਕਾਰਜਾਂ ਵਿੱਚ ਅੱਗੇ ਰਹਿ ਕੇ ਯੋਗਦਾਨ ਪਾਉਣਗੀਆਂ।ਇਸ ਮੌਕੇ ਸੋਸਾਇਟੀ ਦੇ ਜ਼ਿੰਮੇਵਾਰ ਮੈਂਬਰਾਂ ਨੇ ਵੀ ਮਹਿਲਾ ਵਰਗ ਦੀ ਟੀਮ ਨੂੰ ਮੁਬਾਰਕਬਾਦ ਦਿੱਤੀ ਅਤੇ ਉਮੀਦ ਜਤਾਈ ਕਿ ਨਵੀਂ ਟੀਮ ਸਮਾਜਿਕ ਭਲਾਈ ਦੇ ਹਰ ਮੋੜ 'ਤੇ ਆਪਣਾ ਸਰਵੋਤਮ ਯੋਗਦਾਨ ਪਾਏਗੀ।ਇਸ ਮੌਕੇ ਮਨਿੰਦਰ ਸਿੰਘ, ਬਲਤੇਜ ਸਿੰਘ ਮਹਿਰੋਂ ਤੇ ਜਸਦੀਪ ਸਿੰਘ ਗਿੱਲ ਹਾਜ਼ਰ ਸਨ

# ਹੜ੍ਹ ਪ੍ਰਭਾਵਤ 16 ਰਾਹਤ ਕੈਂਪਾਂ ਨੂੰ ਵੰਡ ਰਹੇ ਨੇ ਰਾਹਤ ਸਮੱਗਰੀ : ਡਿਪਟੀ ਕਮਿਸ਼ਨਰ



**ਅਜਨਾਲਾ (ਸੁਖਇੰਦਰ ਸਿੰਘ ਰਾਜੂ)**-ਹੜ੍ਹ ਪੀੜਤ ਪਰਿਵਾਰਾਂ ਦੀ ਮਦਦ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹੜ੍ਹ ਪ੍ਰਭਾਵਿਤ ਇਲਾਕੇ ਵਿੱਚ 16 ਰਾਹਤ ਕੈਂਪ ਚਲਾਏ ਜਾ ਰਹੇ ਹਨ, ਜਿੱਥੇ ਲੋੜਵੰਦਾਂ ਨੂੰ ਲੋੜੀਂਦੀਆਂ ਵਸਤਾਂ ਦਿੱਤੀਆਂ ਜਾ ਰਹੀਆਂ ਹਨ, ਪਸ਼ੂਆਂ ਦਾ ਚਾਰਾ ਦਿੱਤਾ ਜਾ ਰਿਹਾ ਹੈ।ਇਸ ਤੋਂ ਇਲਾਵਾ ਡਾਕਟਰੀ ਟੀਮਾਂ ਇੱਥੇ ਮਨੁੱਖਾਂ ਅਤੇ ਪਸ਼ੂਆਂ ਦਾ ਇਲਾਜ ਕਰ ਰਹੀਆਂ ਹਨ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਦੱਸਿਆ ਕਿ ਸਾਡੀ ਕੋਸ਼ਿਸ਼ ਹੈ ਕਿ ਕੁਦਰਤੀ ਆਫਤ ਨਾਲ ਜੋ ਨੁਕਸਾਨ ਹੋਣਾ ਸੀ, ਉਹ ਤਾਂ ਅਸੀਂ ਨਹੀਂ ਬਚਾਅ ਸਕੇ ਪਰ ਭਵਿੱਖ ਵਿੱਚ ਕਿਸੇ ਤਰ੍ਹਾਂ ਦੀ ਲਾਪਰਵਾਹੀ ਨਾਲ ਕੋਈ ਨੁਕਸਾਨ ਨਾ ਹੋਵੇ।ਉਨ੍ਹਾਂ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਕਿਸੇ ਵੀ ਸੰਕਟ ਵੇਲੇ ਜ਼ਿਲ੍ਹਾ ਹੈਲਪ ਲਾਈਨ ਨੰਬਰ 0183-2229125 ਉੱਤੇ ਫੋਨ ਕਰਨ ਤਾਂ ਜੋ ਉਨ੍ਹਾਂ ਦੀ ਸਹਾਇਤਾ ਕੀਤੀ ਜਾ ਸਕੇ।ਉਨ੍ਹਾਂ ਮੀਡੀਆ ਸਾਥੀਆਂ ਨੂੰ ਵੀ ਅਪੀਲ ਕਰਦਿਆਂ ਕਿਹਾ ਕਿ ਜੇਕਰ ਉਨ੍ਹਾਂ ਦੇ ਧਿਆਨ ਵਿਚ ਆਉਂਦਾ ਹੈ ਕਿ ਕਿਤੇ ਰਾਹਤ ਸਮੱਗਰੀ ਨਹੀਂ ਪੁੱਜ ਰਹੀ ਤਾਂ ਕਿਰਪਾ ਕਰਕੇ ਉਸਦਾ ਸੰਪਰਕ ਨੰਬਰ ਅਤੇ ਟਿਕਾਣਾ ਲੈ ਕੇ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆਓ ਤਾਂ ਜੋ ਉਸਦੀ ਪੁਸ਼ਟੀ ਕਰਕੇ ਰਾਹਤ ਸਮੱਗਰੀ ਪਹੁੰਚਾਈ ਜਾ ਸਕੇ।ਉਨ੍ਹਾਂ ਦੱਸਿਆ ਕਿ ਸਾਨੂੰ ਕੁਝ ਸ਼ਿਕਾਇਤਾਂ ਮਿਲੀਆਂ ਹਨ ਕਿ ਕੁਝ ਵਿਅਕਤੀ ਰਾਹਤ ਸਮੱਗਰੀ ਇਕੱਠੀ ਕਰਨ ਵਿਚ ਲੱਗੇ ਹੋਏ ਹਨ, ਇਸ ਲਈ ਪ੍ਰਸ਼ਾਸਨ ਜਾਂਚ ਕਰ ਸਕਦਾ ਅਤੇ ਸਮਾਨ ਵੰਡ ਨੂੰ ਯਕੀਨੀ ਬਣਾ ਸਕਾਂਗੇ।ਉਨ੍ਹਾਂ ਕਿਹਾ ਕਿ ਪਰ ਤੁਹਾਡੇ ਸਭ ਦੇ ਧਿਆਨ ਵਿਚ ਹੋਣ ਕਰਕੇ ਇਹ ਮਨੁੱਖਤਾ ਲਈ ਵੱਡੀ ਸੇਵਾ ਹੋਵੇਗੀ ਅਤੇ ਸਭ ਲਈ ਨਿਆਂਸੰਗਤ ਵੰਡ ਨੂੰ ਯਕੀਨੀ ਬਣਾਉਣ ਵਿੱਚ ਮਦਦਗਾਰ ਹੋਵੇਗੀ।ਸਾਨੂੰ ਇਹ ਯਕੀਨੀ ਬਣਾਉਣਾ ਹੈ ਕਿ ਕੋਈ ਵੀ ਵਿਅਕਤੀ ਪਿੱਛੇ ਨਾ ਰਹਿ ਜਾਵੇ ਅਤੇ ਕੋਈ ਸ਼ਰਾਰਤੀ ਅਨਸਰ ਇਸ ਵੱਡੀ ਤਬਾਹੀ ਦਾ ਨਾਜਾਇਜ਼ ਫਾਇਦਾ ਨਾ ਲੈ ਸਕਣ। ਉਨ੍ਹਾਂ ਦੱਸਿਆ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਮੈਡੀਕਲ ਕੈਂਪ ਵੀ ਸਥਾਪਤ ਕੀਤੇ ਗਏ ਹਨ, ਜਿਥੇ 24 ਘੰਟੇ ਡਾਕਟਰ ਆਪਣੀ ਸੇਵਾਵਾਂ ਦੇ ਰਹੇ ਹਨ ਅਤੇ ਇਸ ਤੋਂ ਇਲਾਵਾ ਪਸ਼ੂ ਪਾਲਣ ਵਿਭਾਗ ਦੇ ਕਰਮਚਾਰੀ ਹਰ ਪਿੰਡ ਪੱਧਰ ਤੱਕ ਪਸ਼ੂਆਂ ਲਈ ਹਰਾ ਚਾਰਾ ਪਹੁੰਚਾ ਰਹੇ ਹਨ।

# ਹੜ੍ਹ ਪ੍ਰਭਾਵਿਤ ਖੇਤਰਾਂ 'ਚ ਹਰੇਕ ਮਰੀਜ਼ ਤੱਕ ਪਹੁੰਚ ਕਰ ਰਹੇ ਨੇ ਸਿਹਤ ਮੁਲਾਜ਼ਮ : ਸਿਵਲ ਸਰਜਨ



**ਗੁਰਦਾਸਪੁਰ (ਦਿਨੇਸ਼ ਕੁਮਾਰ)**-ਜ਼ਿਲ੍ਹਾ ਗੁਰਦਾਸਪੁਰ ਵਿੱਚ ਲੋਕਾਂ ਨੂੰ ਉਨ੍ਹਾਂ ਦੇ ਘਰ ਤੱਕ ਸਿਹਤ ਸਹੂਲਤਾਂ ਦੇਣ ਲਈ ਸਿਹਤ ਮੁਲਾਜ਼ਮ ਡਟੇ ਹੋਏ ਹਨ।ਇਸ ਸਬੰਧੀ ਸਿਵਲ ਸਰਜਨ ਗੁਰਦਾਸਪੁਰ ਡਾ. ਜਸਵਿੰਦਰ ਸਿੰਘ ਨੇ ਦੱਸਿਆ ਕਿ ਸਿਹਤ ਵਿਭਾਗ ਨੇ ਮੌਜੂਦਾ ਹਾਲਾਤ ਨੂੰ ਧਿਆਨ ਵਿੱਚ ਰੱਖਦੇ ਹੋਏ ਮੁਲਾਜ਼ਮਾਂ ਨੂੰ ਲੋੜ ਅਨੁਸਾਰ ਸਿਹਤ ਗਤੀਵਿਧੀਆਂ ਕਰਨ ਦੀ ਹਿਦਾਇਤ ਕੀਤੀ ਹੈ।ਜ਼ਿਲ੍ਹੇ ਵਿੱਚ ਵੱਖ-ਵੱਖ ਪਿੰਡਾਂ ਵਿੱਚ ਮੈਡੀਕਲ ਕੈਂਪ ਲਗਾਏ ਜਾ ਰਹੇ ਹਨ ਅਤੇ ਲੋਕਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਜਾ ਰਹੀਆਂ ਹਨ।ਇਸ ਕੰਮ ਲਈ ਸਮਾਜ ਸੇਵੀ ਸੰਸਥਾਵਾਂ ਦਾ ਵੀ ਸਹਿਯੋਗ ਲਿਆ ਜਾ ਰਿਹਾ ਹੈ।ਜ਼ਿਲ੍ਹੇ ਵਿੱਚ ਰੈਪਿਡ ਟੈਸਟਿੰਗ ਕਿੱਟਾਂ ਨਾਲ ਵਾਟਰ ਸੈਂਪਲਿੰਗ ਖਾਸ ਕਰ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਕੀਤੀ ਜਾ ਰਹੀ ਹੈ।ਗਰਭਵਤੀ ਮਾਵਾਂ ਦਾ ਚੈੱਕਅਪ ਯਕੀਨੀ ਬਣਾਇਆ ਜਾ ਰਿਹਾ ਹੈ। ਲੋੜ ਅਨੁਸਾਰ ਸਪੈਸ਼ਲਿਸਟ ਦੀ ਸਲਾਹ ਦੇ ਨਾਲ ਉਨ੍ਹਾਂ ਨੂੰ ਉਚੇਰੀ ਸਿਹਤ ਸੰਸਥਾ ਵਿੱਚ ਵੀ ਭੇਜਿਆ ਜਾ ਰਿਹਾ ਹੈ। ਮੱਛਰਾਂ ਦੇ ਖ਼ਾਤਮੇ ਲਈ ਸਪਰੇਅ ਅਤੇ ਫੌਗਿੰਗ ਕਰਵਾਈ ਜਾ ਰਹੀ ਹੈ।ਸਾਫ਼ ਪਾਣੀ ਲਈ ਕਲੋਰੀਨੇਸ਼ਨ ਦੀ ਵਿਧੀ ਦੱਸਦੇ ਹੋਏ ਲੋਕਾਂ ਨੂੰ ਕਲੋਰੀਨ ਦੀਆਂ ਗੋਲੀਆਂ ਵੰਡੀਆਂ ਜਾ ਰਹੀਆਂ ਹਨ।ਉਨ੍ਹਾਂ ਦੱਸਿਆ ਕਿ ਸਮਾਜ ਸੇਵੀ ਸੰਸਥਾਵਾਂ ਵੀ ਆਪਣਾ ਸਹਿਯੋਗ ਦੇ ਰਹੀਆਂ ਹਨ।ਸਮਾਈਲ ਫਾਊਂਡੇਸ਼ਨ ਜਲੰਧਰ ਵੱਲੋਂ ਸਿਹਤ ਵਿਭਾਗ ਨੂੰ ਫਸਟ ਏਡ ਕਿੱਟਾਂ ਦੇਣ ਦੇ ਮਕਸਦ ਨਾਲ ਇੱਕ ਐਂਬੂਲੈਂਸ, ਸਟਾਫ ਅਤੇ ਦਵਾਈਆਂ ਆਦਿ ਭੇਜੀਆਂ ਗਈਆਂ ਹਨ।ਇਸ ਮੌਕੇ ਏਸੀਐੱਸ ਡਾ. ਪ੍ਰਭਜੋਤ ਕੌਰ ਕਲਸੀ, ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਮਮਤਾ, ਡਾ. ਗੁਰਪ੍ਰੀਤ ਕੌਰ, ਡਾ. ਭਾਵਨਾ ਸ਼ਰਮਾ, ਮੈਡੀਕਲ ਅਫਸਰ ਡਾ. ਸਿਧਾਰਥ, ਸਟਾਫ਼ ਨਰਸ ਅਮਨਦੀਪ ਕੌਰ, ਸੀਐੱਚਓ ਨਿਤੀਸ਼, ਕਮਿਊਨਿਟੀ ਮੋਬਿਲਾਈਜ਼ਰ ਸੀਮਾ, ਪਾਇਲਟ ਅਰਵਿੰਦਰ ਸਿੰਘ ਆਦਿ ਹਾਜ਼ਰ ਸਨ।

# ਵਿਧਾਇਕ ਗੁਰਦੀਪ ਸਿੰਘ ਰੰਧਾਵਾ ਪਿੰਡ ਸ਼ਕਰੀ ਦੇ ਹੜ੍ਹ ਪ੍ਰਭਾਵਤ ਪਰਵਾਰਾਂ ਨੂੰ ਮਿਲੇ

## ਕਿਹਾ-ਸਰਕਾਰ ਵੱਲੋਂ ਹੜ੍ਹ ਪ੍ਰਭਾਵਤ ਲੋਕਾਂ ਦੀ ਹਰ ਸੰਭਵ ਮਦਦ ਕੀਤੀ ਜਾਵੇਗੀ



**ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)**-ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਵੱਲੋਂ ਆਪਣੇ ਹਲਕੇ ਦੇ ਪਿੰਡ ਸ਼ਕਰੀ ਵਿਖੇ ਪਹੁੰਚ ਕੇ ਹੜ੍ਹ ਪ੍ਰਭਾਵਿਤ ਪਰਿਵਾਰਾਂ ਦੇ ਨਾਲ ਮੁਲਾਕਾਤ ਕੀਤੀ ਗਈ ਤੇ ਸਾਰੀ ਸਥਿਤੀ ਦਾ ਜਾਇਜ਼ਾ ਲਿਆ ਗਿਆ।ਇਸ ਮੌਕੇ ਉਨ੍ਹਾਂ ਹੜ੍ਹ ਪ੍ਰਭਾਵਿਤ ਵਿਅਕਤੀਆਂ ਨੂੰ ਹੌਂਸਲਾ ਦਿੰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਸੰਕਟ ਦੀ ਇਸ ਘੜੀ ਵਿੱਚ ਉਨ੍ਹਾਂ ਦੇ ਨਾਲ ਖੜੀ ਹੈ ਅਤੇ ਸਰਕਾਰ ਵੱਲੋਂ ਹੜ੍ਹ ਪ੍ਰਭਾਵਿਤ ਲੋਕਾਂ ਦੀ ਹਰ ਸੰਭਵ ਮਦਦ ਕੀਤੀ ਜਾਵੇਗੀ।ਸ. ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਸਮੁੱਚੀ ਮਸ਼ੀਨਰੀ ਰਾਹਤ ਤੇ ਬਚਾਅ ਕਾਰਜਾਂ ਵਿੱਚ ਲੱਗੀ ਹੋਈ ਹੈ ਅਤੇ ਪ੍ਰਭਾਵਿਤ ਲੋਕਾਂ ਦੇ ਘਰਾਂ ਤੱਕ ਪਹੁੰਚ ਕਰਕੇ ਉਨ੍ਹਾਂ ਨੂੰ ਰਾਹਤ ਸਮੱਗਰੀ ਪਹੁੰਚਾਈ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਸਰਕਾਰ ਦੇ ਨਾਲ ਆਮ ਆਦਮੀ ਪਾਰਟੀ ਦੇ ਸਮੂਹ ਵਲੰਟੀਅਰ ਵੀ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਰਾਹਤ ਕਾਰਜਾਂ 'ਚ ਦਿਨ-ਰਾਤ ਲੱਗੇ ਹੋਏ ਹਨ।ਇਸ ਤੋਂ ਇਲਾਵਾ ਸਮਾਜ ਸੇਵੀ ਸੰਸਥਾਵਾਂ ਵੱਲੋਂ ਵੀ ਹੜ੍ਹ ਪੀੜਤਾਂ ਦੀ ਸਹਾਇਤਾ ਵਿੱਚ ਵੱਡਾ ਯੋਗਦਾਨ ਪਾਇਆ ਜਾ ਰਿਹਾ ਹੈ, ਜਿਸ ਲਈ ਉਹ ਉਨ੍ਹਾਂ ਦੇ ਵੀ ਧੰਨਵਾਦੀ ਹਨ।ਉਨ੍ਹਾਂ ਕਿਹਾ ਕਿ ਹੜ੍ਹਾਂ ਦੇ ਪਾਣੀ ਕਾਰਨ ਕੋਈ ਬਿਮਾਰੀ ਨਾ ਫੈਲੇ ਇਸ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਾਰੇ ਢੁੱਕਵੇਂ ਪ੍ਰਬੰਧ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਵਿਸ਼ੇਸ਼ ਮੈਡੀਕਲ ਕੈਂਪ ਲਗਾਏ ਜਾ ਰਹੇ ਹਨ ਅਤੇ ਲੋਕਾਂ ਨੂੰ ਬਿਮਾਰੀਆਂ ਤੋਂ ਬਚਣ ਲਈ ਜਾਗਰੂਕ ਕੀਤਾ ਜਾ ਰਿਹਾ ਹੈ।ਇਸ ਦੇ ਨਾਲ ਪਸ਼ੂ ਪਾਲਣ ਵਿਭਾਗ ਦੀਆਂ ਟੀਮਾਂ ਵੱਲੋਂ ਪਸ਼ੂਆਂ ਦਾ ਇਲਾਜ ਕੀਤਾ ਜਾ ਰਿਹਾ ਹੈ।ਪਸ਼ੂਆਂ ਦੇ ਚਾਰੇ ਲਈ ਵੀ ਵਿਸ਼ੇਸ਼ ਪ੍ਰਬੰਧ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਮੱਛਰ-ਮੱਖੀਆਂ ਦੇ ਖ਼ਾਤਮੇ ਲਈ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਵੱਲੋਂ ਵਿਸ਼ੇਸ਼ ਤੌਰ 'ਤੇ ਫੌਗਿੰਗ ਮੁਹਿੰਮ ਆਰੰਭ ਕੀਤੀ ਗਈ ਹੈ।

# ਚੇਅਰਮੈਨ ਰਜੀਵ ਸ਼ਰਮਾ ਨੇ ਹੜ੍ਹ ਪ੍ਰਭਾਵਤ ਲੋਕਾਂ ਨੂੰ ਤਰਪਾਲਾਂ ਵੰਡੀਆਂ



**ਗੁਰਦਾਸਪੁਰ, (ਜਨਕ ਮਹਾਜਨ)**-ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਰਜੀਵ ਸ਼ਰਮਾ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਲੋਕਾਂ ਦੀ ਸੇਵਾ ਦੇ ਕਾਰਜ ਲਗਾਤਾਰ ਜਾਰੀ ਹਨ। ਚੇਅਰਮੈਨ ਰਜੀਵ ਸ਼ਰਮਾ ਵੱਲੋਂ ਆਪਣੇ ਸਾਥੀਆਂ ਦੇ ਨਾਲ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਲੋੜਵੰਦਾਂ ਨੂੰ ਤਰਪਾਲਾਂ ਵੰਡਣ ਦੀ ਸੇਵਾ ਕੀਤੀ ਗਈ। ਇਸ ਮੌਕੇ ਗੱਲ ਕਰਦਿਆਂ ਚੇਅਰਮੈਨ ਰਜੀਵ ਸ਼ਰਮਾ ਨੇ ਕਿਹਾ ਕਿ ਹੜ੍ਹਾਂ ਦੇ ਸੰਕਟ ਦੌਰਾਨ ਸਾਨੂੰ ਸਾਰਿਆਂ ਨੂੰ ਹੜ੍ਹ ਪੀੜ੍ਹਤਾਂ ਦੀ ਮਦਦ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਆਪਣੇ ਪੱਧਰ 'ਤੇ ਵੀ ਹੜ੍ਹ ਪੀੜ੍ਹਤਾਂ ਦੀ ਸਹਾਇਤਾ ਲਈ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸੇਵਾ ਦੇ ਇਹ ਕਾਰਜ ਆਉਣ ਵਾਲੇ ਦਿਨ੍ਹਾਂ ਵਿਚ ਵੀ ਜਾਰੀ ਰਹਿਣਗੇ।

# ਪੰਜਾਬ ਕਾਂਗਰਸ ਦੇ ਇੰਚਾਰਜ ਭੂਪੇਸ਼ ਬਘੇਲ ਵੱਲੋਂ ਪਿੰਡ ਘੋਨੇਵਾਲ ਦਾ ਦੌਰਾ ਕੱਲ੍ਹ



**ਚੇਤਨਪੁਰਾ (ਸੁਖਵੰਤ ਚੇਤਨਪੁਰੀ)**-ਬੀਤੇ ਦਿਨ ਹੋਈ ਭਾਰੀ ਬਾਰਿਸ਼ ਨਾਲ ਪੰਜਾਬ ਵਿੱਚ ਆਏ ਹੜ੍ਹਾਂ ਨੇ ਪੰਜਾਬ ਵਿੱਚ ਬਹੁਤ ਜ਼ਿਆਦਾ ਜਾਨੀ ਅਤੇ ਮਾਲੀ ਨੁਕਸਾਨ ਕੀਤਾ ਹੈ।ਵਿਧਾਨ ਸਭਾ ਹਲਕਾ ਅਜਨਾਲਾ ਅਧੀਨ ਆਉਂਦੇ ਪਿੰਡਾਂ ਵਿੱਚ ਵੀ ਹੜ੍ਹਾਂ ਨੇ ਬਹੁਤ ਜ਼ਿਆਦਾ ਤਬਾਹੀ ਮਚਾਈ ਹੈ।ਸਰਕਾਰ ਅਤੇ ਸਵੇ ਸੇਵੀ ਸੰਸਥਾਵਾਂ ਵੱਲੋਂ ਬਚਾਓ ਕਾਰਜ ਜਾਰੀ ਹਨ।ਰਾਜਨੀਤਿਕ ਪਾਰਟੀਆਂ ਦੇ ਆਗੂ ਅਤੇ ਕੇਂਦਰ ਅਤੇ ਪੰਜਾਬ ਸਰਕਾਰ ਦੇ ਅਧਿਕਾਰੀ ਮੌਕੇ 'ਤੇ ਪਹੁੰਚ ਕੇ ਹੋਏ ਨੁਕਸਾਨ ਦਾ ਜਾਇਜ਼ਾ ਲੈ ਰਹੇ ਹਨ।ਪੰਜਾਬ ਕਾਂਗਰਸ ਦੇ ਇੰਚਾਰਜ ਭੂਪੇਸ਼ ਬਘੇਲ 7 ਸਤੰਬਰ ਨੂੰ ਸਵੇਰੇ 10 ਵਜੇ ਪਹੁੰਚ ਕੇ ਹੜ੍ਹਾਂ ਨਾਲ ਅਜਨਾਲਾ ਹਲਕੇ ਦੇ ਵੱਧ ਪ੍ਰਭਾਵਿਤ ਹੋਏ ਪਿੰਡ ਘੋਨੇਵਾਲਾ ਵਿਖੇ ਪਹੁੰਚ ਕੇ ਨੁਕਸਾਨ ਦਾ ਜਾਇਜ਼ਾ ਲੈਣਗੇ।ਇਸ ਸਬੰਧੀ ਜਾਣਕਾਰੀ ਦਿੰਦਿਆਂ ਹਲਕਾ ਅਜਨਾਲਾ ਦੇ ਸਾਬਕਾ ਵਿਧਾਇਕ ਹਰਪ੍ਰਤਾਪ ਸਿੰਘ ਅਜਨਾਲਾ ਅਤੇ ਉਨ੍ਹਾਂ ਦੇ ਸਪੁੱਤਰ ਕੰਵਰ ਪ੍ਰਤਾਪ ਸਿੰਘ ਅਜਨਾਲਾ ਨੇ ਦੱਸਿਆ ਕਿ ਇਸ ਸਮੇਂ ਉਨ੍ਹਾਂ ਨਾਲ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੀ ਹੋਣਗੇ।ਸ਼੍ਰੀ ਅਜਨਾਲਾ ਨੇ ਹਲਕੇ ਦੇ ਸਮੂਹ ਅਹੁਦੇਦਾਰਾਂ ਤੇ ਵਰਕਰ ਸਾਹਿਬਾਨ ਨੂੰ ਬੇਨਤੀ ਕੀਤੀ ਕਿ ਉਹ 7 ਸਤੰਬਰ ਐਤਵਾਰ ਨੂੰ ਸਵੇਰੇ 10.00 ਵਜੇ ਹੜ੍ਹ ਪ੍ਰਭਾਵਿਤ ਖੇਤਰ ਰਮਦਾਸ ਦੇ ਪਿੰਡ ਘੋਨੇਵਾਲ ਵਿਖੇ ਆਪਣੇ ਸਾਥੀਆਂ ਨਾਲ ਪਹੁੰਚਣ।


### COURT NOTICE

(U/o 5 Rule 20 CPC)
In the Court of
MS. ANKITA DHAWAN
Civil Judge (Junior Division)
Khamanon
CNR No. PBFGB0-000277-2024
Next Date:- 15-10-2025
Karanvir Singh
Vs.
Major Singh
Publication Issued To:
Taranjit Kaur
Spouse : Sonu Son of Babu Ram R/o Village Chikan, Tehsil Pinjore, District Panchkula (Haryana)

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 15-10-2025 at 10:00 a.m.

For details logon to https://highcourtchd.gov.in/?mod=district_notice&district=mogacourt

Civil Judge (Junior Division)
Khamanon
Dated, this of 04-09-2025

# ਕਲਾਸੀਫਾਈਡ ਇਸ਼ਤਿਹਾਰ

## Change of Name

I, Gagandeep Singh Koloty S/o Jatinder Singh R/o 1068-5, Ladowali Road, Sant Nagar, Jalandhar have changed my name to Gagandeep Singh. (12499)

I Manpreet Kaur W/O Jaswinder Singh R/O Vpo Simbal Majara Teh Balachaur Distt Sbs Nagar Punjab Have Changed My Name To Kaur Manpreet. All Please Note.

I, Ashima D/O Rajeev Kumar R/o H. No 43, Master Tara Singh Nagar, Jalandhar-144001 have changed my name Ashima to Ashima Sofet after my marriage with Dipesh Kalia. I further declare that Ashima and Ashima Sofet is one and the same person. All concerned please note.

I, Jagdish Kaur W/o Gurinder Singh Sandha R/o Village Kamboj (Kambo), PO Heir, Ajnala Road, Distt. Amritsar, Punjab-143101 have changed my name from Jagdish Kaur to Jagdish Kaur Sandha.

I, Sajanpreet Singh S/o Gurnam Singh R/o Santu Nangal, Amritsar, Punjab-143606 have changed my name from Sajanpreet Singh to Singh is my surname and Sajanpreet is my given name.

I, Harmanjot Singh S/o Gurdial Singh R/o VPO Balsarai, Tehsil Baba Bakala, Distt. Amritsar, Punjab have changed my name from Harmanjot Singh to Singh is my surname and Harmanjot is my given name.

I, Satta Alias Satnam Singh Kachla S/O Kehar Singh R/O Vill. Kot Gobindpur, PO. Dhapai, Distt. Kapurthala, Punjab, India do here by change my name from Satta Alias Satnam Singh Kachla to Satnam Singh with Immediate effect. All concerned note please.

I, Nikhil S/o Deepak R/o Satowali, Adampur Doaba, Distt. Jalandhar - 144102, Punjab have changed my name from Nikhil to Nikhil Kumar. All Note.

I Ram Sarup S/o Ram Nath R/o VPO Khothran, Teh. Banga, Distt. S.B.S Nagar, Punjab, I Have Changed My Name From Ram Sarup To Ram Saroop.

I, Rohit S/o Kashmir Lal R/o Village Chak Kalal, Distt. Nawanshahr - 144505, Punjab have changed my name from Rohit to Rohit Chijjer. All note.

I, Ranjit Kaur W/o Balwinder Singh R/o VPO. Khambra, , Punjab have changed my name spelling from Ranjit Kaur to Ranjeet Kaur. All please note.

I, Sant Sukhchain Singh S/o Gopal Singh R/o K2/1, Nirmal Akhara Mahant Mool Singh Ji, Sant Avenue, G.T.Road, Amritsar have changed my name to Sukhchain Singh.

I Prem Suri S/o Chanan Lal Suri Resident of 49, Sehaj Enclave Near gopal mandir Majitha road Amritsar. I have changed my name from Prem Suri to Prem Pal Suri. All concerned please note.

I, Tejinder Kaur Cheema W/o Joginder Singh Cheema R/o H.No.F90, A Block- Sandhu Avenue, G.T. Road Chheharta, Tehsil & Distt Amritsar-143105 have changed my name from Tejinder Kaur Cheema to Tejinder Kaur.

I, Joginder Singh Cheema S/o Kunan Singh R/o H.No.F90, A Block-Sandhu Avenue, G.T. Road Chheharta, Tehsil & Distt Amritsar-143105 have changed my name from Joginder Singh Cheema to Joginder Singh.

I, Bikramjeet Singh S/o Ashok Kumar R/o Village Rani Pind, Tehsil Tanda (Dasuya), Distt Hoshiarpur, Punjab-144202 have changed my name from Bikramjeet Singh to Singh Bikramjeet (Singh as Surname). Concerned Note.

I, Jasvir Singh S/o Gurdial Singh R/o Village Bombeli, District Hoshiarpur-146101, Punjab have changed my name from Jasbir Singh to Jasvir Singh. Concerned Note.

I, Imran Son of Sh. William Masih, Residing at H. No. Ward No. 269/4, Railway Station Gurdaspur, Punjab-143521, do hereby declare that I have changed my name from Imran to Imran Khokhar. All nears and dears may note.

I, Neelam Kaur W/o Jasvir Singh R/o Village Bombeli, District Hoshiarpur-146101, Punjab have changed my name from Neelam Kumari to Neelam Kaur, after marriage. Concerned Note.

I, Nasib Kaur W/O Gurdev Singh, R/o Near, Gurudwara Paka Sahib,Madhe Ke, Madheke, Moga, Punjab- 142055. have changed my name and shall hereafter be Known as Surjit Kaur.

## Change of Name

I, Lachhman Dass S/o Late Daulti Ram R/o VPO. Bhangala, Distt. Jalandhar, Punjab hereby declare that my deceased father was known by Daulal Ram & Daulti Ram (During his lifetime). His name consider as Daulti Ram Instated of Daulal Ram. All concerned please note.

I, Prabhdeep S/O Nachhter Pal R/O VPO Mandhali Distt Shaheed Bhagat Singh Nagar 144501 Punjab Have Changed My Name From Prabhdeep To Prabhdeep Mehmi. All Concerned Please Note.

I, hitherto known as VARINDER S/O CHARANJIT, Residing at Village Jagpalpur, Po Ranipur, Kapurthala, Punjab 144403, have changed my name and shall hereafter be known as VARINDER SINGH.

I, Balvir S/o Puran Singh R/o PO Pattar Kalan Bakhu Nangal, Distt. Jalandhar, Punjab- 144806 have changed my name from Balvir to Balvir Singh, concerned please note.

I, Lovedeep S/o Surjit Kumar R/o Vill. Pawen, P.O. Jhinger Kalan, Teh.Dasuya, Distt. Hoshiarpur, Punjab have changed my name from Lovdeep to Lovedeep Kumar (Surname as Kumar) All please note.

I Harpreet Singh Kohli S/o Surjit Singh R/o H.no. 59, Basti Bawa Khel, Jalandhar-144021, Punjab, have changed my name from Harpreet Singh Kohli to Harpreet Singh. All please note.

I Harpreet Singh S/o Surjit Singh R/o H.no. 59, Basti Bawa Khel, Jalandhar-144021, Punjab , certified that my father true and correct name is Surjit Singh instead of Surjit Singh Kohli, expired one. (Both names belongs to one and same person). All please note.

I Ranjit Kaur W/o Harpreet Singh R/o H.no. 59, Basti Bawa Khel, Jalandhar-144021, Punjab, have changed my name/spelling from Ranjit Kaur to Ranjeet Kaur. All please note.

I Munish Kumar Arora S/O Gurcharan Dass R/O Khemkaran Road, Kakkar Mohalla, Bhikhiwind 143303 Distt. Tarn Taran have changed my name from Munish Kumar Arora to Munish Kumar for all future purpose.

I, Neetu Arora W/o Vikas Marwaha. R/o Sangalpura Road, Gurdaspur. Tehsil/Distt. Gurdaspur, Punjab, India. Have changed my name from Neetu Arora to Neetu Marwaha.

## ਬੇਦਖਲੀ ਨੋਟਿਸ

ਮੈਂ, ਪੱਪੂ ਪੁੱਤਰ ਲਛਮਨ ਦਾਸ, ਵਾਸੀ 744, ਮਜੀਠਾ ਰੋਡ, ਤੁੰਗ ਬਾਲਾ, ਅੰਮ੍ਰਿਤਸਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਰੁਨ ਗਿੱਲ ਮੇਰੇ ਕਹਿਣੇ ਤੋਂ ਬਾਹਰ ਹੈ ਤੇ ਮੇਰੇ ਨਾਲ ਲੜਾਈ-ਝਗੜਾ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਬਲਵਿੰਦਰ ਕੌਰ ਪਤਨੀ ਰਾਜੇਸ਼ ਕੁਮਾਰ ਵਾਸੀ ਮਕਾਨ ਨੰਬਰ 2063, ਗਲੀ ਨੰ: 2, ਭਾਰਤ ਨਗਰ, ਬਟਾਲਾ ਰੋਡ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਨੀਰਜ ਕੁਮਾਰ (ਕੁਆਰਾ) ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੈਂ ਤੇ ਮੇਰਾ ਬਾਕੀ ਪਰਵਾਰ ਉਸ ਦੇ ਕਿਸੇ ਕੰਮ ਦੇ ਜ਼ਿੰਮੇਵਾਰ ਨਹੀਂ ਹੋਵੇਗਾ।

ਮੈਂ, ਗੁਰਦੇਵ ਸਿੰਘ ਪੁੱਤਰ ਅਮਰ ਸਿੰਘ ਵਾਸੀ ਡੀ-6/495, ਗੁਰੂ ਨਾਨਕਪੁਰਾ ਰੋਡ, ਨਵੀਂ ਅਬਾਦੀ, ਕੋਟ ਖਾਲਸਾ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਸੁਖਮਨਪ੍ਰੀਤ ਕੌਰ (ਕੁਆਰੀ) ਮੇਰੇ ਕਹਿਣੇ ਤੋਂ ਬਾਹਰ ਹੈ, ਜਿਸ ਨੂੰ ਮੈਂ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ ਅਤੇ ਇਹ ਆਪਣੇ ਕੀਤੇ ਚੰਗੇ ਮਾੜੇ ਕੰਮਾਂ ਦੀ ਵੀ ਖੁਦ ਜ਼ਿੰਮੇਵਾਰ ਹੋਵੇਗੀ। ਇਸ ਵਿਚ ਮੇਰੀ ਕੋਈ ਜ਼ਿੰਮੇਵਾਰ ਨਹੀਂ ਹੋਵੇਗੀ।

ਮੈਂ, ਹਰਬੰਸ ਸਿੰਘ ਪੁੱਤਰ ਹਰਨਾਮ ਸਿੰਘ ਵਾਸੀ ਪਿੰਡ ਦੁੱਗਰੀ, ਰਹੀਮਪੁਰ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਦਿਲਵੀਰ ਸਿੰਘ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਬੰਧਿਤ ਨੋਟ ਕਰਨ।

ਮੈਂ, ਮੋਹਨ ਲਾਲ ਪੁੱਤਰ ਪੁੰਨੂ ਰਾਮ ਵਾਸੀ ਮਕਾਨ ਨੰ. 139, ਨਿਊ ਰਸੀਲਾ ਨਗਰ, ਫੇਜ-2, ਬਸਤੀ ਦਾਨਿਸ਼ਮੰਦਾ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੌਰਵ ਅਤੇ ਉਸਦੀ ਪਤਨੀ ਸ਼ਿਲਪਾ ਜੋ ਕਿ ਮੇਰੇ ਅਤੇ ਮੇਰੀ ਪਤਨੀ ਦੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਬੰਧਿਤ ਨੋਟ ਕਰਨ।

## ਬੇਦਖਲੀ ਨੋਟਿਸ

ਮੈਂ ਬਲਦੇਵ ਸਿੰਘ ਪੁੱਤਰ ਜੁਗਿੰਦਰ ਸਿੰਘ ਪਿੰਡ ਦਾਤੇਵਾਲ (ਮੋਗਾ) ਦਾ ਹਾਂ। ਇਹ ਕਿ ਮੇਰੀ ਲੜਕੀ ਅੱਕੀ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜੁੰਮੇਵਾਰ ਹੋਵੇਗਾਂ। ਸਬੰਧਤ ਨੋਟ ਕਰਨ।

ਮੈਂ ਨਿਰਵੈਲ ਸਿੰਘ ਪੁੱਤਰ ਪ੍ਰੇਮ ਸਿੰਘ ਵਾਸੀ ਪਿੰਡ ਜੰਗਲਾ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ । ਮੇਰਾ ਲੜਕਾ ਗੁਲਸ਼ਨ ਜੋ ਕਿ ਬਾਲਗ ਹੈ ਮੇਰੇ ਕਹਿਣੇ ਤੋਂ ਬਾਹਰ ਹੈ । ਮੈਂ ਇਸ ਨੂੰ ਆਪਣੀ ਚੱਲ - ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਲੈਣ ਦੇਣ ਕਰਨ ਵਾਲੇ ਖੁਦ ਜ਼ਿੰਮੇਵਾਰ ਹੋਣਗੇ।

ਮੈਂ, ਹਾਕਮ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਨੇੜੇ ਸਬ-ਤਹਿਸੀਲ ਬਧਨੀ ਕਲਾਂ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਪਵਨਦੀਪ ਸਿੰਘ ਉਰਫ ਗੱਗੀ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਪਰਵੀਨ ਕੁਮਾਰੀ ਪਤਨੀ ਅਸ਼ੋਕ ਕੁਮਾਰ, ਵਾਸੀ ਮਕਾਨ ਨੰਬਰ 2821/42 ਪੱਕੀ ਗਲੀ ਮਾਨ ਸਿੰਘ ਗੇਟ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਗੋਪਾਲ ਅਤੇ ਉਸ ਦੀ ਪਤਨੀ ਅੰਜਲੀ ਗਿੱਲ ਉਰਫ ਬਿੰਨੀ ਕਹਿਣੇ ਤੋਂ ਬਾਹਰ ਹਨ ਅਤੇ ਮੇਰੇ ਨਾਲ ਲੜਾਈ-ਝਗੜਾ ਕਰਦੇ ਹਨ।। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਅਸ਼ੋਕ ਕੁਮਾਰ ਪੁੱਤਰ ਪ੍ਰੀਤਮ ਚੰਦ ਵਾਸੀ ਪਿੰਡ ਨੰਗਲ ਸਲੀਮਪੁਰ, ਧੋਗੜੀ ਰੋਡ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜਸਪਾਲ ਅਤੇ ਉਸਦੀ ਪਤਨੀ ਨੇਹਾ ਉਰਫ ਸੁਮਨ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ । ਜਿਸ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਜੋ ਕੋਈ ਵੀ ਇਨ੍ਹਾਂ ਦੇ ਨਾਲ ਕਿਸੇ ਤਰਾਂ ਦਾ ਲੈਣ-ਦੇਣ ਕਰਦਾ ਹੈ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ ।

ਮੈਂ, ਮਹੇਸ਼ ਕੁਮਾਰ ਪੁੱਤਰ ਸ਼੍ਰੀ ਰਾਮ ਪ੍ਰਸ਼ਾਦ ਵਾਸੀ ਮਕਾਨ ਨੰ: 2, ਬਸਤੀ ਪੀਰ ਦਾਦ, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਾਹੁਲ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਸੀਮਾ ਪਤਨੀ ਦਰਸ਼ਨ ਲਾਲ ਵਾਸੀ ਮੁੱਹਲਾ ਚੀਮਾ ਬਜਾਰ, ਨੂਰਮਹਿਲ, ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰੀ ਲੜਕੀ ਸਿਮਰਨ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦੀ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਜੋਗਿੰਦਰ ਸਿੰਘ ਪੁੱਤਰ ਸ. ਕਰਤਾਰ ਸਿੰਘ ਵਾਸੀ ਮਕਾਨ ਨੰ: ਡਬਲਯੂ ਐਕਸ-213, ਬਸਤੀ ਨੌ, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਰਣਜੀਤ ਸਿੰਘ, ਉਸਦੀ ਪਤਨੀ ਸਿਮਰਨ ਕੌਰ ਉਰਫ ਮਨੀ ਵਾ ਇਨ੍ਹਾਂ ਦਾ ਲੜਕਾ ਕਰਨਵੀਰ ਸਿੰਘ ਤੇ ਲੜਕੀ ਸਿਮਰਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਕੁਸੁਮ ਪਤਨੀ ਰਾਮ ਲੁਭਾਇਆ ਵਾਸੀ ਮਕਾਨ ਨੰ: ਬੀ-33/371, ਕਕੇਜ਼ਿਆਂ ਗਲੀ, ਬਟਾਲਾ, ਜ਼ਿਲ੍ਹਾ ਗੁਰਦਾਸਪੁਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਰਾਕੇਸ਼ ਭਾਟੀਆ, ਉਸਦੀ ਪਤਨੀ ਸੁਚਿਤ੍ਰਾ ਤੇ ਪੋਤਰੀ ਰੀਸ਼ੀਕਾ ਭਾਟੀਆ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜੇਕਰ ਕੋਈ ਵੀ ਵਿਅਕਤੀ ਇਨ੍ਹਾਂ ਨਾਲ ਕਿਸੇ ਵੀ ਤਰ੍ਹਾਂ ਦਾ ਲੈਣ ਦੇਣ ਕਰੇਗਾ, ਉਹ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਵਾ ਮੇਰੇ ਪਰਿਵਾਰ ਦਾ ਇਨ੍ਹਾਂ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

ਮੈਂ, ਲੱਖਾ ਸਿੰਘ ਪੁੱਤਰ ਬਲਕਾਰ ਸਿੰਘ, ਵਾਸੀ ਮਕਾਨ ਨੰਬਰ 7386, ਗਲੀ ਨੰ: 8, ਸੁਭਾਸ਼ ਕਾਲੋਨੀ, ਮੁਸਤਫਾਬਾਦ, ਬਟਾਲਾ ਰੋਡ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਅਮਨਦੀਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਵਾਰ ਦਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ।

ਮੈਂ, ਰਣਜੀਤ ਸਿੰਘ ਪੁੱਤਰ ਹੀਰਾ ਸਿੰਘ, ਵਾਸੀ ਗੁਰਦੁਆਰਾ ਥੜਾ ਸਾਹਿਬ ਲੋਧੀਪੁਰ, ਤਹਿਸੀਲ ਸ੍ਰੀ ਅਨੰਦਪੁਰ ਸਾਹਿਬ, ਜ਼ਿਲ੍ਹਾ ਰੋਪੜ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਸਿਮਰਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦੀ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਗੁਰਦੀਪ ਸਿੰਘ ਪੁੱਤਰ ਤਰਸੇਮ ਸਿੰਘ, ਵਾਸੀ ਪਿੰਡ ਮਲਕਪੁਰ ਬੋਦਲ, ਤਹਿ. ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰੀ ਪੁੱਤਰੀ ਹਰਪ੍ਰੀਤ ਕੌਰ, ਜੋ ਮੇਰੇ ਕਹਿਣੇਕਾਰ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦੀ ਹਾਂ, ਜਿਸ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ, ਸੰਬੰਧ ਰੱਖਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰਕ ਮੈਂਬਰਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਕੁਲਦੀਪ ਕੌਰ ਵਿਰਦੀ ਪਤਨੀ ਗੁਰਮੇਲ ਸਿੰਘ, ਵਾਸੀ ਮਕਾਨ ਨੰ: 16, ਵਿਨੈ ਨਗਰ, ਹੁਸ਼ਿਆਰਪੁਰ ਰੋਡ, ਤਹਿ. ਵਾ ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰੀ ਲੜਕੀ ਕਮਲਦੀਪ ਕੌਰ ਰਾਣਾ, ਵਾਸੀ ਆਸਟ੍ਰੇਲੀਆ, ਜੋ ਮੇਰੇ ਕਹਿਣੇਕਾਰ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦੀ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ, ਸੰਬੰਧ ਰੱਖਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰਕ ਮੈਂਬਰਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

## ਨਾਂਅ ਦੀ ਬਦਲੀ

ਮੈਂ ਅਜੀਤ ਪਾਲ ਪੁੱਤਰ ਹੰਸਰਾਜ ਮਕਾਨ ਨੰਬਰ-302, ਗਲੀ ਨੰਬਰ-2, ਆਬਾਦਪੁਰਾ, ਜਲੰਧਰ, ਪੰਜਾਬ ਦਾ ਰਹਿਣ ਵਾਲਾ ਹਾਂ। ਮੇਰਾ ਨਾਮ ਪਾਲ ਅਜੀਤ ਹੈ। ਪਾਲ ਮੇਰਾ ਸਰ ਨੇਮ ਹੈ। ਸੰਬੰਧਿਤ ਨੋਟ ਕਰਨ।

ਮੈਂ ਰਾਜਿੰਦਰ ਕੌਰ ਪਤਨੀ ਅਜੀਤ ਪਾਲ, ਮਕਾਨ ਨੰਬਰ-302, ਗਲੀ ਨੰਬਰ-2, ਆਬਾਦਪੁਰਾ, ਜਲੰਧਰ, ਪੰਜਾਬ ਦੀ ਰਹਿਣ ਵਾਲੀ ਹਾਂ। ਮੇਰਾ ਨਾਮ ਕੌਰ ਰਾਜਿੰਦਰ ਹੈ। ਕੌਰ ਮੇਰਾ ਸਰ ਨੇਮ ਹੈ। ਸੰਬੰਧਿਤ ਨੋਟ ਕਰਨ।

ਮੈਂ, ਕ੍ਰਿਸ਼ਨ ਕੁਮਾਰ ਪੁੱਤਰ ਸ੍ਰੀ ਚਰਨ ਦਾਸ ਸਿੰਗਲਾ ਵਾਸੀ ਅਮਰ ਕੰਡੇ ਵਾਲੀ ਗਲੀ, ਤਾਜਪੁਰ ਰੋਡ, ਗੁਰੂ ਰਾਮਦਾਸ ਨਗਰ, ਭਾਮੀਆਂ ਖੁਰਦ, ਲੁਧਿਆਣਾ। ਮੈਂ ਆਪਣਾ ਨਾਂਅ ਕ੍ਰਿਸ਼ਨ ਕੁਮਾਰ ਸਿੰਗਲਾ ਤੋਂ ਬਦਲ ਕੇ ਕ੍ਰਿਸ਼ਨ ਕੁਮਾਰ ਰੱਖ ਲਿਆ ਹੈ।

## ਆਮ ਸੂਚਨਾ

ਸੂਚਿਤ ਕੀਤਾ ਜਾਂਦਾ ਹੈ ਕਿ ਜੁਲਾਈ 2019 ਤੋਂ ਪਹਿਲਾਂ ਮਰੀਜ਼ ਮੈਡੀਕਲ ਰਿਕਾਰਡ ਨੂੰ ਨਸ਼ਟ ਕੀਤਾ ਜਾ ਰਿਹਾ ਹੈ। ਕਿਸੇ ਵੀ ਰਿਕਾਰਡ ਨੂੰ ਪ੍ਰਾਪਤ ਕਰਨ ਦਾ ਚਾਹਵਾਨ ਵਿਅਕਤੀ ਇਸਨੂੰ ਅੱਜ ਤੋਂ ਇੱਕ ਮਹੀਨੇ ਦੇ ਅੰਦਰ ਅੰਦਰ ਪ੍ਰਾਪਤ ਕਰ ਸਕਦਾ ਹੈ। ਡਾਕਟਰ ਅਮਨ ਸ਼ਰਮਾ ਐਮ ਡੀ ਭਗਵਾਨ ਹੈਲਥ ਕੇਅਰ ਸੈਂਟਰ ਪਾਤੜਾਂ (ਪਟਿਆਲਾ) 9463035786.

ਮੈਂ, ਵਿਜੈ ਕੁਮਾਰ ਪੁੱਤਰ ਚਰਨ ਲਾਲ ਕਪੂਰ ਵਾਸੀ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੇਰੇ ਪਾਸਪੋਰਟ ਨੰ:Y6467942 ਉਪਰ ਮੇਰੇ ਪਿਤਾ ਦਾ ਨਾਂਅ ਚਰਨ ਲਾਲ ਕਪੂਰ ਲਿਖਿਆ ਹੋਇਆ ਹੈ, ਜੋ ਕਿ ਸਹੀ ਹੈ। ਜਦ ਕਿ ਮੇਰੇ ਕੁਝ ਪਰੂਫਾਂ ਉਪਰ ਉਸ ਦਾ ਨਾਂਅ ਗੁਰਚਰਨ ਲਾਲ ਅਤੇ ਕੁਝ ਉਪਰ ਗੁਰਚਰਨ ਦਾਸ ਦਰਜ ਹੈ, ਜੋ ਕਿ ਗਲਤ ਹੈ, ਜਦ ਕਿ ਉਸ ਨੂੰ ਚਰਨ ਲਾਲ ਕਪੂਰ ਦੇ ਨਾਂਅ ਨਾਲ ਜਾਣਿਆ ਜਾਂਦਾ ਸੀ।

ਅਸੀਂ ਨਵਦੀਪ ਸਿੰਘ ਲੜਕਾ ਕਿਰਨਜੀਤ ਕੌਰ ਲੜਕੀ ਰਾਜਵਿੰਦਰ ਕੌਰ ਮਕਾਨ ਨੰਬਰ 154, ਨਿਊ ਅਨਮੋਲ ਇਨਕਲੇਵ ਰਾਮ ਤੀਰਥ ਰੋਡ ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਪਿਤਾ/ ਪਤੀ ਕੁਲਬੀਰ ਸਿੰਘ ਪੁੱਤਰ ਆਤਮਾ ਸਿੰਘ ਸਾਡੇ ਕਹਿਣੇ ਤੋਂ ਬਾਹਰ ਹਨ ਅਸੀਂ ਇਨ੍ਹਾਂ ਨਾਲ ਆਪਣੇ ਸਾਰੇ ਸੰਬੰਧ ਤੋੜਦੇ ਹਾਂ ਇਨ੍ਹਾ ਨਾਲ ਲੈਣ ਦੇਣ ਕਰਨ ਵਾਲਾ, ਖੁਦ ਜਿਮੇਦਾਰ ਹੋਵੇਗਾ।

ਮੈਂ, ਸ਼ਿਵ ਕੁਮਾਰ ਪੁੱਤਰ ਮੋਹਨ ਲਾਲ ਵਾਸੀ ਮਕਾਨ ਨੰ: 125, ਮੇਜਰ ਸਿੰਘ ਕਲੋਨੀ, ਘਾਹ ਮੰਡੀ, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰੇ ਭਰਾ ਦਾ ਲੜਕਾ ਜਤਿਨ ਉਰਫ ਵਿਸ਼ੂ ਜੋ ਕਿ ਪਿਛਲੇ 1.5 ਸਾਲ ਤੋਂ ਮੇਰੇ ਘਰ ਵਿੱਚ ਰਹਿ ਰਿਹਾ ਹੈ, ਅਤੇ ਮੇਰੇ ਕਹਿਣੇ ਤੋਂ ਬਾਹਰ ਹੈ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਹੈ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਇਸ ਪਬਲਿਕ ਨੋਟਿਸ ਰਾਹੀਂ ਸਾਰਿਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮੋਟਰ ਕੁਨੈਕਸ਼ਨ AP 72/35, 7½ ਹਾਰਸ ਪਾਵਰ ਜੋ ਚਰਨ ਸਿੰਘ ਪੁੱਤਰ ਭਗਤ ਸਿੰਘ, ਪਿੰਡ ਜਾਤੀ ਕੇ, ਤਹਿਸੀਲ ਵਾ ਜ਼ਿਲ੍ਹਾ ਕਪੂਰਥਲਾ ਦੇ ਨਾਂਅ ਰਕਬਾ ਜਾਤੀ ਕੇ, ਜ਼ਿਲ੍ਹਾ ਕਪੂਰਥਲਾ ਵਿਖੇ ਚੱਲਦਾ ਹੈ, ਨੂੰ ਆਪਣੇ ਨਾਂਅ ਕਰਾਉਣ ਲਈ ਸੁਖਜਿੰਦਰ ਸਿੰਘ ਪੁੱਤਰ ਚਰਨ ਸਿੰਘ, ਵਾਸੀ ਪਿੰਡ ਜਾਤੀ ਕੇ, ਜ਼ਿਲ੍ਹਾ ਕਪੂਰਥਲਾ ਨੇ ਇਸ ਦਫਤਰ ਵਿੱਚ ਦਰਖਾਸਤ ਦਿੱਤੀ ਹੈ। ਜੇਕਰ ਇਸ ਬਾਬਤ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਪ ਮੰਡਲ ਅਫਸਰ, ਪਾਵਰਕਾਮ ਸਬ-ਡਵੀਜ਼ਨ ਢਿੱਲਵਾਂ ਜ਼ਿਲ੍ਹਾ ਕਪੂਰਥਲਾ ਨੂੰ 15 ਦਿਨਾਂ ਦੇ ਅੰਦਰ-ਅੰਦਰ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ।

ਇਸ ਪਬਲਿਕ ਨੋਟਿਸ ਰਾਹੀਂ ਸਾਰਿਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮੋਟਰ ਕੁਨੈਕਸ਼ਨ AP 72/0566, 7½ ਹਾਰਸ ਪਾਵਰ ਜੋ ਚਰਨ ਸਿੰਘ ਪੁੱਤਰ ਭਗਤ ਸਿੰਘ ਪਿੰਡ ਜਾਤੀ ਕੇ, ਤਹਿਸੀਲ ਵਾ ਜ਼ਿਲ੍ਹਾ ਕਪੂਰਥਲਾ ਦੇ ਨਾਂਅ ਰਕਬਾ ਜਾਤੀ ਕੇ, ਜ਼ਿਲ੍ਹਾ ਕਪੂਰਥਲਾ ਵਿਖੇ ਚੱਲਦਾ ਹੈ, ਨੂੰ ਆਪਣੇ ਨਾਂਅ ਕਰਾਉਣ ਲਈ ਸੁਖਜਿੰਦਰ ਸਿੰਘ ਪੁੱਤਰ ਚਰਨ ਸਿੰਘ, ਵਾਸੀ ਪਿੰਡ ਜਾਤੀ ਕੇ, ਜ਼ਿਲ੍ਹਾ ਕਪੂਰਥਲਾ ਨੇ ਇਸ ਦਫਤਰ ਵਿੱਚ ਦਰਖਾਸਤ ਦਿੱਤੀ ਹੈ। ਜੇਕਰ ਇਸ ਬਾਬਤ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਪ ਮੰਡਲ ਅਫਸਰ, ਪਾਵਰਕਾਮ ਸਬ-ਡਵੀਜ਼ਨ ਢਿੱਲਵਾਂ ਜ਼ਿਲ੍ਹਾ ਕਪੂਰਥਲਾ ਨੂੰ 15 ਦਿਨਾਂ ਦੇ ਅੰਦਰ-ਅੰਦਰ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ।

ਇਸ ਪਬਲਿਕ ਨੋਟਿਸ ਰਾਹੀਂ ਸਾਰਿਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮੋਟਰ ਕੁਨੈਕਸ਼ਨ AP 72/0658, 6 ਹਾਰਸ ਪਾਵਰ ਜੋ ਚਰਨ ਸਿੰਘ ਪੁੱਤਰ ਭਗਤ ਸਿੰਘ ਪਿੰਡ ਜਾਤੀ ਕੇ, ਤਹਿਸੀਲ ਵਾ ਜ਼ਿਲ੍ਹਾ ਕਪੂਰਥਲਾ ਦੇ ਨਾਂਅ ਰਕਬਾ ਮੰਡ ਜਾਤੀ ਕੇ, ਜ਼ਿਲ੍ਹਾ ਕਪੂਰਥਲਾ ਵਿਖੇ ਚੱਲਦਾ ਹੈ, ਨੂੰ ਆਪਣੇ ਨਾਂਅ ਕਰਾਉਣ ਲਈ ਸੁਖਜਿੰਦਰ ਸਿੰਘ ਪੁੱਤਰ ਚਰਨ ਸਿੰਘ, ਵਾਸੀ ਪਿੰਡ ਜਾਤੀ ਕੇ, ਜ਼ਿਲ੍ਹਾ ਕਪੂਰਥਲਾ ਨੇ ਇਸ ਦਫਤਰ ਵਿੱਚ ਦਰਖਾਸਤ ਦਿੱਤੀ ਹੈ। ਜੇਕਰ ਇਸ ਬਾਬਤ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਪ ਮੰਡਲ ਅਫਸਰ, ਪਾਵਰਕਾਮ ਸਬ-ਡਵੀਜ਼ਨ ਢਿੱਲਵਾਂ ਜ਼ਿਲ੍ਹਾ ਕਪੂਰਥਲਾ ਨੂੰ 15 ਦਿਨਾਂ ਦੇ ਅੰਦਰ-ਅੰਦਰ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ।

## PUBLIC NOTICE

It is for general information that I, VISHAL KUMAR S/o BALVIR CHAND, R/o H No. 1608/6, Sagran Mohalla, Adampur, Adampur Doaba, Jalandhar, Punjab-144102, declare that name of my father has been wrongly written as BALVIR KUMAR in my all educational documents. The actual name of my father is BALVIR CHAND, which may be amended accordingly. It is certified that I have complied with other legal requirements in this connection. VISHAL KUMAR.

I, Jasvinder Singh Kahlon S/O Kirpal Singh, R/o # 1373, Chaman, Colony Dhanas, Chandigarh- 160036, Declare that name of Mine and My wife has been wrongly written as Jasvinder and Renu in my minor Son Reedham Kahlon, aged about 17 years, In his 10th Class Certificate. The actual name of Mine and My wife are Jasvinder Singh Kahlon and Reenu, which may be amended accordingly.

I, Puran Dass S/O Gian Singh, R/o H No.142-b, Green Field, Near Employment Office, Dist : Ludhiana, Punjab- 141001, Declare that name of My Wife has been wrongly written as Bhawna in my minor Daughter Arpita, aged about 17 years, In her 10th Class Certificate. The actual name of My Wife is Bhawana, which may be amended accordingly.

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

### COURT NOTICE

(U/o 5 Rule 20 CPC)
In the Court of Ms. Prabhjot Kaur
Additional Civil Judge (Senior Division), Pathankot
CNR No. PBP002-000142-2025
Next Date:- 06-10-2025
Mamta Devi
Vs.
General Public

Petition Under Section 8 of Hindu Minority and Guardianship Act of 1956, for getting permission to sell the share of the minor namely (1) Rachiket S/o Late Sh. Vikram Singh S/o Sh. Anchal Singh and (ii) Ridhanshi D/o Late Sh. Vikram Singh S/o Sh. Anchal Singh

Publication Issued To:
General Public

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 06-10-2025 at 10:00 a.m.

For details logon to https://highcourtchd.gov.in/?mod=district_notice&district=Pathankot

Additional Civil Judge (Senior Division) Pathankot
Dated, this day of 03-09-2025

### COURT NOTICE

(U/o 5 Rule 20 CPC)
{UNDER GUARDIAN AND WARD ACT}
In the Court of Ms. Manni Arora Civil Judge (Senior Division), Patiala
CNR No. PBPT02-003032-2025
Next Date: 15-10-2025
Paramjit Kaur
Vs.
General Public
Notice To:
General Public

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 15-10-2025 at 10:00 a.m.

For details logon to https://highcourtchd.gov.in/?mod=district_notice&district=patiala

Civil Judge (Senior Division)
Patiala
Dated, this day of 05-09-2025

### COURT NOTICE

(U/o 5 Rule 20 CPC)
In the Court of
Sh. Akbar Khan
Additional Civil Judge (Senior Division), Guruharsahai
Cs/23/2025
CNR No. PBFZD0-000773-2024
Next Date:-29-09-2025

State Bank of India having one of its Branch office at Guruharsahai Distt. Ferozepur through its Manager and Principal officer namely Navdeep Singh

Vs.

M/s Ashok Cloth House
Recovery of Rs 5,21,400/-

Publication Issued To:

1. M/s Ashok Cloth house, Muktsar Road, Near Aara, Guruharsahai , Tehsil Guruharsahai, Distt. Ferozepur through its Sole proprietor Ashok Kumar S/o Chiman Lal
2. Ashok Kumar Son of Chiman Lal R/o Street Dhawna Wali, Guruharsahai, Distt. Ferozepur proprietor of M/s Ashok Cloth House, Muktsar Road, Near Aara, Guruharsahai, Near Aara, Guruharsahai Distt. Ferozepur

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 29-09-2025 at 10:00 a.m.

For details logon to https://highcourtchd.gov.in/?mod=district_notice&district=mogacourt

Additional Civil Judge (Senior Division) Guruharsahai
Dated, this day of 04-09-2025

### CRIMINAL COURTS, LUDHIANA

In the Court of Ms. Shruti
Judicial Magistrate - Ist Class, Ludhiana
Next Date, Purpose of case, Orders and Judgments as well as other case information is available on http://ecourts.gov.in
Case No. :- COMA/6448/2023
Arhant Rai Vs M/S Cyclone Industry
Police Station/Fir No. Sadar Ludhiana//0
PBLD03-038379-2023
NEXT DATE : 24-10-2025
138 of Negotiable Instruments Act
Proclamation Requiring The Appearance Of A Person Accused
Detail of Offence:-
Notice To:
M/S Cyclone Industry
Through its Prop. Rajan R/o 184/5, New Sant Nagar, Jalandhar
2- Rajan Prop. of M/S Cyclone Industry R/o H.No. 2092 Ground Floor Sector 32-A, Chandigarh Road, Ludhiana

Whereas Complaint/Case has been made before me That M/S Cyclone Industry :- R/o Through its Prop. Rajan R/o 184/5, New Sant Nagar, Jalandhar IInd Address : Rajan H. No. 2092 Ground Floor Sector 32-A, Chandigarh Road, Ludhiana has committed (or is suspected to have committed) the offence punishable under section 138 of Negotiable Instruments Act and it has been returned to a warrant of arrest thereupon issued that the said M/S CYCLONE INDUSTRY cannot be found, and whereas it has been shown to my satisfaction that the said M/S CYCLONE INDUSTRY has absconded (or is concealing himself/herself to avoid the service of the said warrant); Proclamation is hereby made that the said M/S CYCLONE INDUSTRY required to appear before this Court (or before me) on 24-10-2025 to answer the said complaint/case.

Judicial Magistrate - 1st Class, Ludhiana
Dated, this day of 02-09-2025.

### ਉੱਤਰ ਰੇਲਵੇ

#### ਈ-ਨਿਵਿਦਾ ਸੂਚਨਾ

ਮੰਡਲ ਇੰਜੀਨੀਅਰ-ਹੈਡਕੁ. ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ **25.09.2025** ਸਮਾਂ 15.00 ਵਜੇ ਤਕ, www.ireps.gov.in ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ ਇਨਾਂ ਟੈਂਡਰਾਂ ਦੇ ਲਈ ਮੈਨੂੰਅਲ ਪ੍ਰਸਤਾਵ ਮਾਨਯ ਨਹੀਂ ਹੈ ਅਤੇ ਐਸੇ ਕਿਸੇ ਵੀ ਮੈਨੂੰਅਲ ਪ੍ਰਾਪਤ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ।ਠੇਕੇਦਾਰ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਭੁਗਤਾਨ ਕੇਵਲ www.ireps.gov.in ਪੋਰਟਲ ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ, ਤੇ ਕਰੈਡਿਟ ਕਾਰਡ ਆਦਿ ਨਾਲ ਭੁਗਤਾਨ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਖੁਲ੍ਹਾ | ਨਿਵਿਦਾ ਅਨੁਭਾਗ | ਕੰਮ | ਬੋਲੀ ਪ੍ਰਣਾਲੀ | ਸਿੰਗਲ ਪੈਕੇਟ ਪ੍ਰਣਾਲੀ |
|---|---|---|---|---|---|
| ਨਿਵਿਦਾ ਅਪਲੋਡ ਕਰਨ ਦੀ ਮਿਤੀ | 02.09.2025 17:48 ਵਜੇ | ਬੋਲੀ ਸ਼ੁਰੂ ਦੀ ਮਿਤੀ | 11.09.2025 | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ | 25.09.2025 15:00 ਵਜੇ |

| ਲ.ਨੰ. | ਨਿਵਿਦਾ ਨੰ. | ਨਿਵਿਦਾ ਦਾ ਵੇਰਵਾ | | |
|---|---|---|---|---|
| 1. | 58-2025-26-DEN-HQ-FZR | ਮੰਡਲ ਇੰਜੀਨੀਅਰ-ਹੈਡਕੁਆਟਰ/ਫਿਰੋਜਪੁਰ ਦੇ ਅਧਿਕਾਰ ਖੇਤਰ ਦੇ ਤਹਿਤ ਨੰਬਰ 78 ਮੌਜੂਦਾ ਲੇਵਲ ਕ੍ਰਾਸਿੰਗ ਤੇ ਰਬਰਯੁਕਤ ਲੇਵਲ ਕ੍ਰਾਸਿੰਗ ਦੇ ਪ੍ਰਾਵਧਾਨ ਦਾ ਕੰਮ। | | |
| ਵਿਗਿਆਪਨ ਮੁੱਲ | ₹6,80,40,417.47 | ਬਿਆਨਾ ਰਾਸ਼ੀ: ₹4,90,200.00 | ਆਫਰ ਦੀ ਵੈਲੇਡਿਟੀ: 60 ਦਿਨ | ਸਮਾਪਨ ਦੀ ਅਵਧੀ: 12 ਮਹੀਨੇ |
| ਕੰਮ ਦੀ ਸਮਾਨ ਨੇਚਰ:- | "ਸੜਕ ਕੰਮ ਜਾਂ ਐਲ.ਸੀ. ਗੇਟ ਸੜਕ ਜਾਂ ਫਰਸ਼ ਕੰਮ" | | | |
| 2. | 119-2025-26-ADEN-2-FZR | ਸਹਾਇਕ ਮੰਡਲ ਇੰਜੀਨੀਅਰ-ਸੈਕਿੰਡ/ ਫਿਰੋਜਪੁਰ ਦੇ ਤਹਿਤ ਫਿਰੋਜਪੁਰ ਸ਼ਹਿਰ-ਫਾਜਿਲਕਾ ਤੇ ਗੰਭੀਰ ਰੂਪ ਨਾਲ ਜਲਮਗਨ ਐਲਐਚਐਸ ਵਿਚ ਸੀ-19 ਅਤੇ ਸੀ-20 ਐਲਐਚਐਸ ਤੇ ਮੌਜੂਦਾ ਦੀਵਾਰਾਂ ਨੂੰ ਉਪਰ ਚੁਕਣਾ ਦੇ ਪ੍ਰਾਵਧਾਨ ਦਾ ਕੰਮ। | | |
| ਵਿਗਿਆਪਨ ਮੁੱਲ | ₹73,34,262.34 | ਬਿਆਨਾ ਰਾਸ਼ੀ: ₹1,46,700.00 | ਆਫਰ ਦੀ ਵੈਲੇਡਿਟੀ: 60 ਦਿਨ | ਸਮਾਪਨ ਦੀ ਅਵਧੀ: 06 ਮਹੀਨੇ |
| ਕੰਮ ਦੀ ਸਮਾਨ ਨੇਚਰ:- | "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ" | | | |

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜੀ ਵਰਜਨ ਹੀ ਮਾਨਯ ਹੋਣਗੇ।

ਨਿਵਿਦਾ ਸੂਚਨਾ ਪੱਤਰ ਨੰ.: 58-2025-26-DEN-HQ-FZR & 119-2025-26-ADEM-2-FZR ਤਾਰੀਕ : 03.09.2025 2694/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

### ਕੋਰਟ ਨੋਟਿਸ, ਜ਼ਿਲ੍ਹਾ ਮੈਰਿਜ ਅਫ਼ਸਰ, ਜਲੰਧਰ V/S ਆਮ ਜਨਤਾ



ਵਿਸ਼ਾ : ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਬਾਰੇ।
ਬਿਨੈਕਾਰ ਦਾ ਨਾਮ : ਨਿਰਮਲ ਸਿੰਘ  ਪਿਤਾ/ਪਤੀ ਦਾ ਨਾਮ : ਸੁਦਾਗਰ ਸਿੰਘ
ਪਤਾ: Vill Chak Shakur Po Patial Ps Bhogpur Jalandhar/ Village - Chak Shakur/Tehsil -Sub-Tehsil-Bhogpur/ District - Jalandhar, Punjab
ਉਪਰੋਕਤ ਪ੍ਰਾਰਥੀ ਨੇ ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਲਈ ਸੇਵਾ ਕੇਂਦਰ ਵਿੱਚ ਬਿਨੈ ਪੱਤਰ ਦਿੱਤਾ ਹੈ। ਜਿਸ ਦੇ ਵੇਰਵੇ ਹੇਠ ਲਿਖੇ ਦਿੱਤੇ ਗਏ ਹਨ।
ਨਾਮ : ਕਰਨਪ੍ਰੀਤ ਕੌਰ  ਪੱਕਾ ਪਤਾ: Vill Chak Shakur Po Patial Ps Bhogpur Jalandhar, Chak Shakur, Sub-Tehsil - Bhogpur, Jalandhar, Punjab  ਵਿਦੇਸ਼ੀ ਪਤਾ : Albredo D Adige UR Italy / ਅਲਬਰੇਡੋ ਡੀ ਅਡੀਗੇ ਉਰ ਇਟਲੀ
ਉਮਰ/ਜਨਮ ਮਿਤੀ : 25-(22/12/1999)
ਬਿਨੈਕਾਰ ਨੇ ਕਿਹਾ ਹੈ ਕਿ ਉਸਦਾ ਭਾਰਤ ਵਿੱਚ ਕੋਈ ਵਿਆਹੁਤਾ ਸੰਬੰਧ ਨਹੀਂ ਹੈ।
ਆਮ ਲੋਕਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਜੇ ਉਪਰੋਕਤ ਸਰਟੀਫਿਕੇਟ ਜਾਰੀ ਕਰਨ ਬਾਰੇ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੋ ਤਾਂ ਉਹ ਵਿਅਕਤੀ ਜਾਂ ਉਸਦੇ ਨੁਮਾਇੰਦੇ ਇਸ ਨੋਟਿਸ ਦੇ ਜਾਰੀ ਹੋਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਆਪਣੀ ਇਤਰਾਜ਼ (ਸ਼ਿਕਾਇਤ) ਪੇਸ਼ ਕਰ ਸਕਦੇ ਹਨ। ਉਸ ਤੋਂ ਬਾਅਦ ਕੋਈ ਇਤਰਾਜ਼ ਨਹੀਂ ਮੰਨਿਆ ਜਾਵੇਗਾ।
ਇਹ ਇਸ਼ਤਿਹਾਰ ਮੇਰੇ ਦਸਤਖ਼ਤਾਂ ਹੇਠ ਅਦਾਲਤੀ ਮੋਹਰ ਨਾਲ ਮਿਤੀ 04.09.2025 ਨੂੰ ਜਾਰੀ ਹੋਇਆ।
ਨੰਬਰ 75/ਲੇਖਾ/ਵੀਡਰ  ਮਿਤੀ 04.09.2025  ਜ਼ਿਲ੍ਹਾ ਮੈਰਿਜ ਅਫ਼ਸਰ, ਜਲੰਧਰ, ਪੰਜਾਬ, ਭਾਰਤ

### VALLABH STEELS LIMITED

Regd. Off.: G.T. Road, Village Pawa, Sahnewal, Ludhiana-141 120(Punjab), India, CIN: L27109PB1980PLC004327 Tel.:+91-161-2511413, Fax: +91-161-2511414, E-mail: fin.ho@vallabhgroup.com website: www.vallabhsteelsltd.in

**NOTICE OF 45th ANNUAL GENERAL MEETING AND E-VOTING PROCEDURES**

NOTICE IS HEREBY GIVEN THAT the 45th Annual General Meeting ('AGM') of members of VALLABH STEELS LIMITED will be held on Tuesday, 30th September, 2025 at 10.00 A.M. at the Registered office of the Company at G.T. Road, Village Pawa, Sahnewal, Ludhiana-141 120, Punjab to transact businesses as detailed in the Notice dated 05th September, 2025 of AGM.

The Company has sent electronic copies of Annual Report for the financial year 2024-25, Notice of the 45th AGM and Attendance slip to those members who have registered their e-mail addresses. Electronic copy of Annual Report for the financial year 2024-25 and Notice for 45th AGM are also available on the Company's website www.vallabhsteelsltd.in.

The Company has completed the despatch of physical copies of these documents to all other members at their registered address in the permitted mode. The e-communication/ despatch of the same has been completed on Friday, 05th September, 2025.

In compliance with the provisions of Section 108 and other applicable provisions of the Companies Act, 2013 read with Rule 20 of the Companies (Management and Administration) Rules, 2014 as amended and Regulation 44 of SEBI (Listing Obligations and Disclosure Requirements) Regulations, 2015, the Company is pleased to provide facility to its members holding shares either in physical or dematerialized form as on Tuesday, 23rd September, 2025, to exercise their right to vote on resolutions proposed to be considered at AGM by electronic means, through E-Voting platform provided by National Securities Depository Limited (NSDL). Members are requested to follow the instructions of e-voting. The e-voting period for the Agenda set forth for the AGM shall commence from Saturday, 27th September, 2025 at 9.00 a.m. (IST) and end on Monday, 29th September, 2025 at 5.00 p.m. (IST).

The Members cannot exercise e-voting on the resolutions after 5:00 P.M. (IST) on 29.09.2025.

For instructions and manner of remote e-voting including Login ID and Password for remote e-voting,kindly refer to the notes section in the notice of AGM.

The facility for voting through ballot paper shall be made available at the AGM to the members who have not cast their vote through remote e-voting and are present at the AGM. Members who have cast their vote through remote e-voting prior to AGM may attend the AGM but shall not be entitled to vote again at the AGM.

The Company has appointed Ms. Kajal Rai, Practicing Company Secretary (Proprietor of M/s. Kajal Rai & Associates, Ludhiana) as 'Scrutinizer' for conducting the E-voting process in a fair and transparent manner. The Scrutinizer will submit his report to the company and the result of voting by way of electronic means /or through Ballot Paper will be declared on or after the AGM of the Company. The result will also be posted on the Company's website www.vallabhsteelsltd.in.In case of any query or grievance, you may refer to the Frequently Asked Questions (FAQ) and remote e-voting manual available at www.evoting.nsdl.com or call on toll free no. 1800-222-990.

For Vallabh Steels Limited
Sd/-
(Neelam Sharma)
Director

Place : Ludhiana
Dated : 05-09-2025

### SARUP INDUSTRIES LIMITED

Regd Off: P O Ramdaspura, Jalandhar-144003
Ph: 0181-3551601, CIN: L19113PB1979PLC004014
Website: www.sarupindustries.com; Email: compliancestl@gmail.com

**ਵੀਡੀਓ ਕਾਨਫਰੰਸਿੰਗ (ਵੀ ਸੀ)/ਹੋਰ ਆਡੀਓ-ਵਿਜ਼ੂਅਲ ਮੀਨਜ਼ (ਓ ਏ ਵੀ ਐੱਮ) ਰਿਮੋਟ ਈ-ਵੋਟਿੰਗ ਜਾਣਕਾਰੀ ਅਤੇ ਕਿਤਾਬ ਬੰਦ ਕਰਨ ਰਾਹੀਂ 46ਵੀਂ ਸਾਲਾਨਾ ਜਨਰਲ ਮੀਟਿੰਗ ਦਾ ਨੋਟਿਸ**

ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਕਾਰਪੋਰੇਟ ਮਾਮਲੇ ਮੰਤਰਾਲਾ (ਐੱਮ ਸੀ ਏ), ਐੱਮ ਸੀ ਏ ਸਰਕੂਲਰਜ਼ ਅਤੇ ਸੇਬੀ ਸਰਕੂਲਰ ਸਮੂਹਿਕ ਤੌਰ 'ਤੇ ਮਿਤੀ 12 ਮਈ 2020, 15 ਜਨਵਰੀ 2021, 13 ਮਈ 2022 ਅਤੇ 05 ਜਨਵਰੀ 2023 (ਸੇਬੀ ਸਰਕੂਲਰਜ਼) ਦੇ ਹਵਾਲੇ ਵਜੋਂ ਜਨਰਲ ਸਰਕੂਲਰ ਮਿਤੀ 8 ਅਪ੍ਰੈਲ 2020, 13 ਅਪ੍ਰੈਲ 2020, 05 ਮਈ 2020, 20 ਸਤੰਬਰ 2020, 31 ਦਸੰਬਰ 2020, 31 ਜਨਵਰੀ 2020, 08 ਦਸੰਬਰ 2021 ਅਤੇ 14 ਦਸੰਬਰ 2021, 02/2022 ਮਿਤੀ 5 ਮਈ 2020 ਅਤੇ 19/2022 ਮਿਤੀ 28 ਦਸੰਬਰ 2022 ਨਾਲ ਪੜ੍ਹੇ ਜਾਂਦੇ ਕੰਪਨੀਜ਼ ਐਕਟ 2013 ਦੀਆਂ ਯੋਗ ਵਿਵਸਥਾਵਾਂ ਅਤੇ ਇਸ ਤਹਿਤ ਬਣੇ ਨਿਯਮਾਂ ਅਤੇ ਸੇਬੀ (ਲਿਸਟਿੰਗ ਆਬਲੀਗੇਸ਼ਨਜ਼ ਐਂਡ ਡਿਸਕਲੋਜ਼ਰ ਰਿਕੁਆਇਰਮੈਂਟਸ ਰੈਗੂਲੇਸ਼ਨਜ਼), 2015 ਦੀ ਪਾਲਣਾ ਹਿੱਤ ਕਾਰੋਬਾਰ ਦੇ ਨਿਪਟਾਰੇ ਦੇ ਸੰਬੰਧ ਵਿੱਚ 46ਵੇਂ ਏ ਜੀ ਐੱਮ ਦਾ ਨੋਟਿਸ ਕੰਪਨੀ ਦੀ 46ਵੀਂ ਸਾਲਾਨਾ ਜਨਰਲ ਮੀਟਿੰਗ (ਏ ਜੀ ਐੱਮ) ਜੋ ਮੰਗਲਵਾਰ 30 ਸਤੰਬਰ 2025 ਨੂੰ ਦੁਪਹਿਰ 12.00 ਵਜੇ ਹੋਵੇਗੀ।

ਏ ਜੀ ਐੱਮ ਨੋਟਿਸ ਦੀਆਂ ਇਲੈਕਟ੍ਰਾਨਿਕ ਕਾਪੀਆਂ ਅਤੇ ਸਾਲਾਨਾ ਰਿਪੋਰਟ

ਐੱਮ ਸੀ ਏ ਸਰਕੂਲਰਜ਼ ਅਤੇ ਸੇਬੀ ਸਰਕੂਲਰ ਮਿਤੀ 12 ਮਈ 2020 ਤਹਿਤ ਬਣਾਏ ਗਏ ਨਿਯਮਾਂ ਅਤੇ ਐਕਟ ਦੀ ਪਾਲਣਾ ਹਿੱਤ ਏ ਜੀ ਐੱਮ ਦਾ ਨੋਟਿਸ ਅਤੇ ਵਿੱਤੀ ਸਾਲ 2025 ਦੀ ਸਾਲਾਨਾ ਰਿਪੋਰਟ ਉਨ੍ਹਾਂ ਸਾਰੇ ਮੈਂਬਰਾਂ ਨੂੰ ਭੇਜੀ ਜਾਵੇਗੀ, ਜਿਨ੍ਹਾਂ ਦੇ ਈ-ਮੇਲ ਪਤੇ ਕੰਪਨੀ ਡਿਪਾਜ਼ਟਰੀ ਪਾਰਟੀਸਿਪੈਂਟਸ ਕੋਲ ਰਜਿਸਟਰਡ ਹਨ। ਸ਼ੇਅਰਧਾਰਕ ਨੋਟ ਕਰਨ ਕਿ ਏ ਜੀ ਐੱਮ ਦਾ ਨੋਟਿਸ ਅਤੇ 2024-25 ਦੀ ਸਾਲਾਨਾ ਰਿਪੋਰਟ ਕੰਪਨੀ ਦੀ ਵੈੱਬਸਾਈਟ www.sarupindustries.com ਅਤੇ ਸਟਾਕ ਐਕਸਚੇਂਜਿਜ਼ ਦੀਆਂ ਵੈੱਬਸਾਈਟਾਂ ਜਿਨ੍ਹਾਂ ਕੰਪਨੀ ਦੇ ਇਕੁਇਟੀ ਸ਼ੇਅਰ ਸੂਚੀਬੱਧ ਹਨ, ਅਰਥਾਤ ਬੀ ਐੱਸ ਈ ਲਿਮਟਿਡ www.bseindia.com 'ਤੇ ਵੀ ਉਪਲੱਬਧ ਹੈ।

ਈ-ਮੇਲ ਆਈ ਡੀ ਨੂੰ ਰਜਿਸਟਰ/ਅਪਡੇਟ ਕਰਨ ਦਾ ਤਰੀਕਾ

ਜਿਨ੍ਹਾਂ ਸ਼ੇਅਰਧਾਰਕਾਂ ਨੇ ਅਜੇ ਤੱਕ ਆਪਣੀਆਂ ਈ-ਮੇਲ ਆਈ ਡੀ ਰਜਿਸਟਰ ਨਹੀਂ ਕਰਵਾਈਆਂ, ਨੂੰ ਬੇਨਤੀ ਹੈ ਕਿ ਆਪਣੀਆਂ ਈ-ਮੇਲ ਆਈ ਡੀ ਰਜਿਸਟਰਡ ਕਰਵਾਉਣ।

(1) ਭੌਤਿਕ ਮੋਡ 'ਚ ਸ਼ੇਅਰ ਰੱਖਣ ਵਾਲੇ ਸ਼ੇਅਰਧਾਰਕਾਂ

ਭੌਤਿਕ ਮੋਡ 'ਚ ਸ਼ੇਅਰ ਰੱਖਣ ਵਾਲੇ ਸ਼ੇਅਰਧਾਰਕ ਅਤੇ ਜਿਨ੍ਹਾਂ ਨੇ ਆਪਣੇ ਈ-ਮੇਲ ਪਤੇ ਅਪਡੇਟ ਨਹੀਂ ਕਰਵਾਏ, ਨੂੰ ਬੇਨਤੀ ਹੈ ਕਿ ਕੰਪਨੀ ਦੇ ਰਜਿਸਟਰਾਰ ਅਤੇ ਸ਼ੇਅਰ ਟਰਾਂਸਫਰ ਏਜੰਟ, ਜੋ ਕਿ ਸਕਾਈਲਾਈਨ ਫਾਇਨਾਂਸ਼ੀਅਲ ਸਰਵਿਸਿਜ਼ ਪ੍ਰਾਈਵੇਟ ਲਿਮਿਟਿਡ 'ਤੇ http://www.skylinerta.com/, info@skylinerta.com 'ਤੇ ਸ਼ੇਅਰਧਾਰਕ ਦਾ ਨਾਂਅ ਅਤੇ ਪਤਾ ਦਰਸਾਉਂਦੇ ਬੇਨਤੀ ਪੱਤਰ ਦੀਆਂ ਤਸਦੀਕਸ਼ੁਦਾ ਕਾਪੀ ਸਮੇਤ, ਸ਼ੇਅਰ ਸਰਟੀਫਿਕੇਟ ਦੀ ਸਕੈਨਡ ਕਾਪੀ, ਪੈਨ ਕਾਰਡ ਦੀ ਸਵੈ-ਤਸਦੀਕਸ਼ੁਦਾ ਕਾਪੀ ਅਤੇ ਕਿਸੇ ਹੋਰ ਦਸਤਾਵੇਜ਼ (ਜਿਵੇਂ ਡਰਾਈਵਿੰਗ ਲਾਇਸੰਸ, ਵੋਟਰ ਕਾਰਡ, ਪਾਸਪੋਰਟ ਦੀ ਕਾਪੀ ਸ਼ੇਅਰਧਾਰਕ ਦੇ ਪਤੇ ਨੂੰ ਸਮਰਥਤ ਲਿਖ ਕੇ ਬੇਨਤੀ ਕਰ ਸਕਦੇ ਹਨ।

(2) ਡੀਮਟੀਰੀਅਲਾਈਜ਼ਡ ਮੋਡ 'ਚ ਸ਼ੇਅਰ ਰੱਖਣ ਵਾਲੇ ਸ਼ੇਅਰਧਾਰਕ :

ਸ਼ੇਅਰਧਾਰਕਾਂ ਨੂੰ ਬੇਨਤੀ ਹੈ ਕਿ ਉਹ ਢੁਕਵੇਂ ਡਿਪਾਜ਼ਟਰੀ ਪਾਰਟੀਸਿਪੈਂਟਸ ਨੂੰ ਆਪਣੀ ਈ-ਮੇਲ ਆਈ ਡੀ ਨੂੰ ਰਜਿਸਟਰਡ ਕਰਵਾਉਣ/ਈ-ਮੇਲ ਪਤੇ ਨੂੰ ਰਜਿਸਟਰ ਕਰਵਾਉਣ ਲਈ ਕਿਸੇ ਪੁੱਛਗਿੱਛ/ਮੁਸ਼ਕਿਲ ਲਈ ਸ਼ੇਅਰਧਾਰਕ Skyline at info@skylinerta.com 'ਤੇ ਲਿਖ ਸਕਦੇ ਹਨ।

ਵੀ ਸੀ/ਓ ਏ ਵੀ ਐੱਮ ਰਾਹੀਂ ਏ ਜੀ ਐੱਮ 'ਚ ਹਿੱਸਾ ਲੈਣਾ:

ਸ਼ੇਅਰਧਾਰਕ ਏ ਜੀ ਐੱਮ 'ਚ ਵੀ ਸੀ/ ਓ ਏ ਵੀ ਐੱਮ ਸਹੂਲਤ ਰਾਹੀਂ ਹਾਜ਼ਰੀ/ਹਿੱਸਾ ਲੈ ਸਕਦੇ ਹਨ, ਜੋ ਕਿ ਕੇਵਲ ਨੈਸ਼ਨਲ ਸਕਿਊਰਟੀਜ਼ ਡਿਪਾਜ਼ਟਰੀ ਲਿਮਟਿਡ (ਐੱਨ ਐੱਸ ਡੀ ਐੱਲ) 'ਤੇ ਉਪਲੱਬਧ ਹੋਵੇਗੀ, ਜਿਸ ਦਾ ਵੇਰਵਾ ਕੰਪਨੀ ਦੀ ਏ ਜੀ ਐੱਮ ਦੇ ਨੋਟਿਸ 'ਚ ਦਿੱਤਾ ਹੋਇਆ ਹੈ।

ਬੋਰਡ ਦੇ ਵਾਸਤੇ ਅਤੇ ਵੱਲੋਂ
ਮਿਤੀ : 05.09.2025  ਸਿਮਰਜੀਤ ਸਿੰਘ ਬਾਵਾ, ਡੀ ਆਈ ਐੱਨ : 0851651
ਸਥਾਨ : ਜਲੰਧਰ  ਮੈਨੇਜਿੰਗ ਡਾਇਰੈਕਟਰ

## 1700 ਗਜ਼ਟਿਡ ਅਫਸਰ ਹੜ੍ਹ ਪ੍ਰਭਾਵਿਤ ਪਿੰਡਾਂ 'ਚ ਬਚਾਅ ਤੇ ਰਾਹਤ ਕਾਰਜਾਂ ਦੀ ਨਿਗਰਾਨੀ ਕਰਨਗੇ: ਮੁੱਖ ਮੰਤਰੀ

**ਚੰਡੀਗੜ੍ਹ (ਕ੍ਰਿਸ਼ਨ ਗਰਗ, ਗੁਰਜੀਤ ਬਿੱਲਾ)**- ਪੰਜਾਬ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਬਚਾਅ ਤੇ ਰਾਹਤ ਕਾਰਜਾਂ ਦੀ ਨਿਗਰਾਨੀ ਹੋਰ ਅਸਰਦਾਰ ਢੰਗ ਨਾਲ ਕਰਨ ਲਈ ਵੱਡਾ ਕਦਮ ਚੁੱਕਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਨ੍ਹਾਂ ਕਾਰਜਾਂ ਦੀ ਨਿਗਰਾਨੀ ਲਈ ਹਰੇਕ ਪ੍ਰਭਾਵਿਤ ਪਿੰਡ ਵਿੱਚ ਗਜ਼ਟਿਡ ਅਫਸਰ ਤਾਇਨਾਤ ਕਰਨ ਦੇ ਹੁਕਮ ਦਿੱਤੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਹਰੇਕ ਪਿੰਡ ਵਿੱਚ ਤਾਇਨਾਤ ਕੀਤੇ ਜਾਣ ਵਾਲੇ ਗਜ਼ਟਿਡ ਅਧਿਕਾਰੀ ਸੂਬੇ ਵਿੱਚ ਪਿੰਡ ਵਾਸੀਆਂ ਅਤੇ ਪ੍ਰਸ਼ਾਸਨ ਦਰਮਿਆਨ ਸਿੱਧਾ ਰਾਬਤਾ ਕਾਇਮ ਰੱਖਣ ਨੂੰ ਯਕੀਨੀ ਬਣਾਉਣਗੇ। ਉਨ੍ਹਾਂ ਕਿਹਾ ਕਿ ਇਸ ਨਾਲ ਕੁਦਰਤੀ ਆਫ਼ਤ ਦਾ ਸਾਹਮਣਾ ਕਰ ਰਹੇ ਲੋਕ ਅਧਿਕਾਰੀ ਨਾਲ ਆਪਣੀਆਂ ਸਮੱਸਿਆਵਾਂ ਸਾਂਝੀਆਂ ਕਰ ਸਕਣਗੇ ਜਿਸ ਨਾਲ ਹਰ ਸਮੱਸਿਆ ਦਾ ਫੌਰੀ ਹੱਲ ਨਿਕਲ ਸਕੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹੁਣ ਤੱਕ 23 ਜ਼ਿਲ੍ਹਿਆਂ ਦੇ 1698 ਤੋਂ ਵੱਧ ਪਿੰਡ ਪਾਣੀ ਦੀ ਮਾਰ ਹੇਠ ਹਨ ਜਿਸ ਨਾਲ 3.80 ਲੱਖ ਤੋਂ ਵੱਧ ਲੋਕ ਪ੍ਰਭਾਵਿਤ ਹਨ।

## ਬਾਬਾ ਜੀਵਨ ਸਿੰਘ ਦਾ ਜਨਮ ਦਿਨ ਮਨਾਉਣ ਜਾ ਰਹੇ ਜੱਥੇ ਦਾ ਸਵਾਗਤ ਕੀਤਾ



**ਬੰਗਾ (ਅਵਤਾਰ ਕਲੇਰ)**- ਸ਼੍ਰੋਮਣੀ ਜਰਨੈਲ ਅਮਰ ਸ਼ਹੀਦ ਧੰਨ ਧੰਨ ਬਾਬਾ ਜੀਵਨ ਸਿੰਘ ਜੀ ਦੇ 364ਵੇਂ ਜਨਮ ਦਿਹਾੜੇ ਨੂੰ ਸਮਰਪਿਤ ਗੁਰਮਤਿ ਸਮਾਗਮ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ ਵਿਖੇ ਹੋ ਰਿਹਾ ਹੈ। ਜਥਾ ਸ੍ਰੀ ਅਮ੍ਰਿਤਸਰ ਸਾਹਿਬ ਤੋਂ ਜਥੇਦਾਰ ਬਾਬਾ ਮੇਜਰ ਸਿੰਘ ਜੀ ਸੋਢੀ ਮੌਜੂਦਾ ਮੁਖੀ ਸਿੰਘ ਸਾਹਿਬ (ਸ਼੍ਰੋਮਣੀ ਪੰਥ ਅਕਾਲੀ ਦਸਮੇਸ਼ ਤਰਨਾ ਦਲ) ਦੀ ਅਗਵਾਈ ਹੇਠ ਚੱਲਿਆ। ਇਸ ਜਥੇ ਦਾ ਪਾਰਕ ਮਨੀਲਾ ਪੈਲੇਸ ਮੇਹਲੀ ਵਿਖੇ ਇਲਾਕੇ ਦੀਆਂ ਸੰਗਤਾਂ ਵੱਲੋਂ ਸਵਾਗਤ ਕੀਤਾ ਅਤੇ ਚਾਹ, ਬਰੈੱਡ ਪਕੌੜਿਆਂ ਦੇ ਲੰਗਰ ਛਕਾਏ ਗਏ। 15 ਸਾਲ ਤੋਂ ਘੱਟ ਉਮਰ ਦੇ ਸਿੰਘ ਅਤੇ ਸਿੰਘਣੀਆਂ ਦੇ ਸੋਹਣੀ ਦਸਤਾਰ ਮੁਕਾਬਲੇ ਕਰਵਾਏ ਗਏ। ਜੇਤੂ ਬੱਚਿਆਂ ਨੂੰ ਨਗਦ ਇਨਾਮ ਦਿੱਤੇ ਗਏ। ਜਥਾ ਜੈਕਾਰਿਆਂ ਦੀ ਗੂੰਜ 'ਚ ਰਵਾਨਾ ਹੋਇਆ। ਇਸ ਮੌਕੇ ਬਾਬਾ ਮੇਜਰ ਸਿੰਘ ਸੋਢੀ ਜੀ, ਬਾਬਾ ਯੋਧਾ ਸਿੰਘ, ਜਥੇਦਾਰ ਸਤੀਸ਼ ਸਿੰਘ, ਮਾਰ ਕੇ ਮੱਟੂ, ਕੁਲਜੀਤ ਸਿੰਘ ਸਿੱਧੂ, ਬਾਬਾ ਜਸਵੰਤ ਸਿੰਘ ਬਧੂਆ, ਨਰਿੰਦਰ ਸਿੰਘ ਮੰਢਾਲੀ, ਸੁਰਿੰਦਰ ਪਾਲ ਜਗਤਪੁਰ, ਪਰਮਜੀਤ ਸਿੰਘ, ਦੀਪਕ ਘਈ, ਮੋਹਿਤ ਮਾਨੋਚਾ, ਅਮਿਤ ਢੀਂਗਰਾ, ਆਸ਼ੂ ਮੱਟੂ, ਰੋਹਿਤ ਸੇਠੀ ਆਦਿ ਹਾਜ਼ਰ ਸਨ।

## ਡਾ. ਰਵਜੋਤ ਸਿੰਘ ਨੇ ਖਲਵਾਣਾ, ਬਾਦੋਵਾਲ ਤੇ ਦਿਓਵਾਲ ਦਾ ਦੌਰਾ ਕਰਕੇ ਸਥਿਤੀ ਦਾ ਲਿਆ ਜਾਇਜ਼ਾ



**ਹੁਸ਼ਿਆਰਪੁਰ (ਏ ਪੀ ਰਾਣਾ)**- ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਵਿਧਾਨ ਸਭਾ ਸ਼ਾਮ ਚੌਰਾਸੀ ਵਿੱਚ ਭਾਰੀ ਬਾਰਸ਼ ਕਾਰਨ ਪ੍ਰਭਾਵਿਤ ਪਿੰਡਾਂ ਖਲਵਾਣਾ, ਬਾਦੋਵਾਲ ਅਤੇ ਦਿਓਵਾਲ ਦਾ ਦੌਰਾ ਕੀਤਾ ਅਤੇ ਸਥਿਤੀ ਦਾ ਜਾਇਜ਼ਾ ਲਿਆ। ਉਨ੍ਹਾਂ ਪਿੰਡਾਂ ਵਿੱਚ ਜਾ ਕੇ ਲੋਕਾਂ ਨਾਲ ਸਿੱਧੇ ਤੌਰ 'ਤੇ ਗੱਲਬਾਤ ਕੀਤੀ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ। ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਹਰ ਸਮੇਂ ਜਨਤਾ ਦੇ ਨਾਲ ਖੜ੍ਹੀ ਹੈ ਅਤੇ ਕਿਸੇ ਵੀ ਪਿੰਡ ਨੂੰ ਸਮੱਸਿਆ ਦਾ ਸਾਹਮਣਾ ਨਹੀਂ ਕਰਨ ਦਿੱਤਾ ਜਾਵੇਗਾ। ਉਨ੍ਹਾਂ ਅਧਿਕਾਰੀਆਂ ਨੂੰ ਮੀਂਹ ਨਾਲ ਸਬੰਧਤ ਪਾਣੀ ਦੀ ਨਿਕਾਸੀ, ਟੁੱਟੀਆਂ ਸੜਕਾਂ ਦੀ ਮੁਰੰਮਤ ਅਤੇ ਸਫਾਈ ਦੇ ਕੰਮਾਂ ਨੂੰ ਪਹਿਲ ਦੇ ਆਧਾਰ 'ਤੇ ਪੂਰਾ ਕਰਨ ਦੇ ਨਿਰਦੇਸ਼ ਦਿੱਤੇ। ਡਾ. ਰਵਜੋਤ ਸਿੰਘ ਨੇ ਭਰੋਸਾ ਦਿੱਤਾ ਕਿ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਕਾਰਜਾਂ ਵਿੱਚ ਤੇਜ਼ੀ ਲਿਆਂਦੀ ਜਾਵੇਗੀ ਅਤੇ ਲੋੜੀਂਦੀਆਂ ਸਹੂਲਤਾਂ ਸਮੇਂ ਸਿਰ ਉਪਲਬਧ ਕਰਵਾਈਆਂ ਜਾਣਗੀਆਂ। ਉਨ੍ਹਾਂ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਵੀ ਸਮੱਸਿਆ ਨੂੰ ਤੁਰੰਤ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆਉਣ ਤਾਂ ਜੋ ਇਸ ਦਾ ਜਲਦੀ ਹੱਲ ਕੀਤਾ ਜਾ ਸਕੇ। ਕੈਬਨਿਟ ਮੰਤਰੀ ਨੇ ਕਿਹਾ ਕਿ ਸਰਕਾਰ ਦਾ ਮੁੱਖ ਉਦੇਸ਼ ਲੋਕਾਂ ਨੂੰ ਸੁਰੱਖਿਅਤ ਵਾਤਾਵਰਨ ਅਤੇ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨਾ ਹੈ। ਡਾ. ਰਵਜੋਤ ਸਿੰਘ ਨੇ ਭਰੋਸਾ ਦਿੱਤਾ ਕਿ ਪਿੰਡਾਂ ਦੇ ਜਿਨ੍ਹਾਂ ਪਰਿਵਾਰਾਂ ਨੂੰ ਵਿਸ਼ੇਸ਼ ਮਦਦ ਦੀ ਲੋੜ ਹੈ, ਉਨ੍ਹਾਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਦੇ ਜ਼ਰੀਏ ਤੁਰੰਤ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਕੁਦਰਤੀ ਆਫਤਾਂ ਵਰਗੀਆਂ ਸਥਿਤੀਆਂ ਵਿੱਚ ਸਰਕਾਰ ਅਤੇ ਪ੍ਰਸ਼ਾਸਨ ਮਿਲ ਕੇ ਕੰਮ ਕਰ ਰਹੇ ਹਨ ਅਤੇ ਹਰ ਸੰਭਵ ਮਦਦ ਜਾਰੀ ਰਹੇਗੀ।

## ਹੜ੍ਹ ਪ੍ਰਭਾਵਿਤ ਲੋਕਾਂ ਨੇ ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ ਨੂੰ ਦੱਸੀਆਂ ਸਮੱਸਿਆਵਾਂ



**ਸੁਲਤਾਨਪੁਰ ਲੋਧੀ, ਲੋਹੀਆਂ ਖਾਸ, ਨੂਰਮਹਿਲ (ਬਲਵੀਰ ਸ਼ਾਲਾਪੁਰੀ, ਯੋਗੇਸ਼ਵਰ, ਰੀਨਾ ਸ਼ਰਮਾ, ਬਾਲ ਕ੍ਰਿਸ਼ਨ ਬਾਲੀ)**- ਨੌਜਵਾਨ ਭਾਰਤ ਸਭਾ ਵੱਲੋਂ ਹੜ੍ਹ ਦੀ ਮਾਰ ਹੇਠ ਆਏ ਲੋਹੀਆਂ ਖਾਸ ਬਲਾਕ ਦੇ ਪਿੰਡ ਧੱਕਾ ਬਸਤੀ ਦੇ ਲੋਕਾਂ ਨਾਲ ਮੀਟਿੰਗ ਕੀਤੀ ਗਈ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਹੱਲ ਦੀ ਸਰਕਾਰ ਤੋਂ ਮੰਗ ਕੀਤੀ। ਇਸ ਸਮੇਂ ਮੌਕੇ ਤੇ ਪਹੁੰਚੇ ਮੈਂਬਰ ਪਾਰਲੀਮੈਂਟ ਚਰਨਜੀਤ ਸਿੰਘ ਚੰਨੀ ਅਤੇ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਨੂੰ ਮੰਗ ਪੱਤਰ ਸੌਂਪ ਕੇ ਮੰਗ ਕੀਤੀ ਕਿ ਐਮ ਪੀ ਕੋਟੇ ਚੋਂ ਪੀੜਿਤ ਪਰਵਾਰਾਂ ਦੀ ਮਦਦ ਕੀਤੀ ਜਾਵੇ। ਇਸ ਮੌਕੇ ਨੌਜਵਾਨ ਭਾਰਤ ਸਭਾ ਦੇ ਆਗੂ ਸੋਨੂ ਲੋਹੀਆਂ ਅਤੇ ਮੰਗਲਜੀਤ ਪੰਡੋਰੀ ਨੇ ਕਿਹਾ ਕਿ ਸਰਕਾਰ ਵਲੋਂ 2023 ਵਿੱਚ ਵੀ ਲੋਕਾਂ ਦੇ ਉਜਾੜੇ ਤੋਂ ਬਾਅਦ ਸਾਰ ਨਹੀਂ ਲਈ ਗਈ। ਘਰ ਬਾਰ ਛੱਡ ਲੋਕ ਬੰਨ੍ਹ ਤੇ ਰਹਿਣ ਲਈ ਮਜਬੂਰ ਹੋ ਗਏ ਹਨ। ਲਗਭਗ 96 ਪਰਵਾਰ ਬੁਰੀ ਤਰ੍ਹਾਂ ਹੜ੍ਹ ਤੋਂ ਪ੍ਰਭਾਵਿਤ ਹੋਏ ਹਨ। ਸਭਾ ਮੰਗ ਕਰਦੀ ਹੈ ਕਿ ਇਨਾਂ ਲੋਕਾਂ ਦਾ ਪੱਕੇ ਤੌਰ ਕਿਸੇ ਹੋਰ ਸੁਰੱਖਿਅਤ ਜਗ੍ਹਾ ਤੇ ਪ੍ਰਬੰਧ ਕੀਤਾ ਜਾਵੇ ਅਤੇ ਉਸਾਰੀ ਲਈ ਪੰਜ ਲੱਖ ਦਾ ਮੁਆਵਜ਼ਾ ਦਿੱਤਾ ਜਾਵੇ। ਇਸ ਮੌਕੇ ਸਭਾ ਦੇ ਆਗੂ ਨਵਜੋਤ ਸਿਆਨੀਵਾਲ ਤਾਰਾ ਸਿੰਘ ਅਤੇ ਬਿੱਟੂ ਧੱਕਾ ਬਸਤੀ ਹਾਜ਼ਰ ਸਨ।

## ਪੰਜਾਬ ਅਨ-ਏਡਿਡ ਕਾਲਜ ਐਸੋਸੀਏਸ਼ਨ ਨੇ ਹੜ੍ਹ ਰਾਹਤ ਕਾਰਜਾਂ ਲਈ 11 ਲੱਖ ਰੁਪਏ ਦਿੱਤੇ

**ਚੰਡੀਗੜ੍ਹ (ਗੁਰਜੀਤ ਬਿੱਲਾ)** ਹੜ੍ਹਾਂ ਕਾਰਨ ਬਣੇ ਔਖੇ ਹਾਲਾਤਾਂ ਵਿੱਚ ਇਕਜੁੱਟਤਾ ਦੀ ਮਿਸਾਲ ਪੇਸ਼ ਕਰਦਿਆਂ ਪੰਜਾਬ ਅਨ-ਏਡਿਡ ਕਾਲਜ ਐਸੋਸੀਏਸ਼ਨ (ਪੁੱਕਾ) ਨੇ ਰਾਹਤ ਕਾਰਜਾਂ ਵਿੱਚ ਆਪਣਾ ਯੋਗਦਾਨ ਪਾਉਣ ਲਈ ਨੰਗਲ ਵਿਖੇ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੂੰ 11 ਲੱਖ ਰੁਪਏ ਦਾ ਚੈੱਕ ਸੌਂਪਿਆ।ਆਰੀਅਨਜ਼ ਗਰੁੱਪ ਆਫ਼ ਕਾਲਜਿਜ਼ ਦੇ ਚੇਅਰਮੈਨ ਅਤੇ ਪੁੱਕਾ ਦੇ ਪ੍ਰਧਾਨ ਡਾ. ਅੰਸ਼ੂ ਕਟਾਰੀਆ ਦੀ ਅਗਵਾਈ ਵਾਲੇ ਵਫ਼ਦ ਨੰਗਲ ਵਿਖੇ ਸਿੱਖਿਆ ਮੰਤਰੀ ਨੂੰ ਮਿਲਿਆ, ਜਿੱਥੇ ਹਰਜੋਤ ਸਿੰਘ ਬੈਂਸ ਪ੍ਰਭਾਵਿਤ ਲੋਕਾਂ ਦੀ ਸਹਾਇਤਾ ਲਈ ਬਚਾਅ ਅਤੇ ਰਾਹਤ ਕਾਰਜਾਂ ਦੀ ਅਗਵਾਈ ਕਰ ਰਹੇ ਹਨ।ਇਸ ਵਫ਼ਦ ਵਿੱਚ ਪੰਜਾਬ ਦੇ ਸੀਨੀਅਰ ਡਿਪਟੀ ਐਡਵੋਕੇਟ ਜਨਰਲ ਸੁਮਨਦੀਪ ਸਿੰਘ ਵਾਲੀਆ, ਲੈਮਰਿਨ ਟੈਕ ਯੂਨੀਵਰਸਿਟੀ ਦੇ ਚਾਂਸਲਰ ਨਿਰਮਲ ਸਿੰਘ ਰਿਆਤ, ਸਵਾਈਟ ਗਰੁੱਪ ਤੋਂ ਅਸ਼ੋਕ ਗਰਗ, ਰਾਮ ਦੇਵੀ ਜਿੰਦਲ ਕਾਲਜ ਤੋਂ ਰਾਜੀਵ ਜਿੰਦਲ ਅਤੇ ਕੁਐਸਟ ਗਰੁੱਪ ਤੋਂ ਹਰਿੰਦਰ ਕਾਂਡਾ ਸ਼ਾਮਲ ਸਨ। ਹਰਜੋਤ ਸਿੰਘ ਬੈਂਸ ਨੇ ਪੁੱਕਾ ਅਤੇ ਇਸਦੀਆਂ ਮੈਂਬਰ ਸੰਸਥਾਵਾਂ ਦੀ ਇਸ ਯੋਗਦਾਨ ਲਈ ਪ੍ਰਸ਼ੰਸਾ ਕੀਤੀ ਅਤੇ ਇਸ ਮੁਸ਼ਕਲ ਸਮੇਂ ਦੌਰਾਨ ਇਸ ਇਮਦਾਦ ਲਈ ਧੰਨਵਾਦ ਵੀ ਕੀਤਾ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਸ ਸਮੇ ਪੁੱਕਾ ਦਾ ਯੋਗਦਾਨ ਹੜ੍ਹਾਂ ਤੋਂ ਪ੍ਰਭਾਵਿਤ ਪਰਵਾਰਾਂ ਦੇ ਮੁੜ ਵਸੇਬੇ ਵਿੱਚ ਮਹੱਤਵਪੂਰਨ ਰਾਹਤ ਪ੍ਰਦਾਨ ਕਰਨ ਲਈ ਰਾਜ ਸਰਕਾਰ ਦੀ ਮਦਦ ਕਰੇਗਾ।ਡਾ. ਅੰਸ਼ੂ ਕਟਾਰੀਆ ਨੇ ਸਿੱਖਿਆ ਮੰਤਰੀ ਨੂੰ ਭਰੋਸਾ ਦਿੱਤਾ ਕਿ ਪੁੱਕਾ ਅਤੇ ਇਸਦੇ ਮੈਂਬਰ ਕਾਲਜ ਪ੍ਰਭਾਵਿਤ ਪਰਿਵਾਰਾਂ ਨੂੰ ਸਮੇਂ ਸਿਰ ਸਹਾਇਤਾ ਅਤੇ ਦੇਖਭਾਲ ਯਕੀਨੀ ਬਣਾਉਣ ਲਈ ਪੰਜਾਬ ਸਰਕਾਰ ਦੇ ਨਾਲ ਇੱਕਜੁੱਟ ਹਨ।ਇਹ ਸੰਕੇਤ ਪੁੱਕਾ ਅਤੇ ਇਸਦੇ ਮੈਂਬਰ ਸੰਸਥਾਵਾਂ ਦੀ ਰਾਜ ਦੇ ਰਾਹਤ ਕਾਰਜਾਂ ਦਾ ਸਮਰਥਨ ਕਰਨ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ।ਉਨ੍ਹਾਂ ਕਿਹਾ ਕਿ ਸਵਿਫਟ ਗਰੁੱਪ, ਲੈਮਰਿਨ ਟੈਕ ਯੂਨੀਵਰਸਿਟੀ, ਸੀਜੀਸੀ ਯੂਨੀਵਰਸਿਟੀ, ਜੀ ਐਨ ਏ ਯੂਨੀਵਰਸਿਟੀ , ਅੰਮ੍ਰਿਤਸਰ ਗਰੁੱਪ , ਕੁਐਸਟ ਗਰੁੱਪ, ਗਲੋਬਲ ਗਰੁੱਪ, ਰਾਮ ਦੇਵੀ ਜਿੰਦਲ ਗਰੁੱਪ, ਇੰਡੋ ਗਲੋਬਲ, ਅਕਾਲ ਗਰੁੱਪ, ਐਲ ਸੀ ਈ ਟੀ ਗਰੁੱਪ, ਗੁਲਜ਼ਾਰ ਗਰੁੱਪ, ਬੀਆਈ ਐਸ ਗਰੁੱਪ, ਸਵਾਇਟ ਗਰੁੱਪ, ਆਰੀਅਨ ਗਰੁੱਪ, ਬਾਬਾ ਸ੍ਰੀ ਚੰਦ ਕਾਲਜ, ਬਾਬਾ ਕੁੰਦਨ ਕਾਲਜ ਅਤੇ ਐਸ ਬੀ ਐਸ ਗਰੁੱਪ ਨੇ ਪੰਜਾਬ ਮੁੱਖ ਮੰਤਰੀ ਹੜ੍ਹ ਰਾਹਤ ਫੰਡ ਵਿੱਚ ਯੋਗਦਾਨ ਪਾਇਆ ਹੈ।

## 14ਵਾਂ ਖ਼ੂਨਦਾਨ ਕੈਂਪ ਲਗਾਇਆ



**ਜੇਜੋ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਵਾਈਕਾਟੋ ਸ਼ਹੀਦ-ਏ-ਆਜ਼ਮ ਭਗਤ ਸਿੰਘ ਸਪੋਰਟਸ ਐਂਡ ਕਲਚਰ ਟਰੱਸਟ ਹੇਮਿਲਟਨ (ਨਿਊਜ਼ੀਲੈਂਡ) ਵੱਲੋਂ 14ਵਾਂ ਖ਼ੂਨਦਾਨ ਕੈਂਪ ਲਗਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਟਰੱਸਟ ਦੇ ਪ੍ਰਧਾਨ ਜਰਨੈਲ ਰਾਹੋ ਅਤੇ ਕੈਂਪ ਇੰਚਾਰਜ ਮੁਕੇਸ਼ ਬੱਗਾ ਨੇ ਦੱਸਿਆ ਕਿ ਸ਼ਹੀਦ -ਏ- ਆਜ਼ਮ ਭਗਤ ਸਿੰਘ ਦੇ ਜਨਮ ਦਿਨ ਅਤੇ ਸ਼ਹੀਦੀ ਦਿਨ ਨੂੰ ਸਮਰਪਿਤ 2007 ਤੋਂ ਲਗਾਤਾਰ ਖ਼ੂਨਦਾਨ ਕੈਂਪ ਲਗਾਏ ਜਾ ਰਹੇ ਹਨ। ਪੰਜਾਬੀ ਬੋਲੀ ਨੂੰ ਸਮਰਪਿਤ ਹਰ ਸ਼ਨੀਵਰ ਫਰੀ ਪ੍ਰੋਗਰਾਮ ਕਰਵਾਏ ਜਾਂਦੇ ਹਨ। ਇਹਨਾਂ ਸਾਰੇ ਸਮਾਗਮਾਂ ਵਿੱਚ ਗਿੱਧਾਂ ਕੋਚ ਪਰਮਵੀਰ ਕੌਰ ਗਿੱਲ, ਹਰਦੀਪ, ਕਿਰਨ ਬੱਗਾ, ਪਰਮਿੰਦਰ ਕੌਰ ਵਿਸ਼ੇਸ਼ ਸਹਿਯੋਗ ਕਰਦੇ ਹਨ। ਟਰੱਸਟ ਦੇ ਮੈਂਬਰ ਗੁਰਪ੍ਰੀਤ ਸਿੰਘ ਬੱਸਣ, ਪਰਮਜੀਤ ਸਿੰਘ ਪਰਿਹਾਰ, ਮਦਨਜੀਤ ਸਿੰਘ ਬੰਗਾ, ਕਾਲਾ ਸਿੰਘ ਸਿੱਧੂ ਅਤੇ ਹੋਰ ਮੈਂਬਰ ਟਰੱਸਟ ਦੀਆਂ ਗਤੀਵਿਧੀਆਂ ਚਲਾਉਂਦੇ ਹੋਏ ਸਮੇਂ-ਸਮੇਂ ਤੇ ਸਮਾਜ ਭਲਾਈ ਦੇ ਕਾਰਜ ਉਲੀਕਦੇ ਰਹਿੰਦੇ ਹਨ।

## ਸਿਵਲ ਹਸਪਤਾਲ 'ਚ ਨਾ ਮਾਲੂਮ ਔਰਤ ਦੀ ਮੌਤ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਸਿਵਲ ਹਸਪਤਾਲ ਸ੍ਰੀ ਅਨੰਦਪੁਰ ਸਾਹਿਬ ਵਿੱਚ ਇੱਕ ਨਾ ਮਾਲੂਮ ਔਰਤ ਦੀ ਇਲਾਜ ਦੌਰਾਨ ਮੌਤ ਹੋ ਗਈ। ਇਸ ਸਬੰਧੀ ਜਾਣਕਾਰੀ ਦੇ ਅਧਾਰ 'ਤੇ ਥਾਣਾ ਸ੍ਰੀ ਅਨੰਦਪੁਰ ਸਾਹਿਬ ਪੁਲਿਸ ਵੱਲੋਂ ਕਾਰਵਾਈ ਕੀਤੀ ਗਈ ਹੈ। ਇਸ ਦੀ ਜਾਣਕਾਰੀ ਦਿੰਦਿਆਂ ਸਬ ਇੰਸਪੈਕਟਰ ਰਾਕੇਸ਼ ਕੁਮਾਰ ਨੇ ਦੱਸਿਆ ਕਿ ਉਕਤ ਔਰਤ 4 ਸਤੰਬਰ 2025 ਨੂੰ ਬੀਮਾਰ ਹਾਲਤ ਵਿੱਚ ਹਸਪਤਾਲ ਦਾਖਲ ਹੋਈ ਸੀ। ਦੌਰਾਨੇ ਇਲਾਜ ਉਸ ਦੀ ਮੌਤ ਹੋ ਗਈ, ਜਿਸ ਬਾਰੇ ਥਾਣਾ ਸ੍ਰੀ ਅਨੰਦਪੁਰ ਸਾਹਿਬ ਨੂੰ ਇਤਲਾਹ ਦਿੱਤੀ ਗਈ। ਇਤਲਾਹ ਮਿਲਣ 'ਤੇ ਸ:ਥ ਰਾਕੇਸ਼ ਕੁਮਾਰ ਨੰਬਰ 200/ਐਸ.ਏ.ਐਸ ਨਗਰ ਸਮੇਤ ਪੁਲਿਸ ਪਾਰਟੀ ਮੌਕੇ 'ਤੇ ਪਹੁੰਚੀ ਤੇ ਬਣਦੀ ਕਾਰਵਾਈ ਕੀਤੀ। ਉਨ੍ਹਾਂ ਦੱਸਿਆ ਕਿ ਮ੍ਰਿਤਕ ਔਰਤ ਦੀ ਉਮਰ ਕਰੀਬ 40-42 ਸਾਲ ਹੈ, ਰੰਗ ਕਾਲਾ, ਕੱਦ ਕਰੀਬ 4 ਫੁੱਟ 6 ਇੰਚ, ਸਰੀਰ ਪਤਲਾ ਅਤੇ ਹਿੰਦੀ ਬੋਲਦੀ ਹੈ। ਉਸਨੇ ਗੁਲਾਬੀ ਰੰਗ ਦਾ ਕੁਰਤਾ ਅਤੇ ਕਾਲੇ ਰੰਗ ਦੀ ਸਲਾਵਰ ਪਹਿਨੀ ਹੋਈ ਹੈ। ਪੁਲਿਸ ਨੇ ਉਕਤ ਨਾ ਮਾਲੂਮ ਮਹਿਲਾ ਦੀ ਲਾਸ਼ ਸ਼ਨਾਖਤ ਲਈ ਸਿਵਲ ਹਸਪਤਾਲ ਸ੍ਰੀ ਅਨੰਦਪੁਰ ਸਾਹਿਬ ਦੀ ਮੋਰਚਰੀ ਵਿੱਚ 72 ਘੰਟੇ ਲਈ ਰੱਖ ਦਿੱਤੀ ਹੈ। ਇਸ ਸਬੰਧੀ ਡੀ.ਡੀ.ਆਰ. ਦਰਜ ਕਰ ਲਈ ਗਈ ਹੈ।ਪੁਲਸ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਜੇਕਰ ਕਿਸੇ ਨੂੰ ਇਸ ਨਾ ਮਾਲੂਮ ਔਰਤ ਬਾਰੇ ਕੋਈ ਜਾਣਕਾਰੀ ਹੋਵੇ ਤਾਂ ਉਹ ਤੁਰੰਤ ਥਾਣਾ ਸ੍ਰੀ ਅਨੰਦਪੁਰ ਸਾਹਿਬ ਨਾਲ ਸੰਪਰਕ ਕਰਨ।

## ਹੜ੍ਹਾਂ ਨਾਲ ਹੋਏ ਨੁਕਸਾਨ ਦੀ ਪੂਰਤੀ ਸੰਬੰਧੀ ਮੁੱਖ ਮੰਤਰੀ ਤੇ ਪ੍ਰਧਾਨ ਮੰਤਰੀ ਨੂੰ ਭੇਜੇ ਮੰਗ ਪੱਤਰ

**ਸ਼ਾਹਕੋਟ (ਗਿਆਨ ਸੈਦਪੁਰੀ)**- ਬੀ.ਕੇ.ਯੂ. ਏਕਤਾ ਉਗਰਾਹਾਂ ਦੇ ਫੈਸਲੇ ਅਨੁਸਾਰ ਜ਼ਿਲ੍ਹਾ ਜਲੰਧਰ ਵਿੱਚ ਐਸ ਡੀ ਐਮ ਸ਼ਾਹਕੋਟ ਅਤੇ ਨਕੋਦਰ ਵਿਖੇ ਮੌਕੇ ਤੇ ਹਾਜ਼ਰ ਅਧਿਕਾਰੀਆਂ ਨੂੰ ਹੜ੍ਹਾਂ ਕਾਰਣ ਹੋਈ ਬਰਬਾਦੀ ਦੀ ਪੂਰਤੀ ਸਬੰਧੀ ਮੁੱਖ ਮੰਤਰੀ ਪੰਜਾਬ ਅਤੇ ਪ੍ਰਧਾਨ ਮੰਤਰੀ ਦੇ ਨਾਂ ਮੰਗ ਪੱਤਰ ਦਿੱਤੇ ਗਏ।



ਨਕੋਦਰ ਵਿਖੇ ਜਥੇਬੰਦੀ ਦੇ ਜ਼ਿਲਾ ਪ੍ਰਧਾਨ ਮੋਹਣ ਸਿੰਘ ਬੱਲ ਅਤੇ ਸ਼ਾਹਕੋਟ ਵਿਖੇ ਬਲਾਕ ਪ੍ਰਧਾਨ ਬਲਕਾਰ ਸਿੰਘ ਫਾਜਲਵਾਲ ਦੀ ਅਗਵਾਈ ਹੇਠ ਤਹਿਸੀਲ ਕੰਪਲੈਕਸਾਂ ਵਿੱਚ ਇਕੱਠ ਕਰਕੇ ਮੰਗ ਪੱਤਰ ਵਿੱਚ ਸ਼ਾਮਲ ਮੰਗਾਂ ਬਾਰੇ ਚਾਨਣਾ ਪਾਇਆ। ਮੰਗ ਪੱਤਰ ਵਿੱਚ ਸ਼ਾਮਲ ਮੰਗਾਂ ਅਨੁਸਾਰ ਮੰਗ ਕੀਤੀ ਗਈ ਕਿ ਬੱਦਲ ਫਟਣ ਅਤੇ ਭਾਰੀ ਬਾਰਸ਼ਾਂ ਕਾਰਣ ਆਏ ਹੜ੍ਹਾਂ ਨੂੰ ਕੌਮੀ ਆਫ਼ਤ ਐਲਾਨਿਆ ਜਾਵੇ ਅਤੇ ਕੌਮੀ ਆਫ਼ਤ ਫੰਡ ਫੌਰੀ ਜਾਰੀ ਕੀਤਾ ਜਾਵੇ, ਹੜ੍ਹਾਂ ਕਾਰਣ ਇਨਸਾਨੀ ਮੌਤਾਂ, ਪਾਲਤੂ ਪਸ਼ੂਆਂ ,ਘਰਾਂ ,ਫਸਲਾਂ,ਜ਼ਮੀਨਾਂ , ਸਹਾਇਕ ਧੰਦਿਆਂ ,ਜ਼ਰੂਰੀ ਉਸਾਰ ਢਾਂਚੇ ਆਦਿ ਦੇ ਨੁਕਸਾਨ ਦੀ ਪੂਰਤੀ ਲਈ ਫੰਡ ਜਾਰੀ ਕੀਤੇ ਜਾਣ, ਪ੍ਰਦੂਸ਼ਣ ਕਾਰਨ ਫੈਲਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਲਈ ਅਗਾਊਂ ਪ੍ਰਬੰਧ ਕੀਤੇ ਜਾਣ,ਨਦੀਆਂ , ਨਾਲਿਆਂ , ਡਰੇਨਾਂ ,ਦਰਿਆਵਾਂ , ਫਲੱਡ ਗੇਟਾਂ ਦੇ ਅਗਾਊਂ ਰੱਖ ਰਖਾਵ,ਸਫਾਈ ਅਤੇ ਮੁਰੰਮਤ ਵਿੱਚ ਅਣਗਹਿਲੀ ਵਰਤਣ ਵਾਲੇ ਜ਼ਿੰਮੇਵਾਰ ਅਫਸਰਾਂ ਅਤੇ ਅਧਿਕਾਰੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣ,ਦਰਿਆਵਾਂ , ਨਹਿਰਾਂ ਅਤੇ ਡੈਮਾਂ ਦੇ ਪੁਰਾਣੇ ਢਾਂਚੇ ਨੂੰ ਨਵਿਆਇਆ ਜਾਵੇ ਅਤੇ ਹੜ੍ਹਾਂ ਤੋ ਰੋਕਥਾਮ ਲਈ ਬੱਜਟ ਰਾਖਵਾਂ ਰੱਖਿਆ ਜਾਵੇ, ਕਾਰਪੋਰੇਟ ਪੱਖੀ ਵਿਕਾਸ ਮਾਡਲ ਨੂੰ ਤਿਆਗ ਕੇ ਕਾਰਪੋਰੇਟ ਪੱਖੀ ਨੀਤੀਆਂ ਰੱਦ ਕੀਤੀਆਂ ਜਾਣ ।ਇਕੱਠ ਵਿੱਚ ਬਲਾਕ ਸ਼ਾਹਕੋਟ ਅਤੇ ਨਕੋਦਰ ਦੀਆਂ ਵੱਖ- ਵੱਖ ਇਕਾਈਆਂ ਦੇ ਅਹੁਦੇਦਾਰ ਅਤੇ ਸਰਗਰਮ ਮੈਂਬਰ ਹਾਜ਼ਰ ਹੋਏ।

## ਦੋ ਰੋਜ਼ਾ ਕੈਂਪ ਲਗਾ ਕੇ ਹੜ੍ਹ ਪੀੜਤਾਂ ਲਈ ਇਕੱਤਰ ਕੀਤੀ ਰਾਹਤ ਸਮੱਗਰੀ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਸ਼ਹਿਰ ਦੀਆਂ ਵੱਖ-ਵੱਖ ਸਮਾਜਿਕ ਸੰਸਥਾਵਾਂ ਨੇ ਫਗਵਾੜਾ ਖੇਤਰ ਦੇ ਹੜ੍ਹ ਪੀੜਤਾਂ ਦੀ ਮਦਦ ਲਈ ਸਥਾਨਕ ਜੀ.ਟੀ. ਰੋਡ 'ਤੇ ਦੋ ਦਿਨਾਂ ਕੈਂਪ ਲਗਾਇਆ ਅਤੇ ਰਾਸ਼ਨ ਸਮੇਤ ਹੋਰ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ਅਤੇ ਨਕਦੀ ਇਕੱਠੀ ਕੀਤੀ। ਇਸ ਦੌਰਾਨ ਸਾਬਕਾ ਮੇਅਰ ਅਰੁਣ ਖੋਸਲਾ, ਸ਼ਿਵ ਸੈਨਾ ਆਗੂ ਮਨੀਸ਼ ਸੂਦ ਅਤੇ ਲਾਇਨ ਗੁਰਦੀਪ ਸਿੰਘ ਕੰਗ ਨੇ ਦੱਸਿਆ ਕਿ ਸ਼ਹਿਰ ਵਾਸੀ ਇਸ ਕੈਂਪ ਵਿੱਚ ਦਿਲ ਖੋਲ ਕੇ ਮਦਦ ਕਰਨ ਲਈ ਅੱਗੇ ਆਏ ਹਨ। ਜਿਸ ਦੇ ਲਈ ਉਹ ਸਮੂਹ ਸ਼ਹਿਰ ਵਾਸੀਆਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਨ। ਅਰੁਣ ਖੋਸਲਾ ਨੇ ਦੱਸਿਆ ਕਿ ਇਕੱਠੀ ਕੀਤੀ ਗਈ ਸਾਰੀ ਸਮੱਗਰੀ ਦੇ ਪੈਕੇਟ ਤਿਆਰ ਕੀਤੇ ਜਾ ਰਹੇ ਹਨ ਅਤੇ ਆਉਣ ਵਾਲੇ ਦਿਨਾਂ ਵਿੱਚ ਇਹ ਸਮੱਗਰੀ ਅਤੇ ਲੋੜ ਅਨੁਸਾਰ ਵਿੱਤੀ ਸਹਾਇਤਾ ਹੜ੍ਹ ਪੀੜਤਾਂ ਤੱਕ ਪਹੁੰਚਾਈ ਜਾਵੇਗੀ। ਇਸ ਮੌਕੇ ਰਿਸ਼ੀ ਬਿੱਲਾ, ਰਜਨੀਸ਼ ਪਸਰੀਚਾ, ਸ਼ਸ਼ੀ ਕਾਲੀਆ, ਅਸ਼ੋਕ ਸ਼ਰਮਾ, ਨਵੀ ਸਿੰਘ, ਅਮਿਤ ਵਰਮਾ, ਰਾਜਨ, ਅਜੈ ਮਹਿਤਾ, ਸੁਖਵਿੰਦਰ ਸਿੰਘ, ਅਨੂ ਮੱਕੜ, ਮਦਨ ਬੰਗਾ, ਮਨੂ ਬੰਗਾ, ਭੂਸ਼ਨ ਕਾਲੀਆ, ਜਸਵੀਰ ਮਾਹੀ, ਅਸ਼ੋਕ ਸੇਠੀ, ਵਿਪਨ ਖੁਰਾਨਾ, ਸਾਬੀ, ਰਾਜੂ ਚਹਿਲ, ਵਰਿੰਦਰ ਕੰਬੋਜ, ਪ੍ਰਦੀਪ ਆਹੂਜ ਆਦਿ ਮੌਜੂਦ ਸਨ।





## ਸੁਖਬੀਰ ਬਾਦਲ ਨੇ ਸਤਲੁਜ ਬੰਨ੍ਹ ਦੀ ਮਜ਼ਬੂਤੀ ਲਈ 1 ਲੱਖ ਰੁ. ਤੇ 3000 ਲੀਟਰ ਡੀਜ਼ਲ ਭੇਜਿਆ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਨਵਾਂਸ਼ਹਿਰ ਦੇ ਪਿੰਡ ਬੇਲਾ ਤਾਜੋਵਾਲ ਦੀ ਸੰਗਤ, ਜੋ ਸਤਲੁਜ ਦੇ ਬੰਨ੍ਹ ਦੀ ਮਜ਼ਬੂਤੀ ਦੇ ਕਾਰਜ ਵਿੱਚ ਲੱਗੀ ਹੋਈ ਹੈ, ਨਾਲ ਵੀਡੀਓ ਕਾਲ ਰਾਹੀਂ ਗੱਲਬਾਤ ਹੋਈ। ਸੰਗਤ ਨੂੰ ਉਨ੍ਹਾਂ ਦੀ ਲੋੜ ਮੁਤਾਬਿਕ 1 ਲੱਖ ਰੁਪਏ ਦੀ ਰਾਸ਼ੀ ਅਤੇ 3,000 ਲੀਟਰ ਡੀਜ਼ਲ ਭੇਜ ਦਿੱਤਾ ਹੈ। ਨਾਲ ਹੀ ਜ਼ਿਲ੍ਹਾ ਪ੍ਰਧਾਨ ਸੁਖਦੀਪ ਸਿੰਘ ਸੁਕਾਰਪੁਰ ਨੂੰ ਜ਼ਿੰਮੇਵਾਰੀ ਸੌਂਪੀ ਹੈ ਕਿ ਇਸ ਤੋਂ ਇਲਾਵਾ ਵੀ ਸੇਵਾ ਲਈ ਜੋ ਚਾਹੀਦਾ ਹੋਵੇ ਤੁਰੰਤ ਮੇਰੇ ਧਿਆਨ ਵਿੱਚ ਲਿਆਉਣ।

## ਡਿਪਟੀ ਕਮਿਸ਼ਨਰ ਨੇ ਸਤਲੁਜ ਦਰਿਆ ਦੇ ਬੰਨ੍ਹ ਦਾ ਲਿਆ ਜਾਇਜ਼ਾ

**ਸ਼ਹੀਦ ਭਗਤ ਸਿੰਘ ਨਗਰ (ਮਨੋਜ ਲਾਡੀ)**- ਰਾਹੋਂ ਨੇੜੇ ਸਤਲੁਜ ਦਰਿਆ 'ਤੇ ਤਲਵੰਡੀ ਸ਼ੀਬੂ ਬੰਨ੍ਹ 'ਤੇ ਲੱਗੀ ਢਾਅ ਉਪਰੰਤ ਜ਼ਿਲ੍ਹਾ ਪ੍ਰਸ਼ਾਸਨ ਦੀ ਨਿਗਰਾਨੀ ਹੇਠ ਬੰਨ੍ਹ ਨੂੰ ਮਜ਼ਬੂਤ ਕਰਨ ਦਾ ਕੰਮ ਕੀਤਾ ਜਾ ਰਿਹਾ ਹੈ। ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਪ੍ਰਸ਼ਾਸਨਿਕ ਅਧਿਕਾਰੀਆਂ ਸਮੇਤ ਦੁਪਹਿਰ ਸਮੇਂ ਫੌਜ ਦੇ ਅਧਿਕਾਰੀਆਂ ਦੀ ਮੌਜੂਦਗੀ ਵਿਚ ਚੱਲ ਰਹੇ ਕਾਰਜਾਂ ਦਾ ਜਾਇਜ਼ਾ ਲਿਆ। ਉਨ੍ਹਾਂ ਕਿਹਾ ਬੰਨ੍ਹ 'ਤੇ ਪਾਣੀ ਦੇ ਤੇਜ਼ ਵਹਾਅ ਅਤੇ ਦਬਾਅ ਨਾਲ ਬਣੀ ਸਥਿਤੀ ਨੂੰ ਇਲਾਕੇ ਦੇ ਲੋਕਾਂ ਨੇ ਪ੍ਰਸ਼ਾਸਨਿਕ ਟੀਮਾਂ ਨਾਲ ਬਹੁਤ ਹੀ ਸੁਚੱਜੇ ਢੰਗ ਨਾਲ ਕੰਟਰੋਲ ਕਰ ਲਿਆ। ਉਨ੍ਹਾਂ ਕਿਹਾ ਕਿ ਇਲਾਕਾ ਨਿਵਾਸੀਆਂ ਦੀ ਸਹੂਲਤ ਲਈ ਬੰਨ੍ਹ 'ਤੇ ਹਰ ਲੋੜੀਂਦਾ ਪ੍ਰਬੰਧ ਅਤੇ ਸਾਜ਼ੋ-ਸਾਮਾਨ ਮੁਹੱਈਆ ਕਰਵਾਇਆ ਗਿਆ ਹੈ। ਉਨ੍ਹਾਂ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਮੌਜੂਦਾ ਸਮੇਂ ਬੰਨ੍ਹਾਂ ਦੀ ਸਥਿਤੀ ਬਿਲਕੁਲ ਠੀਕ-ਠਾਕ ਹੈ ਅਤੇ ਕਿਸੇ ਵੀ ਗੱਲ ਤੋਂ ਘਬਰਾਉਣ ਦੀ ਜ਼ਰੂਰਤ ਨਹੀਂ ਹੈ।





## ਸੋਸਾਇਟੀ ਦੇ ਸੇਵਾਦਾਰਾਂ ਨੂੰ ਹੜ੍ਹ ਪੀੜਤਾਂ ਦੀ ਮਦਦ ਲਈ ਕੀਤਾ ਰਵਾਨਾ

**ਅੱਡਾ ਸਰਾਂ/ਟਾਂਡਾ ਉੜਮੁੜ (ਜਸਵੀਰ ਕਾਜਲ)**- ਸਮਾਜ ਸੇਵੀ ਸੰਸਥਾ ਮਾਨਵਤਾ ਸੇਵਾ ਸੋਸਾਇਟੀ ਅਤੇ ਡੇਰਾ ਬਾਬਾ ਭਗਤ ਰਾਮ ਦੇ ਸੇਵਾਦਾਰਾਂ ਵੱਲੋਂ ਸੰਤ ਸਮਾਜ ਦੇ ਸਹਿਯੋਗ ਨਾਲ ਹੜ੍ਹ ਪੀੜਤਾਂ ਦੀ ਮਦਦ ਦਾ ਮਿਸ਼ਨ ਸ਼ੁਰੂ ਕੀਤਾ ਗਿਆ ਹੈ। ਸੰਤ ਬਾਬਾ ਨਰੇਸ਼ ਗਿਰ ਜੀ, ਸੰਤ ਜਸਪਾਲ ਸਿੰਘ ਜੀ ਓਡਰਾ ਵਾਲੇ, ਮਹੰਤ ਰਾਮਗਿਰ ਜੀ ਰਾਜਪੁਰ ਕੰਡੀ ਵਾਲੇ, ਸੰਤ ਗੁਰਮੇਲ ਦਾਸ ਜੀ ਪਟੋਲੀਆਂ ਵਾਲੇ, ਸੰਤ ਸੋਢੀ ਸ਼ਾਹਜੀ ਚੋਲੀਪੁਰ ਵਾਲੇ, ਸੰਤ ਬਲਵੰਤ ਸ਼ਾਹ ਜੀਦਾਰਾਪੁਰ ਵਾਲਿਆਂ ਦੇ ਆਸ਼ੀਰਵਾਦ ਸਦਕਾ ਡੇਰਾ ਬਾਬਾ ਭਗਤ ਰਾਮ ਜੀ ਪਿੰਡ ਨੰਗਲ ਖੰਗਾ ਤੋਂ ਰਾਸ਼ਨ ਸਮੱਗਰੀ ਅਤੇ ਦਵਾਈਆਂ ਆਦਿ ਲੈ ਕੇ ਪ੍ਰਧਾਨ ਅਵਤਾਰ ਸਿੰਘ ਅਤੇ ਸਮੂਹ ਟੀਮ ਨੂੰ ਸੰਤ ਬਾਬਾ ਨਰੇਸ਼ ਗਿਰ ਜੀ ਨੇ ਸਰਬੱਤ ਦੇ ਭਲੇ ਦੀ ਪ੍ਰਾਰਥਨਾ ਕਰਨ ਉਪਰੰਤ ਰਵਾਨਾ ਕੀਤਾ। ਇਸ ਮੌਕੇ ਸੰਤ ਨਰੇਸ਼ ਗਿਰ ਨੇ ਆਖਿਆ ਕਿ ਇਸ ਔਖੀ ਘੜੀ ਵਿਚ ਸਮੂਹ ਸੰਗਤਾਂ ਨੂੰ ਮਿਲਕੇ ਹੜ੍ਹ ਪੀੜਤਾਂ ਦੀ ਮਦਦ ਦੇ ਵੱਧ ਤੋਂ ਵੱਧ ਉਪਰਾਲੇ ਕਰਨੇ ਚਾਹੀਦੇ ਹਨ। ਉਨ੍ਹਾਂ ਆਖਿਆ ਕਿ ਡੇਰੇ ਦੀ ਸੰਗਤ ਲਗਾਤਾਰ ਹੜ੍ਹ ਪੀੜਤਾਂ ਦੀ ਮਦਦ ਕਰੇਗੀ । ਇਸ ਮੌਕੇ ਪ੍ਰਧਾਨ ਅਵਤਾਰ ਸਿੰਘ ਨੇ ਦੱਸਿਆ ਕਿ ਟੀਮ ਡੇਰਾ ਬਾਬਾ ਨਾਨਕ ਦੇ ਹੜ੍ਹ ਪ੍ਰਭਾਵਿਤ ਇਲਾਕੇ ਵਿਚ ਜਾ ਕੇ ਮਦਦ ਸਮੱਗਰੀ ਵੰਡੇਗੀ ਅਤੇ ਆਉਣ ਵਾਲੇ ਦਿਨਾਂ ਵਿਚ ਟਾਂਡਾ ਦੇ ਮੰਡ ਇਲਾਕੇ ਅਤੇ ਹੋਰਨਾਂ ਹਿੱਸਿਆਂ ਵਿਚ ਮਦਦ ਲੈਕੇ ਜਾਇਆ ਜਾਵੇਗਾ। ਇਸ ਮੌਕੇ ਸੱਤਾ ਪੇਂਟਰ, ਤਾਇਆ ਟੱਲੀ ਰਾਮ, ਗੁਰਪ੍ਰੀਤ ਸਿੰਘ ਉਡਰਾ, ਮਨਪ੍ਰੀਤ ਸਿੰਘ, ਕਰਨਵੀਰ ਸਿੰਘ, ਸੁਖਵਿੰਦਰ ਸਿੰਘ, ਬਲਵਿੰਦਰ ਸਿੰਘ ਤੱਖੀ, ਕੁਲਜੀਤ ਸਿੰਘ, ਪ੍ਰਿੰਸ, ਬਲਵਿੰਦਰ ਸਿੰਘ, ਨੰਬਰਦਾਰ ਰਾਜਾ, ਸਨੀ, ਗੋਰਾ, ਕਰਨ, ਟੀਟੂ, ਰਹੂ, ਨੀਰਜ, ਮਨਦੀਪ, ਲਾਡੀ ਸੁੱਗਾ, ਸਤਿਨਾਮ, ਰਸ਼ਪਾਲ ਸਿੰਘ, ਡਾ. ਜੋਤੀ, ਸਰਬਜੀਤ ਸਿੰਘ, ਹੈਪੀ ਨੰਗਲ, ਤਰਲੋਚਨ ਸਿੰਘ, ਪਰਦੀਪ ਸਿੰਘ ਆਦਿ ਮੌਜੂਦ ਸਨ।

## ਕਾਮਰੇਡ ਸੀਤਾ ਰਾਮ ਯੇਚੁਰੀ ਦੀ ਬਰਸੀ ਮੁਲਤਵੀ



**ਬਲਾਚੌਰ (ਜਸਵਿੰਦਰ ਬੈਂਸ)**- ਸੀ ਪੀ ਆਈ (ਐਮ) ਤਹਿਸੀਲ ਕਮੇਟੀ ਬਲਾਚੌਰ ਵਲੋਂ ਪਿੰਡ ਰੱਕੜਾਂ ਢਾਹਾ ਵਿਖੇ 7 ਸਤੰਬਰ ਨੂੰ ਮਰਹੂਮ ਕਾਮਰੇਡ ਸੀਤਾ ਰਾਮ ਯੇਚੁਰੀ ਦੀ ਪਹਿਲੀ ਬਰਸੀ ਉੱਪਰ ਰੱਖੀ ਵਿਚਾਰ ਗੋਸ਼ਟੀ ਅਨਮਿਥੇ ਸਮੇਂ ਲਈ ਮੁਲਤਵੀ ਕਰ ਦਿੱਤੀ ਗਈ ਹੈ। ਪਾਰਟੀ ਦੀ ਸੂਬਾ ਕਮੇਟੀ ਦੇ ਫ਼ੈਸਲੇ ਅਨੁਸਾਰ ਪਾਰਟੀ ਮੈਂਬਰਾਂ, ਹਮਦਰਦਾਂ, ਜਨਤਕ ਜਥੇਬੰਦੀਆਂ ਦੇ ਕਾਰਕੁਨਾਂ, ਮਾਨਵਤਾ ਪ੍ਰੇਮੀਆਂ ਨੂੰ ਹੜ੍ਹ ਪੀੜਤਾਂ ਦੀ ਹਰ ਸੰਭਵ ਮਦਦ ਕਰਨ ਦੀ ਅਪੀਲ ਕੀਤੀ ਗਈ ਹੈ। ਇਹ ਬਿਆਨ ਪ੍ਰੇਮ ਰੱਕੜ ਤਹਿਸੀਲ ਕਮੇਟੀ ਸਕੱਤਰ ਬਲਾਚੌਰ ਸੀ ਪੀ ਆਈ (ਐਮ) ਵੱਲੋਂ ਜਾਰੀ ਕੀਤਾ ਗਿਆ। ਸਾਥੀ ਰੱਕੜ ਨੇ ਬਿਆਨ ਜਾਰੀ ਰੱਖਦਿਆਂ ਕਿਹਾ ਕਿ ਪੰਜਾਬ, ਹਿਮਾਚਲ ਪ੍ਰਦੇਸ਼, ਜੰਮੂ ਕਸ਼ਮੀਰ, ਉਤਰਾਖੰਡ ਅਤੇ ਦੇਸ਼ ਦੇ ਦੂਜੇ ਰਾਜਾਂ ਵਿੱਚ ਲਗਾਤਾਰ ਮੀਹਾਂ ਕਾਰਨ ,ਵੱਖ ਵੱਖ ਡੈਮਾਂ ਤੋਂ ਦਰਿਆਵਾਂ ਵਿੱਚ ਪਾਣੀ ਛੱਡਣ ਨਾਲ ਪੰਜਾਬ ਦੇ 1400 ਤੋਂ ਵੱਧ ਪਿੰਡਾਂ ਨੂੰ ਲਪੇਟ ਵਿੱਚ ਲਿਆ ਹੈ, ਲੋਕ ਘਰੋਂ ਬੇਘਰ ਹੋਏ ਹਨ। ਇਸ ਸਮੇਂ ਲੋੜਵੰਦਾਂ ਦੀ ਸਹਾਇਤਾ ਦੀ ਬਹੁਤ ਲੋੜ ਹੈ। ਸਾਥੀ ਰੱਕੜ ਨੇ ਪਾਰਟੀ ਵਰਕਰਾਂ ਨੂੰ ਹੜ੍ਹ ਪੀੜਤਾਂ ਦੀ ਆਰਥਿਕ ਸਹਾਇਤਾ ਸਮੇਤ ਹਰ ਸੰਭਵ ਮਦਦ ਕਰਨ ਲਈ ਦਿਨ ਰਾਤ ਇੱਕ ਕਰਨ ਦੀ ਅਪੀਲ ਕੀਤੀ ਹੈ।

## ਜੀਐੱਸਟੀ ਦੀਆਂ ਦਰਾਂ ਘੱਟ ਕਰਨ ਨਾਲ ਸਾਰੇ ਵਰਗਾਂ ਨੂੰ ਲਾਭ ਹੋਵੇਗਾ : ਅਨਿਲ ਵਿਜ

**ਚੰਡੀਗੜ੍ਹ (ਕ੍ਰਿਸ਼ਨ ਗਰਗ, ਗੁਰਜੀਤ ਬਿੱਲਾ)**- ਹਰਿਆਣਾ ਦੇ ਊਰਜਾ, ਟ੍ਰਾਂਸਪੋਰਟ ਅਤੇ ਕਿਰਤ ਮੰਤਰੀ ਸ੍ਰੀ ਅਨਿਲ ਵਿਜ ਨੇ ਕਿਹਾ ਕਿ ਜੀਐਸਟੀ ਦੀ ਦਰਾਂ ਘੱਟ ਕਰਨ ਅਤੇ ਸਲੈਬ ਬਦਲਾਵ ਤੇ ਲਏ ਗਏ ਸਾਰੇ ਫੈਸਲੇ ਨਾਲ ਸਰਗਰਮੀ ਨਤੀਜੇ ਸਾਹਮਣੇ ਆਉਣਗੇ। ਇਸ ਫੈਸਲੇ ਨਾਲ ਸਾਰੇ ਵਰਗਾਂ ਨੂੰ ਲਾਭ ਹੋਵੇਗਾ। ਪ੍ਰਧਾਨ ਮੰਤਰੀ ਨੇ ਜੀ ਐਸ ਟੀ ਦੀ ਦਰਾਂ ਵਿੱਚ ਬਦਲਾਵ ਕਰਕੇ ਵਿਕਾਸ ਨੂੰ ਗਤੀ ਦੇਣ ਦਾ ਕੰਮ ਕੀਤਾ ਹੈ। ਸ੍ਰੀ ਅਨਿਲ ਵਿਜ ਮੀਡੀਆ ਵੱਲੋਂ ਜੀਐਸਟੀ ਦੀ ਦਰਾਂ ਵਿੱਚ ਘਾਟਾ ਅਤੇ ਸਲੈਬ ਵਿੱਚ ਹੋਏ ਬਦਲਾਵ ਦੇ ਸਬੰਧ ਵਿੱਚ ਪੁੱਛੇ ਗਏ ਸੁਆਲ ਦਾ ਜਵਾਬ ਦੇ ਰਹੇ ਸਨ। ਉਦਰ ਸ੍ਰੀ ਵਿਜ ਨੇ ਐਕਸ ਤੇ ਪੋਸਟ ਵੀ ਕੀਤਾ ਹੈ, ਉਨ੍ਹਾਂ ਨੇ ਲਿਖਿਆ ਕਿ ਜੀਐਸਟੀ ਦੀ ਦਰਾਂ ਵਿੱਚ ਬਦਲਾਵ ਨਾਲ ਆਰਥਿਕ ਵਿਕਾਸ, ਨਿਵੇਸ਼ ਅਤੇ ਮੰਗ ਵੱਧਣ ਨਾਲ ਦੇਸ਼ ਦੀ ਅਰਥਵਿਵਸਥਾ ਵਿੱਚ ਅਭੂਤਪੂਰਵ ਗਤੀ ਆਵੇਗੀ।



## ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਵੱਲੋਂ ਸ਼ਾਹਕੋਟ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ

**ਜਲੰਧਰ (ਸ਼ੈਲੀ ਐਲਬਰਟ)** ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਅੰਮ੍ਰਿਤਪਾਲ ਸਿੰਘ ਨੇ ਸ਼ਾਹਕੋਟ ਦੇ ਪਿੰਡ ਕੈਮਵਾਲਾ, ਬੂਟੇ ਦੀਆਂ ਛੰਨਾ ਅਤੇ ਉਮਰੇਵਾਲ ਦਾ ਦੌਰਾ ਕਰਕੇ ਹਾਲਾਤ ਦਾ ਜਾਇਜ਼ਾ ਲਿਆ ਅਤੇ ਪ੍ਰਭਾਵਿਤ ਪਰਿਵਾਰਾਂ ਦੀਆਂ ਮੁਸ਼ਕਲਾਂ ਸੁਣੀਆਂ। ਇਸ ਮੌਕੇ ਆਪ ਆਗੂ ਪਿੰਦਰ ਪੰਡੋਰੀ ਵੀ ਉਨ੍ਹਾਂ ਨਾਲ ਮੌਜੂਦ ਸਨ। ਉਨ੍ਹਾਂ ਪ੍ਰਭਾਵਿਤ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਇਸ ਔਖੀ ਘੜੀ ਵਿੱਚ ਸੂਬੇ ਦੇ ਲੋਕਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ ਅਤੇ ਹਰ ਪੀੜਤ ਪਰਿਵਾਰ ਤੱਕ ਪਹੁੰਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਲੋਕਾਂ ਦੇ ਜਾਨ-ਮਾਲ ਦੀ ਰਾਖੀ ਲਈ ਵਚਨਬੱਧ ਹੈ ਅਤੇ ਪ੍ਰਭਾਵਿਤ ਲੋਕਾਂ ਨੂੰ ਹਰ ਸੰਭਵ ਸਹਾਇਤਾ ਮੁਹੱਈਆ ਕਰਵਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ।

## ਅਸ਼ੋਕ ਕਟਾਰੀਆ ਦੀ ਅਗਵਾਈ ਹੇਠ ਹੜ੍ਹ ਪੀੜਤਾਂ ਲਈ ਰਾਹਤ ਸਮੱਗਰੀ ਭੇਜੀ

**ਬਲਾਚੌਰ (ਜਸਵਿੰਦਰ ਬੈਂਸ)**- ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਦੇ ਦਿਸ਼ਾ ਨਿਰਦੇਸ਼ ਤਹਿਤ ਹਰੇਕ ਹਲਕੇ ਵਿੱਚੋਂ ਆਮ ਆਦਮੀ ਪਾਰਟੀ ਦੇ ਵਲੰਟੀਅਰਾਂ ਵੱਲੋਂ ਹੜ੍ਹ ਪੀੜਤਾਂ ਨੂੰ ਰਾਹਤ ਸਮੱਗਰੀ ਭੇਜੀ ਜਾ ਰਹੀ ਹੈ। ਇਸੇ ਲੜੀ ਤਹਿਤ ਸੀਨੀਅਰ ਆਮ ਆਦਮੀ ਪਾਰਟੀ ਆਗੂ ਅਸ਼ੋਕ ਕਟਾਰੀਆ ਦੀ ਅਗਵਾਈ ਹੇਠ ਪਿੰਡ ਪੋਜੇਵਾਲ ਵਾਸੀਆਂ ਨੇ ਅਜਨਾਲਾ ਦੇ ਹੜ੍ਹ ਪੀੜਤਾਂ ਲਈ ਰਾਹਤ ਸਮੱਗਰੀ ਇਕੱਠੀ ਕਰਕੇ ਭੇਜੀ। ਇਸ ਮੌਕੇ ਪਿੰਡ ਦੇ ਵਾਸੀਆਂ ਨੇ ਏਕਤਾ ਤੇ ਸਹਿਯੋਗ ਦਾ ਪ੍ਰਦਰਸ਼ਨ ਕਰਦੇ ਹੋਏ ਵੱਖ-ਵੱਖ ਸਮੱਗਰੀ ਆਪਣੇ ਯੋਗਦਾਨ ਅਨੁਸਾਰ ਭੇਜੀ। ਅਸ਼ੋਕ ਕਟਾਰੀਆ ਨੇ ਕਿਹਾ ਕਿ ਹਲਕਾ ਬਲਾਚੌਰ ਤੋਂ ਪਸ਼ੂਆਂ ਲਈ ਹਰਾ ਚਾਰਾ ਤੇ ਦਵਾਈਆਂ ਵੀ ਭੇਜੀਆਂ ਜਾ ਰਹੀਆਂ ਹਨ। ਉਹਨਾਂ ਨੇ ਕਿਹਾ ਕਿ ਪਿੰਡ ਵਾਸੀਆਂ ਵੱਲੋਂ ਦਿੱਤਾ ਗਿਆ ਇਹ ਸਹਿਯੋਗ ਭਾਈਚਾਰੇ ਦੀ ਸਾਂਝ ਦਾ ਵੱਡਾ ਉਦਾਹਰਨ ਹੈ। ਜਦੋਂ ਵੀ ਕੋਈ ਮੁਸੀਬਤ ਆਉਂਦੀ ਹੈ ਤਾਂ ਆਪਸੀ ਸਹਿਯੋਗ ਨਾਲ ਉਸ ਨੂੰ ਆਸਾਨ ਬਣਾਇਆ ਜਾ ਸਕਦਾ ਹੈ। ਉਨ੍ਹਾਂ ਨੇ ਕਿਹਾ ਕਿ ਹੜ੍ਹ ਪੀੜਤ ਪਰਵਾਰਾਂ ਦੀ ਮਦਦ ਕਰਨਾ ਸਾਡਾ ਮਨੁੱਖੀ ਫ਼ਰਜ਼ ਹੈ ਤੇ ਪੋਜੇਵਾਲ ਪਿੰਡ ਹਮੇਸ਼ਾ ਚੰਗੇ ਕਾਰਜਾਂ ਵਿੱਚ ਅੱਗੇ ਆ ਕੇ ਆਪਣਾ ਫ਼ਰਜ਼ ਨਿਭਾਉਂਦਾ ਰਿਹਾ ਹੈ। ਪਿੰਡ ਵਾਸੀਆਂ ਨੇ ਵੀ ਇਹ ਵਾਅਦਾ ਕੀਤਾ ਕਿ ਭਵਿੱਖ 'ਚ ਵੀ ਜ਼ਰੂਰਤ ਪੈਣ ਤੇ ਉਹ ਮਨੁੱਖਤਾ ਦੇ ਕਾਰਜਾਂ ਵਿੱਚ ਅੱਗੇ ਰਹਿਣਗੇ। ਇਹ ਯੋਗਦਾਨ ਨਾ ਸਿਰਫ਼ ਹੜ੍ਹ ਪੀੜਤ ਪਰਿਵਾਰਾਂ ਲਈ ਰਾਹਤ ਬਣੇਗਾ ਸਗੋਂ ਪਿੰਡ ਦੀ ਸਾਂਝ ਤੇ ਇਕੱਠ ਨੂੰ ਹੋਰ ਮਜ਼ਬੂਤ ਕਰੇਗਾ। ਇਸ ਮੌਕੇ ਤੇ ਅਸ਼ੋਕ ਕਟਾਰੀਆ ਸੀਨੀਅਰ ਆਗੂ ਆਪ, ਸੁਰਿੰਦਰ ਪਾਲ , ਸੋਹਣ ਲਾਲ, ਚੰਦਰਵੀਰ ਪੋਲਾ, ਰਣਵੀਰ ਸਿੰਘ ਧਾਲੀਵਾਲ ਬਲਾਕ ਪ੍ਰਧਾਨ,ਕਮਲ ਕੁਮਾਰ, ਮੋਹਿਤ,ਅਸ਼ੋਕ ਕੁਮਾਰ ਸੋਨੂੰ , ਟਿੰਕੂ ਚੇਚੀ, ਗੁਰਬਚਨ ਸੇਠੀ, ਪਰਮਜੀਤ ਬਜਾੜ, ਰਵਿੰਦਰ ਦੀਪੂ,ਮੋਨੂੰ ਕਟਾਰੀਆ, ਦਿਸ਼ੂ ਆਦਿ ਹਾਜ਼ਰ ਸਨ।



## ਹੜ੍ਹ ਪੀੜਤਾਂ ਨੂੰ ਲੰਗਰ ਤੇ ਤਰਪਾਲਾਂ ਵੰਡੀਆਂ





**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਮੁੱਖਲਿਆਣਾ ਵਿਖੇ ਸ਼ੁਕਰਾਨਾ ਫੈਡਰੇਸ਼ਨ ਆਦਮਪੁਰ ਵੱਲੋਂ ਹੜ੍ਹ ਪੀੜਤਾਂ ਪ੍ਰਵਾਸੀ ਮਜ਼ਦੂਰਾਂ ਅਤੇ ਗੁੱਜਰ ਭਾਈਚਾਰੇ ਨੂੰ ਲੰਗਰ ਤਿਆਰ ਕਰਕੇ ਵੰਡਿਆ ਅਤੇ ਤਰਪਾਲਾਂ ਵੰਡੀਆ ਗਈਆ। ਇਸ ਮੌਕੇ ਸੰਸਥਾ ਦੇ ਸੇਵਾਦਾਰ ਸਤਿੰਦਰ ਸਿੰਘ ਰਾਜਾ ਆਦਮਪੁਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਹੜ੍ਹ ਪੀੜਤਾਂ ਦੀ ਸ਼ੁਕਰਾਨਾ ਫੈਡਰੇਸ਼ਨ ਵੱਲੋਂ ਹਰ ਸੰਭਵ ਸਹਾਇਤਾ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਸ਼ੁਕਰਾਨਾ ਫੈਡਰੇਸ਼ਨ ਆਦਮਪੁਰ ਵੱਲੋਂ ਹੜ੍ਹ ਪੀੜਤਾਂ ਦੇ ਇਲਾਕੇ ਦੇ ਵਿੱਚ ਵੱਖ ਵੱਖ ਟੀਮਾਂ ਬਣਾ ਕੇ ਰਾਹਤ ਸਮੱਗਰੀ ਭੇਜੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਪਿੰਡ ਮੁੱਖਲਿਆਣਾ ਵਿਖੇ ਪ੍ਰਵਾਸੀ ਮਜ਼ਦੂਰਾਂ ਅਤੇ ਗੁੱਜਰ ਭਾਈਚਾਰਾ ਨੂੰ ਲੰਗਰ, ਤਰਪਾਲਾਂ ਅਤੇ ਖਾਣ ਪੀਣ ਦੀ ਸਮੱਗਰੀ ਵੰਡੀ ਗਈ। ਉਨ੍ਹਾਂ ਦੱਸਿਆ ਕਿ ਭਾਰੀ ਵਰਖਾ ਹੋਣ ਕਾਰਨ ਕਈ ਵਿਅਕਤੀ ਬੀਮਾਰ ਹੋਏ ਹਨ ਤੇ ਬੁਹਤ ਜਲਦੀ ਹੀ ਪਿੰਡ ਮੁੱਖਲਿਆਣਾ ਵਿਖੇ ਕੈਂਪ ਲਗਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਹੁਸ਼ਿਆਰਪੁਰ ਹਲਕਾ ਚੱਬੇਵਾਲ ਦੇ ਵੱਖ-ਵੱਖ ਪਿੰਡਾਂ ਵਿੱਚ ਜਾ ਕੇ ਹੜ੍ਹ ਪੀੜਤਾਂ ਦੀ ਹਰ ਸੰਭਵ ਸਹਾਇਤਾ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਹੜ੍ਹ ਪੀੜਤਾਂ ਦੀ ਲਗਾਤਾਰ ਸ਼ੁਕਰਾਨਾ ਫੈਡਰੇਸ਼ਨ ਆਦਮਪੁਰ ਦੀ ਟੀਮ ਵੱਖ-ਵੱਖ ਇਲਾਕਿਆਂ ਵਿੱਚ ਜਾ ਕੇ ਲੋੜਵੰਦ ਵਿਅਕਤੀਆਂ ਨੂੰ ਲੰਗਰ, ਤਰਪਾਲਾਂ ਅਤੇ ਹੋਰ ਖਾਣ ਪੀਣ ਦੀ ਸਮੱਗਰੀ ਮੁਹੱਈਆ ਕਰਵਾਈ ਜਾ ਰਹੀ ਹੈ। ਪਿੰਡ ਵਾਸੀਆਂ ਨੇ ਸੰਸਥਾ ਦੇ ਸੇਵਾਦਾਰ ਸਤਿੰਦਰ ਸਿੰਘ ਰਾਜਾ ਆਦਮਪੁਰ ਦਾ ਰਾਹਤ ਸਮੱਗਰੀ ਦੇਣ ਤੇ ਧੰਨਵਾਦ ਕੀਤਾ।

**PUBLIC NOTICE**

Under the instruction of Aadhar Housing Finance Ltd I hereby informed the general public Kunal Bardhan Jayaswal s/o Samar Singh Jayaswal and Vishaal Bardhan s/o Kunal Bardhan are the absolute owner of Property no. 19-B(Corner), measuring length 30 feet breadth 30 feet. Total measuring 100 Sq Yards bearing Khasra no. 112/7 min bounded as East-Passage 18 feet wide, West-Plot no 24, North-Passage 20 feet wide. South- Remaining portion of Plot no. 19, Situated at Nangali Outside Byepass inside Abadi Chand Avenue, Tehsil and District Amritsar. That as per documents Amarpreet Kaur w/o Jagmohan Singh sold 100 sq yards of property to Parminder Singh s/o Darshan Singh vide sale deed regd dated 05.03.2010 as doc no. 13343. Then Parminder Singh s/o Darshan Singh sold 100 sq yards of property to Jaswinder Kaur Randhawa w/o Col. Sukhjinder Singh Randhawa vide sale deed regd dated 25.11.2010 as doc no. 11079 and same is shown as owner of 3.5 Marlas in the Jamabandi for the year 2010-11. Then Jaswinder Kaur Randhawa w/o Col. Sukhjinder Singh Randhawa through GPA Lieutenant Col. Sukhjinder Singh Randhawa s/o Harnam Singh Randhawa sold 100 sq yards of property to Chatarbhuj Kapoor s/o Agya Ram Kapoor and Darshan Kapoor w/o Chatarbhuj Kapoor vide sale deed regd dated 23.08.2013 as doc no. 6524 of which mutation no. 26540 has been sanctioned by revenue authorities and same are shown as owners of 3.5 Marlas of property in the Jamabandi for the year 2015-16, 2020-21. Then after the death of Chaturbhuj Kapoor s/o Agyaram Kapoor his ½ share of property was inherited by Darshan Kapoor w/o Chatarbhuj Kapoor and Alka Jayaswal w/o Kunal Bardhan Jayaswal on behalf of Will vide Will regd dated 08.06.2016 of which mutation no. 42009 has been sanctioned by revenue authorities. And after the death of Darshan Kapoor w/o Chatarbhuj Kapoor her share of property was inherited by Alka Jayaswal w/o Kunal Bardhan Jayaswal on the basis of Will vide Will regd dated 04.06.2016 of which mutation no. 42010 has been sanctioned by revenue authorities. And after the death of Alka Jayaswal w/o Kunal Bardhan Jayaswal her 3.5 Marlas of property was inherited by Kunal Bardhan Jayaswal h/o Alka Jayaswal and Vishaal Bardhan s/o Kunal Bardhan and Siddharth Bardhan Jayaswal s/o Kunal Bardhan Jayaswal of which mutation no. 42011 has been sanctioned by revenue authorities. Then Kunal Bardhan Jayaswal s/o Samar Singh Jayaswal and Vishaal Bardhan s/o Kunal Bardhan executed GPA in favour of Siddharth Bardhan Jayaswal s/o Kunal Bardhan Jayaswal vide GPA regd dated 26.06.2025 as doc no. 1-0502-07131/2025. Now Kunal Bardhan Jayaswal s/o Samar Singh Jayaswal and Vishaal Bardhan s/o Kunal Bardhan through GPA Siddharth Bardhan Jayaswal s/o Kunal Bardhan Jayaswal and Siddharth Bardhan Jayaswal s/o Kunal Bardhan Jayaswal in person are selling 100 sq yards of property to Radhika w/o Ram Niwas. Siddharth Bardhan Jayaswal s/o Kunal Bardhan Jayaswal has lost following original document for above said property i.e. 1. Origianl Sale Deed executed by Jaswinder Kaur Randhawa w/o Col.Sukhjinder Singh Randhawa through GPA Lieutenant Col.Sukhjinder Singh Randhawa s/o Harnam Singh Randhawa in favour of Chatarbhuj Kapoor s/o Agya Ram Kapoor and Darshan Kapoor w/o Chatarbhuj Kapoor vide sale deed regd dated 23.08.2013 as doc no. 6524. A Lost Information Report dt 3.9.2025 Community Policing Wing Sr no 625136/2025 has also been got registered in this respect by Siddharth Bardhan Jayaswal s/o Kunal Bardhan Jayaswal. Anybody having claim or claiming any prior rights or interest in any manner in this property or has raised loan by depositing the aforesaid document to any person/ bank/ corporation/ financial institution may approach the undersigned and may submit objections within 7 days in writing from the date of this public notice. After the expiry of the period of this notice no claim shall be entertained and such claim shall be deemed to be false, fake, frivolous, fraudulent and baseless claim and shall have no value in the eyes of law. It shall also be deemed that nobody has any objection for mortgaging the aforesaid property with Aadhar Housing Finance Ltd.


Vikas Verma (Advocate) House no 264 Basant Avenue Near I.M. A House, Amritsar. Ph: 9815156302

## ਹੜ੍ਹਾਂ ਦੌਰਾਨ ਲੋਕਾਂ ਨੂੰ ਲਗਾਤਾਰ ਦਿੱਤੀਆਂ ਜਾ ਰਹੀਆਂ ਹਨ ਸਿਹਤ ਸੇਵਾਵਾਂ : ਡਾ. ਸੰਗੀਤਾ ਜੈਨ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਕ੍ਰਿਸ਼ਨ ਗਰਗ)**- ਹੜ੍ਹਾਂ ਦੀ ਆਫ਼ਤ ਦੌਰਾਨ ਪੰਜਾਬ ਸਰਕਾਰ ਵਲੋਂ ਭਰਤੀ ਕੀਤੇ ਗਏ ਨਵੇਂ ਮੈਡੀਕਲ ਅਧਿਕਾਰੀਆਂ ਨੇ ਜ਼ਿਲ੍ਹੇ ਦੀਆਂ ਵੱਖ-ਵੱਖ ਸਰਕਾਰੀ ਸਿਹਤ ਸੰਸਥਾਵਾਂ ਵਿਖੇ ਆਪਣੀ ਹਾਜ਼ਰੀ ਦਿਤੀ ਹੈ। ਇਸ ਸਬੰਧ ਵਿਚ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ. ਸੰਗੀਤਾ ਜੈਨ ਨੇ ਦਸਿਆ ਕਿ ਪੰਜਾਬ ਸਰਕਾਰ ਵਲੋਂ ਪੂਰੇ ਪੰਜਾਬ ਵਿਚ ਮੈਡੀਕਲ ਅਧਿਕਾਰੀਆਂ ਦੀਆਂ ਨਵੀਆਂ ਨਿਯੁਕਤੀਆਂ ਕੀਤੀਆਂ ਗਈਆਂ ਹਨ। ਉਨ੍ਹਾਂ ਦਸਿਆ ਕਿ ਜ਼ਿਲ੍ਹਾ ਐਸ.ਏ.ਐਸ. ਨਗਰ ਵਿਚ 16 ਮੈਡੀਕਲ ਅਧਿਕਾਰੀਆਂ ਦੀ ਨਿਯੁਕਤੀ ਹੋਈ ਹੈ ਜਿਨ੍ਹਾਂ ਵਿਚੋਂ 8 ਮੈਡੀਕਲ ਅਧਿਕਾਰੀਆਂ ਨੇ ਜੁਆਇੰਨ ਕਰ ਲਿਆ ਹੈ ਤੇ ਬਾਕੀਆਂ ਨੇ ਵੀ ਬਹੁਤ ਜਲਦੀ ਜੁਆਇੰਨ ਕਰਨ ਦੀ ਹਾਮੀ ਭਰੀ ਹੈ। ਉਨ੍ਹਾਂ ਦਸਿਆ ਕਿ ਇਨ੍ਹਾਂ ਅਧਿਕਾਰੀਆਂ ਦੀ ਨਿਯੁਕਤੀ ਨਾਲ ਜ਼ਿਲ੍ਹੇ ਦੇ ਲੋਕਾਂ ਨੂੰ ਹੋਰ ਵਧੀਆ ਸਿਹਤ ਸੇਵਾਵਾਂ ਦੇਣ ਵਿਚ ਕਾਫ਼ੀ ਮਦਦ ਮਿਲੇਗੀ। ਉਨ੍ਹਾਂ ਕਿਹਾ ਇਸ ਵੇਲੇ ਹੜ੍ਹਾਂ ਦੇ ਹਾਲਾਤ ਚੱਲ ਰਹੇ ਹਨ ਜਿਸ ਕਾਰਨ ਇਨ੍ਹਾਂ ਅਧਿਕਾਰੀਆਂ ਦੀ ਨਿਯੁਕਤੀ ਕਾਫ਼ੀ ਅਹਿਮ ਹੈ। ਇਨ੍ਹਾਂ ਅਧਿਕਾਰੀਆਂ ਨੂੰ ਫਿਲਹਾਲ ਹੜ੍ਹ ਪ੍ਰਭਾਵਿਤ ਜਾਂ ਹੜ੍ਹ ਸੰਭਾਵੀ ਖੇਤਰਾਂ ਵਿਚ ਤੈਨਾਤ ਕੀਤਾ ਗਿਆ ਹੈ ਤਾਂਕਿ ਹੜ੍ਹਾਂ ਦੌਰਾਨ ਲੋਕਾਂ ਨੂੰ ਸਿਹਤ ਸੇਵਾਵਾਂ ਲੈਣ ਵਿਚ ਕਿਸੇ ਤਰ੍ਹਾਂ ਦੀ ਸਮੱਸਿਆ ਨਾ ਆਵੇ।


## ਏ ਜੀ ਆਈ ਇਨਫ਼ਰਾ ਨੇ ਕੂੜਾ ਸੰਭਾਲਣ ਦਾ ਨਵਾਂ ਤਰੀਕਾ ਸ਼ੁਰੂ ਕੀਤਾ

**ਜਲੰਧਰ (ਰਾਜੇਸ਼ ਥਾਪਾ)**- ਏ ਜੀ ਆਈ ਇਨਫ਼ਰਾ ਲਿਮਿਟਡ, ਜੋ ਇਲਾਕੇ ਦੀ ਵੱਡੀ ਰੀਅਲ ਐਸਟੇਟ ਤੇ ਕੰਸਟਰਕਸ਼ਨ ਕੰਪਨੀ ਹੈ, ਨੇ ਆਪਣੀਆਂ ਰਿਹਾਇਸ਼ੀ ਸੋਸਾਇਟੀਆਂ ਵਿੱਚ ਕੂੜਾ ਸੰਭਾਲਣ ਦਾ ਇੱਕ ਨਵਾਂ ਤੇ ਸੁੱਚਾ ਤਰੀਕਾ ਸ਼ੁਰੂ ਕੀਤਾ ਹੈ। ਇਸ ਵਿਚ ਨਾ ਬਦਬੂ ਆਉਂਦੀ ਹੈ ਤੇ ਨਾ ਹੀ ਗੰਦਗੀ ਫੈਲਦੀ ਹੈ। ਕੰਪਨੀ ਦੇ ਮੈਨੇਜਿੰਗ ਡਾਇਰੈਕਟਰ ਸ. ਸੁਖਦੇਵ ਸਿੰਘ ਨੇ ਕਿਹਾ ਕਿ ਸ਼ਹਿਰਾਂ ਦੀ ਤਰੱਕੀ ਉਸੇ ਵੇਲੇ ਸਹੀ ਹੈ ਜਦੋਂ ਵਾਤਾਵਰਨ ਦੀ ਸੰਭਾਲ ਨਾਲ ਹੋਵੇ। ਏ ਜੀ ਆਈ ਇਨਫ਼ਰਾ ਲਿਮਿਟਿਡ ਇਹ ਕੰਮ ਕਰਕੇ ਜ਼ਿੰਮੇਵਾਰ ਵਿਕਾਸ ਦੀ ਮਿਸਾਲ ਬਣ ਰਹੀ ਹੈ। ਹਰ ਰੋਜ਼ ਘਰਾਂ ਦਾ ਕੂੜਾ ਇਕੱਠਾ ਕਰਕੇ ਏ ਜੀ ਆਈ ਦੇ ਖ਼ਾਸ ਸੈਂਟਰ ਵਿੱਚ ਲਿਆਂਦਾ ਜਾਂਦਾ ਹੈ।ਉੱਥੇ ਕੂੜੇ ਨੂੰ ਸੁੱਕੇ ਤੇ ਗਿੱਲੇ ਹਿੱਸੇ ਵਿੱਚ ਵੰਡਿਆ ਜਾਂਦਾ ਹੈ। ਗਿੱਲਾ ਕੂੜਾ 20 ਵੱਡੇ ਖੱਤਾਂ ਵਿੱਚ ਪਾਇਆ ਜਾਂਦਾ ਹੈ, ਜਿਨ੍ਹਾਂ ਵਿੱਚੋਂ ਹਰ ਇੱਕ ਦੀ ਸਮਰੱਥਾ 10 ਟਨ ਹੈ। ਬਦਬੂ ਤੇ ਮੱਛਰਾਂ ਤੋਂ ਬਚਾਉਣ ਲਈ ਇਸ ਗਿੱਲੇ ਕੂੜੇ ਉੱਤੇ ਕੁੱਟੀ ਹੋਈ ਲੱਕੜੀ ਪਾਈ ਜਾਂਦੀ ਹੈ।7-8 ਮਹੀਨੇ ਬਾਅਦ ਇਹ ਖੱਤੇ ਕੁਦਰਤੀ ਖਾਦ ਦੇਂਦੇ ਹਨ। ਇਹ ਖਾਦ ਸੁਕਾ ਕੇ ਸੋਸਾਇਟੀ ਦੇ ਬਾਗ਼ਾਂ ਅਤੇ ਹਰੀਆਲੀ ਵਿੱਚ ਵਰਤੀ ਜਾਂਦੀ ਹੈ। ਖ਼ਾਸ ਗੱਲ ਇਹ ਹੈ ਕਿ ਇਹ ਖਾਦ ਰਿਹਾਇਸ਼ੀਆਂ ਤੇ ਹੋਰ ਚਾਹਵਾਨ ਲੋਕਾਂ ਨੂੰ ਮੁਫ਼ਤ ਵੀ ਦਿੱਤੀ ਜਾਂਦੀ ਹੈ।ਸਾਰੇ ਪ੍ਰੋਜੈਕਟ ਦੀ ਦੇਖਭਾਲ ਟ੍ਰੇਨਿੰਗ ਪ੍ਰਾਪਤ ਸਟਾਫ ਕਰਦਾ ਹੈ ਅਤੇ ਸੈਂਟਰ ਨੂੰ ਜਾਲੀ ਨਾਲ ਘੇਰਿਆ ਗਿਆ ਹੈ ਤਾਂ ਜੋ ਕੀੜੇ-ਮਕੌੜੇ ਅੰਦਰ ਨਾ ਜਾ ਸਕਨ। ਸਭ ਤੋਂ ਵੱਡੀ ਗੱਲ ਇਹ ਹੈ ਕਿ ਸੋਸਾਇਟੀ ਦਾ ਇੱਕ ਵੀ ਟੁਕੜਾ ਕੂੜਾ ਬਾਹਰ ਨਹੀਂ ਸੁੱਟਿਆ ਜਾਂਦਾ। ਇਹ ਏ ਜੀ ਆਈ ਇਨਫ਼ਰਾ ਲਿਮਿਟਡ ਦੀ ਵਾਤਾਵਰਨ ਨਾਲ ਜੁੜੀ ਗੰਭੀਰਤਾ ਅਤੇ ਜ਼ਿੰਮੇਵਾਰ ਸ਼ਹਿਰੀ ਜੀਵਨ ਦੀ ਨਵੀਂ ਮਿਸਾਲ ਹੈ।



## ਹੜ੍ਹ ਪੀੜਤ ਪਰਵਾਰਾਂ ਨਾਲ ਸ਼੍ਰੋਮਣੀ ਅਕਾਲੀ ਦਲ ਡੱਟ ਕੇ ਖੜੇਗਾ : ਗਿਲਜੀਆਂ, ਸਤਪਾਲ ਮੁਲਤਾਨੀ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਹੜ੍ਹਾਂ ਦੀ ਮਾਰ ਵਿੱਚ ਆਏ ਲੋਕਾਂ ਦੀ ਸਹੂਲਤ ਵਾਸਤੇ ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਤਤਪਰ ਰਹੇਗਾ ਅਤੇ ਹੜ੍ਹ ਪੀੜਤ ਪਰਿਵਾਰਾਂ ਦੀ ਮਦਦ ਕਰਨ ਵਾਸਤੇ ਸ਼੍ਰੋਮਣੀ ਅਕਾਲੀ ਦਲ ਦੀ ਟੀਮ ਦਿਨ ਰਾਤ ਹਾਜ਼ਰ ਰਹੇਗੀ। ਇਹਨਾਂ ਗੱਲਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਜ਼ਿਲ੍ਹਾ ਹੁਸ਼ਿਆਰਪੁਰ ਦੇ ਪ੍ਰਧਾਨ ਲਖਵਿੰਦਰ ਸਿੰਘ ਲਖੀ ਉੱਘੇ ਸਮਾਜ ਸੇਵਕ ਅਕਾਲੀ ਆਗੂ ਸਤਪਾਲ ਸਿੰਘ ਮੁਲਤਾਨੀ ਹੜ੍ਹ ਪੀੜਤ ਪਰਵਾਰਾਂ ਦੇ ਪਸ਼ੂਆਂ ਲਈ ਇਕ ਟਰਾਲਾ ਭੇਂਟ ਕਰਨ ਉਪਰੰਤ ਗੱਲਬਾਤ ਕਰਦੇ ਸੀ। ਇਸ ਸਮੇਂ ਉਹਨਾਂ ਦੇ ਨਾਲ ਬਾਬਾ ਜਗਦੀਪ ਸਿੰਘ ਜੀ ਕਾਰ ਸੇਵਾ ਵਾਲੇ, ਇਕਬਾਲ ਸਿੰਘ ਜੌਹਲ, ਸੀਨੀਅਰ ਅਕਾਲੀ ਆਗੂ ਸਰਬਜੀਤ ਸਿੰਘ ਮੋਮੀ, ਕਸ਼ਮੀਰ ਸਿੰਘ ਬਬਲੂ ,ਜਸਵਿੰਦਰ ਸਿੰਘ ਜੱਸੀ ਅਮਰੀਕਾ, ਜੋਨੀ ਮੁਲਤਾਨੀ ਗੁਰਮੁਖ ਸਿੰਘ ਘੁੰਮਣ ਜਲੰਧਰ, ਗੁਰ ਪ੍ਰਤਾਪ ਸਿੰਘ ਮੰਡ ਵੀ ਹਾਜ਼ਰ ਸੀ। ਇਸ ਮੌਕੇ ਤੇ ਉਕਤ ਅਕਾਲੀ ਆਗੂਆਂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਜੋ ਪਿਛਲੇ 15 ਦਿਨਾਂ ਤੋਂ ਲਗਾਤਾਰ ਪੀੜਤ ਪਰਵਾਰਾਂ ਦੀ ਮਦਦ ਲਈ ਦਿਨ ਰਾਤ ਇੱਕ ਕਰ ਰਹੇ ਹਨ ਉਹਨਾਂ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜਿਲਾ ਹੁਸ਼ਿਆਰਪੁਰ ਤੇ ਹਲਕਾ ਉੜਮੁੜ ਟਾਂਡਾ ਦੇ ਨਾਲ ਸਬੰਧਤ ਵੱਖ ਵੱਖ ਪਿੰਡਾਂ ਦੇ ਲੋਕਾਂ ਦੀ ਸਹਾਇਤਾ ਲਈ ਸ਼੍ਰੋਮਣੀ ਅਕਾਲੀ ਦਲ ਦੀ ਟੀਮ ਉਹਨਾਂ ਦੇ ਨਾਲ ਰਹੇਗੀ ਉਹਨਾਂ ਕਿਹਾ ਕਿ ਹੜ੍ਹ ਪੀੜਿਤ ਪਰਿਵਾਰਾਂ ਲਈ ਸਾਡੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਜੋ ਵੀ ਸੇਵਾ ਕਰਨੀ ਪਈ ਅਸੀਂ ਉਹਨਾਂ ਪਰਿਵਾਰਾਂ ਦੀ ਸੇਵਾ ਡੱਟ ਕੇ ਕਰਾਂਗੇ ਤੇ ਇਸ ਕੁਦਰਤੀ ਆਫਤ ਦੇ ਬਚਾ ਲਈ ਸਾਡੀ ਜਥੇਬੰਦੀ ਹਮੇਸ਼ਾ ਸਾਰੇ ਪੀੜਿਤ ਪਰਿਵਾਰਾਂ ਨਾਲ ਬਿਨਾਂ ਕਿਸੇ ਭੇਦਭਾਵ ਦੇ ਸਾਰੇ ਪਰਿਵਾਰਾਂ ਨਾਲ ਹਮਦਰਦੀ ਕਰੇਗੀ ਤੇ ਪੀੜਿਤ ਪਰਵਾਰ ਸਾਨੂੰ ਜੋ ਵੀ ਸੇਵਾ ਲਾਉਣਗੇ ਅਸੀਂ ਜਿਹੜੇ ਮੱਥੇ ਉਹਨਾਂ ਦਾ ਪੂਰਨ ਸਹਿਯੋਗ ਦੇਵਾਂਗੇ।



6 Sep Page 9.qxd 9/5/2025 10:16 PM Page 1



# ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਸਿਹਤ ਵਿਭਾਗ ਚੌਕਸ

## ਮੈਡੀਕਲ ਕੈਂਪਾਂ ਦੇ ਨਾਲ-ਨਾਲ ਹੜ੍ਹ ਰਾਹਤ ਕੈਂਪਾਂ ਦੀ ਕੀਤੀ ਵਿਵਸਥਾ



**ਭਲਾਣ (ਹਰਜਨ ਸਿੰਘ ਢਿੱਲੋਂ)**- ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਆਪਣੇ ਹਲਕੇ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਦਿਨ ਰਾਤ ਲੋਕਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਜ਼ਮੀਨੀ ਪੱਧਰ 'ਤੇ ਕੰਮ ਕਰ ਰਹੇ ਹਨ। ਉਹਨਾਂ ਨੂੰ ਦੇਖ ਕੇ ਹਲਕੇ ਦੇ ਸਾਰੇ ਅਧਿਕਾਰੀ ਨਿਸ਼ਕਾਮ ਭਾਵ ਨਾਲ ਹੜ੍ਹ ਪ੍ਰਭਾਵਿਤ ਲੋਕਾਂ ਦੀ ਸੇਵਾ ਕਰ ਰਹੇ ਹਨ। ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦੇ ਹੁਕਮ ਅਤੇ ਸਿਵਲ ਸਰਜਨ ਰੂਪਨਗਰ ਡਾਕਟਰ ਬਲਵਿੰਦਰ ਕੌਰ ਤੇ ਹੜ੍ਹ ਜ਼ਿਲ੍ਹਾ ਨੋਡਲ ਅਧਿਕਾਰੀ ਡਾਕਟਰ ਬੌਬੀ ਗੁਲਾਟੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਿਹਤ ਵਿਭਾਗ ਵੱਲੋਂ ਬਲਾਕ ਨੰਗਲ ਦੇ ਹੜ੍ਹ ਪ੍ਰਭਾਵਿਤ ਇਲਾਕੇ ਵਿੱਚ ਜਿੱਥੇ ਮੈਡੀਕਲ ਕੈਂਪ ਕਈ ਦਿਨ ਤੋਂ ਲਗਾਤਾਰ ਲਗਾਏ ਹੋਏ ਹਨ ਬੇਲਾ ਧਿਆਨੀ ਉੱਪਰਲਾ ਪਲਾਸੀ ਭਨਾਮ ਭਲਾਣ ਐਲਗਰਾਂ ਹੜ੍ਹ ਪੀੜਤਾਂ ਲਈ ਰਾਹਤ ਕੈਂਪਾਂ ਦੀ ਵਿਵਸਥਾ ਵੀ ਕੀਤੀ ਹੋਈ ਹੈ ਉੱਥੇ ਹੀ ਹੜ੍ਹ ਪੀੜਿਤ ਲੋਕਾਂ ਤੱਕ ਦਵਾਈਆਂ ਅਤੇ ਮੈਡੀਕਲ ਸਹੂਲਤਾਂ ਪਹੁੰਚਾਉਣ ਲਈ ਸੀਨੀਅਰ ਮੈਡੀਕਲ ਅਫਸਰ ਵੱਲੋਂ ਟਰੈਕਟਰ ਤੇ ਉਹਨਾਂ ਤੱਕ ਦਵਾਈਆਂ ਪਹੁੰਚਾਈਆਂ ਜਾ ਰਹੀਆਂ ਹਨ। ਡਾਕਟਰ ਜਗਜੀਤ ਸਿੰਘ ਨੇ ਵੱਖ-ਵੱਖ ਮੈਡੀਕਲ ਕੈਂਪਾਂ ਦਾ ਜਾਇਜ਼ਾ ਲੈਣ ਪਹੁੰਚੇ ਤੇ ਉਹਨਾਂ ਦੀ ਟੀਮ ਵੱਲੋਂ ਹੜਾਂ ਦੀ ਮਾਰ ਹੇਠ ਆਏ ਪਿੰਡ ਬੇਲਾ ਧਿਆਨੀ ਉੱਪਰ ਦਾ ਪਲਾਸੀ ਐਲਗਰਾਂ ਭਨਾਮ ਭਲਾਣ ਵਿੱਚ ਦਵਾਈਆਂ ਅਤੇ ਸਿਹਤ ਸਹੂਲਤਾਂ ਉਪਲਬਧ ਕਰਾਉਣ ਦੇ ਲਈ ਮੈਡੀਕਲ ਕੈਂਪ ਲਗਾਏ ਹੋਏ ਹਨ। ਇਸ ਤੋਂ ਇਲਾਵਾ ਸਿਹਤ ਵਿਭਾਗ ਦੀਆਂ ਟੀਮਾਂ ਪੂਰੀ ਤਨਦੇਹੀ ਦੇ ਨਾਲ ਕੰਮ ਕਰ ਰਹੀਆਂ ਹਨ ਅਤੇ ਘਰੋਂ ਘਰੀ ਜਾ ਕੇ ਵੀ ਲੋਕਾਂ ਨੂੰ ਓ.ਆਰ.ਐੱਸ ਦੇ ਪੈਕਟ ਅਤੇ ਕਲੋਰੀਨ ਦੀਆਂ ਗੋਲੀਆਂ ਵੰਡੀਆਂ ਜਾ ਰਹੀਆਂ ਹਨ ਤੇ ਸਿਹਤ ਵਿਭਾਗ ਵੱਲੋਂ ਜਾਰੀ ਉਹ ਐਂਡਵਾਈਜ਼ਰੀ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਸਿਹਤ ਵਿਭਾਗ ਦੀਆਂ ਤੁਰੰਤ ਕਾਰਵਾਈ ਟੀਮਾਂ ਵੱਲੋਂ 24 ਘੰਟੇ ਸਿਹਤ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।ਬਲਾਕ ਐਕਸਟੈਨਸ਼ਨ ਐਜੂਕੇਟਰ ਗੀਤਕਾ ਉਬਰਾਏ ਨੇ ਦੱਸਿਆ ਕੀ ਸੀਨੀਅਰ ਮੈਡੀਕਲ ਅਫਸਰ ਡਾ ਜਗਜੀਤ ਨੇ ਪਲਾਸੀ ਅਤੇ ਭਲਾਣ ਵਿਖੇ ਰਾਹਤ ਕੈਂਪਾਂ ਦਾ ਜਾਇਜ਼ਾ ਵੀ ਲਿਆ ਅਤੇ ਇਸ ਦੌਰਾਨ ਕੈਬਨਿਟ ਮੰਤਰੀ ਹਰਜੋਤ ਸਿੰਘ ਨੇ ਨਾ ਸਿਰਫ਼ ਟੀਮ ਵੱਲੋਂ ਸੇਵਾ ਭਾਵਨਾ ਨਾਲ ਨਿਭਾਈ ਜਾ ਰਹੀ ਡਿਊਟੀ ਦੀ ਸ਼ਲਾਘਾ ਵੀ ਕੀਤੀ ਸਗੋਂ ਲੋਕਾਂ ਨਾਲ ਗੱਲਬਾਤ ਕਰਕੇ ਉਹਨਾਂ ਨੂੰ ਔਖੇ ਹਾਲਾਤ ਵਿੱਚ ਹੌਸਲਾ ਬਣਾਈ ਰੱਖਣ ਦੀ ਅਪੀਲ ਕੀਤੀ ਅਤੇ ਹਰ ਸੰਭਵ ਮੱਦਦ ਮੁੱਹਈਆ ਕਰਵਾਉਣ ਦਾ ਭਰੋਸਾ ਦਿੱਤਾ।

# ਐੱਸ ਡੀ ਐੱਮ ਵੱਲੋਂ ਐੱਸ ਵਾਈ ਐੱਲ ਦੀ ਮਲਕਪੁਰ ਕ੍ਰਾਸਿੰਗ ਦਾ ਜਾਇਜ਼ਾ

## ਕਿਹਾ-ਪਾਣੀ ਘਟਣ 'ਤੇ ਮੁਰੰਮਤ ਕਾਰਜ ਤੁਰੰਤ ਸ਼ੁਰੂ ਕਰ ਦਿੱਤੇ ਜਾਣਗੇ

**ਖਰੜ (ਹਰਜਨ ਸਿੰਘ ਡੱਲਾ)**- ਖਰੜ-ਬੱਸੀ ਰੋਡ 'ਤੇ ਐੱਸ ਵਾਈ ਐੱਲ ਦੀ ਮਲਕਪੁਰ ਕ੍ਰਾਸਿੰਗ ਦਾ ਵੱਖ-ਵੱਖ ਤਕਨੀਕੀ ਟੀਮਾਂ



ਨਾਲ ਜਾਇਜ਼ਾ ਲੈਣ ਪੁੱਜੇ ਐਸ ਡੀ ਐਮ ਖਰੜ ਦਿਵਿਆ ਪੀ ਨੇ ਦੱਸਿਆ ਕਿ ਇੱਥੇ ਮੁਰੰਮਤ ਕਾਰਜ ਪਾਣੀ ਘਟਣ 'ਤੇ ਤੁਰੰਤ ਸ਼ੁਰੂ ਕਰ ਦਿੱਤੇ ਜਾਣਗੇ। ਡ੍ਰੇਨੇਜ ਵਿਭਾਗ, ਲੋਕ ਨਿਰਮਾਣ ਵਿਭਾਗ ਅਤੇ ਈ ਓ ਖਰੜ ਨੂੰ ਲੋਕ ਨਿਰਮਾਣ ਵਿਭਾਗ ਵੱਲੋਂ ਇਸ ਜਗ੍ਹਾ ਤਜਵੀਜ਼ ਕੀਤੇ ਹੋਏ ਪੁੱਲ ਨੂੰ ਮਨਜ਼ੂਰੀ ਮਿਲਣ ਤੱਕ, ਅਸਥਾਈ ਲਾਂਘਾ ਬਰਕਰਾਰ ਰੱਖਣ ਦੇ ਡਿਪਟੀ ਕਮਿਸ਼ਨਰ ਦੇ ਆਦੇਸ਼ਾਂ ਤੋਂ ਜਾਣੂ ਕਰਵਾਉਂਦਿਆਂ ਐਸ ਡੀ ਐਮ ਖਰੜ ਨੇ ਕਿਹਾ ਕਿ ਲੋਕਾਂ ਨੂੰ ਇਸ ਰਸਤੇ ਤੋਂ ਗੁਜ਼ਰਨ ਵਿੱਚ ਆ ਰਹੀ ਮੁਸ਼ਕਿਲ ਨੂੰ ਜਲਦ ਸਿਰ ਕੀਤਾ ਜਾਵੇ। ਜ਼ਿਕਰਯੋਗ ਹੈ ਕਿ ਦੋ ਦਿਨ ਪਹਿਲਾਂ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਵੱਲੋਂ ਵੀ ਬਾਰਸ਼ਾਂ ਕਾਰਨ ਇਸ ਮਹਤਵਪੂਰਨ ਲਾਂਘੇ ਨੂੰ ਹੋਏ ਨੁਕਸਾਨ ਦਾ ਮੌਕੇ ਤੇ ਦੌਰਾ ਕਰਕੇ ਜਾਇਜ਼ਾ ਲਿਆ ਗਿਆ ਸੀ। ਉਨ੍ਹਾਂ ਇਸ ਮੌਕੇ ਮੌਜੂਦ ਲੋਕਾਂ ਨੂੰ ਭਰੋਸਾ ਦਿਵਾਇਆ ਸੀ ਕਿ ਇਸ ਥਾਂ ਤੇ ਸਥਾਈ ਪੁੱਲ ਉਸਾਰਨ ਦੀ ਤਜਵੀਜ਼ ਨੂੰ ਜਲਦ ਮਨਜ਼ੂਰ ਕਰਵਾਇਆ ਜਾਵੇਗਾ ਅਤੇ ਉਦੋਂ ਤੱਕ ਇਸ ਰਸਤੇ ਨੂੰ ਹਰ ਹਾਲਤ ਵਿੱਚ ਚਲਦਾ ਰੱਖਿਆ ਜਾਵੇ। ਐਸ ਡੀ ਐਮ ਦੇ ਦੌਰੇ ਮੌਕੇ ਕਾਰਜ ਸਾਧਕ ਅਫਸਰ ਸੁਖਦੇਵ ਸਿੰਘ ਨੇ ਦੱਸਿਆ ਕਿ ਡ੍ਰੇਨੇਜ ਵਿਭਾਗ ਤੇ ਲੋਕ ਨਿਰਮਾਣ ਵਿਭਾਗ ਦੇ ਤਕਨੀਕੀ ਮਾਰਗਦਰਸ਼ਨ 'ਚ ਇਸ ਥਾਂ ਤੇ ਪਾਈਪਾਂ ਦੀ ਲੰਬਾਈ 'ਚ ਵਾਧਾ ਕੀਤਾ ਜਾਵੇਗਾ ਤਾਂ ਜੋ ਪਾਣੀ ਦੀ ਕ੍ਰਾਸਿੰਗ ਦੌਰਾਨ ਪਾਈਪਾਂ ਦੁਆਲੇ ਲਾਈ ਗਈ ਮਿੱਟੀ ਨੂੰ ਖੋਰਾ ਨਾ ਲੱਗੇ। ਉਨ੍ਹਾਂ ਦੱਸਿਆ ਕਿ ਪਾਣੀ ਦਾ ਪੱਧਰ ਘਟਣ ਦੇ ਨਾਲ ਹੀ ਮੁਰੰਮਤ ਅਤੇ ਮਜ਼ਬੂਤੀ ਦਾ ਕੰਮ ਤੁਰੰਤ ਸ਼ੁਰੂ ਕਰ ਦਿੱਤਾ ਜਾਵੇਗਾ। ਬਰਸਾਤ ਕਰਕੇ ਖਰੜ ਦੇ ਇਰਦ ਗਿਰਦ ਦੇ ਇਲਾਕਿਆਂ ਵਿੱਚ ਸਫ਼ਾਈ ਅਤੇ ਪਾਣੀ ਦੀ ਨਿਕਾਸੀ ਲਈ ਵਿਸ਼ੇਸ਼ ਮੁਹਿੰਮ ਚਲਾਈ ਗਈ ਹੈ। ਇਸੇ ਦੌਰਾਨ ਐੱਸ ਡੀ ਐੱਮ ਖਰੜ ਵੱਲੋਂ ਪ੍ਰਭਾਵਤ ਲੋਕਾਂ ਨੂੰ ਰਾਹਤ ਦੇਣ ਲਈ ਸੜਕਾਂ ਦਾ ਲਗਾਤਾਰ ਦੌਰਾ ਕੀਤਾ ਜਾ ਰਿਹਾ ਹੈ।

# ਹੜ੍ਹ ਪੀੜਤਾਂ ਦੀ ਜੰਗੀ ਪੱਧਰ 'ਤੇ ਮਦਦ ਕੀਤੀ ਜਾਵੇ : ਦਰਸ਼ਨ ਸਿੰਘ ਮੱਟੂ



**ਮਾਹਿਲਪੁਰ (ਸ਼ਰਧੀ)**- ਇਲਾਕੇ ਦੀਆਂ ਪ੍ਰਮੁੱਖ ਮੰਗਾਂ ਨੂੰ ਲੈ ਕੇ ਸ਼ਹੀਦ ਭਗਤ ਸਿੰਘ ਚੈਰੀਟੇਬਲ ਟਰੱਸਟ ਗੜ੍ਹਸ਼ੰਕਰ ਦੇ ਪ੍ਰਧਾਨ ਦਰਸ਼ਨ ਸਿੰਘ ਮੱਟੂ ਦੀ ਅਗਵਾਈ ਹੇਠ ਇੱਕ ਵਫਦ ਨੇ ਐਸ ਡੀ ਐਮ ਗੜ੍ਹਸ਼ੰਕਰ ਸੰਜੀਵ ਕੁਮਾਰ ਨਾਲ ਮੁਲਾਕਾਤ ਕੀਤੀ। ਇਸ ਮੌਕੇ ਵਫਦ ਨੇ ਐਸ ਡੀ ਐਮ ਗੜ੍ਹਸ਼ੰਕਰ ਨੂੰ ਅਪੀਲ ਕਰਦਿਆਂ ਕਿਹਾ ਕਿ ਇਲਾਕੇ ਵਿੱਚ ਹੜ੍ਹ ਪੀੜਤਾਂ ਦੀ ਮਦਦ ਪਹਿਲ ਦੇ ਆਧਾਰ ਕੀਤੀ ਜਾਵੇ। ਇਸ ਤੋਂ ਇਲਾਵਾ ਉਨ੍ਹਾਂ ਮੰਗ ਕਰਦਿਆਂ ਕਿਹਾ ਕਿ ਗੜ੍ਹਸ਼ੰਕਰ ਵਿਖੇ ਹੜਾਂ ਦੇ ਪਾਣੀ ਦੀ ਸੁਚਾਰੂ ਢੰਗ ਨਾਲ ਨਿਕਾਸੀ ਲਈ ਸ਼ਹਿਰ ਵਿੱਚ 9 ਬੰਦ ਕੀਤੀਆਂ ਪੁੱਲੀਆਂ ਨੂੰ ਖੋਲ੍ਹਿਆ ਜਾਵੇ ਅਤੇ ਬੰਦ ਪਏ ਨਾਲੇ ਤੇ ਖੋਲ੍ਹਣ ਦੀ ਸਫਾਈ ਕਰਵਾਈ ਜਾਵੇ। ਉਨ੍ਹਾਂ ਮੰਗ ਕੀਤੀ ਕਿ ਹੜਾਂ ਨਾਲ ਫਸਲਾਂ ਅਤੇ ਘਰਾਂ ਦੇ ਹੋਏ ਨੁਕਸਾਨ ਦਾ ਜਲਦ ਸਰਵੇ ਕਰਵਾ ਕੇ ਮੁਆਵਜ਼ਾ ਤੁਰੰਤ ਦਿੱਤਾ ਜਾਵੇ। ਇਸ ਮੌਕੇ ਸ਼ਹੀਦ ਭਗਤ ਸਿੰਘ ਚੈਰੀਟੇਬਲ ਟਰੱਸਟ ਦੇ ਪ੍ਰਧਾਨ ਦਰਸ਼ਨ ਸਿੰਘ ਮੱਟੂ, ਰਾਜੂ ਵੈਲਫੇਅਰ ਸੁਸਾਇਟੀ ਯੂ.ਕੇ ਐਂਡ ਪੰਜਾਬ ਦੇ ਪ੍ਰਧਾਨ ਹੈਪੀ ਸਾਧੋਵਾਲ, ਡਾ. ਭੀਮ ਰਾਓ ਅੰਬੇਡਕਰ ਸੇਵਾ ਸੁਸਾਇਟੀ ਗੋਲੀਆਂ ਦੇ ਪ੍ਰਧਾਨ ਰੌਕੀ ਮੋਇਲਾ, ਡਾਕਟਰ ਲਖਵਿੰਦਰ ਕੁਮਾਰ ਲੱਕੀ ਅਤੇ ਸ਼ਿੰਦਾ ਗੋਲੀਆਂ ਆਦਿ ਹਾਜ਼ਰ ਸਨ।

# ਮੁਫਤ ਮੈਡੀਕਲ ਚੈੱਕਅਪ ਕੈਂਪ ਲਗਾਇਆ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਨਜ਼ਦੀਕੀ ਪਿੰਡ ਦਿਹਾਣਾ ਵਿਖੇ ਮੁਫਤ ਜਨਰਲ ਮੈਡੀਕਲ ਕੈਂਪ ਪਿੰਡ ਦੇ ਗੁਰਦੁਆਰਾ ਗੁਰੂ ਨਾਨਕ ਦੇਵ ਜੀ ਵਿਖੇ ਪ੍ਰਧਾਨ ਬਰਿੰਦਰ ਸਿੰਘ ਜਸਵਾਲ ਦੀ ਅਗਵਾਈ ਵਿੱਚ ਲਗਾਇਆ।ਇਸ ਮੈਡੀਕਲ ਚੈੱਕਅਪ ਵਿੱਚ ਲਵਾਸਾ ਹਸਪਤਾਲ ਦੀ ਡਾਕਟਰਾਂ ਦੀ ਟੀਮ ਡਾਕਟਰ ਰੁਚਿਕਾ ਅਤੇ ਉਹਨਾਂ ਦੀ ਟੀਮ ਜਿਸ ਵਿੱਚ ਡਾਕਟਰ ਸਿਮਰਨਜੀਤ ਕੌਰ, ਮਨਜੀਤ ਕੌਰ ਵਲੋਂ ਪੰਜਾਹ ਮਰੀਜਾਂ ਦਾ ਚੈੱਕਅਪ ਕੀਤਾ।ਇਸ ਚੈੱਕਅਪ ਵਿੱਚ ਬਲੱਡ ਪ੍ਰੈਸ਼ਰ ਅਤੇ ਸ਼ੂਗਰ ਦੇ ਮਰੀਜਾਂ ਦਾ ਚੈੱਕਅਪ ਕੀਤਾ ਗਿਆ।ਇਸ ਮੌਕੇ ਮਰੀਜ਼ਾਂ ਦੇ ਹੈਲਥ ਕਾਰਡ ਵੀ ਬਣਾਏ ਗਏ।ਇਸ ਮੌਕੇ ਪ੍ਰਧਾਨ ਬਰਿੰਦਰ ਸਿੰਘ, ਗ੍ਰਾਮ ਪੰਚਾਇਤ ਦਿਹਾਣਾ ਦੇ ਸਰਪੰਚ ਗੁਰਵਿੰਦਰ ਸਿੰਘ ਬਾਵਾ ਪੰਚ ਸੁਰਿੰਦਰ ਮੋਹਨ ਪੰਚ ਸੁਰਿੰਦਰ ਪਾਲ, ਪੰਚ ਅਰਵਿੰਦਰ ਸਿੰਘ, ਪੰਚ ਇਕਬਾਲ ਸਿੰਘ, ਪੰਚ ਦਰਸ਼ਨਾਂ ਦੇਵੀ, ਪੰਚ ਰਾਜਕੁਮਾਰੀ, ਪੰਚ ਕੁਲਵਿੰਦਰ ਕੌਰ, ਪੰਚ ਸਰਬਜੀਤ ਕੌਰ, ਅਤੇ ਪ੍ਰਧਾਨ ਪਰਮਜੀਤ ਸਿੰਘ ਪ੍ਰਧਾਨ ਜਸਵੀਰ ਸਿੰਘ, ਅਸਿਸਟੈਂਟ ਮੈਨੇਜਰ ਵਿਕਾਸ ਠਾਕੁਰ, ਪ੍ਰਦੀਪ ਸਿੰਘ ਅਤੇ ਅਮਨਦੀਪ ਸਿੰਘ ਅਤੇ ਨੌਜਵਾਨਾਂ ਸਾਥੀ ਸ਼ਾਮਿਲ ਸਨ।

# ਸਾਧਾਰਨ ਸਾਵਧਾਨੀਆਂ ਅਪਣਾ ਕੇ ਡੇਂਗੂ ਤੋਂ ਆਪਣੇ ਆਪ ਨੂੰ ਬਚਾਅ ਸਕਦੇ ਹਾਂ : ਸਿਵਲ ਸਰਜਨ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ, ਜ਼ਿਲ੍ਹਾ ਹਸਪਤਾਲ ਨਵਾਂਸ਼ਹਿਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਸਤਵਿੰਦਰਪਾਲ ਸਿੰਘ ਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ ਰਾਕੇਸ਼ ਪਾਲ ਨੇ ਲੋਕਾਂ ਨੂੰ ਡੇਂਗੂ, ਚਿਕਨਗੁਨੀਆ ਤੇ ਮਲੇਰੀਆ ਵਰਗੀਆਂ ਘਾਤਕ ਬਿਮਾਰੀਆਂ ਤੋਂ ਬਚਾਉਣ ਲਈ ਖ਼ੁਦ ਕਮਾਨ ਸੰਭਾਲੀ ਹੋਈ ਹੈ। ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਤੇ ਜ਼ਿਲ੍ਹਾ ਹਸਪਤਾਲ ਨਵਾਂਸ਼ਹਿਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਸਤਵਿੰਦਰਪਾਲ ਸਿੰਘ ਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ ਰਾਕੇਸ਼ ਪਾਲ ਨੇ 'ਹਰ ਸ਼ੁੱਕਰਵਾਰ-ਡੇਂਗੂ 'ਤੇ ਵਾਰ' ਮੁਹਿੰਮ ਮੌਕੇ ਮੱਛਰਾਂ ਤੋਂ ਹੋਣ ਵਾਲੀਆਂ ਬਿਮਾਰੀਆਂ, ਖਾਸ ਕਰਕੇ ਡੇਂਗੂ ਦੇ ਡੰਗ ਤੋਂ ਬਚਾਉਣ ਲਈ ਅਰਬਨ ਨਵਾਂਸ਼ਹਿਰ ਵਿੱਚ ਸਥਿਤ ਪੰਜਾਬ ਰੋਡਵੇਜ ਦੀ ਵਰਕਸ਼ਾਪ ਦਾ ਦੌਰਾ ਕੀਤਾ ਤੇ ਲਾਰਵੇ ਦੀ ਜਾਂਚ ਤੇ ਪਛਾਣ ਕਰਨ ਬਾਰੇ ਮੁਲਾਜ਼ਮਾਂ ਨੂੰ ਜਾਗਰੂਕ ਕੀਤਾ।ਸਿਵਲ ਸਰਜਨ ਡਾ ਗੁਰਿੰਦਰਜੀਤ ਸਿੰਘ ਨੇ ਦੱਸਿਆ ਕਿ 'ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ' ਮੁਹਿੰਮ ਦਾ ਮਕਸਦ ਡੇਂਗੂ, ਮਲੇਰੀਆਂ ਤੇ ਚਿਕਨਗੁਨੀਆਂ ਤੋਂ ਬਚਾਅ



ਲਈ ਲੋਕਾਂ ਨੂੰ ਜਾਗਰੂਕ ਕਰਨਾ ਹੈ ਤਾਂ ਜੋ ਲੋਕ ਸਾਵਧਾਨੀਆਂ ਵਰਤ ਕੇ ਆਪਣੀ ਤੇ ਆਪਣੇ ਇਲਾਕੇ ਦੇ ਲੋਕਾਂ ਦਾ ਮੱਛਰਾਂ ਤੋਂ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਕਰ ਸਕਣ।ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਤੇ ਜ਼ਿਲ੍ਹਾ ਹਸਪਤਾਲ ਨਵਾਂਸ਼ਹਿਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਸਤਵਿੰਦਰਪਾਲ ਸਿੰਘ ਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ ਰਾਕੇਸ਼ ਪਾਲ ਨੇ ਨਵਾਂਸ਼ਹਿਰ ਵਿੱਚ ਪੰਜਾਬ ਰੋਡਵੇਜ ਦੀ ਵਰਕਸ਼ਾਪ ਵਿੱਚ ਟਾਇਰਾਂ ਤੇ ਹੋਰ ਕਬਾੜ ਸਮੇਤ ਪਾਣੀ ਵਾਲੇ ਸਰੋਤਾਂ, ਕੂਲਰਾਂ, ਫੁੱਲਾਂ ਦੇ ਗਮਲੇ ਅਤੇ ਪੰਛੀਆਂ ਨੂੰ ਪਾਣੀ ਪਿਲਾਉਣ ਲਈ ਵਰਤੇ ਜਾਂਦੇ ਭਾਂਡਿਆਂ ਦੀ ਜਾਂਚ ਕੀਤੀ। ਸਿਵਲ ਸਰਜਨ ਵੱਲੋਂ ਹਰ ਉਸ ਥਾਂ ਦੀ ਚੈਕਿੰਗ ਕੀਤੀ ਗਈ, ਜਿੱਥੇ ਡੇਂਗੂ ਦਾ ਲਾਰਵਾ ਹੋਣ ਦੀ ਸੰਭਾਵਨਾ ਸੀ। ਸਿਵਲ ਸਰਜਨ ਨੇ ਕਿਹਾ ਕਿ ਡੇਂਗੂ ਦੀ ਰੋਕਥਾਮ ਲਈ ਜਾਗਰੂਕਤਾ ਹੀ ਸਭ ਤੋਂ ਵੱਡਾ ਹਥਿਆਰ ਹੈ ਅਤੇ ਲੋਕਾਂ ਨੂੰ ਸਿੱਖਿਅਤ ਕਰਕੇ ਹੀ ਡੇਂਗੂ ਫੈਲਾਉਣ ਵਾਲੇ ਮੱਛਰ ਦੀ ਪੈਦਾਇਸ਼ ਨੂੰ ਰੋਕਿਆ ਜਾ ਸਕਦਾ ਹੈ।ਸਿਵਲ ਸਰਜਨ ਨੇ ਇਹ ਵੀ ਦੱਸਿਆ ਕਿ ਭਾਵੇਂ ਡੇਂਗੂ ਦਾ ਟੈਸਟ ਅਤੇ ਇਲਾਜ ਸਰਕਾਰੀ ਹਸਪਤਾਲਾਂ ਵਿੱਚ ਬਿਲਕੁਲ ਮੁਫ਼ਤ ਹੈ ਪਰ ਅਸੀਂ ਕੁਝ ਸਾਧਾਰਨ ਸਾਵਧਾਨੀਆਂ ਅਪਣਾ ਕੇ ਡੇਂਗੂ ਵਰਗੀਆਂ ਬਿਮਾਰੀਆਂ ਤੋਂ ਆਪਣੇ ਆਪ ਨੂੰ ਬਚਾਅ ਸਕਦੇ ਹਾਂ।

# ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਲਈ ਰਾਹਤ ਸਮੱਗਰੀ ਰਵਾਨਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਆਸ਼ਿਕਾ ਜੈਨ ਵੱਲੋਂ ਹੜ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਸਮੱਗਰੀ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇਸ ਮੌਕੇ ਉਹਨਾਂ ਪ੍ਰਭਾਵਿਤ ਲੋਕਾਂ ਨੂੰ ਪ੍ਰਸ਼ਾਸਨ ਵੱਲੋਂ ਰੱਖਿਆ ਗਿਆ ਹੈ, ਨੂੰ ਰੋਜ਼ਾਨਾ ਦੀ ਲੋੜ ਅਨੁਸਾਰ ਰਾਸ਼ਨ, ਤਰਪਾਲਾਂ, ਰੇਨਕੋਟ, ਨਾ ਹੁਣ ਤੇ ਕੱਪੜੇ ਧੋਣ ਵਾਲੇ ਸਾਬਣ, ਸਰਫ, ਕਛੂਆ ਛਾਪ, ਖਾਣ ਪੀਣ ਲਈ ਰਸ , ਬਿਸਕੁਟ ਗਏ ਕਈ ਪਰਵਾਰਾਂ ਨੂੰ ਜ਼ਰੂਰਤ ਦਾ ਸਾਰਾ ਸਮਾਨ ਮੁਹਈਆ ਕਰਵਾਇਆ ਗਿਆ। ਇਸ ਮੌਕੇ ਐਡਵੋਕੇਟ ਪ੍ਰਿਤਪਾਲ ਸਿੰਘ ਬਾਸੀ ਨੇ ਕਿਹਾ ਕਿ ਇਸ ਕੁਦਰਤੀ ਆਫਤ ਮੌਕੇ ਸਾਰੇ ਪੰਜਾਬ ਦੇ ਲੋਕਾਂ ਨੂੰ ਹੜ ਪੀੜਤ



ਇਲਾਕਿਆਂ ਵਿੱਚ ਜਾ ਕੇ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ ਤਾਂ ਜੋ ਆਪਣੇ ਘਰ ਤੋਂ ਬੇਘਰ ਹੋ ਚੁੱਕੇ ਇਹਨਾਂ ਲੋਕਾਂ ਨੂੰ ਕੁਝ ਰਾਹਤ ਦਿੱਤੀ ਜਾ ਸਕੇ। ਇਸ ਮੌਕੇ ਐਡਵੋਕੇਟ ਪ੍ਰਿਤਪਾਲ ਸਿੰਘ ਬਾਸੀ, ਮੰਗੇਸ਼ ਸੂਦ ਸੈਕਟਰੀ ਰੈਡ ਕਰੋਸ ਜਿਲਾ ਹੁਸ਼ਿਆਰਪੁਰ, ਐਡਵੋਕੇਟ ਪ੍ਰਿੰਸ ਪ੍ਰੀਤ ਜੀਤ ਸਿੰਘ ਬਾਸੀ, ਤਰੁਣ ਚੁੱਗ ਐਮਡੀ ਕੈਰੀਅਰ ਕਰੇਟਰ ਮੋਹਾਲੀ, ਪ੍ਰਦੀਪ ਸਿੰਘ ਬੈਦਵਾਨ, ਪ੍ਰੀਤ ਕਰਨਦੀਪ ਸਿੰਘ ਬਾਸੀ, ਐਡਵੋਕੇਟ ਅਰਸ਼ ਚੌਧਰੀ, ਐਡਵੋਕੇਟ ਰੋਹਿਤ ਗਰਗ, ਐਡਵੋਕੇਟ ਗੁਰਪ੍ਰੀਤ ਸਿੰਘ ਸਿੱਧੂ, ਕੁਲਦੀਪ ਸਿੰਘ ਸਹੋੜਾ, ਰੁਪਿੰਦਰ ਸਿੰਘ ਖਰੜ, ਮਹੇਸ਼, ਲੱਕੀ ਪਹਿਲਵਾਨ, ਜਸਬੀਰ ਸਿੰਘ ਜੱਸੀ ਤੇ ਹੋਰ ਹਾਜ਼ਰ ਸਨ। ਐਡਵੋਕੇਟ ਪ੍ਰਿਤਪਾਲ ਸਿੰਘ ਬਾਸੀ ਅਤੇ ਉਹਨਾਂ ਦੀ ਸਾਰੀ ਟੀਮ ਦਾ ਦਿਲੋਂ ਧੰਨਵਾਦ ਕਰਦਿਆ ਕਿਹਾ ਕਿ ਕੁਦਰਤੀ ਆਫ਼ਤ ਦੌਰਾਨ ਉਹਨਾਂ ਦੀ ਟੀਮ ਵੱਲੋਂ ਕੀਤੇ ਗਏ ਉਪਰਾਲੇ ਦੀ ਉਹ ਸ਼ਲਾਘਾ ਕਰਦੇ ਹਨ। ਇਹ ਰਾਹਤ ਸਮੱਗਰੀ ਟਾਂਡਾ ਦੇ ਪਿੰਡ ਮਿਆਣੀ ਜਿੱਥੇ ਸਰਕਾਰੀ ਸਕੂਲ ਵਿੱਚ ਹੜ ਆਦਿ ਦਿੱਤੇ ਗਏ। ਇਸ ਤੋਂ ਇਲਾਵਾ ਛੋਟੇ ਬੱਚਿਆਂ ਲਈ ਸਰਲੈਕ ਵੀ ਮੁਹਈਆ ਕਰਵਾਇਆ ਗਿਆ। ਇਸ ਤੋਂ ਬਾਅਦ ਸਾਰੀ ਟੀਮ ਰਾਹਤ ਸਮੱਗਰੀ ਦਾ ਸਮਾਨ ਲੈ ਕੇ ਦਸੂਹਾ, ਮੁਕੇਰੀਆਂ ਅਤੇ ਤਲਵਾੜਾ ਦੇ ਪਿੰਡ ਚਗੜਮਾਂ ਦੇ ਇਕ ਮੰਦਰ ਵਿੱਚ ਜਾ ਕੇ ਸ਼ਰਨਾਰਥੀ ਕੈਂਪ ਵਿੱਚ ਪ੍ਰਸ਼ਾਸਨ ਵੱਲੋਂ ਰੱਖੇ

# ਏ ਡੀ ਸੀ ਵੱਲੋਂ ਸੰਭਾਵੀ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਅਚਨਚੇਤ ਦੌਰਾ

**ਐਸ.ਏ.ਐਸ. ਨਗਰ (ਕ੍ਰਿਸ਼ਨ ਗਰਗ)**- ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਅਨਮੋਲ ਸਿੰਘ ਧਾਲੀਵਾਲ ਨੇ ਡੇਰਾਬੱਸੀ ਦੇ ਹੜ੍ਹ ਪ੍ਰਭਾਵਿਤ ਨੀਵੇਂ ਇਲਾਕਿਆਂ, ਜਿਨ੍ਹਾਂ ਵਿੱਚ ਗੁਲਮੋਹਰ ਐਕਸਟੈਂਸ਼ਨ, ਏ ਟੀ ਐਸ. ਮੀਡੋਜ਼, ਕ੍ਰਿਸ਼ਨਾ ਐਨਕਲੇਵ ਅਤੇ ਗੁਲਮੋਹਰ ਸੁਸਾਇਟੀ ਸ਼ਾਮਲ ਹਨ, ਦਾ ਅਚਨਚੇਤ ਦੌਰਾ ਕੀਤਾ। ਦੌਰੇ ਦੌਰਾਨ ਏ ਡੀ ਸੀ ਨੇ ਨਗਰ ਕੌਂਸਲ, ਡੇਰਾਬੱਸੀ ਦੀ ਤਿਆਰੀ ਦਾ ਜਾਇਜ਼ਾ ਲਿਆ ਤੇ ਅਧਿਕਾਰੀਆਂ ਨੂੰ ਹੰਗਾਮੀ ਪਾਣੀ ਦੀ ਨਿਕਾਸੀ ਅਤੇ ਨਿਵਾਸੀ ਬਚਾਅ ਕਾਰਜਾਂ ਲਈ ਸਾਰੇ ਜ਼ਰੂਰੀ ਉਪਾਅ, ਮਸ਼ੀਨਰੀ ਅਤੇ ਮਨੁੱਖੀ ਸ਼ਕਤੀ ਤਿਆਰ ਰੱਖਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਵਸਨੀਕਾਂ ਨੂੰ ਭਰੋਸਾ ਦਿੱਤਾ ਕਿ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਹੜ੍ਹ ਨਾਲ ਸਬੰਧਤ ਕਿਸੇ ਵੀ ਹੰਗਾਮੀ ਸਥਿਤੀ ਵਿੱਚ ਤੁਰੰਤ ਕਾਰਵਾਈ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ। ਇਸ ਦੌਰੇ ਦਾ ਉਦੇਸ਼ ਐਮਰਜੈਂਸੀ ਤਿਆਰੀ ਦਾ ਜਾਇਜ਼ਾ ਲੈਣਾ ਅਤੇ ਸਥਾਨਕ ਲੋਕਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਵਿੱਚ ਭਰੋਸਾ ਪੈਦਾ ਕਰਨਾ ਸੀ।

# ਸਰਬੱਤ ਦਾ ਭਲਾ ਟਰੱਸਟ ਦੀ ਟੀਮ ਵੱਲੋਂ ਧੈਗੜਪੁਰ ਤੇ ਬੇਲਾ ਤਾਜੋਵਾਲ ਦਾ ਦੌਰਾ

**ਬਲਾਚੌਰ (ਜਸਵਿੰਦਰ ਬੈਂਸ)**- ਸ਼ਹੀਦ ਭਗਤ ਸਿੰਘ ਨਗਰ ਦੀ ਸਬ ਡਿਵੀਜ਼ਨ ਬਲਾਚੌਰ ਵਿੱਚ ਸਰਬੱਤ ਦਾ ਭਲਾ ਟਰੱਸਟ ਦੀ ਟੀਮ ਵੱਲੋਂ ਆਪਣੇ ਸਾਥੀਆਂ ਸਮੇਤ ਔਲੀਆਪੁਰ ਧੈਗੜਪੁਰ ਬੰਨ ਦਾ ਅਤੇ ਏ ਡੀ ਤੇ ਔਲੀਆਪੁਰ ਦੇ ਬੰਨ ਲੋਕਾਂ ਵੱਲੋਂ ਮਿਲਜੁੱਲ ਕੇ ਬੰਨ ਨੂੰ ਮਜਬੂਤ ਕਰਨ ਲਈ ਦਿਨ ਰਾਤ ਇੱਕ ਕਰ ਕੇ ਮਿੱਟੀ ਦੇ ਥੈਲੇ ਭਰ ਕੇ ਲਗਾਏ ਜਾ ਰਹੇ ਹਨ। ਜਿਸ ਵਿੱਚ ਨੌਜਵਾਨਾਂ ਅਤੇ ਔਰਤਾਂ ਵੱਲੋਂ ਬੰਨ ਦੀ ਮਜਬੂਤੀ ਲਈ ਕੜੀ



ਮਿਹਨਤ ਕੀਤੀ ਜਾ ਰਹੀ ਹੈ।ਇਸ ਮੌਕੇ ਤੇ ਦੁਰਗੇਸ਼ ਜੰਡੀ ਨੇ ਕਿਹਾ ਕਿ ਲੋੜ ਪੈਣ ਤੇ ਸਰਬੱਤ ਦਾ ਭਲਾ ਟਰੱਸਟ ਵੱਲੋਂ ਲੋਕਾਂ ਦੀ ਪੂਰੀ ਮਦਦ ਕੀਤੀ ਜਾਵੇਗੀ। ਇਸ ਮੌਕੇ ਤੇ ਉਹਨਾਂ ਨੇ ਕਿਹਾ ਇਸ ਵੀ ਬੇਲਾ ਤਾਜੋਵਾਲ ਦਾ ਦੌਰਾ ਕੀਤਾ ਗਿਆ। ਇਸ ਮੌਕੇ ਤੇ ਟੀਮ ਦੇ ਮੈਂਬਰ ਦਰਗੇਸ਼ ਜੰਡੀ ਵੱਲੋਂ ਕਿਹਾ ਕਿ ਇਹ ਕੁਦਰਤੀ ਆਫਤ ਹੈ ਜਿਸ ਨਾਲ ਪੰਜਾਬ ਦੇ ਕਈ ਜ਼ਿਲ੍ਹੇ ਆਫਤ ਦੀ ਲਪੇਟ ਵਿੱਚ ਆ ਚੁੱਕੇ ਹਨ।ਇਸ ਮੌਕੇ ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜਿਸ ਤਰ੍ਹਾਂ ਲੋਕਾਂ ਵੱਲੋਂ ਪਿੰਡ ਧੈਗੜਪੁਰ ਸਮੇਂ ਦਰਿਆ 'ਚ ਪਾਣੀ ਦਾ ਪੱਧਰ ਘੱਟ ਹੋਣ ਤੇ ਲੋਕਾਂ ਨੇ ਕੁਝ ਰਾਹਤ ਮਹਿਸੂਸ ਕੀਤੀ ਹੈ। ਇਸ ਮੌਕੇ ਤੇ ਦੁਰਗੇਸ਼ ਜੰਡੀ, ਰਾਕੇਸ਼ ਕੁਮਾਰ ਹੈਪੀ ਭਾਟੀਆ, ਜਸਵਿੰਦਰ ਬੈਂਸ, ਰਾਜ ਕੁਮਾਰ ਖਟਾਣਾ, ਪਰਮਿੰਦਰ ਬਾਂਠ, ਜੋਗਿੰਦਰ ਰੰਧਾਵਾ, ਸੰਦੀਪ, ਸੁਰਜੀਤ ਸਿੰਘ ਦੁਭਾਲੀ , ਸੁਰਜੀਤ ਸਿੰਘ ਸੈਣੀ ਮੌਜੂਦ ਸਨ।

# ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਕੀਤਾ ਦੌਰਾ

## ਪਿੰਡ ਖਲਵਾਣਾ, ਬਾਦੋਵਾਲ ਤੇ ਦਿਓਵਾਲ ਦਾ ਦੌਰਾ ਕਰਕੇ ਸਥਿਤੀ ਦਾ ਲਿਆ ਜਾਇਜ਼ਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਵਿਧਾਨ ਸਭਾ ਸ਼ਾਮ ਚੌਰਾਸੀ ਵਿੱਚ ਭਾਰੀ ਬਾਰਸ਼ ਕਾਰਨ ਪ੍ਰਭਾਵਿਤ ਪਿੰਡਾਂ ਖਲਵਾਣਾ, ਬਾਦੋਵਾਲ ਅਤੇ ਦਿਓਵਾਲ ਦਾ ਦੌਰਾ ਕੀਤਾ ਤੇ ਸਥਿਤੀ ਦਾ ਜਾਇਜ਼ਾ ਲਿਆ। ਉਨ੍ਹਾਂ ਪਿੰਡਾਂ ਵਿੱਚ ਜਾ ਕੇ



ਲੋਕਾਂ ਨਾਲ ਸਿੱਧੇ ਤੌਰ 'ਤੇ ਗੱਲਬਾਤ ਕੀਤੀ ਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ। ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਹਰ ਸਮੇਂ ਜਨਤਾ ਦੇ ਨਾਲ ਖੜ੍ਹੀ ਹੈ ਅਤੇ ਕਿਸੇ ਵੀ ਪਿੰਡ ਨੂੰ ਸਮੱਸਿਆ ਦਾ ਸਾਹਮਣਾ ਨਹੀਂ ਕਰਨ ਦਿੱਤਾ ਜਾਵੇਗਾ। ਉਨ੍ਹਾਂ ਅਧਿਕਾਰੀਆਂ ਨੂੰ ਮੀਂਹ ਨਾਲ ਸਬੰਧਤ ਪਾਣੀ ਦੀ ਨਿਕਾਸੀ, ਟੁੱਟੀਆਂ ਸੜਕਾਂ ਦੀ ਮੁਰੰਮਤ ਅਤੇ ਸਫਾਈ ਦੇ ਕੰਮਾਂ ਨੂੰ ਪਹਿਲ ਦੇ ਆਧਾਰ 'ਤੇ ਪੂਰਾ ਕਰਨ ਦੇ ਨਿਰਦੇਸ਼ ਦਿੱਤੇ।ਡਾ. ਰਵਜੋਤ ਸਿੰਘ ਨੇ ਭਰੋਸਾ ਦਿੱਤਾ ਕਿ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਕਾਰਜਾਂ ਵਿੱਚ ਤੇਜੀ ਲਿਆਂਦੀ ਜਾਵੇਗੀ ਤੇ ਲੋੜੀਂਦੀਆਂ ਸਹੂਲਤਾਂ ਸਮੇਂ ਸਿਰ ਉਪਲਬਧ ਕਰਵਾਈਆਂ ਜਾਣਗੀਆਂ। ਉਨ੍ਹਾਂ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਵੀ ਸਮੱਸਿਆ ਨੂੰ ਤੁਰੰਤ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆਉਣ ਤਾਂ ਜੋ ਇਸ ਦਾ ਜਲਦੀ ਹੱਲ ਕੀਤਾ ਜਾ ਸਕੇ। ਕੈਬਨਿਟ ਮੰਤਰੀ ਨੇ ਕਿਹਾ ਕਿ ਸਰਕਾਰ ਦਾ ਮੁੱਖ ਉਦੇਸ਼ ਲੋਕਾਂ ਨੂੰ ਸੁਰੱਖਿਅਤ ਵਾਤਾਵਰਣ ਤੇ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨਾ ਹੈ। ਡਾ. ਰਵਜੋਤ ਸਿੰਘ ਨੇ ਭਰੋਸਾ ਦਿੱਤਾ ਕਿ ਪਿੰਡਾਂ ਦੇ ਜਿਨ੍ਹਾਂ ਪਰਿਵਾਰਾਂ ਨੂੰ ਵਿਸ਼ੇਸ਼ ਮਦਦ ਦੀ ਲੋੜ ਹੈ, ਉਨ੍ਹਾਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਰਾਹੀਂ ਤੁਰੰਤ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਕੁਦਰਤੀ ਆਫ਼ਤ ਵਰਗੀਆਂ ਸਥਿਤੀਆਂ ਵਿੱਚ ਸਰਕਾਰ ਅਤੇ ਪ੍ਰਸ਼ਾਸਨ ਮਿਲ ਕੇ ਕੰਮ ਕਰ ਰਹੇ ਹਨ ਅਤੇ ਹਰ ਸੰਭਵ ਮਦਦ ਜਾਰੀ ਰਹੇਗੀ।

# ਹੜ੍ਹ ਪੀੜਤਾਂ ਦੀ ਮਦਦ ਵਾਸਤੇ ਵਿਧਾਇਕ ਜਸਵੀਰ ਰਾਜਾ ਨੇ ਰਾਜਪਾਲ ਨੂੰ ਮੰਗ-ਪੱਤਰ ਦਿੱਤਾ

**ਅੱਡਾ ਸਰਾਂ (ਜਸਵੀਰ ਕਾਜਲ)**- ਪੰਜਾਬ ਵਿਚ ਮੌਜੂਦਾ ਹੜ੍ਹਾਂ ਦੀ ਸਥਿਤੀ ਉੱਭਰਨ ਲਈ ਪੀੜਤਾਂ ਦੀ ਮਦਦ ਨੂੰ ਲੈ ਕੇ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਵੱਲੋਂ ਰਾਜਪਾਲ ਪੰਜਾਬ ਗੁਲਾਬ ਚੰਦ ਕਟਾਰੀਆ ਨੂੰ ਮੰਗ-ਪੱਤਰ ਸੌਂਪਿਆ ਗਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਂ 'ਤੇ ਮੰਗ-ਪੱਤਰ ਸੌਂਪਣ ਸਮੇਂ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਦੱਸਿਆ ਕਿ ਮੌਜੂਦਾ ਹੜ੍ਹ ਦੇ ਹਾਲਾਤਾਂ ਦੌਰਾਨ ਬਿਆਸ ਦਰਿਆ ਦੇ ਨਾਲ ਲੱਗਦੇ ਟਾਂਡਾ ਦੇ ਪਿੰਡ ਅਬਦੁੱਲਾਪੁਰ, ਫੱਤਾ ਕੁੱਲਾ, ਗੰਦੋਵਾਲ, ਰੜਾ ਮੰਡ, ਟਾਹਲੀ ਪਿੰਡ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ। ਜਿਸ ਦੌਰਾਨ ਲੋਕਾਂ ਨੂੰ ਆਪਣੇ ਘਰ ਛੱਡ ਕੇ ਬਾਹਰ ਸੜਕਾਂ ਜਾਂ ਅਸਥਾਈ ਤੌਰ 'ਤੇ ਬਣਾਏ ਗਏ ਰਾਹਤ ਕੈਂਪਾਂ ਵਿਚ ਰਹਿਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਵਿਧਾਇਕ ਰਾਜਾ ਨੇ ਇਸ ਮੌਕੇ ਮੰਗ ਕੀਤੀ ਕਿ ਧੁਸੀ ਬੰਨ੍ਹ ਤੋਂ ਪਹਿਲਾਂ ਬਿਆਸ ਦਰਿਆ ਦੇ ਨਾਲ ਲੱਗਦਾ ਗਾਈਡ ਬੰਨ੍ਹ, ਜਿਸ ਦੀ ਪਿਛਲੇ ਕਈ ਸਾਲਾਂ ਤੋਂ ਮੁਰੰਮਤ ਨਾ ਹੋਣ ਕਾਰਨ ਉਹ ਕਈ ਥਾਵਾਂ ਤੋਂ ਟੁੱਟ ਚੁੱਕਾ ਹੈ। ਜਿਸ ਕਾਰਨ ਕਿਸਾਨਾਂ ਦੇ ਖੇਤਾਂ ਵਿਚ ਵੱਡੀ ਮਾਤਰਾ ਵਿਚ ਪਾਣੀ ਭਰ ਗਿਆ ਹੈ ਤੇ ਫਸਲਾਂ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ । ਉਨ੍ਹਾਂ ਮੰਗ ਕੀਤੀ ਕਿ ਇਸ ਗਾਈਡ ਬੰਨ੍ਹ ਦੀ ਮੁਰੰਮਤ ਕਰਵਾਉਣ ਵਾਸਤੇ ਕੇਂਦਰ ਸਰਕਾਰ ਵੱਲੋਂ ਯੋਗ ਰਾਸ਼ੀ ਪੰਜਾਬ ਦੇ ਨਾਂ 'ਤੇ ਦਿੱਤੀ ਜਾਵੇ । ਇਸ ਤੋਂ ਇਲਾਵਾ ਪੰਜਾਬ ਦੇ ਹੜ੍ਹ ਪੀੜਤਾਂ ਵਾਸਤੇ ਵੀ ਕੇਂਦਰ ਸਰਕਾਰ ਨੂੰ ਵਿਸ਼ੇਸ਼ ਸਹਾਇਤਾ ਰਾਸ਼ੀ ਜਾਰੀ ਕਰਨੀ ਚਾਹੀਦੀ।ਰਾਜਪਾਲ ਪੰਜਾਬ ਗੁਲਾਬ ਚੰਦ ਕਟਾਰੀਆ ਨੇ ਵਿਧਾਇਕ ਜਸਵੀਰ ਸਿੰਘ ਰਾਜਾ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਮੰਗਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੱਕ ਪਹੁੰਚਾ ਕੇ ਇਨ੍ਹਾਂ ਨੂੰ ਪੂਰਾ ਕਰਨ ਲਈ ਉਪਰਾਲੇ ਕੀਤੇ ਜਾਣਗੇ।



# ਵੇਰਕਾ ਵੱਲੋਂ ਦੁੱਧ ਉਤਪਾਦਕ ਨੂੰ ਮੁਆਵਜ਼ੇ ਦਾ ਚੈੱਕ ਭੇਟ



**ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)**- ਵੇਰਕਾ ਮਿਲਕ ਪਲਾਂਟ ਮੋਹਾਲੀ ਦੇ ਡਾਇਰੈਕਟਰ ਸੁਰਜੀਤ ਸਿੰਘ ਕਾਹਲੋਂ ਵੱਲੋ ਦੁੱਧ ਉਤਪਾਦਕਾ ਨਾਲ ਵੱਖ ਵੱਖ ਸਕੀਮਾਂ ਸਬੰਧੀ ਗੱਲਬਾਤ ਕੀਤੀ ਗਈ। ਕਾਹਲੋਂ ਨੇ ਕਿਹਾ ਕਿ ਵੇਰਕਾ ਮਿਲਕ ਪਲਾਂਟ ਵੱਲੋਂ ਦੁੱਧ ਉਤਪਾਦਕਾਂ ਤੇ ਕਿਸਾਨਾਂ ਲਈ ਨਿੱਤ ਦਿਨ ਨਵੀਆਂ ਸਕੀਮਾਂ ਨੂੰ ਲਾਗੂ ਕੀਤਾ ਜਾ ਰਿਹਾ ਹੈ ਜਿਸ ਲਈ ਕਿਸਾਨਾ ਨੂੰ ਵੱਧ ਤੋਂ ਵੱਧ ਲਾਭ ਉਠਾਉਣਾ ਚਾਹੀਦਾ ਹੈ। ਇਸ ਮੌਕੇ ਕਾਹਲੋਂ ਵੱਲੋ ਪਿੰਡ ਨਲਹੋਟੀ ਦੇ ਦੁੱਧ ਉਪਾਦਕ ਬਲਕਾਰ ਸਿੰਘ ਖੱਟੜਾ ਨੂੰ 40 ਹਜ਼ਾਰ ਰੁਪਏ ਦਾ ਚੈੱਕ ਮੁਆਵਜੇ ਵਜੋਂ ਦਿੱਤਾ ਗਿਆ। ਉਹਨਾਂ ਇਹ ਵੀ ਕਿਹਾ ਬੀਤੇ ਕੁੱਝ ਮਹੀਨੇ ਪਹਿਲਾਂ ਉਕਤ ਦੁੱਧ ਉਤਪਾਦਕ ਬਲਕਾਰ ਸਿੰਘ ਦੀ ਮੱਝ ਦੀ ਮੌਤ ਹੋ ਜਾਣ ਉਪਰੰਤ ਵੇਰਕਾ ਮਿਲਕ ਪਲਾਂਟ ਵਲੋ ਇਹ ਚੈੱਕ ਮਾਲੀ ਮਦਦ ਵਜੋਂ ਦਿੱਤਾ ਗਿਆ ਤਾਂ ਜੋਂ ਦੁੱਧ ਉਤਪਾਦਕ ਭਵਿੱਖ ਵਿੱਚ ਨਵਾਂ ਪਸ਼ੂ ਖਰੀਦ ਕੇ ਦੁੱਧ ਵੇਚ ਕੇ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰ ਸਕੇ । ਇਸ ਮੌਕੇ ਡਾਇਰੈਕਟਰ ਸੁਰਜੀਤ ਸਿੰਘ ਕਾਹਲੋ, ਏਰੀਆ ਇੰਚਾਰਜ ਗੁਰਵੀਰ ਸਿੰਘ, ਐਮ ਪੀ ਏ ਜਗਦੀਪ ਸਿੰਘ, ਸਕੱਤਰ ਸਵਿਤਰ ਸਿੰਘ, ਸੁਰਿੰਦਰ ਸਿੰਘ, ਦਿਲਬਾਗ਼ ਸਿੰਘ ਕਾਹਲੋ, ਸੁੱਚਾ ਸਿੰਘ ਖਟੜਾ, ਗੁਰਪ੍ਰਤਾਪ ਸਿੰਘ ਕਾਹਲੋ, ਰਾਮ ਆਸਰਾ, ਜਸਵੀਰ ਸਿੰਘ, ਹਰਦੀਪ ਸਿੰਘ, ਜਗਵੀਰ ਸਿੰਘ, ਸੁਖਵੀਰ ਸਿੰਘ ਆਦਿ ਹਾਜ਼ਰ ਸਨ।

# ਰਾਜਪਾਲ ਨੇ ਰੋਪੜ ਹੈੱਡ ਵਰਕਸ ਦਾ ਕੀਤਾ ਦੌਰਾ

**ਸ਼੍ਰੀ ਚਮਕੌਰ ਸਾਹਿਬ (ਗੁਰਵਿੰਦਰ ਸਿੰਘ ਬੋਬੀ)**- ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਰੋਪੜ ਹੈੱਡਵਰਕਸ ਦਾ ਦੌਰਾ ਕੀਤਾ ਅਤੇ ਮੌਕੇ 'ਤੇ ਪਾਣੀ ਦੀ ਸਥਿਤੀ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਕੈਨਾਲ ਰੈਸਟ ਹਾਊਸ ਵਿਖੇ ਹਲਕਾ ਵਿਧਾਇਕ ਐਡਵੋਕੇਟ ਦਿਨੇਸ਼ ਚੱਢਾ ਤੇ ਜ਼ਿਲ੍ਹੇ ਦੇ ਉੱਚ ਅਧਿਕਾਰੀਆਂ ਨਾਲ ਮੀਟਿੰਗ ਕੀਤੀ, ਜਿਸ ਵਿੱਚ ਰਾਜਪਾਲ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਹੜ੍ਹ ਪੀੜਤਾਂ ਤੱਕ ਸਮੇਂ ਸਿਰ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਸਹਾਇਤਾ ਪਹੁੰਚਾਈ ਜਾਵੇ। ਉਨ੍ਹਾਂ ਖਾਸ ਤੌਰ 'ਤੇ ਜ਼ੋਰ ਦਿੱਤਾ ਕਿ ਪ੍ਰਭਾਵਿਤ ਪਰਿਵਾਰਾਂ ਦੇ ਮੁੜ-ਵਸੇਬੇ ਲਈ ਯੋਜਨਾਬੱਧ ਤਰੀਕੇ ਨਾਲ ਕਦਮ ਚੁੱਕੇ ਜਾਣ ਅਤੇ ਉਨ੍ਹਾਂ ਨੂੰ ਲੋੜੀਂਦੀਆਂ ਜ਼ਰੂਰੀ ਵਸਤਾਂ ਜਿਵੇਂ ਕਿ ਭੋਜਨ, ਪਾਣੀ, ਦਵਾਈਆਂ ਅਤੇ ਰਹਿਣ ਦੀਆਂ ਥਾਵਾਂ ਤੁਰੰਤ ਮੁਹੱਈਆ ਕਰਵਾਈਆਂ ਜਾਣ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਰਾਜਪਾਲ ਕਟਾਰੀਆ ਨੇ ਕਿਹਾ ਕਿ ਸੰਕਟ ਦੀ ਇਸ ਘੜੀ ਵਿਚ, ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਪੂਰੀ ਤਾਕਤ ਨਾਲ ਪ੍ਰਭਾਵਿਤ ਲੋਕਾਂ ਨਾਲ ਖੜ੍ਹੀ ਹੈ। ਉਨ੍ਹਾਂ ਕਿਹਾ ਕਿ ਜਿਥੇ ਪੰਜਾਬ ਸਰਕਾਰ ਦੀ ਪੂਰੀ ਟੀਮ ਦਿਨ-ਰਾਤ ਬਚਾਅ ਅਤੇ ਰਾਹਤ ਕਾਰਜਾਂ ਵਿਚ ਲੱਗੀ ਹੋਈ ਹੈ, ਉਥੇ ਕੇਂਦਰੀ ਖੇਤੀਬਾੜੀ ਮੰਤਰੀ ਅਤੇ ਕੇਂਦਰੀ ਟੀਮ ਵੀ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਦੌਰੇ 'ਤੇ ਹੈ। ਉਨ੍ਹਾਂ ਕਿਹਾ ਕਿ ਸਥਾਨਕ ਪ੍ਰਸ਼ਾਸਨ, ਪੁਲਸ ਤੇ ਲੋਕਾਂ ਦੇ ਸਾਂਝੇ ਯਤਨਾਂ ਨਾਲ ਜਾਨੀ ਨੁਕਸਾਨ ਨੂੰ ਕਾਫੀ ਹੱਦ ਤੱਕ ਟਾਲਿਆ ਗਿਆ। ਇਥੋਂ ਦੇ



ਲੋਕਾਂ ਨੇ ਵੀ ਸਰਕਾਰ ਨਾਲ ਪੂਰਾ ਸਹਿਯੋਗ ਦਿੱਤਾ ਹੈ, ਜਿਸ ਲਈ ਉਹ ਸ਼ਲਾਘਾ ਦੇ ਹੱਕਦਾਰ ਹਨ।ਉਨ੍ਹਾਂ ਸਪੱਸ਼ਟ ਕੀਤਾ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਡਰੇਨੇਜ ਸਿਸਟਮ ਨੂੰ ਹੋਰ ਮਜ਼ਬੂਤ ਕਰਨ ਲਈ ਠੋਸ ਕਦਮ ਚੁੱਕੇ ਜਾਣਗੇ। ਕੇਂਦਰ ਦੇ ਪ੍ਰਤੀਨਿਧੀ ਹੋਣ ਦੇ ਨਾਤੇ, ਉਹ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਭੇਜੇ ਗਏ ਮੁਆਵਜ਼ੇ ਦੇ ਪ੍ਰਸਤਾਵਾਂ ਨੂੰ ਭਾਰਤ ਸਰਕਾਰ ਕੋਲ ਲੈ ਕੇ ਉਨ੍ਹਾਂ ਦੀ ਪ੍ਰਵਾਨਗੀ ਯਕੀਨੀ ਬਣਾਉਣਗੇ। ਉਨ੍ਹਾਂ ਕਿਹਾ ਕਿ ਸਰਕਾਰ ਦੇ ਮੁਲਾਂਕਣ ਤੋਂ ਬਾਅਦ ਹੀ ਅੰਤਿਮ ਅੰਕੜਾ ਸਾਹਮਣੇ ਆਵੇਗਾ। ਰਾਜਪਾਲ ਨੇ ਕਿਹਾ ਕਿ ਇਸ ਹੜ੍ਹ ਨੇ ਸੂਬੇ ਭਰ ਵਿਚ ਗੰਭੀਰ ਸਥਿਤੀ ਪੈਦਾ ਕਰ ਦਿੱਤੀ ਹੈ। ਪ੍ਰਭਾਵਿਤ ਇਲਾਕਿਆਂ ਵਿੱਚ ਕੈਂਪਾਂ ਤੱਕ ਰਾਹਤ ਸਮੱਗਰੀ ਪਹੁੰਚਾਈ ਜਾ ਰਹੀ ਹੈ। ਵਿਧਾਇਕ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਦਿਨ-ਰਾਤ ਰਾਹਤ ਅਤੇ ਬਚਾਅ ਕਾਰਜਾਂ ਵਿੱਚ ਲੱਗੀਆਂ ਹੋਈਆਂ ਹਨ।ਰਾਜਪਾਲ ਨੇ ਇਹ ਵੀ ਕਿਹਾ ਕਿ ਫਸਲਾਂ ਦੇ ਨੁਕਸਾਨ ਦੇ ਨਾਲ-ਨਾਲ, ਹੜ੍ਹਾਂ ਨਾਲ ਪ੍ਰਭਾਵਿਤ ਹੋਏ ਘਰਾਂ ਨੂੰ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਲਾਭ ਦੇਣ ਲਈ ਪ੍ਰਸਤਾਵ ਭੇਜਣ ਦੇ ਨਿਰਦੇਸ਼ ਦਿੱਤੇ ਗਏ ਹਨ।ਇਸ ਉਪਰੰਤ ਰਾਜਪਾਲ ਗੁਲਾਬ ਚੰਦ ਕਟਾਰੀਆ ਗੁਰੂਦੁਆਰਾ ਸ੍ਰੀ ਕਤਲਗੜ੍ਹ ਸਾਹਿਬ, ਸ੍ਰੀ ਚਮਕੌਰ ਸਾਹਿਬ ਵਿਖੇ ਵੀ ਨਤਮਸਤਕ ਹੋਏ ਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ।ਇਸ ਮੌਕੇ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ, ਡੀਆਈਜੀ ਰੂਪਨਗਰ ਰੇਂਜ ਹਰਚਰਨ ਸਿੰਘ ਭੁੱਲਰ, ਸੀਨੀਅਰ ਪੁਲਿਸ ਕਪਤਾਨ ਗੁਲਨੀਤ ਸਿੰਘ ਖੁਰਾਣਾ, ਆਈ ਏ ਐਸ ਅੰਡਰ ਟ੍ਰੇਨਿੰਗ ਅਭਿਮੰਨਿਊ ਮਲਿਕ, ਐਸਪੀ ਚੰਦ ਸਿੰਘ, ਐਸਪੀ ਗੁਰਦੀਪ ਸਿੰਘ ਗੋਸਲ ਹੋਰ ਪ੍ਰਸ਼ਾਸਨਿਕ ਅਤੇ ਪੁਲਿਸ ਅਧਿਕਾਰੀ ਮੌਜੂਦ ਸਨ।

# ਸਵਰਗੀ ਵਿਨੋਦ ਕੁਮਾਰ ਦੇ ਪਰਵਾਰ ਨੂੰ ਇਕ ਕਰੋੜ ਸਹਾਇਤਾ ਰਾਸ਼ੀ ਦਿੱਤੀ ਜਾਵੇ : ਮੱਖਣ , ਕੌਂਡਲ



**ਕਾਲਾ ਸੰਘਿਆਂ (ਮਨਜੀਤ ਮਾਨ)**- ਪੀ ਡਬਲਯੂ ਡੀ ਫੀਲਡ ਐਂਡ ਵਰਕਸ਼ਾਪ ਵਰਕਰ ਯੂਨੀਅਨ ਪੰਜਾਬ ਦੇ ਸੂਬਾ ਆਗੂ ਸੰਜੀਵ ਕੌਂਡਲ ਨੇ ਯੂਨੀਅਨ ਵੱਲੋਂ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਪਿਛਲੇ ਦਿਨੀਂ ਜਲ ਸਰੋਤ ਵਿਭਾਗ ਵਿੱਚ ਮਾਧੋਪੁਰ ਹੈਡ ਵਰਕਸ ਤੇ ਐਮਰਜੈਂਸੀ ਸੇਵਾ ਕਰ ਰਹੇ ਵਿਨੋਦ ਕੁਮਾਰ ਇਲੈਕਟਰੀਕਲ ਚਾਰਜਮੈਨ 27 ਅਗਸਤ ਨੂੰ ਫਲਡ ਗੇਟ ਖੋਲ੍ਹਦੇ ਟਾਈਮ ਗੇਟ ਟੁੱਟ ਕੇ ਦਰਿਆ ਵਿੱਚ ਡਿੱਗ ਗਿਆ ਜਿਸ ਕਾਰਨ ਵਿਨੋਦ ਕੁਮਾਰ ਵੀ ਨਾਲ ਹੀ ਦਰਿਆ ਵਿੱਚ ਡਿੱਗਣ ਨਾਲ ਹਮੇਸ਼ਾ ਲਈ ਇਸ ਦੁਨੀਆ ਨੂੰ ਸਦੀਵੀ ਵਿਛੋੜਾ ਦੇ ਗਿਆ। ਯੂਨੀਅਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਬੇਨਤੀ ਕਰਦੀ ਹੈ ਕਿ ਸਵਰਗੀ ਵਿਨੋਦ ਕੁਮਾਰ ਦੇ ਪਰਵਾਰ ਨੂੰ ਇਕ ਕਰੋੜ ਰੁਪਏ ਦੀ ਸਹਾਇਤਾ ਰਾਸ਼ੀ ਤੇ ਪਰਵਾਰ ਦੇ ਦੋ ਮੈਂਬਰਾਂ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ। ਇਸ ਸਬੰਧੀ ਯੂਨੀਅਨ ਦੇ ਜ਼ੋਨ ਗੁਰਦਾਸਪੁਰ ਅਤੇ ਪਠਾਨਕੋਟ ਦੇ ਪ੍ਰਧਾਨ ਸਤਨਾਮ ਸਿੰਘ ਦੀ ਅਗਵਾਈ ਵਿੱਚ ਪੰਜਾਬ ਦੇ ਡਿਪਟੀ ਸਪੀਕਰ ਜੈ ਕਿਸ਼ਨ ਰੋੜੀ ਨੂੰ ਮੰਗ ਪੱਤਰ ਵੀ ਦਿੱਤਾ ਗਿਆ ਤੇ ਉਨ੍ਹਾਂ ਵਿਸ਼ਵਾਸ਼ ਦਿਵਾਇਆ ਕਿ ਜਲਦੀ ਹੀ ਉਹ ਮਾਣਯੋਗ ਮੁੱਖ ਮੰਤਰੀ ਨਾਲ ਗੱਲਬਾਤ ਕਰਕੇ ਇਸ ਮੰਗ ਨੂੰ ਪੂਰਾ ਕੀਤਾ ਜਾਵੇਗਾ।

# ਹਲਕਾ ਚੱਬੇਵਾਲ ਅਧੀਨ ਆਉਂਦੇ ਪਿੰਡਾਂ 'ਚ ਹੜ੍ਹ ਪ੍ਰਭਾਵਿਤ ਇਲਾਕਿਆਂ ਦੀ ਕਿਸੇ ਨੇ ਸਾਰ ਨਹੀਂ ਲਈ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਅਜਨੋਹਾ ਵਿਖੇ ਭਾਰੀ ਮੀਂਹ ਨਾਲ ਚਾਰੇ ਪਾਸੇ ਪਾਣੀ-ਪਾਣੀ ਹੋਇਆ ਪਿਆ ਹੈ, ਕੁੱਕੜਾਂ ਪਿੰਡ ਦੇ ਚੋਅ ਦਾ ਬੰਨ੍ਹ ਟੁੱਟਣ ਨਾਲ ਪਿੰਡ ਭਾਮ, ਠੱਕਰਵਾਲ, ਦਿਹਾਣਾ, ਡਾਂਡੀਆਂ, ਰੂਪੋਵਾਲ, ਬੱਡੋਂ, ਨਡਾਲੋਂ, ਪੰਜੌੜ, ਮਾਇਓਪੱਟੀ, ਪਾਂਛਟਾ ਪਾਣੀ ਨਾਲ ਭਰ ਗਏ ਹਨ। ਸਾਰੇ ਪਿੰਡਾਂ ਵਿੱਚ ਹੜ੍ਹ ਵਾਲੀ ਸਥਿਤੀ ਬਣੀ ਹੋਈ ਹੈ। 1988 ਤੋਂ ਬਾਅਦ ਇਹ ਭਿਆਨਕ ਹਾਲਾਤ ਬਣੇ ਹਨ।ਜੋ ਕਿ ਬਹੁਤ ਹੀ ਚਿੰਤਾ ਜਨਕ ਹੈ। ਭਾਰੀ ਬਰਸਾਤ ਹੁਣ ਕਾਰਨ ਪਿੰਡਾਂ ਵਿੱਚ ਹੜ੍ਹ ਵਰਗੇ ਹਾਲਾਤ ਬਣੇ ਹੋਏ ਹਨ। ਭਾਰੀ ਬਰਸਾਤ ਹੋਣ ਕਰਕੇ ਮੱਕੀ, ਝੋਨਾ ਅਤੇ ਸਬਜ਼ੀਆਂ ਦੀ ਫਸਲਾਂ ਦਾ ਹੋਇਆ ਭਾਰੀ ਨੁਕਸਾਨ ਹੈ। ਹੜ੍ਹ ਕਾਰਨ ਪ੍ਰਵਾਸੀ ਮਜ਼ਦੂਰਾਂ ਦੀਆਂ ਝੁੱਗੀਆਂ ਪੂਰੀ ਤਰ੍ਹਾਂ ਪਾਣੀ ਡੁਬੀਆਂ ਹੋਈਆਂ ਹਨ। ਇਨ੍ਹਾਂ ਪ੍ਰਵਾਸੀ ਮਜ਼ਦੂਰਾਂ ਅਤੇ ਗੁਜਰ ਭਾਈਚਾਰੇ ਦੀ ਕਿਸੇ ਨੇ ਬਾਤ ਨਹੀਂ ਪੁੱਛੀ।ਗੁਜਰ ਭਾਈਚਾਰੇ ਦੇ ਪਿਛਲੇ ਤਿੰਨ-ਚਾਰ ਦਿਨਾਂ ਤੋਂ ਭੁੱਖ ਨਾਲ ਤੜਫ ਰਹੇ ਹਨ। ਪੰਜਾਬ ਸਰਕਾਰ ਨੂੰ ਹੜ੍ਹ ਪੀੜਤਾਂ ਦੀ ਹਰ ਸੰਭਵ ਸਹਾਇਤਾ ਕੀਤੀ ਜਾਵੇ। ਭਾਰੀ ਬਰਸਾਤ ਹੋਣ ਕਾਰਨ ਗੁਜਰ ਭਾਈਚਾਰੇ ਦਾ ਬਹੁਤ ਨੁਕਸਾਨ ਹੋਇਆ ਹੈ। ਉਨ੍ਹਾਂ ਦਾ ਘਰ ਦਾ ਸਮਾਨ ਅਤੇ ਭਾਂਡੇ ਪਾਣੀ ਵਿਚ ਰੁੜ ਗਏ ਅਤੇ ਸਿਰ ਤੇ ਛੱਤ ਨਹੀਂ ਹੈ।

# ਜਾਗਰੂਕਤਾ ਕੈਂਪ ਲਗਾਇਆ

**ਹੁਸ਼ਿਆਰਪੁਰ (ਓ ਪੀ ਰਾਣਾ)** ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਆਸ਼ਿਕਾ ਜੈਨ ਦੇ ਦਿਸ਼ਾ-ਨਿਰਦੇਸ਼ਾਂ ਅਤੇ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਦੇ ਆਦੇਸ਼ਾਂ ਅਨੁਸਾਰ ਸੰਕਲਪ ਮੁਹਿੰਮ ਤਹਿਤ 4 ਸਤੰਬਰ ਤੋਂ 12 ਸਤੰਬਰ ਤੱਕ ਚਲਾਈ ਜਾ ਰਹੀ ਵਿਸ਼ੇਸ਼ ਜਾਗਰੂਕਤਾ ਮੁਹਿੰਮ ਤਹਿਤ ਅੱਜ ਪਿੰਡ ਸ਼ੇਰਗੜ੍ਹ (ਹੁਸ਼ਿਆਰਪੁਰ-2) ਵਿੱਚ ਇੱਕ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਮੌਕੇ ਗੁਰਹਰਮਨਪ੍ਰੀਤ ਕੌਰ (ਮੀਡੀਆ ਦਸਤਾਵੇਜ਼ ਸਹਾਇਕ) ਨੇ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਭਲਾਈ ਸਕੀਮਾਂ ਬਾਰੇ ਜਾਣਕਾਰੀ ਦਿੱਤੀ। ਉਸ ਨੇ ਔਰਤਾਂ ਨੂੰ ਅੱਤਿਆਚਾਰਾਂ ਵਿਰੁੱਧ ਆਵਾਜ਼ ਬੁਲੰਦ ਕਰਨ ਲਈ ਪ੍ਰੇਰਿਤ ਕੀਤਾ। ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਵੱਲੋਂ ਕਿਰਨ ਸੈਣੀ (ਚਾਈਲਡ ਲਾਈਨ ਕੇਸ ਵਰਕਰ) ਅਤੇ ਗੁਰਵਿੰਦਰ ਸਿੰਘ (ਜ਼ਿਲ੍ਹਾ ਕੋਆਰਡੀਨੇਟਰ) ਨੇ ਬਾਲ ਭਿੱਖਿਆ ਮੰਗਣ, ਸਪਾਂਸਰਸ਼ਿਪ ਸਕੀਮ ਅਤੇ ਬਾਲ ਵਿਆਹ ਨੂੰ ਰੋਕਣ ਲਈ ਚੱਲ ਰਹੇ ਉਪਰਾਲਿਆਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ। ਇਸ ਦੌਰਾਨ ਵਨ ਸਟਾਪ 'ਸਖੀ' ਸੈਂਟਰ ਦੇ ਸਟਾਫ਼ ਮੈਂਬਰਾਂ ਪਰਮਿੰਦਰ ਕੌਰ ਅਤੇ ਦੀਕਸ਼ਾ ਨੇ ਭਾਗੀਦਾਰਾਂ ਨੂੰ ਸਖੀ ਸੈਂਟਰ ਵਿੱਚ



ਉਪਲਬੱਧ ਸਹੂਲਤਾਂ ਬਾਰੇ ਜਾਣਕਾਰੀ ਦਿੱਤੀ। ਇਸ ਵਿੱਚ ਘਰੇਲੂ ਹਿੰਸਾ ਦੀਆਂ ਪੀੜਤ ਔਰਤਾਂ ਲਈ ਇੱਕੋ ਛੱਤ ਹੇਠ ਆਸਰਾ, ਸਲਾਹ ਅਤੇ ਹੋਰ ਸਹਾਇਤਾ ਸੇਵਾਵਾਂ ਸ਼ਾਮਲ ਹਨ। ਇਸ ਕੈਂਪ ਵਿੱਚ ਆਸ਼ਾ ਵਰਕਰ ਅਤੇ ਏ.ਐਨ.ਐਮ. ਵੀ ਮੌਜੂਦ ਸਨ, ਜਿਨ੍ਹਾਂ ਨੇ ਸਥਾਨਕ ਔਰਤਾਂ ਨੂੰ ਸਿਹਤ ਅਤੇ ਜਾਗਰੂਕਤਾ ਨਾਲ ਸਬੰਧਤ ਵਿਸ਼ਿਆਂ 'ਤੇ ਮਾਰਗਦਰਸ਼ਨ ਕੀਤਾ।

# ਸੁਰੇਸ਼ ਚੰਦਰ ਬੋਧ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ

**ਫਗਵਾੜਾ (ਜਸਵਿੰਦਰ ਢੱਡਾ)**- ਕੋਚ ਫ਼ੈਕਟਰੀ, ਕਪੂਰਥਲਾ ਦੀਆਂ ਐਸਸੀ/ਐਸਟੀ ਦੀਆਂ ਵੱਖ-ਵੱਖ ਸੰਸਥਾਵਾਂ ਵਿੱਚ ਅਹਿਮ ਅਹੁਦਿਆਂ ਤੇ ਸ਼ਾਨਦਾਰ ਸੇਵਾਵਾਂ ਦੇਣ ਵਾਲੇ ਤੋਂ ਇਲਾਵਾ ਭਾਰਤੀਆ ਬੋਧ ਮਹਾਸਭਾ ਪੰਜਾਬ ਦੇ ਜਨਰਲ ਸਕੱਤਰ ਅਤੇ ਡਾ. ਅੰਬੇਡਕਰ ਬੁੱਧ ਵਿਹਾਰ ਟਰੱਸਟ ਰੇਲ ਕੋਚ ਫੈਕਟਰੀ, ਕਪੂਰਥਲਾ ਦੇ ਸੰਸਥਾਪਕ ਮਿਸ਼ਨਰੀ ਸਾਥੀ ਸੁਰੇਸ਼ ਚੰਦਰ ਬੋਧ ਦਾ ਬੀਤੇ ਦਿਨ ਹਾਰਟ ਅਟੈਕ ਆਉਣ ਨਾਲ ਨਿਰਵਾਣ ਪ੍ਰਾਪਤ ਕਰ ਗਏ। ਉਨ੍ਹਾਂ ਦਾ ਇਹ ਸਦੀਵੀ ਵਿਛੋੜਾ ਜਿੱਥੇ ਪਰਵਾਰ ਲਈ ਬਹੁਤ ਵੱਡਾ ਘਾਟਾ ਪੈ ਗਿਆ ਉੱਥੇ ਸਮਾਜ ਇੱਕ ਮਿਹਨਤੀ, ਸੰਘਰਸ਼ਸ਼ੀਲ ਅਤੇ ਹਰ ਵੇਲੇ ਬਾਬਾ ਸਾਹਿਬ ਦੇ ਬੁੱਧ ਧੱਮ ਦੇ ਪ੍ਰਚਾਰ ਤੋਂ ਵਾਂਝਾ ਹੋ ਗਿਆ। ਸਾਥੀ ਵੱਲੋਂ ਸ਼ੁਰੂ ਕੀਤੇ ਗਏ ਸਮਾਜਿਕ ਅਤੇ ਧਾਰਮਿਕ ਕੰਮਾਂ ਦੀ ਫੂਲੇ ਅੰਬੇਡਕਰੀ ਸੰਸਥਾਵਾਂ ਨੂੰ ਹਮੇਸ਼ਾ ਹੀ ਘਾਟ ਰੜਕਦੀ ਰਹੇਗੀ। ਦੁੱਖ ਪ੍ਰਗਟ ਕਰਨ ਵਾਲਿਆਂ ਵਿੱਚ ਡਾਕਟਰ ਅੰਬੇਡਕਰ ਬੁੱਧ ਵਿਹਾਰ ਟਰੱਸਟ ਦੇ ਚੇਅਰਮੈਨ ਅਤਰਵੀਰ ਸਿੰਘ, ਬਾਮਸੇਫ ਦੇ ਪ੍ਰਧਾਨ ਬ੍ਰਹਮ ਪਾਲ ਸਿੰਘ, ਸਾਬਕਾ ਪ੍ਰਧਾਨ ਸੂਰਜ ਸਿੰਘ, ਬਾਬਾ ਸਾਹਿਬ ਡਾਕਟਰ ਬੀ ਆਰ ਅੰਬੇਡਕਰ ਸੁਸਾਇਟੀ ਦੇ ਪ੍ਰਧਾਨ ਕ੍ਰਿਸ਼ਨ ਲਾਲ ਜੱਸਲ, ਸਾਬਕਾ ਜਨਰਲ ਸਕੱਤਰ ਧਰਮ ਪਾਲ ਪੈਂਥਰ, ਸੀਨੀਅਰ ਮੀਤ ਪ੍ਰਧਾਨ ਸੰਤੋਖ ਰਾਮ ਜਨਾਗਲ, ਕੈਸ਼ੀਅਰ ਗੁਰਦਿਆਲ ਸਿੰਘ ਜੱਸਲ, ਆਲ ਇੰਡੀਆ ਐਸ ਸੀ/ ਐਸ ਟੀ ਰੇਲਵੇ ਕਰਮਚਾਰੀ ਐਸੋਸੀਏਸ਼ਨ ਦੇ ਜੋਨਲ ਪ੍ਰਧਾਨ ਜੀਤ ਸਿੰਘ, ਜੋਨਲ ਸਕੱਤਰ ਆਰ ਸੀ ਮੀਨਾ, ਜੋਨਲ ਵਰਕਿੰਗ ਪ੍ਰਧਾਨ ਸੋਹਨ ਬੈਠਾ, ਐਡਸ਼ੀਨਲ ਸਕੱਤਰ ਦੇਸ਼ ਰਾਜ, ਕੈਸ਼ੀਅਰ ਧਰਮਵੀਰ, ਸਾਬਕਾ ਜੋਨਲ ਸਕੱਤਰ ਰਣਜੀਤ ਸਿੰਘ, ਸਾਬਕਾ ਕੈਸ਼ੀਅਰ ਰਵਿੰਦਰ ਕੁਮਾਰ, ਲਾਰਡ ਬੁੱਧਾ ਐਜੂਕੇਸ਼ਨ ਟਰੱਸਟ ਅਲੀਗੜ ਦੇ ਪ੍ਰਧਾਨ ਪੂਰਨ ਸਿੰਘ, ਜਨਰਲ ਸਕੱਤਰ ਗਿਆਨ ਸਿੰਘ, ਮੁੱਖ ਯਾਂਤ੍ਰਿਕ ਇੰਜੀਨੀਅਰ ਕਿਸ਼ਨ ਸਿੰਘ, ਸਾਬਕਾ ਸੀਨੀਅਰ ਈ ਡੀ ਪੀ ਐਮ ਭਰਤ ਸਿੰਘ, ਐਕਸੀਅਨ ਮਨਜੀਤ ਸਿੰਘ, ਬਾਮਸੇਫ ਦੇ ਜ਼ਿਲ੍ਹਾ ਕਨਵੀਨਰ ਕਸ਼ਮੀਰ ਸਿੰਘ, ਓ ਬੀ ਸੀ ਐਸੋਸੀਏਸ਼ਨ ਦੇ ਜੋਨਲ ਪ੍ਰਧਾਨ ਅਰਵਿੰਦ ਪ੍ਰਸ਼ਾਦ, ਜੋਨਲ ਸਕੱਤਰ ਅਸ਼ੋਕ ਕੁਮਾਰ, ਸਾਬਕਾ ਪ੍ਰਧਾਨ ਧਨੀ ਪ੍ਰਸ਼ਾਦ, ਸਾਬਕਾ ਪ੍ਰਧਾਨ ਉਮਾਸ਼ੰਕਰ ਸਿੰਘ, ਸਾਬਕਾ ਜਨਰਲ ਸਕੱਤਰ ਆਰ ਕੇ ਪਾਲ, ਆਈ ਆਰ ਟੀ ਐਸ ਏ ਦੇ ਸਾਬਕਾ ਪ੍ਰਧਾਨ ਦਰਸ਼ਨ ਲਾਲ, ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸੇਵਕ ਸਭਾ ਦੇ ਪ੍ਰਧਾਨ ਹਰਬੰਸ ਸਿੰਘ, ਜਨਰਲ ਸਕੱਤਰ ਨਰੇਸ਼ ਕੁਮਾਰ, ਕੈਸ਼ੀਅਰ ਪ੍ਰਿਥੀ ਸਿੰਘ, ਸੀਨੀਅਰ ਮੀਤ ਪ੍ਰਧਾਨ ਜਸਵਿੰਦਰ ਸਿੰਘ, ਸਾਬਕਾ ਪ੍ਰਧਾਨ



ਅਮਰਜੀਤ ਸਿੰਘ ਮੱਲ, ਦਲਬਾਰਾ ਸਿੰਘ, ਕ੍ਰਿਸ਼ਨ ਸਿੰਘ, ਸਾਬਕਾ ਜਨਰਲ ਸਕੱਤਰ ਝਲਮਣ ਸਿੰਘ, ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਦੇ ਕੈਸ਼ੀਅਰ ਬੀਰ ਸਿੰਘ ਵੜੈਚ, ਬੁੱਧੀਜੀਵੀ ਨਿਰਵੈਰ ਸਿੰਘ, ਰਾਜੇਸ਼ ਕੁਮਾਰ, ਧਰਮਵੀਰ ਅੰਬੇਡਕਰੀ, ਐਸ ਕੇ ਭਾਰਤੀ, ਨਿਰਮਲ ਸਿੰਘ, ਪੂਰਨ ਚੰਦ ਬੋਧ, ਬਦਰੀ ਪ੍ਰਸ਼ਾਦ, ਰਾਜ ਕੁਮਾਰ, ਕਰਨ ਸਿੰਘ, ਰੂਪ ਲਾਲ ਮੰਡਲ, ਕਰਨੈਲ ਸਿੰਘ ਬੇਲਾ, ਸੌਰਵ ਕੁਮਾਰ ਲਾਟੀਆਂਵਾਲ, ਨਰਦੇਵ ਸਿੰਘ, ਹਰਨੇਕ ਸਿੰਘ, ਸੁਨੀਲ ਕੁਮਾਰ, ਰਾਮ ਨਿਵਾਸ, ਪ੍ਰਮੋਦ ਕੁਮਾਰ, ਸੁਭਾਸ਼ ਪਾਸਵਾਨ, ਸੁਰਿੰਦਰ ਪਾਲ, ਦੁਰਗੇਸ਼ ਕੁਮਾਰ, ਸੋਹਣ ਲਾਲ, ਨਰਿੰਦਰ ਕੁਮਾਰ, ਸੁਰੇਸ਼ ਕੁਮਾਰ ਰੋਮਾਣਾ ਕੇ ਐਸ ਖੋਖਰ, ਬਲਵਾਨ ਕੁਮਾਰ ਗੁਰਮੇਲ ਸਿੰਘ ਬੱਲ, ਬੁੱਧ ਸਿੰਘ ਰਘਬੀਰ ਚੰਦ ਅਸ਼ਵਨੀ ਕੁਮਾਰ, ਸੰਤੋਖ ਸਿੰਘ ਜੱਬੋਵਾਲ ਅਤੇ ਨੰਦ ਲਾਲ ਕਜਲਾ ਆਦਿ ਨੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ।

# 21 ਦੀ ਸੀ ਪੀ ਆਈ ਰੈਲੀ 'ਚ ਮਾਨਸਾ ਤੋਂ ਵੱਡੇ ਕਾਫਲੇ ਸ਼ਾਮਲ ਹੋਣਗੇ : ਚੌਹਾਨ

**● ਪੇਂਟਰ ਯੂਨੀਅਨ ਦੀ ਮੀਟਿੰਗ ਮੌਕੇ ਮਜ਼ਦੂਰਾਂ ਨੂੰ ਮੁਆਵਜ਼ੇ ਦੀ ਕੀਤੀ ਮੰਗ**



**ਮਾਨਸਾ (ਆਤਮਾ ਸਿੰਘ ਪਮਾਰ)**- ਸਥਾਨਕ ਤੇਜਾ ਸਿੰਘ ਸੁਤੰਤਰ ਭਵਨ ਵਿਖੇ ਪੇਂਟਰ ਯੂਨੀਅਨ ਮਾਨਸਾ ਵੱਲੋਂ ਸੀ ਪੀ ਆਈ ਦੇ 25ਵੇਂ ਮਹਾਂ ਸੰਮੇਲਨ ਚੰਡੀਗੜ੍ਹ ਮੌਕੇ 21 ਸਤੰਬਰ ਨੂੰ ਹੋਣ ਵਾਲੀ ਰੈਲੀ ਤੇ ਸੂਬੇ ਅੰਦਰ ਬਾਰਸ਼ਾਂ ਤੇ ਹੜ੍ਹਾਂ ਦੇ ਪ੍ਰੋਕੋਪ ਕਰਕੇ ਲੱਖਾਂ ਏਕੜ ਫ਼ਸਲ, ਹਜ਼ਾਰਾਂ ਘਰਾਂ, ਪਸ਼ੂਆਂ ਤੇ ਜਾਨੀ ਮਾਲੀ ਹੋਏ ਨੁਕਸਾਨ ਸਬੰਧੀ ਮੀਟਿੰਗ ਜੀਤ ਰਾਮ ਤੇ ਬਬਲੀ ਦੇ ਪ੍ਰਧਾਨਗੀ ਮੰਡਲ ਹੇਠ ਕਰਕੇ ਚਰਚਾ ਕੀਤੀ ਗਈ। ਇਸ ਮੌਕੇ ਸੰਬੋਧਨ ਕਰਦਿਆਂ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਸਾਥੀ ਕ੍ਰਿਸ਼ਨ ਚੌਹਾਨ ਨੇ ਕਿਹਾ ਕਿ ਪਾਰਟੀ ਦਾ ਮਹਾਂ ਸੰਮੇਲਨ ਚੰਡੀਗੜ੍ਹ ਉਸ ਸਮੇਂ ਦੌਰਾਨ ਹੋ ਰਿਹਾ ਹੈ, ਜਦੋਂ ਦੇਸ਼ ਆਰਥਿਕ ਲੀਹਾਂ ਤੋਂ ਲਹਿ ਕੇ ਗਰੀਬੀ, ਭੁੱਖਮਰੀ ਤੇ ਭ੍ਰਿਸ਼ਟਾਚਾਰ ਵੱਲ ਵਧਿਆ ਹੈ।ਸਮੇਂ ਦੇ ਹਾਕਮ ਕੇਵਲ ਆਪਣੀ ਰਾਜਨੀਤਕ ਸ਼ਕਤੀ ਨੂੰ ਵਧਾਉਣ ਤੇ ਦੇਸ਼ ਵਿੱਚ ਮਨੂੰਵਾਦ ਨੂੰ ਲਾਗੂ ਕਰਨ ਲਈ ਤਤਪਰ ਹਨ ਅਤੇ ਕੇਵਲ ਆਪਣੇ ਸਿਆਸੀ ਹਿੱਤਾਂ ਦੀ ਪੂਰਤੀ ਲਈ ਸੰਵਿਧਾਨ, ਸੰਵਿਧਾਨਕ ਸੰਸਥਾਵਾਂ ਤੇ ਲੋਕਤੰਤਰ ਦਾ ਘਾਣ ਕੀਤਾ ਜਾ ਰਿਹਾ ਹੈ।ਧਰਮ-ਨਿਰਪੱਖਤਾ ਤੇ ਭਾਈ ਚਾਰਕ ਸਾਂਝ, ਰੁਜ਼ਗਾਰ, ਲੋਕਤੰਤਰ ਦੇ ਸੰਵਿਧਾਨ ਦੀ ਰਾਖੀ ਸਮੇਤ ਨੌਜਵਾਨ, ਕਿਸਾਨ, ਮਜ਼ਦੂਰ, ਔਰਤਾਂ, ਮੁਲਾਜ਼ਮ ਦੇ ਹਿੱਤਾਂ ਤੇ ਸੰਮੇਲਨ ਮੌਕੇ ਚਰਚਾ ਕਰਕੇ ਦੇਸ਼ ਨੂੰ ਮੁੜ ਮਜ਼ਬੂਤ ਕਰਨ 'ਤੇ ਜ਼ੋਰ ਦੇਣ ਦੀ ਲੋੜ ਹੈ। ਇਸ ਮੌਕੇ ਹੜ੍ਹਾਂ ਕਾਰਨ ਬੇਰੁਜ਼ਗਾਰ ਹੋਏ ਮਜ਼ਦੂਰਾਂ ਪੇਂਟਰ, ਉਸਾਰੀ ਕਾਮੇਂ, ਮਨਰੇਗਾ ਵਰਕਰਾਂ ਤੇ ਕਿਰਤੀਆਂ ਲਈ ਘੱਟੋ ਘੱਟ ਵੀਹ ਹਜ਼ਾਰ ਰੁਪਏ ਪ੍ਰਤੀ ਪਰਵਾਰ ਨੂੰ ਆਰਥਿਕ ਮਦਦ ਦੇਣ ਦੀ ਮੰਗ ਕੀਤੀ।ਮੀਟਿੰਗ ਦੌਰਾਨ 21 ਸਤੰਬਰ ਨੂੰ ਚੰਡੀਗੜ੍ਹ ਰੈਲੀ ਵਿੱਚ ਵੱਡੇ ਕਾਫਲੇ ਬੰਨ੍ਹ ਕੇ ਪੁੱਜਣ ਦਾ ਪ੍ਰੋਗਰਾਮ ਉਲੀਕਿਆ ਗਿਆ। ਮੀਟਿੰਗ ਦੌਰਾਨ ਹੋਰਨਾਂ ਤੋਂ ਇਲਾਵਾ ਭੁਪਿੰਦਰ ਬਿੰਦੀ, ਬੂਟਾ ਸਿੰਘ, ਰੂਪ ਸਿੰਘ, ਬਲਜਿੰਦਰ ਸਿੰਘ, ਪੂਰਨ ਸਿੰਘ, ਭੋਲਾ ਸਿੰਘ, ਪਵਨ ਕੁਮਾਰ ਵੱਡਾ, ਪਵਨ ਕੁਮਾਰ ਛੋਟਾ, ਜੱਗਾ ਸਿੰਘ ਆਦਿ ਆਗੂਆਂ ਨੇ ਸੰਬੋਧਨ ਕੀਤਾ।

# ਪ੍ਰਸ਼ਾਸਨ ਵੱਲੋਂ ਧਿਆਨ ਨਾ ਦੇਣ 'ਤੇ ਲੋਕਾਂ ਖੁਦ ਬਣਾਈ ਪੁਲੀ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਪਿੰਡ ਹਰਦਾਸਪੁਰਾ ਵਿਖੇ ਸੱਥ ਨੂੰ ਜਾਣ ਵਾਲੇ ਰਸਤੇ 'ਚ ਪੁਲੀ ਲੰਬੇ ਸਮੇਂ ਤੋਂ ਟੁੱਟੀ ਹੋਈ ਸੀ।ਉਧਰ ਜਾਣ ਵਾਲੇ ਵਾਹਨਾਂ ਨਾਲ ਹਰ ਰੋਜ਼ ਹਾਦਸੇ ਵਾਪਰਦੇ ਰਹਿੰਦੇ ਸਨ।ਬੀਤੀ ਰਾਤ ਇੱਕ ਮੋਟਰਸਾਈਕਲ ਸਵਾਰ ਦੇ ਨਾਲੀ ਵਿੱਚ ਡਿੱਗਣ ਕਾਰਨ ਕਾਫ਼ੀ ਸੱਟਾਂ ਲੱਗੀਆਂ।ਪਿੰਡ ਵਾਸੀਆਂ ਵੱਲੋਂ ਲੰਬੇ ਸਮੇਂ ਤੋਂ ਟੁੱਟੀ ਪਈ ਇਸ ਪੁਲੀ ਨੂੰ ਨਵੇਂ ਸਿਰਿਓਂ ਬਣਾਉਣ ਲਈ ਕਈ ਵਾਰ ਸਬੰਧਤ ਮਹਿਕਮੇ ਦੇ ਧਿਆਨ ਵਿੱਚ ਲਿਆਂਦਾ ਗਿਆ ਸੀ, ਪਰ ਪ੍ਰਸ਼ਾਸਨ ਨੇ ਇਸ ਗੰਭੀਰ ਮੁਸ਼ਕਲ ਵੱਲ ਕੋਈ ਧਿਆਨ ਨਹੀਂ ਦਿੱਤਾ।ਅੱਕੇ ਲੋਕਾਂ ਨੇ ਸਰਕਾਰ ਦੀ ਝਾਕ ਛੱਡਦਿਆਂ ਭਾਕਿਯੂ ਡਕੌਂਦਾ (ਧਨੇਰ) ਦੇ ਜ਼ਿਲ੍ਹਾ ਮੀਤ ਪ੍ਰਧਾਨ ਜਗਰਾਜ ਸਿੰਘ ਹਰਦਾਸਪੁਰਾ ਦੀ ਅਗਵਾਈ ਹੇਠ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਟੁੱਟੀ ਹੋਈ ਪੁਲੀ ਨੂੰ ਆਪਣੇ ਤੌਰ 'ਤੇ ਬਣਾਇਆ ਗਿਆ ਹੈ।ਪਿੰਡ ਵਾਸੀਆਂ, ਆਗੂਆਂ ਨੇ ਇਸ ਉੱਦਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਜਿਵੇਂ ਜਥੇਬੰਦੀਆਂ ਲਗਾਤਾਰ ਕਹਿੰਦੀਆਂ ਆ ਰਹੀਆਂ ਹਨ ਕਿ 'ਸਰਕਾਰਾਂ ਤੋਂ ਨਾ ਝਾਕ ਕਰੋ, ਆਪਣੀ ਰਾਖੀ ਆਪ ਕਰੋ', ਵਾਲਾ ਨਾਅਰਾ ਅੱਜ ਸੱਚ ਸਾਬਿਤ ਹੋਇਆ ਹੈ, ਦੁਖੀ ਲੋਕਾਂ ਨੂੰ ਟੁੱਟੀ ਸਰਕਾਰੀ ਪੁਲੀ ਆਪਣੇ ਖਰਚੇ ਉੱਪਰ ਬਣਾਉਣ ਲਈ ਮਜ਼ਬੂਰ ਹੋਣਾ ਪਿਆ, ਤਾਂ ਜੋ ਇਥੋਂ ਰਾਤ ਸਮੇਂ ਕੰਮ ਆਉਣ, ਜਾਣ ਵਾਲੇ ਪਿੰਡ ਵਾਸੀ ਸੱਟਾਂ ਤੋਂ ਬਚ ਸਕਣ।ਇਸ ਮੌਕੇ ਭਰਪੂਰ ਸਿੰਘ ਸਾਬਕਾ ਪੰਚ, ਅਮਰਜੀਤ ਸਿੰਘ ਸਾਬਕਾ ਪੰਚ, ਨਿਰਮਲ ਸਿੰਘ, ਸੁਖਜੀਤ ਸਿੰਘ ਲਾਡੀ, ਪਰਮਜੀਤ ਸਿੰਘ ਦਿਉਲ, ਬੂਟਾ ਸਿੰਘ ਸੋਹਲ, ਸੁਮਨਦੀਪ ਸਿੰਘ ਸੋਨੀ ਸੋਹਲ, ਵਿਜੈ ਕੁਮਾਰ ਬਿੱਲੂ ਪੰਡਤ, ਸ਼ਿਵਚੰਦਰ ਸਿੰਘ ਸੋਹਲ, ਰਾਜਵਿੰਦਰ ਸਿੰਘ ਰਾਜੂ ਸੋਹਲ, ਰਾਜੂ ਮਹਿਰਾ ਮਿਸਤਰੀ, ਬਲਜੀਤ ਸਿੰਘ ਡੇਅਰੀ ਵਾਲਾ ਆਦਿ ਨੇ ਪੁਲੀ ਦੇ ਨਿਰਮਾਣ ਵਿੱਚ ਵਿਸ਼ੇਸ਼ ਸਹਿਯੋਗ ਦਿੱਤਾ।

# ਅਮਨ ਅਰੋੜਾ ਦੀ ਟੀਮ ਨੇ ਲੋੜਵੰਦਾਂ ਨੂੰ ਵੰਡਿਆ ਰਾਸ਼ਨ

**● ਲੋਕਾਂ ਵੱਲੋਂ ਕੈਬਨਿਟ ਮੰਤਰੀ ਅਮਨ ਅਰੋੜਾ ਤੇ ਟੀਮ ਦਾ ਧੰਨਵਾਦ**

**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**- ਲਗਾਤਾਰ ਪਏ ਮੀਂਹ ਕਾਰਨ, ਜਿੱਥੇ ਆਮ ਜਨ ਜੀਵਨ ਪ੍ਰਭਾਵਿਤ ਹੋਇਆ ਹੈ, ਉੱਥੇ ਇਸ ਦੀ ਸਭ ਤੋਂ ਵੱਧ ਮਾਰ ਆਰਥਿਕ ਤੌਰ ਉੱਤੇ ਕਮਜ਼ੋਰ ਵਰਗ ਨੂੰ ਪਈ ਹੈ, ਜਿਨ੍ਹਾਂ ਨੂੰ ਬਰਸਾਤ ਕਾਰਨ ਪਿਛਲੇ ਕਈ ਦਿਨਾਂ ਤੋਂ ਕੋਈ ਕੰਮ ਕਾਰ ਵੀ ਨਹੀਂ ਮਿਲ ਸਕਿਆ ਤੇ ਉਨ੍ਹਾਂ ਦੇ ਚੁੱਲ੍ਹੇ ਠੰਢੇ ਹੋ ਗਏ ਹਨ। ਇਨ੍ਹਾਂ ਹਾਲਾਤ ਦੇ ਮੱਦੇਨਜ਼ਰ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਵੱਲੋਂ ਆਪਣੀ ਟੀਮ ਨੂੰ ਨਿਰਦੇਸ਼ ਦਿੱਤੇ ਗਏ ਕਿ ਸੁਨਾਮ ਸ਼ਹਿਰ ਸਮੇਤ ਪੂਰੇ ਹਲਕੇ ਵਿੱਚ ਜਿੱਥੇ ਵੀ ਕਿਸੇ ਲੋੜਵੰਦ ਗਰੀਬ ਨੂੰ ਰਾਸ਼ਨ ਤੇ ਹੋਰ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ਦੀ ਲੋੜ ਹੈ, ਉਹ ਸਾਰਾ ਸਾਮਾਨ ਪਹਿਲ ਦੇ ਆਧਾਰ ਉੱਤੇ ਮੁਹੱਈਆ ਕਰਵਾਇਆ ਜਾਵੇ।ਜਿੱਥੇ ਸਰਕਾਰ ਲੋਕਾਂ ਦੇ ਨਾਲ ਇਸ ਔਖੀ ਘੜੀ ਵਿੱਚ ਮੋਢੇ ਨਾਲ ਮੋਢਾ ਲਾ ਕੇ ਖੜ੍ਹੀ ਹੈ, ਉੱਥੇ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਵੱਲੋਂ ਆਪਣੇ ਪੱਧਰ ਉੱਤੇ ਵੀ ਲੋੜਵੰਦਾਂ ਦੀ ਮਦਦ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ। ਕੈਬਨਿਟ ਮੰਤਰੀ ਦੇ ਨਿਰਦੇਸ਼ਾਂ ਦੀ ਪਾਲਣਾ ਹਿੱਤ ਉਨ੍ਹਾਂ ਦੀ ਟੀਮ ਨੇ ਮੀਡੀਆ ਸਲਾਹਕਾਰ ਸ੍ਰੀ



ਜਤਿੰਦਰ ਜੈਨ ਦੀ ਅਗਵਾਈ ਵਿੱਚ ਨਵੀਂ ਅਨਾਜ ਮੰਡੀ ਸੁਨਾਮ ਦੇ ਪਿਛਲੇ ਪਾਸੇ ਝੁੱਗੀਆਂ ਵਿੱਚ ਜੀਵਨ ਬਸਰ ਕਰ ਰਹੇ ਲੋਕਾਂ ਨੂੰ ਰਾਸ਼ਨ ਤੇ ਹੋਰ ਰੋਜ਼ਾਨਾ ਵਰਤੋਂ ਦੇ ਸਾਮਾਨ ਦੀਆਂ ਕਿੱਟਾਂ ਵੰਡੀਆਂ ਅਤੇ ਉੱਥੇ ਰਹਿ ਰਹੇ ਲੋਕਾਂ ਵੱਲੋਂ ਦੱਸੀਆਂ ਮੁਸ਼ਕਲਾਂ ਦੇ ਹੱਲ ਦੇ ਭਰੋਸਾ ਵੀ ਦਿੱਤਾ।ਇਸ ਮੌਕੇ ਰਾਸ਼ਨ ਵੰਡਣ ਵਾਲੀ ਟੀਮ ਵੱਲੋਂ ਇਹ ਵੀ ਭਰੋਸਾ ਦਿੱਤਾ ਗਿਆ ਕਿ ਉਨ੍ਹਾਂ ਵੱਲੋਂ ਜਲਦ ਹੀ ਲੋੜੀਂਦੀਆਂ ਦਵਾਈਆਂ, ਮੈਡੀਕਲ ਟੀਮ ਦੀ ਅਗਵਾਈ ਵਿੱਚ ਵੰਡੀਆਂ ਜਾਣਗੀਆਂ। ਸ੍ਰੀ ਅਰੋੜਾ ਦੀ ਟੀਮ ਨੇ ਕਿਹਾ ਕਿ ਜਿੱਥੇ ਪੰਜਾਬ ਸਰਕਾਰ ਤੇ ਸਮੁੱਚਾ ਪ੍ਰਸ਼ਾਸਨ ਦਿਨ-ਰਾਤ ਇੱਕ ਕਰਕੇ ਹੜ੍ਹ ਪ੍ਰਭਾਵਿਤ ਖੇਤਰਾਂ ਤੇ ਲਗਾਤਾਰ ਬਰਸਾਤ ਕਾਰਨ ਪ੍ਰਭਾਵਿਤ ਖੇਤਰਾਂ ਵਿੱਚ ਆਪਣੀਆਂ ਜ਼ਿੰਮੇਵਾਰੀਆਂ ਨਿਭਾਅ ਰਹੇ ਹਨ, ਉੱਥੇ ਇਸ ਮੁਸ਼ਕਲ ਦੀ ਘੜੀ ਵਿੱਚ ਆਮ ਲੋਕਾਂ ਨੂੰ ਵੀ ਅੱਗੇ ਵਧ ਕੇ ਹੜ੍ਹ ਪੀੜਤਾਂ ਤੇ ਲੋੜਵੰਦਾਂ ਦੀ ਵੱਧ ਤੋਂ ਵੱਧ ਮਦਦ ਕਰਨੀ ਚਾਹੀਦੀ ਹੈ ਤਾਂ ਜੋ ਹੜ੍ਹ ਪੀੜਤਾਂ ਦੀਆਂ ਦਿੱਕਤਾਂ ਨੂੰ ਘਟਾਇਆ ਜਾ ਸਕੇ।ਰਾਸ਼ਨ ਵੰਡਣ ਵਾਲੀ ਟੀਮ ਵਿੱਚ ਪੀ. ਏ. ਸੰਜੀਵ ਸੰਜੂ, ਮਨੀ ਸਰਾਓਂ, ਬਲਾਕ ਪ੍ਰਧਾਨ ਸਾਹਿਬ ਸਿੰਘ, ਸੰਦੀਪ ਜਿੰਦਲ, ਅਸ਼ੀਸ਼ ਜੈਨ, ਸਾਹਿਲ ਗਿੱਲ, ਬਿੰਦੀ ਮਹਿਰਾ, ਬੰਟੀ, ਵਿਕੀ ਕਲਿਆਣ, ਵੀਜੈ ਭਾਰਦਵਾਜ, ਮੰਗਲ ਸਿੰਘ ਕਾਲਾ ਆਦਿ ਸ਼ਾਮਲ ਸਨ।ਇਸ ਮੌਕੇ ਝੁੱਗੀਆਂ ਵਿੱਚ ਰਹਿ ਰਹੇ ਲੋਕਾਂ ਵੱਲੋਂ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਤੇ ਉਨ੍ਹਾਂ ਦੀ ਟੀਮ ਦਾ ਧੰਨਵਾਦ ਕੀਤਾ ਗਿਆ।

# ਚੋਣਾਂ ਦੀ ਰੰਜਿਸ਼ 'ਚ ਪੰਚਾਇਤ ਮੈਂਬਰ ਦੇ ਪਤੀ ਦਾ ਗੋਲੀ ਮਾਰ ਕੇ ਕਤਲ



**ਧੂਰੀ (ਮਨੋਹਰ ਸਿੰਘ ਸੱਗੂ, ਮੋਹਿਤ ਗਰਗ, ਬਿੰਨੀ ਗਰਗ)**- ਬੀਤੀ ਦੇਰ ਸ਼ਾਮ ਨੇੜਲੇ ਪਿੰਡ ਕੱਕੜਵਾਲ ਵਿਖੇ ਚੱਲੀ ਗੋਲੀ 'ਚ ਇੱਕ ਵਿਅਕਤੀ ਦੀ ਮੌਤ ਹੋ ਗਈ।ਪਿੰਡ 'ਚੋਂ ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਮ੍ਰਿਤਕ ਪਵਿੱਤਰ ਸਿੰਘ (54) ਦੀ ਪਤਨੀ ਅਤੇ ਕਾਤਲ ਸਰਬਜੀਤ ਸਿੰਘ ਦੀ ਪਤਨੀ ਨੇ ਲੰਘੀਆਂ ਪੰਚਾਇਤ ਚੋਣਾਂ 'ਚ ਮੈਂਬਰ ਪੰਚਾਇਤ ਵਜੋਂ ਇੱਕੋ ਵਾਰਡ 'ਚੋਂ ਚੋਣ ਲੜੀ ਸੀ, ਪਰ ਚੋਣ ਦੌਰਾਨ ਸਰਬਜੀਤ ਸਿੰਘ ਦੀ ਪਤਨੀ ਚੋਣ ਹਾਰ ਗਈ ਸੀ ਅਤੇ ਉਹ ਉਦੋਂ ਤੋਂ ਹੀ ਪਵਿੱਤਰ ਸਿੰਘ ਨੂੰ ਪ੍ਰੇਸ਼ਾਨ ਤੇ ਗਾਲੀ ਗਲੋਚ ਕਰਦਾ ਆ ਰਿਹਾ ਸੀ, ਜਿਸ ਬਾਰੇ ਪਵਿੱਤਰ ਸਿੰਘ ਵੱਲੋਂ ਪੁਲਸ ਕੋਲ ਸ਼ਿਕਾਇਤ ਵੀ ਕੀਤੀ ਗਈ, ਪਰ ਲੰਘੀ ਦੇਰ ਸ਼ਾਮ ਕਰੀਬ ਸਾਢੇ ਕੁ ਅੱਠ ਵਜੇ ਸਰਬਜੀਤ ਸਿੰਘ ਨੇ ਪਵਿੱਤਰ ਸਿੰਘ ਨੂੰ ਗਾਲੀ ਗਲੋਚ ਕਰਦਿਆਂ ਉਸ ਦੇ ਘਰ ਦੇ ਪਿਛਵਾੜੇ ਵਾਲਾ ਦਰਵਾਜ਼ਾ ਖੜਕਾਉਣਾ ਸ਼ੁਰੂ ਕਰ ਦਿੱਤਾ ਅਤੇ ਜਦੋਂ ਪਵਿੱਤਰ ਸਿੰਘ ਨੇ ਦਰਵਾਜ਼ਾ ਖੋਲ੍ਹਿਆ ਤਾਂ ਸਰਬਜੀਤ ਸਿੰਘ ਨੇ ਆਪਣੀ ਬਾਰਾਂ ਬੋਰ ਰਾਈਫਲ ਨਾਲ ਪਵਿੱਤਰ ਸਿੰਘ ਦੇ ਫਾਇਰ ਮਾਰਿਆ।ਉਪਰੰਤ ਗੰਭੀਰ ਜ਼ਖਮੀ ਹਾਲਤ 'ਚ ਪਵਿੱਤਰ ਸਿੰਘ ਨੂੰ ਸਿਵਲ ਹਸਪਤਾਲ ਧੂਰੀ ਲਿਆਂਦਾ ਗਿਆ, ਜਿੱਥੇ ਡਾਕਟਰਾਂ ਵੱਲੋਂ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।ਮ੍ਰਿਤਕ ਪਵਿੱਤਰ ਸਿੰਘ ਦੇ ਦੋਵੇਂ ਬੱਚੇ ਲੜਕੀ ਤੇ ਲੜਕਾ ਵਿਦੇਸ਼ ਕੈਨੇਡਾ ਵਿਖੇ ਰਹਿੰਦੇ ਹਨ। ਜਦੋਂ ਇਸ ਸਬੰਧੀ ਥਾਣਾ ਸਦਰ ਧੂਰੀ ਦੇ ਮੁਖੀ ਇੰਸਪੈਕਟਰ ਕਰਨਵੀਰ ਸਿੰਘ ਸੰਧੂ ਤੇ ਡੀ ਐੱਸ ਪੀ ਧੂਰੀ ਰਣਵੀਰ ਸਿੰਘ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਘਟਨਾ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਥਾਣਾ ਸਦਰ ਧੂਰੀ ਦੀ ਪੁਲਸ ਨੇ ਮ੍ਰਿਤਕ ਦੀ ਪਤਨੀ ਦੇ ਬਿਆਨਾਂ ਦੇ ਆਧਾਰ 'ਤੇ ਸਰਬਜੀਤ ਸਿੰਘ ਖਿਲਾਫ਼ ਕਤਲ ਤੇ ਅਸਲਾ ਐਕਟ ਦੀਆਂ ਧਾਰਾਵਾਂ ਹੇਠ ਮੁਕੱਦਮਾ ਦਰਜ ਕਰਕੇ ਕਾਤਲ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

# ਅਨੁਸੂਚਿਤ ਜਾਤੀ ਦੇ ਸਿਖਿਆਰਥੀਆਂ ਲਈ ਦੋ ਹਫ਼ਤੇ ਦਾ ਮੁਫ਼ਤ ਡੇਅਰੀ ਸਿਖਲਾਈ ਕੋਰਸ 15 ਤੋਂ

**ਮਾਨਸਾ (ਆਤਮਾ ਸਿੰਘ ਪਮਾਰ)** ਅਨੁਸੂਚਿਤ ਜਾਤੀ ਦੇ ਲਾਭਪਾਤਰੀਆਂ ਲਈ ਡੇਅਰੀ ਫਾਰਮਿੰਗ ਨੂੰ ਰੋਜ਼ੀ ਰੋਟੀ ਵਜੋਂ ਉਤਸ਼ਾਹਤ ਕਰਨ ਦੇ ਮੰਤਵ ਨਾਲ ਸ਼ੁਰੂ ਕੀਤੀ ਯੋਜਨਾ ਤਹਿਤ ਡੇਅਰੀ ਵਿਕਾਸ ਵਿਭਾਗ ਵੱਲੋਂ 15 ਸਤੰਬਰ ਤੋਂ ਮੁਫ਼ਤ ਡੇਅਰੀ ਸਿਖਲਾਈ ਕੋਰਸ ਸ਼ੁਰੂ ਕੀਤਾ ਜਾ ਰਿਹਾ ਹੈ। ਡਿਪਟੀ ਡਾਇਰੈਕਟਰ ਡੇਅਰੀ ਵਿਕਾਸ, ਗੁਰਵਿੰਦਰ ਸਿੰਘ ਨੇ ਦੱਸਿਆ ਕਿ ਕੈਬਨਿਟ ਮੰਤਰੀ ਪੰਜਾਬ ਗੁਰਮੀਤ ਸਿੰਘ ਖੁੱਡੀਆਂ ਵੱਲੋਂ ਜਾਰੀ ਦਿਸ਼ਾ ਨਿਰਦੇਸ਼ ਤੇ ਡਾਇਰੈਕਟਰ ਡੇਅਰੀ ਵਿਕਾਸ ਵਿਭਾਗ ਕੁਲਦੀਪ ਸਿੰਘ ਜੱਸੋਵਾਲ ਦੀ ਯੋਗ ਅਗਵਾਈ ਹੇਠ ਸੂਬੇ ਦੇ ਖੇਤੀ ਨਾਲ ਜੁੜੇ ਕਿੱਤੇ ਵਿਭਿੰਨਤਾ ਲਿਆਉਣ ਦੇ ਮਕਸਦ ਨਾਲ ਅਨੁਸੂਚਿਤ ਜਾਤੀ ਦੇ ਲਾਭਪਾਤਰੀਆਂ ਨੂੰ ਖੇਤੀਬਾੜੀ ਦੇ ਨਾਲ-ਨਾਲ ਸਹਾਇਕ ਧੰਦੇ ਵਜੋਂ ਪ੍ਰੇਰਿਤ ਕਰਨ ਲਈ ਇਹ ਸਕੀਮ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਹ ਮੁਫ਼ਤ ਡੇਅਰੀ ਸਿਖਲਾਈ ਕੋਰਸ 15 ਤੋਂ 26 ਸਤੰਬਰ ਤੱਕ ਚਲਾਇਆ ਜਾਣਾ ਹੈ ਤੇ ਟ੍ਰੇਨਿੰਗ ਕਰਨ ਉਪਰੰਤ ਸਿਖਿਆਰਥੀਆਂ ਨੂੰ 3500/- ਰੁਪਏ ਵਜ਼ੀਫ਼ਾ ਵੀ ਦਿੱਤਾ ਜਾਵੇਗਾ। ਲਾਭਪਾਤਰੀ ਘੱਟੋ-ਘੱਟ 5ਵੀਂ ਪਾਸ ਦਾ ਸਰਟੀਫਿਕੇਟ, ਪਛਾਣ ਪੱਤਰ, ਜਾਤੀ ਸਰਟੀਫਿਕੇਟ, ਬੈਂਕ ਕਾਪੀ ਤੇ ਆਪਣੀ ਤਾਜ਼ਾ ਫੋਟੋ ਆਦਿ ਲੈ ਕੇ ਦਫ਼ਤਰ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ, ਮਾਨਸਾ, ਕਮਰਾ ਨੰਬਰ 87-88, ਤੀਜੀ ਮੰਜ਼ਿਲ, ਡੀ.ਸੀ ਕੰਪਲੈਕਸ ਮਾਨਸਾ ਵਿਖੇ 8 ਸਤੰਬਰ ਤੱਕ ਫਾਰਮ ਜਮ੍ਹਾਂ ਕਰਾ ਸਕਦੇ ਹਨ।

# ਸ਼ਹੀਦ ਬਾਬਾ ਤੇਗਾ ਸਿੰਘ ਦੇ ਪਾਵਨ ਸਥਾਨ ਤੋਂ ਵਿਸ਼ਾਲ ਨਗਰ ਕੀਰਤਨ ਅਨੰਦਪੁਰ ਸਾਹਿਬ ਲਈ ਰਵਾਨਾ

*** ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਦੀ ਯਾਦ 'ਚ ਸੰਗਤਾਂ ਪਿੰਡ ਪਿੰਡ ਕਰਵਾਉਣ ਸਮਾਗਮ : ਬਾਬਾ ਗੁਰਦੀਪ ਸਿੰਘ**



**ਮੋਗਾ, (ਇਕਬਾਲ ਸਿੰਘ ਖਹਿਰਾ)**-ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਜੀ ਦੇ 364ਵੇਂ ਜਨਮ ਦਿਹਾੜੇ ਨੂੰ ਸਮਰਪਤ ਸ਼੍ਰੋਮਣੀ ਸਾਹਿਬ ਜਥੇਦਾਰ ਬਾਬਾ ਮੇਜਰ ਸਿੰਘ ਜੀ ਸੋਢੀ ਦਸਮੇਸ਼ ਤਰਨਾ ਦਲ ਪੰਜਵਾਂ ਨਿਸ਼ਾਨ ਦੀ ਰਹਿਨੁਮਾਈ ਹੇਠ ਸੰਤ ਬਾਬਾ ਗੁਰਦੀਪ ਸਿੰਘ ਜੀ ਮੁਖੀ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਜੀ ਚੰਦ ਪੁਰਾਣਾ ਦੇ ਸਹਿਯੋਗ ਨਾਲ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਜੀ ਚੰਦ ਪੁਰਾਣਾ ਤੋਂ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਵਿਸ਼ਾਲ ਨਗਰ ਕੀਰਤਨ ਪੰਜ ਪਿਆਰਿਆਂ ਦੀ ਅਗਵਾਈ ਸਜਾਇਆ ਗਿਆ।ਇਸ ਮੌਕੇ ਬਾਬਾ ਗੁਰਦੀਪ ਸਿੰਘ ਜੀ ਵੱਲੋਂ ਪੰਜ ਪਿਆਰਿਆਂ ਤੇ ਸ਼ਬਦਾਂ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ।ਇਹ ਕੀਰਤਨ ਵੱਖ ਵੱਖ ਥਾਵਾਂ ਤੇ ਪੜਾਵਾਂ ਤੇ ਹੁੰਦਾ ਹੋਇਆ ਗੁਰਦੁਆਰਾ ਬਮਰੌਰ ਸਾਹਿਬ ਰਾਤ ਦਾ ਪੜਾਅ ਕਰੇਗਾ, ਉਪਰੰਤ ਪੰਜ ਸਤੰਬਰ ਨੂੰ ਤਖ਼ਤ ਸ੍ਰੀ ਅਨੰਦਪੁਰ ਸਾਹਿਬ ਪਹੁੰਚੇਗਾ।ਨਗਰ ਕੀਰਤਨ ਦੀ ਰਵਾਨਗੀ ਮੌਕੇ ਸੰਗਤਾਂ ਦੇ ਸਨਮੁੱਖ ਹੁੰਦਿਆਂ ਸੰਤ ਬਾਬਾ ਗੁਰਦੀਪ ਸਿੰਘ ਜੀ ਨੇ ਕਿਹਾ ਕਿ ਜਦੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਹੋਈ, ਉਸ ਵਕਤ ਸਖਤ ਪਹਿਰਿਆਂ ਵਿੱਚੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪਵਿੱਤਰ ਸੀਸ ਭਾਈ ਜਯੈਤਾ ਜੀ ਨੇ ਚੁੱਕ ਕੇ ਦੁਸ਼ਾਲੇ ਵਿੱਚ ਲਪੇਟ ਕੇ ਸ੍ਰੀ ਆਨੰਦਪੁਰ ਸਾਹਿਬ ਨੂੰ ਚਾਲੇ ਪਾ ਦਿੱਤੇ।ਮੰਜ਼ਿਲਾਂ ਕੱਟਦੇ ਹੋਏ ਡਰਾਵਣੇ ਜੰਗਲਾਂ ਦੀ ਪ੍ਰਵਾਹ ਨਾ ਕਰਦਿਆਂ ਸ੍ਰੀ ਕੀਰਤਪੁਰ ਸਾਹਿਬ ਪੁੱਜੇ ਬਾਲ ਗੋਬਿੰਦ ਰਾਏ ਨੇ ਭਾਈ ਜਯੈਤਾ ਜੀ ਨੂੰ ਆਪਣੀ ਛਾਤੀ ਨਾਲ ਲਗਾ ਕੇ ਰੰਘਰੇਟਾ, ਗੁਰੂ ਕੇ ਬੇਟਾ ਕਿਹਾ, ਅੰਮ੍ਰਿਤ ਛੱਕਣ ਤੋਂ ਬਾਅਦ ਭਾਈ ਜਯੈਤਾ ਤੋਂ ਜੀਵਨ ਸਿੰਘ ਬਣ ਗਏ।ਸਾਨੂੰ ਚਾਹੀਦਾ ਹੈ ਕਿ ਅਸੀਂ ਆਪਣੀ ਨੌਜਵਾਨ ਪੀੜ੍ਹੀ ਨੂੰ ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਜੀ ਦੀਆਂ ਲਾ-ਮਿਸਾਲ ਕੁਰਬਾਨੀਆਂ ਤੋਂ ਜਾਣੂ ਕਰਵਾਈਏ। ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਪਿੰਡ ਪਿੰਡ ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਜੀ ਦੀ ਯਾਦ ਨੂੰ ਸਮਰਪਤ ਸਮਾਗਮ ਕਰਾਉਣ।ਇਸ ਮੌਕੇ ਬਾਬਾ ਜਸਵੰਤ ਸਿੰਘ ਸੋਡਿਆਂ ਵਾਲੇ, ਬਾਬਾ ਬਲਕਾਰ ਸਿੰਘ ਜੀ, ਮਾਲਵਾ ਜ਼ੋਨ ਜਥੇਦਾਰ ਬਾਬਾ ਸੁਖਦੇਵ ਸਿੰਘ ਜੀ, ਜਥੇਦਾਰ ਹਰਜਸ ਸਿੰਘ ਜੀ, ਚੇਅਰਮੈਨ ਜਥੇਦਾਰ ਸੰਦੀਪ ਸਿੰਘ ਜੀ, ਜਥੇਦਾਰ ਗੁਰਭੇਜ ਸਿੰਘ ਜੀ ਲੰਗਿਆਣਾ, ਜਥੇਦਾਰ ਹਰਨੇਕ ਸਿੰਘ, ਜਥੇਦਾਰ ਜਗਦੀਪ ਸਿੰਘ ਜੀ ਖਾਲਸਾ ਚੰਦ ਪੁਰਾਣਾ, ਜਸਵੰਤ ਸਿੰਘ ਖਾਲਸਾ ਉਦੇ ਸਿੰਘ ਫੌਜ, ਜਥੇਦਾਰ ਸੁਖਦੇਵ ਸਿੰਘ ਜਗਰਾਓਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਐੱਨਜੀਓਜ਼ ਦੇ ਸਹਿਯੋਗ ਨਾਲ ਭੇਜਿਆ ਹਰਾ ਚਾਰਾ



**ਬਠਿੰਡਾ (ਪਰਵਿੰਦਰ ਜੀਤ ਸਿੰਘ)** : ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਬਠਿੰਡਾ ਵੱਲੋਂ ਬਠਿੰਡਾ ਐਸੋਸੀਏਸ਼ਨ ਆਫ਼ ਐਨਜੀਓਜ਼ ਦੇ ਸਹਿਯੋਗ ਤੇ ਪ੍ਰੇਰਨਾ ਨਾਲ ਸਵਦੇਸ਼ੀ ਜਾਗਰਣ ਮੰਚ, ਭਾਰਤ ਵਿਕਾਸ ਪ੍ਰੀਸ਼ਦ, ਵਨਵਾਸੀ ਕਲਿਆਣ ਆਸ਼ਰਮ, ਸ੍ਰੀ ਸੁੰਦਰਕਾਂਡ ਪਾਠ ਸੇਵਾ ਸਮਿਤੀ, ਸੇਵਾ ਭਾਰਤੀ, ਸ੍ਰੀ ਗੁਰੂ ਜੀ ਲੋਕ ਕਲਿਆਣ ਸਮਿਤੀ ਤੇ ਸਾਕਿਸ ਗਰੁੱਪ ਦੇ ਸਾਂਝੇ ਉਪਰਾਲੇ ਰਾਹੀਂ ਹੜ੍ਹ ਪੀੜਤ ਇਲਾਕੇ ਪਿੰਡ ਫੱਤੇਵਾਲਾ (ਜ਼ਿਲ੍ਹਾ ਫਿਰੋਜ਼ਪੁਰ) ਲਈ ਪਸ਼ੂਆਂ ਦੀ ਖੁਰਾਕ ਵਜੋਂ 7100 ਕਿੱਲੋ ਹਰਾ-ਚਾਰਾ (ਆਚਾਰ) ਭੇਜਿਆ ਗਿਆ ਹੈ।

ਇਸ ਦੌਰਾਨ ਸਿਵਜ ਜੱਜ (ਸੀਨੀਅਰ ਡੀਵੀਜ਼ਨ)-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਬਠਿੰਡਾ ਸ੍ਰੀਮਤੀ ਬਲਜਿੰਦਰ ਕੌਰ ਮਾਨ ਤੇ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਕਿਹਾ ਕਿ ਹੜ੍ਹ ਪੀੜਤ ਇਲਾਕਿਆਂ ਵਿੱਚ ਸਿਰਫ਼ ਇਨਸਾਨੀ ਸਹਾਇਤਾ ਹੀ ਨਹੀਂ, ਸਗੋਂ ਪਸ਼ੂਆਂ ਲਈ ਵੀ ਚਾਰੇ ਦੀ ਵੱਡੀ ਲੋੜ ਹੈ, ਇਸ ਲਈ ਸਾਰਿਆ ਦੇ ਸਹਿਯੋਗ ਨਾਲ ਇਹ ਵੱਡਾ ਉਪਰਾਲਾ ਕੀਤਾ ਗਿਆ।ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਭਵਿੱਖ ਵਿੱਚ ਵੀ ਹੜ੍ਹ ਪ੍ਰਭਾਵਿਤ ਖੇਤਰ ਦੇ ਲੋਕਾਂ ਦੀ ਮਦਦ ਲਈ ਹਰ ਸੰਭਵ ਸਹਾਇਤਾ ਕੀਤੀ ਜਾਵੇਗੀ।ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਸਾਰੀਆਂ ਸਮਾਜਿਕ ਸੰਸਥਾਵਾਂ ਤੇ ਸੇਵਾ ਸੰਸਥਾਵਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਮੁਸੀਬਤ ਦੀ ਘੜੀ ਵਿੱਚ ਵੱਧ ਤੋਂ ਵੱਧ ਲੋਕ ਅੱਗੇ ਆ ਕੇ ਮਦਦ ਕਰਨ।

# ਨਸ਼ੇ ਦੇ ਮਾਮਲੇ 'ਚ ਦੋ ਵਿਅਕਤੀਆਂ ਨੂੰ 10-10 ਸਾਲ ਦੀ ਕੈਦ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** : ਕਰੀਬ ਛੇ ਸਾਲ ਪਹਿਲਾਂ ਥਾਣਾ ਸਰਹਿੰਦ ਦੀ ਪੁਲਸ ਵੱਲੋਂ ਬਿਉਪਰੇਨੌਰਫਿਨ ਗੋਲੀਆਂ ਸਮੇਤ ਕਾਬੂ ਕੀਤੇ ਗਏ ਪਿੰਡ ਲਠੇੜੀ (ਰੂਪਨਗਰ) ਦੇ ਦੋ ਵਿਅਕਤੀਆਂ ਨੂੰ ਇੱਥੋਂ ਦੀ ਇੱਕ ਅਦਾਲਤ ਵੱਲੋਂ 10-10 ਸਾਲ ਕੈਦ ਦੀ ਸਜ਼ਾ ਸੁਣਾਏ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਮਿਤੀ 11/3/19 ਨੂੰ ਥਾਣਾ ਸਰਹਿੰਦ ਵਿਖੇ ਅ/ਧ 22 ਐੱਨ.ਡੀ.ਪੀ.ਐੱਸ. ਐਕਟ ਤਹਿਤ ਦਰਜ ਕੀਤੇ ਗਏ ਮੁਕੱਦਮੇ 'ਚ ਪਰਵੀਰ ਸਿੰਘ ਤੇ ਪਰਮਜੀਤ ਸਿੰਘ ਉਰਫ ਵਿੱਕੀ ਵਾਸੀਆਨ ਪਿੰਡ ਲਠੇੜੀ (ਰੂਪਨਗਰ) ਨੂੰ ਗ੍ਰਿਫਤਾਰ ਕਰਦੇ ਹੋਏ ਪੁਲਸ ਵੱਲੋਂ ਦਾਅਵਾ ਕੀਤਾ ਗਿਆ ਸੀ ਕਿ ਸਰਹਿੰਦ ਦੇ ਮਾਧੋਪੁਰ ਟੀ-ਪੁਆਇੰਟ ਨਜ਼ਦੀਕ ਸ਼ੱਕ ਦੇ ਅਧਾਰ 'ਤੇ ਕਾਬੂ ਕੀਤੇ ਗਏ ਉਕਤ ਵਿਅਕਤੀਆਂ ਦੇ ਕਬਜ਼ੇ 'ਚੋਂ ਤਲਾਸ਼ੀ ਦੌਰਾਨ 330 ਗੋਲੀਆਂ ਬਿਉਪਰੇਨੌਰਫਿਨ ਬਰਾਮਦ ਹੋਈਆਂ। ਮੁਕੱਦਮੇ ਦੀ ਸੁਣਵਾਈ ਪੂਰੀ ਹੋਣ 'ਤੇ ਅੱਜ ਫ਼ਤਹਿਗੜ੍ਹ ਸਾਹਿਬ ਦੀ ਸਪੈਸ਼ਲ ਅਦਾਲਤ ਨੇ ਪਰਵੀਰ ਸਿੰਘ ਤੇ ਪਰਮਜੀਤ ਸਿੰਘ ਉਰਫ ਵਿੱਕੀ ਨੂੰ ਮਾਮਲੇ 'ਚ ਅ/ਧ 22(ਸੀ) ਐੱਨ.ਡੀ.ਪੀ.ਐੱਸ. ਤਹਿਤ ਦੋਸ਼ੀ ਮੰਨਦੇ ਹੋਏ 10-10 ਸਾਲ ਕੈਦ ਬਾਮੁਸ਼ੱਕਤ ਤੇ 1-1 ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ।

# ਮਨਜੀਤ ਕੌਰ ਨੇ ਚਾਰਜ ਸੰਭਾਲਿਆ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)** ਬੀ.ਡੀ.ਪੀ.ਓ ਮਨਜੀਤ ਕੌਰ ਨੇ ਬਲਾਕ ਨਿਹਾਲ ਸਿੰਘ ਵਾਲਾ ਦੇ ਬੀ.ਡੀ.ਪੀ.ਓ ਦਾ ਚਾਰਜ ਸੰਭਾਲਿਆ ਗਿਆ।ਬੀ.ਡੀ.ਪੀ.ਓ ਦਫਤਰ ਦੇ ਸਮੁੱਚੇ ਸਟਾਫ਼ ਤੇ ਇਲਾਕਾ ਨਿਵਾਸੀਆਂ ਵੱਲੋਂ ਪੰਚਾਇਤ ਸੈਕਟਰੀ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸੁਖਜੀਵਨ ਸਿੰਘ ਰੌਂਤਾ ਬੀ.ਡੀ.ਪੀ.ਓ ਭੂਸ਼ਣ ਕੁਮਾਰ ਦੀ ਅਗਵਾਈ ਵਿੱਚ ਉਨ੍ਹਾਂ ਨੂੰ ਫੁੱਲਾਂ ਦਾ ਗੁਲਦਸਤਾ ਦੇ ਕੇ ਭਰਵਾਂ ਸਵਾਗਤ ਕੀਤਾ।

ਇਸ ਮੌਕੇ ਬੀ.ਡੀ.ਪੀ.ਓ ਮਨਜੀਤ ਕੌਰ ਨੇ ਕਿਹਾ ਕਿ ਸਰਕਾਰ ਦੀਆਂ ਸਕੀਮਾਂ ਨੂੰ ਘਰ-ਘਰ ਪਹੁੰਚਾਇਆ ਜਾਵੇਗਾ ਤੇ ਬਲਾਕ ਦੇ ਵਿਕਾਸ ਵਿੱਚ ਤੇਜ਼ੀ ਲਿਆਂਦੀ ਜਾਵੇਗੀ।

# ਭਾਰੀ ਬਾਰਿਸ਼ ਕਾਰਨ ਨੁਕਸਾਨੇ ਘਰਾਂ ਦੀ ਸਾਰ ਲਵੇ ਸਰਕਾਰ : ਕਾਂਗੜਾ



**ਮਹਿਲ ਕਲਾਂ, (ਪ੍ਰਦੀਪ ਸਿੰਘ ਲੋਹਗੜ੍ਹ)** ਦਰਸ਼ਨ ਸਿੰਘ ਕਾਂਗੜਾ ਕੌਮੀ ਪ੍ਰਧਾਨ ਭਾਰਤੀਯ ਅੰਬੇਡਕਰ ਮਿਸ਼ਨ ਵੱਖ-ਵੱਖ ਪਿੰਡਾਂ ਵਿੱਚ ਪਹੁੰਚੇ, ਜਿੱਥੇ ਉਨ੍ਹਾਂ ਭਾਰੀ ਬਾਰਿਸ਼ ਕਾਰਨ ਪੀੜਤ ਲੋਕਾਂ ਨਾਲ ਗੱਲਬਾਤ ਕੀਤੀ ਤੇ ਹੋਏ ਨੁਕਸਾਨ ਦਾ ਵੀ ਜਾਇਜ਼ਾ ਲਿਆ। ਸ੍ਰੀ ਦਰਸ਼ਨ ਕਾਂਗੜਾ ਨੇ ਕਿਹਾ ਕਿ ਲਗਾਤਾਰ ਹੋ ਰਹੀ ਭਾਰੀ ਬਾਰਿਸ਼ ਕਾਰਨ ਪੰਜਾਬ ਦੇ ਅਨੇਕਾਂ ਪਿੰਡਾਂ ਵਿੱਚ ਗ਼ਰੀਬਾਂ ਦੇ ਰੇਣ ਬਸੇਰੇ ਵੀ ਢਹਿ ਢੇਰੀ ਹੋ ਗਏ ਹਨ, ਪ੍ਰੰਤੂ ਸੂਬਾ ਸਰਕਾਰ ਤੇ ਕੇਂਦਰ ਸਰਕਾਰ ਇਸ ਪ੍ਰਤੀ ਬਿਲਕੁਲ ਵੀ ਗੰਭੀਰ ਨਹੀਂ ਹੈ।ਕਾਂਗੜਾ ਨੇ ਕਿਹਾ ਕਿ ਹਲਕੇ ਦੇ ਪਿੰਡ ਹਮੀਦੀ, ਖੇੜੀ ਚਹਿਲਾਂ, ਸਹਿਜੜਾ ਸਣੇ ਕਈ ਪਿੰਡਾਂ ਵਿੱਚ ਲੋਕਾਂ ਦੇ ਮਕਾਨਾਂ ਦਾ ਵੱਡਾ ਨੁਕਸਾਨ ਹੋਇਆ ਹੈ, ਜਿਸ ਲਈ ਉਹ ਜ਼ਿਲ੍ਹਾ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਪੀੜਤ ਪਰਵਾਰਾਂ ਨੂੰ ਹੋਏ ਨੁਕਸਾਨ ਦਾ ਮੁਆਵਜ਼ਾ ਦਿਵਾਉਣ ਲਈ ਯਤਨ ਕਰਨਗੇ।

# ਭਾਜਪਾ ਆਗੂਆਂ ਦਾ ਵਫਦ ਵੱਖ-ਵੱਖ ਮੁੱਦਿਆਂ ਨੂੰ ਲੈ ਕੇ ਸ੍ਰੀ ਨਿਵਾਸਨ ਨੂੰ ਮਿਲਿਆ

**ਮਹਿਲ ਕਲਾਂ, (ਪ੍ਰਦੀਪ ਸਿੰਘ ਲੋਹਗੜ੍ਹ)**-ਭਾਰਤੀ ਜਨਤਾ ਪਾਰਟੀ ਦੇ ਸੰਗਠਨ ਮੰਤਰੀ ਪੰਜਾਬ ਸ੍ਰੀ ਨਿਵਾਸਨ ਨੂੰ ਭਾਜਪਾ ਆਗੂਆਂ ਕੁਲਦੀਪ ਮਿੱਤਲ, ਮੰਡਲ ਪ੍ਰਧਾਨ ਸੁਰਿੰਦਰ ਕਾਲਾ, ਹਰਕੰਵਲਜੀਤ ਸਿੰਘ ਦੀ ਅਗਵਾਈ ਹੇਠ ਇਕ ਵਫਦ ਮਿਲਿਆ।ਇਸ ਮੌਕੇ ਭਾਜਪਾ ਆਗੂਆਂ ਨੇ ਪੰਜਾਬ ਭਰ ਹੜ੍ਹ ਪੀੜਤ ਪਰਵਾਰਾਂ ਦੀ ਮੌਜੂਦਾ ਸਥਿਤੀ ਨੂੰ ਦੇਖਦੇ ਹੋਏ ਉਨ੍ਹਾਂ ਲਈ ਤੁਰੰਤ ਰਾਹਤ ਵਾਸਤੇ ਲੋੜੀਂਦੇ ਕਦਮ ਪੁੱਟਣ ਦੀ ਅਪੀਲ ਕੀਤੀ।ਉਨ੍ਹਾਂ ਵਿਧਾਨ ਸਭਾ ਹਲਕਾ ਮਹਿਲ ਕਲਾਂ, ਭਦੌੜ, ਬਰਨਾਲਾ 'ਚ ਭਾਜਪਾ ਦੀ ਮੌਜੂਦਾ ਸਥਿਤੀ ਬਾਰੇ ਵੀ ਜਾਣੂ ਕਰਵਾਇਆ।ਸੰਗਠਨ ਮੰਤਰੀ ਪੰਜਾਬ ਸ੍ਰੀ ਨਿਵਾਸਨ ਨੇ ਵਫਦ ਨੂੰ ਧਿਆਨ ਨਾਲ ਸੁਣਿਆ ਤੇ ਮਸਲੇ ਹੱਲ ਕਰਵਾਉਣ ਦਾ ਵਿਸ਼ਵਾਸ ਦੁਆਇਆ।ਉਨ੍ਹਾਂ ਭਾਜਪਾ ਨੂੰ ਹਰ ਖੇਤਰ ਵਿੱਚ ਮਜ਼ਬੂਤ ਬਣਾਉਣ।ਪਿੰਡ ਪਿੰਡ ਨਵੀਆਂ ਇਕਾਈਆਂ ਦਾ ਗਠਨ ਕਰਕੇ ਖਾਸਕਰ ਨੌਜਵਾਨ ਵਰਗ ਨੂੰ ਯੋਗ ਨੁਮਾਇੰਦਗੀ ਦੇਣ ਲਈ ਵਿਸ਼ੇਸ਼ ਧਿਆਨ ਦੇਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਭਾਜਪਾ ਹਰਕੰਵਲਜੀਤ ਸਿੰਘ ਲੁਧਿਆਣਾ, ਯੂਥ ਆਗੂ ਸੁਖਦੀਪ ਸਿੰਘ ਧੌਲਾ, ਮਹਿੰਦਰ ਸਿੰਘ ਆਦਿ ਆਗੂ ਹਾਜ਼ਰ ਸਨ।



# ਕਾਰ ਸੇਵਾ ਲਈ ਯੋਗਦਾਨ ਦਿੱਤਾ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)** ਜੈ ਸ਼ਕਤੀ ਭੰਡਾਰਾ ਸੁਸਾਇਟੀ (ਰਜਿ) ਵੱਲੋਂ ਧਾਮ ਸ਼੍ਰੀ ਨੈਣਾਂ ਦੇਵੀ ਵਿਖੇ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ ਬਣੀ ਰਾਮਪੁਰੇ ਵਾਲਿਆਂ ਦੀ ਧਰਮਸ਼ਾਲਾ ਦੀ ਬਿਲਡਿੰਗ ਕੁੱਝ ਦਿਨ ਪਹਿਲਾਂ ਭਾਰੀ ਮੀਂਹ ਕਾਰਨ ਢਾਹ ਢੇਰੀ ਹੋ ਗਈ ਸੀ।ਭੰਡਾਰਾ ਸੁਸਾਇਟੀ ਦੇ ਪ੍ਰਧਾਨ ਅਜੀਤ ਪਾਲ ਟੈਣੀ ਜੋੜਾ ਨੇ ਦੱਸਿਆ ਕਿ ਬਿਲਡਿੰਗ ਉਸਾਰੀ ਲਈ ਸਮਾਜ ਸੇਵੀ ਤੇ ਸੀਨੀਅਰ ਲੀਡਰ ਮਨਜੀਤ ਸਿੰਘ ਬਿੱਟੀ ਤੇ ਕਾਵੜ ਸੰਘ ਦੇ ਪ੍ਰਧਾਨ ਨੀਰਜ ਚੌਧਰੀ ਵੱਲੋਂ ਨਵੇਂ ਬਿਲਡਿੰਗ ਦੀ ਕਾਰ ਸੇਵਾ ਲਈ ਵਧ-ਚੜ੍ਹ ਕੇ ਯੋਗਦਾਨ ਦਿੱਤਾ ਗਿਆ ਹੈ ਤੇ ਹਰ ਤਰ੍ਹਾਂ ਦੇ ਸਹਿਯੋਗ ਦਾ ਵੀ ਭਰੋਸਾ ਦਿੱਤਾ ਹੈ।

ਸੰਸਥਾ ਦੇ ਮੈਂਬਰਾਂ ਵੱਲੋਂ ਮਨਜੀਤ ਸਿੰਘ ਬਿੱਟੀ ਤੇ ਨੀਰਜ ਚੌਧਰੀ ਧੰਨਵਾਦ ਕਰਦਿਆਂ ਕਿਹਾ ਕਿ ਸ਼ਹਿਰ ਦੀਆਂ ਧਾਰਮਿਕ, ਸਮਾਜਿਕ ਵਪਾਰਕ, ਸੰਸਥਾਵਾਂ ਅਤੇ ਵੱਖ-ਵੱਖ ਜਥੇਬੰਦੀਆਂ ਤੇ ਸ਼ਹਿਰ ਦੀਆਂ ਸੰਗਤਾਂ ਨੂੰ ਬੇਨਤੀ ਕੀਤੀ ਜੈ ਸ਼ਕਤੀ ਭੰਡਾਰਾ ਸੁਸਾਇਟੀ ਨੂੰ ਵੱਧ ਤੋਂ ਵੱਧ ਸਹਿਯੋਗ ਕੀਤਾ ਜਾਵੇ।

# ਪੈਨਸ਼ਨਰਜ਼ ਐਸੋਸੀਏਸ਼ਨ ਇਕਾਈ ਮੂਨਕ ਦੀ ਮੀਟਿੰਗ



**ਮੂਨਕ (ਰਾਜਪਾਲ ਸਿੰਗਲਾ)**-ਪੈਨਸ਼ਨਰਜ਼ ਐਸੋਸੀਏਸ਼ਨ ਡਵੀਜ਼ਨ ਲਹਿਰਾਗਾਗਾ ਇਕਾਈ ਮੂਨਕ ਦੀ ਮਹੀਨੇ ਵਾਰ ਮੀਟਿੰਗ ਮੰਗਤ ਸਿੰਘ ਸੀਨੀਅਰ ਮੀਤ ਪ੍ਰਧਾਨ ਡਵੀਜ਼ਨ ਲਹਿਰਾ ਗਾਗਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸ਼ੋਕ ਸੰਦੇਸ਼ ਵਿੱਚ ਸਾਡੇ ਨਾਲੋਂ ਵਿਛੜੇ ਸਾਥੀ ਪਵਨ ਕੁਮਾਰ ਰਟਾਇਰ ਐੱਸ ਡੀ ਓ ਤੇ ਜੋ ਹੜ੍ਹਾਂ ਦੌਰਾਨ ਮਾਰੇ ਗਏ ਹਨ, ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਮੀਟਿੰਗ ਵਿੱਚ ਹਾਜ਼ਰ ਮੰਗਤ ਸਿੰਘ ਸੀਨੀਅਰ ਮੀਤ ਪ੍ਰਧਾਨ, ਪੂਰਨ ਸਿੰਘ ਤੇ ਜਗਰੂਪ ਸਿੰਘ ਮੀਤ ਪ੍ਰਧਾਨ ਡਵੀਜ਼ਨ ਲਹਿਰਾਗਾਗਾ ਨੇ ਸੰਬੋਧਨ ਕੀਤਾ ਅਤੇ ਦੱਸਿਆ ਕਿ ਪੈਨਸ਼ਨ ਐਸੋਸੀਏਸ਼ਨ ਰਜਿ: 56 ਵੱਲੋਂ ਪੰਜਾਬ ਦੇ ਪ੍ਰਧਾਨ ਅਵਿਨਾਸ਼ ਚੰਦਰ ਤੇ ਧਨਵੰਤ ਸਿੰਘ ਭੱਠਲ ਵੱਲੋਂ ਜੋ ਇਕ ਦਿਨ ਦੀ ਪੈਨਸ਼ਨ ਹੜ੍ਹ ਪੀੜਤਾਂ ਨੂੰ ਦੇਣ ਦਾ ਐਲਾਨ ਕੀਤਾ ਗਿਆ ਹੈ, ਜੋ ਕਿ ਮੁੱਖ ਮੰਤਰੀ ਰਾਹਤ ਫੰਡ ਵਿੱਚ ਜਾਵੇਗਾ, ਬਹੁਤ ਹੀ ਵਧੀਆ ਉਪਰਾਲਾ ਕੀਤਾ ਗਿਆ ਹੈ ਤਾਂ ਜੋ ਰਾਹਤ ਪੀੜਤਾਂ ਦੀ ਮਦਦ ਹੋ ਸਕੇ।

# ਸਰਕਾਰ ਨੇ ਪੈਨਸ਼ਨਰਾਂ ਦੀਆਂ ਹੱਕੀ ਮੰਗਾਂ ਨੂੰ ਅਣਗੌਲਿਆਂ ਕੀਤਾ : ਆਗੂ



**ਮਹਿਲ ਕਲਾਂ, (ਪ੍ਰਦੀਪ ਸਿੰਘ ਲੋਹਗੜ੍ਹ)**-ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਬਲਾਕ ਮਹਿਲ ਕਲਾਂ ਦੀ ਅਹਿਮ ਮੀਟਿੰਗ ਬਲਾਕ ਪ੍ਰਧਾਨ ਮਾ: ਦਰਸ਼ਨ ਸਿੰਘ ਪੰਡੋਰੀ ਦੀ ਅਗਵਾਈ ਹੇਠ ਬੀ.ਡੀ.ਪੀ.ਓ. ਦਫ਼ਤਰ ਕੰਪਲੈਕਸ ਮਹਿਲ ਕਲਾਂ ਵਿਖੇ ਹੋਈ।ਇਸ ਮੌਕੇ ਜਥੇਬੰਦੀ ਦੇ ਵਰਕਰ ਕੇਵਲ ਸਿੰਘ ਬੱਸੀਆਂ ਦੇ ਪੁੱਤਰ ਤੇ ਸੇਵਾਮੁਕਤ ਅਧਿਆਪਕ ਗੁਰਬਖਸ਼ ਸਿੰਘ ਗਾਗੇਵਾਲ ਸਮੇਤ ਹੜ੍ਹਾਂ 'ਚ ਮਾਰੇ ਗਏ ਲੋਕਾਂ ਦੀ ਯਾਦ 'ਚ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ।ਇਸ ਮੌਕੇ ਬੋਲਦਿਆਂ ਬਲਾਕ ਪ੍ਰਧਾਨ ਮਾ: ਦਰਸ਼ਨ ਸਿੰਘ ਪੰਡੋਰੀ, ਜਰਨਲ ਸਕੱਤਰ ਸੁਰਿੰਦਰ ਸ਼ਰਮਾ ਰਾਏਸਰ, ਖਜ਼ਾਨਚੀ ਪਵਨ ਕੁਮਾਰ ਤੇ ਮਾ: ਅਮਰਜੀਤ ਸਿੰਘ ਮਹਿਲ ਖੁਰਦ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਮੂਹ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਲਗਾਤਾਰ ਅਣਗੌਲਿਆ ਕੀਤਾ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਜਥੇਬੰਦੀ ਵੱਲੋਂ ਮੁੱਖ ਮੰਤਰੀ, ਮੰਤਰੀਆਂ, ਵਿਧਾਇਕਾਂ ਤੇ ਹਲਕਾ ਇੰਚਾਰਜਾਂ ਨੂੰ ਕਈ ਵਾਰ ਮੰਗ ਪੱਤਰ ਦਿੱਤੇ ਗਏ ਹਨ, ਪਰ ਫਿਰ ਵੀ ਹੱਕੀ ਮੰਗਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ।ਆਗੂਆਂ ਨੇ ਕਿਹਾ ਕਿ ਸਰਕਾਰ ਵੱਲੋਂ 2.59 ਦੇ ਅਨੁਪਾਤ ਅਨੁਸਾਰ ਪੈਨਸ਼ਨਾਂ ਵਿੱਚ ਵਾਧਾ ਨਹੀਂ ਕੀਤਾ ਗਿਆ ਤੇ ਨਾ ਹੀ ਡੀ.ਏ. ਦੀਆਂ ਕਿਸ਼ਤਾਂ ਜਾਰੀ ਕੀਤੀਆਂ ਗਈਆਂ ਹਨ।ਇਸ ਕਰਕੇ ਪੈਨਸ਼ਨਰ ਆਰਥਿਕ ਮੁਸ਼ਕਲਾਂ ਦਾ ਸਾਹਮਣਾ ਕਰਦੇ ਹੋਏ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਅਦਾਲਤਾਂ ਦੇ ਚੱਕਰ ਕੱਟਣ ਲਈ ਮਜਬੂਰ ਹਨ।ਸਰਕਾਰ ਪ੍ਰਤੀ ਸਮੂਹ ਪੈਨਸ਼ਨਰ ਭਾਈਚਾਰੇ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।ਸਰਬ ਸੰਮਤੀ ਨਾਲ ਫੈਸਲਾ ਲੈਂਦਿਆਂ ਐਸੋਸੀਏਸ਼ਨ ਬਲਾਕ ਮਹਿਲ ਕਲਾਂ ਵੱਲੋਂ ਹੜ੍ਹ ਰਾਹਤ ਫੰਡ 'ਚ 11,000 ਰੁਪਏ ਦਾ ਯੋਗਦਾਨ ਦਿੱਤਾ ਗਿਆ।

ਆਗੂਆਂ ਨੇ ਕੇਂਦਰ ਸਰਕਾਰ ਪਾਸੋਂ ਮੰਗ ਕੀਤੀ ਗਈ ਕਿ ਪੰਜਾਬ ਅੰਦਰ ਹੜ੍ਹਾਂ ਕਾਰਨ ਹੋਏ ਨੁਕਸਾਨ ਲਈ ਬਿਨਾਂ ਕਿਸੇ ਦੇਰੀ ਤੋਂ ਵਿਸ਼ੇਸ਼ ਪੈਕੇਜ ਜਾਰੀ ਕੀਤਾ ਜਾਵੇ।ਇਸ ਮੌਕੇ ਬਖਤੌਰ ਸਿੰਘ ਮੂੰਮ, ਠਾਕੁਰ ਸਿੰਘ, ਭਜਨ ਸਿੰਘ ਖ਼ਾਲਸਾ, ਬਲਜੀਤ ਸਿੰਘ ਛਾਪਾ, ਅਮਰਜੀਤ ਸਿੰਘ ਦੀਵਾਨਾ, ਨੱਥਾ ਸਿੰਘ ਮਹਿਲ ਖੁਰਦ, ਬਲਵਿੰਦਰ ਸਿੰਘ ਮੂੰਮ, ਭੋਲਾ ਸਿੰਘ ਛੀਨੀਵਾਲ ਕਲਾਂ, ਰਾਜ ਕੁਮਾਰ ਨਿਹਾਲੂਵਾਲ, ਜੱਗਾ ਸਿੰਘ ਮਹਿਲ ਖੁਰਦ, ਬਲਦੇਵ ਸਿੰਘ ਸਹਿਜੜਾ, ਨਛੱਤਰ ਸਿੰਘ ਸਮੇਤ ਕਈ ਹੋਰ ਵਰਕਰ ਤੇ ਆਗੂ ਹਾਜ਼ਰ ਸਨ।

# ਹੜ੍ਹਾਂ ਕਾਰਨ ਨੁਕਸਾਨੇ ਪੁਲਾਂ ਤੇ ਬੰਨ੍ਹਾਂ ਦੀ ਸਰਕਾਰ ਤੁਰੰਤ ਮੁਰੰਮਤ ਕਰਾਵੇ-ਡਾ: ਗਾਂਧੀ

*** ਜੇਕਰ ਹਾਲਾਤ ਨਾ ਸੰਭਾਲ਼ੇ ਤਾਂ ਹੋ ਸਕਦੈ ਵੱਡਾ ਨੁਕਸਾਨ : ਹੈਰੀਮਾਨ**

**ਪਟਿਆਲਾ, (ਰਾਜਿੰਦਰ ਸਿੰਘ ਥਿੰਦ)**-ਮੈਂਬਰ ਪਾਰਲੀਮੈਂਟ ਡਾ. ਧਰਮਵੀਰ ਗਾਂਧੀ ਤੇ ਹਰਿੰਦਰਪਾਲ ਸਿੰਘ ਹੈਰੀਮਾਨ ਕਾਂਗਰਸ ਪਾਰਟੀ ਦੇ ਹਲਕਾ ਇੰਚਾਰਜ ਸਨੌਰ ਨੇ ਆਪਣੀ ਟੀਮ ਨਾਲ ਹਲਕਾ ਸਨੌਰ ਦੇ ਹੜ੍ਹਾਂ ਦੀ ਮਾਰ ਹੇਠਲੇ ਪਿੰਡਾਂ ਦਾ ਦੌਰਾ ਕੀਤਾ।ਉਨ੍ਹਾਂ ਨੇ ਪਿੰਡ ਮਾੜੂ ਤੇ ਅਰਨੌਲੀ, ਪੁਰ ਮੰਡੀ ਵਿਖੇ ਟੁੱਟ ਰਹੇ ਬੰਨ੍ਹਾਂ ਦਾ ਮੌਕਾ ਦੇਖਿਆ ਅਤੇ ਖਾਸ ਤੌਰ 'ਤੇ ਪਿੰਡ ਸਿਰਕੱਪੜਾ ਵਿਖੇ ਘੱਗਰ ਦਰਿਆ 'ਤੇ ਬਣੇ ਪੁਲ ਦਾ ਨਰੀਖਣ ਕੀਤਾ, ਜੋ ਕਿ ਟੁੱਟਣਾ ਸ਼ੁਰੂ ਹੋ ਗਿਆ ਹੈ।ਇਸ ਦੀ ਅਪਰੋਚ ਰੋਡ ਟੁੱਟ ਚੁੱਕੀ ਹੈ, ਗੱਡੀਆਂ ਦੀ ਆਵਾਜਾਈ ਬੰਦ ਹੋ ਚੁੱਕੀ ਹੈ, ਜਿਸ ਕਾਰਨ ਪਿੰਡ ਸਿਰਕੱਪੜਾ ਸਮੇਤ ਦਰਜਨ ਦੇ ਕਰੀਬ ਪਿੰਡ ਪ੍ਰਭਾਵਿਤ ਹੋਏ ਹਨ।



ਇਸ ਮੌਕੇ ਹੈਰੀਮਾਨ ਨੇ ਦੱਸਿਆ ਕਿ ਕਾਂਗਰਸ ਸਰਕਾਰ ਸਮੇਂ ਵੀ ਇਸ ਪੁਲ ਨੂੰ ਨੁਕਸਾਨ ਪਹੁੰਚਿਆ ਸੀ, ਪ੍ਰੰਤੂ ਉਨ੍ਹਾਂ ਨੇ 60 ਲੱਖ ਰੁਪਏ ਖਰਚ ਕੇ ਪੱਥਰਾਂ ਦੇ ਸਟੱਡ ਲਗਾ ਕੇ ਕੁਝ ਦਿਨਾਂ ਵਿੱਚ ਹੀ ਇਸ ਨੂੰ ਦੁਬਾਰਾ ਠੀਕ ਕਰਵਾ ਕੇ ਰਸਤਾ ਬਹਾਲ ਕਰ ਦਿੱਤਾ ਸੀ, ਪ੍ਰੰਤੂ ਹੁਣ ਤਾਂ ਸਰਕਾਰ ਸੁੱਤੀ ਪਈ ਹੈ।ਡਾ. ਧਰਮਵੀਰ ਗਾਂਧੀ ਨੇ ਆਪਣੇ ਐੱਮ. ਪੀ. ਫੰਡ 'ਚੋਂ ਪਿੰਡ ਸਿਰਕੱਪੜਾ ਲਈ 5 ਲੱਖ ਰੁਪਏ ਦੇਣ ਦਾ ਵਾਅਦਾ ਕੀਤਾ।

ਇਸ ਤੋਂ ਇਲਾਵਾ ਉਨ੍ਹਾਂ ਨੇ ਪਿੰਡ ਮਾੜੂ, ਅਰਨੌਲੀ, ਹਡਾਣਾ, ਪੁਰ ਮੰਡੀ ਵਿਖੇ ਟੁੱਟ ਰਹੇ ਬੰਨ੍ਹਾਂ ਦਾ ਪੱਕਾ ਪ੍ਰਬੰਧ ਕਰਨ ਲਈ ਤੇ ਮੀਰਾਂਪੁਰ ਚੋਅ ਦੀ ਸਫਾਈ ਸਮੇਤ ਮੁੱਦੇ ਸਰਕਾਰ ਕੋਲ ਜ਼ੋਰਦਾਰ ਢੰਗ ਨਾਲ ਉਠਾਉਣ ਦਾ ਭਰੋਸਾ ਦਿਵਾਇਆ।ਉਨ੍ਹਾਂ ਇਸ ਗੱਲ ਦੀ ਜ਼ੋਰਦਾਰ ਸ਼ਬਦਾਂ 'ਚ ਪੰਜਾਬ ਤੇ ਕੇਂਦਰ ਸਰਕਾਰ ਦੀ ਨਿਖੇਧੀ ਕੀਤੀ ਕਿ ਜੋ ਕੰਮ ਮੌਨਸੂਨ ਸੀਜ਼ਨ ਤੋਂ ਪਹਿਲਾਂ ਹੋਣੇ ਚਾਹੀਦੇ ਸਨ, ਉਨ੍ਹਾਂ ਦੀ ਅੱਜ ਤੱਕ ਕਿਸੇ ਨੇ ਸਾਰ ਨਹੀਂ ਲਈ ਤੇ ਲੋਕਾਂ ਨੂੰ ਰੱਬ ਆਸਰੇ ਛੱਡਿਆ ਹੋਇਆ ਹੈ।ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਹੁਣ ਵੀ ਹਾਲਾਤ ਨੂੰ ਨਾ ਸੰਭਾਲਿਆ ਗਿਆ ਤਾਂ ਖਾਸ ਤੌਰ 'ਤੇ ਹਲਕਾ ਸਨੌਰ, ਘਨੌਰ, ਸਮਾਣਾ, ਸ਼ਤਰਾਣਾ ਆਦਿ ਹਲਕਿਆਂ ਦਾ ਵੱਡਾ ਜਾਨੀ ਤੇ ਮਾਲੀ ਨੁਕਸਾਨ ਹੋ ਸਕਦਾ ਹੈ, ਜਿਸ ਦੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ। ਇਸ ਮੌਕੇ ਅਸ਼ਵਨੀ ਬੱਤਾ ਚੇਅਰਮੈਨ ਬਲਾਕ ਸੰਮਤੀ ਸਨੌਰ, ਮਹਿਕ ਗਰੇਵਾਲ, ਡਾਇਰੈਕਟਰ ਪੰਜਾਬ ਕੋਆਪ੍ਰੇਟਿਵ, ਅਵਤਾਰ ਸਿੰਘ ਹਡਾਣਾ ਮੰਡਲ ਪ੍ਰਧਾਨ, ਅਮਰਪ੍ਰੀਤ ਸਿੰਘ ਹਨੀ ਮੰਡੀ, ਰਣਦੀਪ ਰਾਣਾ ਸਰਪੰਚ ਬੋਲੜ, ਬੂਟਾ ਸਿੰਘ ਨੂਰਖੇੜੀਆਂ ਪ੍ਰਧਾਨ ਬਲਾਕ ਕਿਸਾਨ ਕਾਂਗਰਸ, ਕ੍ਰਿਸ਼ਨ ਸਿੰਘ ਲਲੀਨਾ, ਬਲਵਿੰਦਰ ਸਿੰਘ ਬੋਲੜੀ, ਰਸ਼ਪਾਲ ਸਿੰਘ ਟਿਵਾਣਾ, ਬਲਜਿੰਦਰ ਸਿੰਘ ਸਰਪੰਚ ਮਾੜੂ, ਗੁਰਪ੍ਰੀਤ ਸਿੰਘ ਖਾਲਸਪੁਰ ਆਦਿ ਹਾਜ਼ਰ ਸਨ।

# ਪੰਡੋਰੀ ਦੇ ਕਈ ਘਰਾਂ ਦੀਆਂ ਛੱਤਾਂ ਡਿੱਗੀਆਂ, ਪਰਵਾਰਾਂ ਵੱਲੋਂ ਮਦਦ ਦੀ ਗੁਹਾਰ

**ਮਹਿਲ ਕਲਾਂ, (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਪੰਡੋਰੀ ਵਿਖੇ ਭਾਰੀ ਬਾਰਸ਼ ਕਾਰਨ ਇੱਕ ਮਜ਼ਦੂਰ ਪਰਵਾਰ ਉੱਤੇ ਮੁਸੀਬਤਾਂ ਦਾ ਪਹਾੜ ਟੁੱਟ ਪਿਆ।ਪਿੰਡ ਵਾਸੀ ਮਨਦੀਪ ਸਿੰਘ ਪੁੱਤਰ ਅਜੀਤ ਸਿੰਘ ਦੇ ਘਰ ਦਾ ਇੱਕ ਕਮਰਾ ਤੇ ਰਸੋਈ ਦੀਆਂ ਛੱਤਾਂ ਮੀਂਹ ਨਾਲ ਢਹਿ ਗਈਆਂ, ਜਿਸ ਕਾਰਨ ਘਰ ਅੰਦਰ ਪਿਆ ਸਾਰਾ ਸਾਮਾਨ ਵੀ ਖਰਾਬ ਹੋ ਗਿਆ।ਇਸ ਘਟਨਾ ਨਾਲ ਪਰਵਾਰ ਨੂੰ ਭਾਰੀ ਆਰਥਿਕ ਨੁਕਸਾਨ ਝੱਲਣਾ ਪਿਆ।ਮਨਦੀਪ ਸਿੰਘ ਦਾ ਪਰਿਵਾਰ ਗਰੀਬੀ ਨਾਲ ਜੂਝ ਰਿਹਾ ਹੈ ਅਤੇ ਆਪਣੇ ਤੌਰ 'ਤੇ ਘਰ ਦੀ ਮੁਰੰਮਤ ਕਰਨ ਤੋਂ ਅਸਮਰੱਥ ਹੈ।ਇਹ ਮਜ਼ਦੂਰੀ ਕਰਕੇ ਆਪਣਾ ਪਰਵਾਰ ਪਾਲ ਰਿਹਾ ਹੈ। ਸਰਪੰਚ ਕੈਪਟਨ ਜਤਿੰਦਰ ਪਾਲ ਸਿੰਘ ਨੇ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਹੈ ਕਿ ਪੀੜਤ ਪਰਵਾਰਾਂ ਨੂੰ ਵਿੱਤੀ ਸਹਾਇਤਾ ਦਿੱਤੀ ਜਾਵੇ, ਤਾਂ ਜੋ ਘਰ ਦੁਬਾਰਾ ਬਣਾਏ ਜਾ ਸਕਣ।ਉਨ੍ਹਾਂ ਐੱਨ ਆਰ ਆਈਜ਼, ਸਮਾਜ ਸੇਵੀ, ਪਿੰਡ ਦੇ ਦਾਨੀ ਸੱਜਣਾਂ ਨੂੰ ਵੀ ਬੇਨਤੀ ਕੀਤੀ ਕਿ ਉਹ ਇਸ ਸੰਕਟ ਦੇ ਸਮੇਂ ਗਰੀਬ ਪਰਵਾਰਾਂ ਦੀ ਮਦਦ ਲਈ ਅੱਗੇ ਆਉਣ।



# ਘੱਗਰ, ਮਾਰਕੰਡਾ ਤੇ ਟਾਂਗਰੀ ਖ਼ਤਰੇ ਦੇ ਨਿਸ਼ਾਨ ਤੋਂ ਉੱਪਰ

**ਪਟਿਆਲ਼ਾ (ਰਾਜਿੰਦਰ ਸਿੰਘ ਥਿੰਦ)**-ਭਾਖੜਾ ਡੈਮ 'ਚ ਪਾਣੀ ਦਾ ਪੱਧਰ ਖ਼ਤਰੇ ਦੇ ਨਿਸ਼ਾਨ ਦੇ ਐਨ ਨੇੜੇ ਪਹੁੰਚ ਗਿਆ ਹੈ, ਜਿਸ ਕਰਕੇ ਸਤਲੁਜ ਦਰਿਆ 'ਚ ਹੁਣ 85 ਹਜ਼ਾਰ ਕਿਊਸਕ ਪਾਣੀ ਛੱਡਿਆ ਜਾ ਰਿਹਾ ਹੈ।ਪਟਿਆਲ਼ਾ ਜ਼ਿਲ੍ਹੇ 'ਚ ਪੈਂਦੇ ਘੱਗਰ ਦਰਿਆ, ਟਾਂਗਰੀ ਤੇ ਮਾਰਕੰਡਾ ਦਰਿਆਵਾਂ ਵਿੱਚ ਹੜ੍ਹ ਦਾ ਪਾਣੀ ਖ਼ਤਰੇ ਦੇ ਨਿਸ਼ਾਨ ਤੋਂ ਉੱਪਰ ਚੱਲ ਰਿਹਾ ਹੈ।?

ਭਾਖੜਾ ਡੈਮ 'ਚ ਪਾਣੀ ਦਾ ਪੱਧਰ ਖ਼ਤਰੇ ਦੇ ਨਿਸ਼ਾਨ ਦੇ ਐਨ ਨੇੜੇ ਪਹੁੰਚ ਗਿਆ ਹੈ, ਜਿਸ ਕਰਕੇ ਸਤਲੁਜ ਦਰਿਆ 'ਚ ਹੁਣ 85 ਹਜ਼ਾਰ ਕਿਊਸਕ ਪਾਣੀ ਛੱਡਿਆ ਜਾ ਰਿਹਾ ਹੈ।ਉਧਰ ਘੱਗਰ ਦਰਿਆ ਵੀ ਚੜ੍ਹ ਗਿਆ ਹੈ, ਜਿਸ ਕਾਰਨ ਪਟਿਆਲਾ ਤੇ ਸੰਗਰੂਰ ਪ੍ਰਸ਼ਾਸਨ ਨੇ ਨੇੜਲੇ ਪਿੰਡਾਂ ਦੇ ਲੋਕਾਂ ਨੂੰ ਅਲਰਟ ਕਰ ਦਿੱਤਾ ਹੈ।ਲੋਕਾਂ ਨੂੰ ਉੱਚੀਆਂ ਥਾਵਾਂ 'ਤੇ ਜਾਣ ਲਈ ਆਖ ਦਿੱਤਾ ਗਿਆ ਹੈ।ਘੱਗਰ ਕਈ ਥਾਵਾਂ ਤੋਂ ਓਵਰਫ ਲੋਅ ਹੋ ਗਈ ਹੈ।ਪਿੰਡ ਹਰਚੰਦਪੁਰਾ ਲਾਗੇ ਪੰਜਾਬ ਸਰਕਾਰ ਦੀਆਂ ਟੀਮਾਂ ਤੇ ਸਥਾਨਕ ਲੋਕਾਂ ਨੇ ਬੰਨ੍ਹ ਨੂੰ ਫੌਰੀ ਉੱਚਾ ਕਰਨਾ ਸ਼ੁਰੂ ਕਰ ਦਿੱਤਾ ਹੈ।ਘੱਗਰ ਦਰਿਆ ਦਾ ਪਾਣੀ ਅੱਜ ਨਰਵਾਣਾ ਬਰਾਂਚ ਵਿੱਚ ਪਿੰਡ ਸਰਾਲਾਂ ਕਲਾਂ ਕੋਲੋਂ ਪੈਣਾ ਸ਼ੁਰੂ ਹੋ ਗਿਆ ਤੇ ਕਰੀਬ ਚਾਰ ਹਜ਼ਾਰ ਕਿਊਸਕ ਪਾਣੀ ਹਰਿਆਣਾ ਵੱਲ ਜਾਣਾ ਸ਼ੁਰੂ ਹੋ ਗਿਆ ਹੈ।ਮੁਹਾਲੀ ਦੇ ਨੇੜਲੇ ਖੇਤਰਾਂ ਦਾ ਪਾਣੀ ਸਤਲੁਜ-ਯਮੁਨਾ ਨਹਿਰ ਵਿੱਚ ਪੈਣਾ ਸ਼ੁਰੂ ਹੋ ਗਿਆ ਹੈ।ਟਾਂਗਰੀ ਤੇ ਮਾਰਕੰਡਾ ਦੇ ਪਾਣੀ ਨੇ ਘੱਗਰ ਦਰਿਆ ਨੂੰ ਆਪੇ ਤੋਂ ਬਾਹਰ ਕਰ ਦਿੱਤਾ ਹੈ। ਟਾਂਗਰੀ 'ਚੋਂ 45,775 ਕਿਊਸਕ ਤੇ ਮਾਰਕੰਡਾ 'ਚੋਂ 43,871 ਕਿਊਸਕ ਪਾਣੀ ਘੱਗਰ 'ਚ ਪੈ ਰਿਹਾ ਹੈ।ਪਟਿਆਲ਼ਾ (ਰਾਜਿੰਦਰ ਸਿੰਘ ਥਿੰਦ)-ਭਾਖੜਾ ਡੈਮ 'ਚ ਪਾਣੀ ਦਾ ਪੱਧਰ ਖ਼ਤਰੇ ਦੇ ਨਿਸ਼ਾਨ ਦੇ ਐਨ ਨੇੜੇ ਪਹੁੰਚ ਗਿਆ ਹੈ, ਜਿਸ ਕਰਕੇ ਸਤਲੁਜ ਦਰਿਆ 'ਚ ਹੁਣ 85 ਹਜ਼ਾਰ ਕਿਊਸਕ ਪਾਣੀ ਛੱਡਿਆ ਜਾ ਰਿਹਾ ਹੈ।ਪਟਿਆਲ਼ਾ ਜ਼ਿਲ੍ਹੇ 'ਚ ਪੈਂਦੇ ਘੱਗਰ ਦਰਿਆ, ਟਾਂਗਰੀ ਤੇ ਮਾਰਕੰਡਾ ਦਰਿਆਵਾਂ ਵਿੱਚ ਹੜ੍ਹ ਦਾ ਪਾਣੀ ਖ਼ਤਰੇ ਦੇ ਨਿਸ਼ਾਨ ਤੋਂ ਉੱਪਰ ਚੱਲ ਰਿਹਾ ਹੈ।?

ਭਾਖੜਾ ਡੈਮ 'ਚ ਪਾਣੀ ਦਾ ਪੱਧਰ ਖ਼ਤਰੇ ਦੇ ਨਿਸ਼ਾਨ ਦੇ ਐਨ ਨੇੜੇ ਪਹੁੰਚ ਗਿਆ ਹੈ, ਜਿਸ ਕਰਕੇ ਸਤਲੁਜ ਦਰਿਆ 'ਚ ਹੁਣ 85 ਹਜ਼ਾਰ ਕਿਊਸਕ ਪਾਣੀ ਛੱਡਿਆ ਜਾ ਰਿਹਾ ਹੈ।ਉਧਰ ਘੱਗਰ ਦਰਿਆ ਵੀ ਚੜ੍ਹ ਗਿਆ ਹੈ, ਜਿਸ ਕਾਰਨ ਪਟਿਆਲਾ ਤੇ ਸੰਗਰੂਰ ਪ੍ਰਸ਼ਾਸਨ ਨੇ ਨੇੜਲੇ ਪਿੰਡਾਂ ਦੇ ਲੋਕਾਂ ਨੂੰ ਅਲਰਟ ਕਰ ਦਿੱਤਾ ਹੈ।ਲੋਕਾਂ ਨੂੰ ਉੱਚੀਆਂ ਥਾਵਾਂ 'ਤੇ ਜਾਣ ਲਈ ਆਖ ਦਿੱਤਾ ਗਿਆ ਹੈ।ਘੱਗਰ ਕਈ ਥਾਵਾਂ ਤੋਂ ਓਵਰਫ ਲੋਅ ਹੋ ਗਈ ਹੈ।ਪਿੰਡ ਹਰਚੰਦਪੁਰਾ ਲਾਗੇ ਪੰਜਾਬ ਸਰਕਾਰ ਦੀਆਂ ਟੀਮਾਂ ਤੇ ਸਥਾਨਕ ਲੋਕਾਂ ਨੇ ਬੰਨ੍ਹ ਨੂੰ ਫੌਰੀ ਉੱਚਾ ਕਰਨਾ ਸ਼ੁਰੂ ਕਰ ਦਿੱਤਾ ਹੈ।ਘੱਗਰ ਦਰਿਆ ਦਾ ਪਾਣੀ ਅੱਜ ਨਰਵਾਣਾ ਬਰਾਂਚ ਵਿੱਚ ਪਿੰਡ ਸਰਾਲਾਂ ਕਲਾਂ ਕੋਲੋਂ ਪੈਣਾ ਸ਼ੁਰੂ ਹੋ ਗਿਆ ਤੇ ਕਰੀਬ ਚਾਰ ਹਜ਼ਾਰ ਕਿਊਸਕ ਪਾਣੀ ਹਰਿਆਣਾ ਵੱਲ ਜਾਣਾ ਸ਼ੁਰੂ ਹੋ ਗਿਆ ਹੈ।ਮੁਹਾਲੀ ਦੇ ਨੇੜਲੇ ਖੇਤਰਾਂ ਦਾ ਪਾਣੀ ਸਤਲੁਜ-ਯਮੁਨਾ ਨਹਿਰ ਵਿੱਚ ਪੈਣਾ ਸ਼ੁਰੂ ਹੋ ਗਿਆ ਹੈ।ਟਾਂਗਰੀ ਤੇ ਮਾਰਕੰਡਾ ਦੇ ਪਾਣੀ ਨੇ ਘੱਗਰ ਦਰਿਆ ਨੂੰ ਆਪੇ ਤੋਂ ਬਾਹਰ ਕਰ ਦਿੱਤਾ ਹੈ। ਟਾਂਗਰੀ 'ਚੋਂ 45,775 ਕਿਊਸਕ ਤੇ ਮਾਰਕੰਡਾ 'ਚੋਂ 43,871 ਕਿਊਸਕ ਪਾਣੀ ਘੱਗਰ 'ਚ ਪੈ ਰਿਹਾ ਹੈ।

# ਭਾਰਤ ਸਰਕਾਰ ਦੀ ਟੀਮ ਵੱਲੋਂ ਫਾਜ਼ਿਲਕਾ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਤ ਇਲਾਕਿਆਂ ਦਾ ਦੌਰਾ



**ਜਲਾਲਾਬਾਦ (ਜੀਤ ਕੁਮਾਰ)** ਭਾਰਤ ਸਰਕਾਰ ਵੱਲੋਂ ਪੰਜਾਬ ਦੇ ਹੜ ਪ੍ਰਭਾਵਿਤ ਇਲਾਕਿਆਂ ਦੇ ਸਰਵੇਖਣ ਲਈ ਭੇਜੀ ਗਈ ਟੀਮ ਵੱਲੋਂ ਦੂਜੇ ਦਿਨ ਜ਼ਿਲ੍ਹੇ ਦੇ ਜਲਾਲਾਬਾਦ ਉਪਮੰਡਲ ਦਾ ਦੌਰਾ ਕੀਤਾ ਗਿਆ।

ਵਿਧਾਇਕ ਸ੍ਰੀ ਜਗਦੀਪ ਕੰਬੋਜ ਗੋਲਡੀ, ਡਵੀਜਨਲ ਕਮਿਸ਼ਨਰ ਮਨਜੀਤ ਸਿੰਘ ਬਰਾੜ ਅਤੇ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਨੇ ਟੀਮ ਸਾਹਮਣੇ ਇਲਾਕੇ ਵਿਚ ਹੜ੍ਹਾਂ ਨਾਲ ਹੋਏ ਨੁਕਸਾਨ ਦੀ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ। ਐਸਐਸਪੀ ਗੁਰਮੀਤ ਸਿੰਘ ਵੀ ਹਾਜ਼ਰ ਰਹੇ। ਇਸ ਟੀਮ ਵੱਲੋਂ ਭਾਰਤ ਪਾਕਿ ਸਰਹੱਦ ਦੇ ਬਿਲਕੁਲ ਨਾਲ ਵਸੇ ਪਿੰਡ ਢਾਣੀ ਬਚਨ ਸਿੰਘ ਪਹੁੰਚ ਕੇ ਹਾਲਾਤ ਦਾ ਜਾਇਜ਼ਾ ਲਿਆ ਤੇ ਟਰੈਕਟਰ ਰਾਹੀਂ ਪਾਣੀ ਵਿਚ ਘਿਰੇ ਘਰਾਂ ਤੱਕ ਪਹੁੰਚ ਕਰਕੇ ਲੋਕਾਂ ਦੇ ਹਾਲਾਤ ਵੇਖੇ।

ਟੀਮ ਵਿੱਚ ਸ਼੍ਰੀ ਸੁਦੀਪ ਦੱਤਾ ਅੰਡਰ ਸੈਕਟਰੀ ਦਿਹਾਤੀ ਵਿਕਾਸ ਮੰਤਰਾਲਾ ਭਾਰਤ ਸਰਕਾਰ, ਲਕਸ਼ਮਣ ਰਾਮ ਬੁਲਡਕ ਡਾਇਰੈਕਟਰ ਐਗਰੀਕਲਚਰ, ਪ੍ਰਕਾਸ਼ ਚੰਦ ਡਿਪਟੀ ਡਾਇਰੈਕਟਰ ਮਨਿਸਟਰੀ ਆਫ ਜਲ ਸ਼ਕਤੀ, ਆਰਕੇ ਤਿਵਾੜੀ ਸੀਈਏ ਪਾਵਰ ਮੰਤਰਾਲਾ ਸ਼ਾਮਲ ਹਨ, ਜਿਨ੍ਹਾਂ ਵੱਲੋਂ ਵਿਸਥਾਰ ਨਾਲ ਜ਼ਿਲੇ ਵਿੱਚ ਹੋਏ ਨੁਕਸਾਨ ਦਾ ਜਾਇਜ਼ਾ ਲਿਆ ਗਿਆ।

ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਵੀ ਕੇਂਦਰੀ ਟੀਮ ਨੂੰ ਹਾਲਾਤ ਦੀ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਚਾਹੇ ਹੜ੍ਹ ਹੋਣ ਤੇ ਚਾਹੇ ਜੰਗ ਇਹ ਸਰਹੱਦੀ ਲੋਕ ਇਸਦਾ ਸੇਕ ਝਲਦੇ ਹਨ, ਇਸ ਲਈ ਮੁਸ਼ਕਲ ਸਮੇਂ ਵਿਚ ਪੰਜਾਬ ਦੇ ਇਨ੍ਹਾਂ ਲੋਕਾਂ ਦੀ ਕੇਂਦਰ ਸਰਕਾਰ ਵੱਲੋਂ ਮਦਦ ਕੀਤੀ ਜਾਣੀ ਚਾਹੀਦੀ ਹੈ।

ਕੇਂਦਰੀ ਟੀਮ ਵੱਲੋਂ ਇਸ ਤੋਂ ਪਹਿਲਾਂ ਬੀਤੇ ਕੱਲ ਕਿਸ਼ਤੀ ਰਾਹੀਂ ਨੂਰ ਸ਼ਾਹ, ਘੁਰਕਾ, ਕਾਵਾਂਵਾਲੀ ਪੱਤਣ ਆਦਿ ਸਥਾਨਾਂ ਦਾ ਦੌਰਾ ਕਰਕੇ ਫਸਲਾਂ, ਘਰਾਂ ਤੇ ਬੁਨਿਆਦੀ ਢਾਂਚੇ ਨੂੰ ਹੋਏ ਨੁਕਸਾਨ ਦੀ ਸਮੀਖਿਆ ਕੀਤੀ ਗਈ ਸੀ।

# ਡਾ. ਰਮਨ ਗੋਇਲ ਨੇ ਮੈਡੀਕਲ ਅਫ਼ਸਰ ਵਜੋਂ ਅਹੁਦਾ ਸੰਭਾਲਿਆ



ਅਹੁਦਾ ਸੰਭਾਲਦੇ ਹੋਏ ਮੈਡੀਕਲ ਅਫਸਰ ਡਾ. ਰਮਨ ਗੋਇਲ।

**ਲੌਂਗੋਵਾਲ, (ਪ੍ਰਦੀਪ ਸੱਪਲ)** ਪੰਜਾਬ ਸਰਕਾਰ ਵੱਲੋਂ ਸਿਹਤ ਵਿਭਾਗ ਵਿੱਚ ਮੈਡੀਕਲ ਅਫ਼ਸਰਾਂ ਦੀ ਕੀਤੀ ਗਈ ਨਿਯੁਕਤ ਤਹਿਤ ਸਰਕਾਰੀ ਕਮਿਊਨਿਟੀ ਹੈਲਥ ਸੈਂਟਰ ਵਿਖੇ ਡਾ. ਰਮਨ ਗੋਇਲ ਬਤੌਰ ਮੈਡੀਕਲ ਅਫ਼ਸਰ ਆਪਣਾ ਅਹੁਦਾ ਸੰਭਾਲ ਲਿਆ ਹੈ।

ਡਾਕਟਰ ਮਨੀਤਾ ਬਾਂਸਲ ਨੇ ਡਾ. ਰਮਨ ਗੋਇਲ ਨੂੰ ਜੀ ਆਇਆਂ ਕਿਹਾ ਤੇ ਮੂੰਹ ਮਿੱਠਾ ਕਰਾਉਂਦੇ ਹੋਏ ਸ਼ੁਭਕਾਮਨਾਵਾਂ ਭੇਟ ਕੀਤੀਆਂ।ਅਹੁਦਾ ਸੰਭਾਲਣ ਉਪਰੰਤ ਡਾ. ਰਮਨ ਗੋਇਲ ਨੇ ਕਿਹਾ ਕਿ ਉਹ ਆਪਣੀ ਡਿਊਟੀ ਨੂੰ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣਗੇ।

# ਪਰਾਲੀ ਪ੍ਰਬੰਧਨ ਲਈ ਖੇਤੀ ਮਸ਼ੀਨਰੀ ਦੀ ਖਰੀਦ 'ਤੇ ਲੱਗਭਗ 6.86 ਕਰੋੜ ਦੀ ਸਬਸਿਡੀ ਦੇਣ ਦੀ ਪ੍ਰਕਿਰਿਆ ਜਾਰੀ

*** ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਰਾਹੀਂ ਵਾਤਾਵਰਣ ਦੀ ਰਾਖੀ 'ਚ ਯੋਗਦਾਨ ਪਾਉਣ ਦਾ ਸੱਦਾ**

**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿਖੇ ਪਰਾਲੀ ਦੇ ਸੁਚੱਜੇ ਪ੍ਰਬੰਧਨ ਲਈ ਕਿਸਾਨਾਂ ਨੂੰ ਵਿਅਕਤੀਗਤ ਤੌਰ 'ਤੇ ਜਾਂ ਸਮੂਹ ਦੇ ਪੱਧਰ 'ਤੇ ਖੇਤੀ ਮਸ਼ੀਨਰੀ ਸਬਸਿਡੀ ਉੱਤੇ ਮੁਹੱਈਆ ਕਰਵਾਉਣ ਦੀ ਪ੍ਰਕਿਰਿਆ ਪ੍ਰਗਤੀ ਅਧੀਨ ਹੈ।ਮੌਜੂਦਾ ਸੀਜ਼ਨ ਦੌਰਾਨ ਵੱਧ ਤੋਂ ਵੱਧ ਕਿਸਾਨਾਂ ਨੂੰ ਪਰਾਲੀ ਦੀ ਸਾਂਭ ਸੰਭਾਲ ਲਈ ਖੇਤੀ ਮਸ਼ੀਨਰੀ ਦੀ ਵਰਤੋਂ ਲਈ ਪ੍ਰੇਰਿਤ ਕਰਨ ਦੀ ਦਿਸ਼ਾ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਤੇ ਸਹਿਕਾਰਤਾ ਵਿਭਾਗ ਰਾਹੀਂ ਜਾਗਰੂਕਤਾ ਗਤੀਵਿਧੀਆਂ ਨੂੰ ਅਮਲ ਵਿੱਚ ਲਿਆਉਣ ਦਾ ਸਿਲਸਿਲਾ ਜਾਰੀ ਹੈ।

ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਦੇ ਦਿਸ਼ਾ ਨਿਰਦੇਸ਼ ਹੇਠ ਜਾਣਕਾਰੀ ਦਿੰਦਿਆਂ ਮੁੱਖ ਖੇਤੀਬਾੜੀ ਅਫ਼ਸਰ ਡਾ. ਗੁਰਨਾਮ ਸਿੰਘ ਨੇ ਦੱਸਿਆ ਕਿ ਮੌਜੂਦਾ ਵਿੱਤੀ ਸਾਲ ਅੰਦਰ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਲਈ 187 ਖੇਤੀ ਮਸ਼ੀਨਾਂ ਦੀ ਖਰੀਦ 'ਤੇ ਲਗਭਗ 6.86 ਕਰੋੜ ਰੁਪਏ ਦੀ ਸਬਸਿਡੀ ਦਿੱਤੀ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਸਬਸਿਡੀ ਲਈ ਭੌਤਿਕ ਪੜਤਾਲ ਮੁਕੰਮਲ ਕਰਨ ਉਪਰੰਤ ਮਨਜ਼ੂਰੀ ਪੱਤਰ ਜਾਰੀ ਕੀਤੇ ਜਾ ਚੁੱਕੇ ਹਨ ਤੇ ਸਬਸਿਡੀ ਸਬੰਧਤ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਭੇਜਣ ਦੀ ਪ੍ਰਕਿਰਿਆ ਚੱਲ ਰਹੀ ਹੈ।

ਮੁੱਖ ਖੇਤੀਬਾੜੀ ਅਫ਼ਸਰ ਡਾ. ਗੁਰਨਾਮ ਸਿੰਘ ਨੇ ਦੱਸਿਆ ਕਿ ਪਰਾਲੀ ਨੂੰ ਸਾੜਨ ਦੀ ਬਜਾਏ ਕਿਸਾਨ ਵੀਰਾਂ ਨੂੰ ਫਸਲੀ ਰਹਿੰਦ-ਖੂੰਹਦ ਖੇਤਾਂ ਵਿੱਚ ਹੀ ਰਲਾਉਣ ਦੀ ਪ੍ਰਕਿਰਿਆ ਅਮਲ ਵਿੱਚ ਲਿਆਉਣੀ ਚਾਹੀਦੀ ਹੈ ਤਾਂ ਜੋ ਧਰਤੀ ਦੀ ਉਪਜਾਊ ਸ਼ਕਤੀ ਵਿੱਚ ਵਾਧਾ ਹੋਵੇ।ਉਨ੍ਹਾਂ ਦੱਸਿਆ ਕਿ ਪਰਾਲੀ ਪ੍ਰਬੰਧਨ ਲਈ 13 ਬੇਲਰ, 13 ਰੇਕਰ, 28 ਐੱਮਬੀ ਪਲਾਓ, 60 ਸੁਪਰ ਸੀਡਰ, 26 ਮਲਚਰ, 3 ਚੌਪਰ, 19 ਜ਼ੀਰੋ ਟਿੱਲ ਡ੍ਰਿਲ ਤੇ 25 ਟਰੈਕਟਰ ਸਬਸਿਡੀ 'ਤੇ ਪ੍ਰਦਾਨ ਕੀਤੇ ਜਾ ਰਹੇ ਹਨ।ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਇਸ ਸੀਜ਼ਨ, ਖੇਤੀ ਮਸ਼ੀਨਰੀ ਦੀ ਵਰਤੋਂ ਕਰਕੇ ਪਰਾਲੀ ਦੇ ਪ੍ਰਬੰਧਨ ਲਈ ਵਧ ਚੜ੍ਹ ਕੇ ਅੱਗੇ ਆਉਣ ਤੇ ਹੋਰਨਾਂ ਨੂੰ ਵੀ ਪਰਾਲੀ ਸੰਭਾਲਣ ਦੇ ਫਾਇਦਿਆਂ ਬਾਰੇ ਜਾਣੂ ਕਰਵਾ ਕੇ ਵਾਤਾਵਰਣ ਦੀ ਰਾਖੀ ਵਿੱਚ ਆਪਣਾ ਬਣਦਾ ਯੋਗਦਾਨ ਪਾਉਣ।

# ਅਮਰ ਸ਼ਹੀਦ ਬਾਬਾ ਜੀਵਨ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਿਤ ਮੁਫ਼ਤ ਮੈਡੀਕਲ ਕੈਂਪ

ਸਰਾਏ ਖਾਂ (ਮੱਖਣ ਮਨੋਜ)-ਅਮਰ ਸ਼ਹੀਦ ਬਾਬਾ ਜੀਵਨ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਿਤ ਸ਼੍ਰੋਮਣੀ ਅਕਾਲੀ ਦਲ ਹਲਕਾ ਤਰਨਤਾਰਨ ਵੱਲੋਂ ਗੁਰਦੁਆਰਾ ਬੀਬੀ ਵੀਰੋ ਜੀ ਝਬਾਲ ਵਿਖੇ ਮੈਡੀਕਲ ਕੈਂਪ ਲਗਾਇਆ ਗਿਆ।ਜਿਸ ਦਾ ਉਦਘਾਟਨ ਹਲਕਾ ਤਰਨਤਾਰਨ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਪ੍ਰਿੰਸੀਪਲ ਸੁਖਵਿੰਦਰ ਕੌਰ ਰੰਧਾਵਾ ਨੇ ਕੀਤਾ।ਇਸ ਸਮੇਂ ਵੱਖ ਵੱਖ ਬਿਮਾਰੀਆਂ ਨਾਲ ਸਬੰਧਤ ਮਰੀਜ਼ਾਂ ਦਾ ਚੈਕ ਅਪ ਕੈਂਪ ਵਿੱਚ ਪਹੁੰਚੇ ਮਾਹਿਰ ਡਾਕਟਰਾਂ ਦੀ ਟੀਮ ਨੇ ਕੀਤਾ ਅਤੇ ਲੋੜਵੰਦਾਂ ਨੂੰ ਮੁੱਫਤ ਦਵਾਈਆਂ ਦਿੱਤੀਆਂ।ਇਸ ਸਮੇਂ ਗੱਲਬਾਤ ਕਰਦਿਆਂ ਪ੍ਰਿੰਸੀਪਲ ਸੁਖਵਿੰਦਰ ਕੌਰ ਰੰਧਾਵਾ ਨੇ ਕਿਹਾ ਕਿ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਆਉਂਦਿਆਂ ਹੀ ਸਰਹੱਦੀ ਲੋਕਾਂ ਨੂੰ ਚੰਗੀਆਂ ਤੇ ਫਰੀ ਵਿੱਦਿਆ ਅਤੇ ਸਿਹਤ ਸਹੂਲਤਾਂ ਦਿੱਤੀਆਂ ਜਾਣਗੀਆਂ ਜਿਸ ਦੀ ਸਭ ਤੋਂ ਵੱਧ ਲੋੜ ਹੈ।ਇਸ ਸਮੇਂ ਗੁਰਦੁਆਰਾ ਪ੍ਰਬੰਧਕਾਂ ਵੱਲੋਂ ਰਸੀਵਰ ਬਲਵਿੰਦਰ ਸਿੰਘ ਸਵਰਗਾਪੁਰੀ ਨੇ ਬੀਬੀ ਸੁਖਵਿੰਦਰ ਕੌਰ ਰੰਧਾਵਾ, ਕੰਚਨਪ੍ਰੀਤ ਕੌਰ ਅਤੇ ਸਰਪੰਚ ਮਨਜੀਤ ਕੌਰ ਮੀਆਂਪੁਰ ਤੇ ਹੋਰ ਆਗੂਆਂ ਨੂੰ ਸਨਮਾਨਤ ਕੀਤਾ।ਇਸ ਸਮੇਂ ਕੈਂਪ ਵਿੱਚ ਪਹੁੰਚੀਆਂ ਸ਼ਖ਼ਸੀਅਤਾਂ ਵਿੱਚ ਮੁੱਖ ਤੌਰ ਤੇ ਸਾਬਕਾ ਸਰਪੰਚ ਹਰਦਿਆਲ ਸਿੰਘ, ਸਾਬਕਾ ਸਰਪੰਚ ਮਨਜਿੰਦਰ ਸਿੰਘ ਐਮਾ, ਪੂਰਨ ਸਿੰਘ, ਡਾਇਰੈਕਟਰ ਦਲਜੀਤ ਸਿੰਘ ਐਮਾ, ਸਾਬਕਾ ਸਰਪੰਚ ਬਲਵਿੰਦਰ ਸਿੰਘ ਬਾਬਾ ਲੰਗਾਹ, ਸਾਬਕਾ ਸਰਪੰਚ ਜਗਤਾਰ ਸਿੰਘ ਜੱਗਾ ਸਵਰਗਾਪੁਰੀ, ਸਰਪੰਚ ਸੋਨੂੰ ਬਰਾੜ ਦੋਦੇ, ਮਾਣਕ ਝਬਾਲ , ਸਾਬਕਾ ਸਰਪੰਚ ਗੁਰਿੰਦਰ ਸਿੰਘ ਬਾਬਾ ਲੰਗਾਹ, ਸਰਪੰਚ ਵਰਿੰਦਰਜੀਤ ਸਿੰਘ ਹੀਰਾਪੁਰ, ਵੀਰਪਾਲ ਸਿੰਘ ਗੋਲਣ, ਮਨਜੀਤ ਸਿੰਘ ਬਾਊ ਆਸਟ੍ਰੇਲੀਆ, ਹਰਜੀਤ ਸਿੰਘ ਝਬਾਲ, ਸਾਬਕਾ ਸਰਪੰਚ ਮੰਗਲ ਸਿੰਘ ਖੈਰਦੀ, ਨਿਸ਼ਾਨ ਸਿੰਘ ਐਮਾ, ਨੰਬਰਦਾਰ ਕੁਲਵੰਤ ਸਿੰਘ, ਬਲਜੀਤ ਸਿੰਘ ਪੰਨੂ ਅੱਡਾ ਝਬਾਲ , ਸਰਬਜੀਤ ਸਿੰਘ ਢਿੱਲੋਂ ਝਬਾਲ ਖੁਰਦ, ਜਥੇਦਾਰ ਨਿਸ਼ਾਨ ਸਿੰਘ ਦੋਦੇ, ਸਾਬਕਾ ਸਰਪੰਚ ਬਲਜੀਤ ਸਿੰਘ ਛਿੱਛਰੇਵਾਲ, ਸਰਪੰਚ ਹਰਪਾਲ ਸਿੰਘ ਐਮਾ, ਸਤਨਾਮ ਸਿੰਘ ਬਾਠ ਮੀਆਂਪੁਰ, ਟਰਾਂਸਪੋਰਟਰ ਹਰਜੀਤ ਸਿੰਘ ਮੀਆਂਪੁਰ, ਬਲਦੇਵ ਸਿੰਘ ਝਬਾਲ, ਪੀ. ਏ. ਸੰਨੀ ਸੈਰੋ, ਰੂਬੀ, ਮੈਨੇਜਰ ਹਰਦੇਵ ਸਿੰਘ, ਸੁਰਜਨ ਸਿੰਘ ਆਦਿ ਹਾਜ਼ਰ ਸਨ।



# ਹੜ੍ਹਾਂ ਨੂੰ ਕੌਮੀ ਆਫਤ ਐਲਾਨ ਕਰੇ ਮੋਦੀ ਸਰਕਾਰ : ਪੰਡੋਰੀ

## * 27 ਨੂੰ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ’ਤੇ ਸੈਮੀਨਾਰ ਕਰਨ ਦਾ ਐਲਾਨ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐੱਮਪੀਆਈ) ਦੀ ਜਰਨਲ ਬਾਡੀ ਮੀਟਿੰਗ ਨਰਿੰਦਰ ਸਿੰਘ ਰਟੋਲ, ਦਾਰਾ ਸਿੰਘ ਮੁੰਡਾ ਪਿੰਡ, ਜਰਨੈਲ ਸਿੰਘ ਰਸੂਲਪੁਰ ਜਸਬੀਰ ਕੌਰ ਡਾਕਟਰ ਅਸ਼ਵਨੀ ਕੁਮਾਰ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਤਹਿਸੀਲ ਸਕੱਤਰ ਬਲਦੇਵ ਸਿੰਘ ਪੰਡੋਰੀ ਨੇ ਕਿਹਾ ਕਿ ਪੰਜਾਬ ਵਿੱਚ ਆਏ ਭਿਆਨਕ ਹੜ੍ਹ ਹਾਕਮਾਂ ਦੀ ਨਲਾਇਕੀ ਸਦਕਾ ਆਏ ਹਨ ਜਿਸ ਕਾਰਨ ਲੱਖਾਂ ਏਕੜ ਫ਼ਸਲ, ਹਜ਼ਾਰਾਂ ਪਿੰਡ ਤੇ ਲੱਖਾਂ ਘਰ ਬਰਬਾਦ ਹੋ ਚੁੱਕੇ ਹਨ ਤੇ ਲੱਖਾਂ ਲੋਕ ਆਪਣਾ ਸਭ ਕੁਝ ਗੁਆ ਚੁੱਕੇ ਹਨ।ਪੰਡੋਰੀ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਹੜ੍ਹਾਂ ਨੂੰ ਕੌਮੀ ਆਫ਼ਤ ਐਲਾਨੇ ਤਾਂ ਕਿ ਕੌਮੀ ਰਾਹਤ ਫੰਡ ਵਿੱਚੋਂ ਹੋਏ ਨੁਕਸਾਨ ਦੀ ਭਰਪਾਈ ਹੋ ਸਕੇ।ਉਨ੍ਹਾਂ ਕਿਹਾ ਕਿ ਬਰਸਾਤ ਜ਼ਿਆਦਾ ਹੋਣ ਕਾਰਨ ਮਜ਼ਦੂਰਾਂ ਦੇ ਘਰ ਢਹਿ ਢੇਰੀ ਹੋ ਚੁੱਕੇ ਹਨ ਅਤੇ ਗਰੀਬ ਲੋਕਾਂ ਦੀਆਂ ਛੱਤਾਂ ਬਰਸਾਤ ਜ਼ਿਆਦਾ ਹੋਣ ਕਾਰਨ ਗਰੀਬ ਲੋਕਾਂ ਦੀਆਂ ਛੱਤਾਂ ਬਰਸਾਤ ਜ਼ਿਆਦਾ ਹੋਣ ਕਾਰ ਤ੍ਰਿੱਪ ਤ੍ਰਿੱਪ ਕਰ ਰਹੀਆਂ ਹਨ।ਢਹਿ ਚੁੱਕੇ ਘਰਾਂ ਨੂੰ ਬਣਾਉਣ ਲਈ ਘੱਟੋ ਘੱਟ 10 ਲੱਖ ਰੁਪਏ ਦੀ ਗ੍ਰਾਂਟ ਤੁਰੰਤ ਜਾਰੀ ਕੀਤੀ ਜਾਵੇ ।ਉਨ੍ਹਾਂ ਦਸਿਆ ਕਿ 27 ਸਤੰਬਰ ਨੂੰ ਸ਼ਹਿਦ ਭਗਤ ਸਿੰਘ ਦੇ ਜਨਮ ਦਿਨ ਤੇ ਸੈਮੀਨਾਰ ਕੀਤਾ ਜਾਵੇਗਾ ।ਪੰਡੋਰੀ ਨੇ ਕਿਹਾ ਕਿ ਸਾਡੀਆਂ ਸਮੇਂ ਦੀਆਂ ਸਰਕਾਰਾਂ ਭਗਤ ਸਿੰਘ ਦੇ ਵਿਚਾਰਾਂ ਨਾਲ ਗੱਦਾਰੀ ਕਰ ਰਹੀਆਂ ਹਨ।ਉਨ੍ਹਾਂ ਕੇਂਦਰ ਤੇ ਸੂਬਾ ਸਰਕਾਰ ਦੀ ਸਖਤ ਅਲੋਚਨਾ ਕਰਦਿਆਂ ਕਿਹਾ ਕਿ ਦੋਵੇਂ ਸਰਕਾਰਾਂ ਲਗਾਤਾਰ ਮਨਰੇਗਾ ਕਾਨੂੰਨ ਕਮਜ਼ੋਰ ਕਰ ਰਹੀਆਂ ਹਨ।ਪਿਛਲੇ ਸਾਲ ਘਟਾਏ ਬਜਟ ਕਾਰਨ ਕਾਮਿਆਂ ਰੁਜ਼ਗਾਰ ਨਹੀਂ ਦਿੱਤਾ ਜਾ ਸਕਦਾ, ਹੁਣ ਮਨਰੇਗਾ ਕੰਮਾਂ ਵਿੱਚ ਕਟੌਤੀ ਕਰਕੇ ਮਜ਼ਦੂਰਾਂ ਦੇ ਰੁਜ਼ਗਾਰ ਨੂੰ ਖਤਮ ਕਰਨ ਦੀ ਸਾਜ਼ਿਸ਼ ਰਚੀ ਗਈ ਹੈ ਜਿਸ ਨੂੰ ਕਿਸੇ ਵੀ ਕੀਮਤ ’ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਮਨਰੇਗਾ ਵਰਕਰਾਂ ਦਾ ਮਿਹਨਤਾਨਾ ਘੱਟੋ-ਘੱਟ ਪ੍ਰਤੀ ਦਿਹਾੜੀ 700 ਰੁਪਏ, ਸਾਰਾ ਸਾਲ ਕੰਮ ਦੇਣ, ਪੈਨਸ਼ਨ ਘੱਟੋ-ਘੱਟ 7000 ਰੁਪਏ ਪ੍ਰਤੀ ਮਹੀਨਾ ਦੇਣ ਦੀ ਮੰਗ ਕੀਤੀ।ਇਸ ਮੌਕੇ ਗੁਰਪ੍ਰਤਾਪ ਸਿੰਘ ਬਾਠ, ਪਰਮਜੀਤ ਸਿੰਘ ਗੰਡੀਵਿੰਡ, ਬੁੱਧ ਸਿੰਘ ਪੱਖੋਕੇ, ਦਲਬੀਰ ਸਿੰਘ ਬਾਗੜੀਆ, ਕਮਲਜੀਤ ਕੌਰ ਨੌਸ਼ਹਿਰਾ ਪੰਨੂਆਂ, ਵੱਸਣ ਸਿੰਘ ਮੱਜੂਪੁਰ, ਸਰਵਣ ਸਿੰਘ, ਸੁਰਜੀਤ ਸਿੰਘ ਦੇਓ, ਲਖਬੀਰ ਸਿੰਘ ਲੁਹਾਰ, ਅਮਰੀਕ ਸਿੰਘ ਸੰਗਤਪੁਰ, ਕੁਲਦੀਪ ਸਿੰਘ ਭੁੱਲਰ ਬਲਵਿੰਦਰ ਸਿੰਘ ਮੱਜੂਪੁਰ, ਕੁਲਦੀਪ ਸਿੰਘ ਰਟੌਲ, ਮੰਗਲ ਸਿੰਘ ਰਟੌਲ ਆਦਿ ਆਗੂਆਂ ਨੇ ਸੰਬੋਧਨ ਕੀਤਾ।



# ਸੌ ਫ਼ੀਸਦੀ ਨੁਕਸਾਨੇ ਘਰਾਂ ਤੇ ਮੌਤਾਂ ਦਾ ਮੁਆਵਜ਼ਾ ਤੁਰੰਤ ਜਾਰੀ ਹੋਵੇ : ਡੀ ਸੀ

ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)-ਹੜ੍ਹਾਂ ਦੌਰਾਨ 100 ਫ਼ੀਸਦੀ ਨੁਕਸਾਨੇ ਘਰਾਂ ਅਤੇ ਹੋਈਆਂ ਮੌਤਾਂ ਦਾ ਮੁਆਵਜ਼ਾ ਦੇਣ ਲਈ ਤੁਰੰਤ ਕਾਰਵਾਈ ਆਰੰਭੀ ਜਾਵੇ ਤਾਂ ਜੋ ਆਉਂਦੇ ਦਿਨਾਂ ਵਿਚ ਪੀੜਤਾਂ ਨੂੰ ਮੁਆਵਜ਼ਾ ਰਾਸ਼ੀ ਦਿੱਤੀ ਜਾ ਸਕੇ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਅਜਨਾਲਾ ਵਿਖੇ-ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਦੇ ਸਮੇਂ ਕੀਤਾ।ਉਨ੍ਹਾਂ ਜ਼ਿਲ੍ਹਾ ਮਾਲ ਅਫ਼ਸਰ ਨੂੰ ਹਦਾਇਤ ਕੀਤੀ ਕਿ ਹੜ੍ਹਾਂ ਨਾਲ ਪ੍ਰਭਾਵਿਤ ਇਲਾਕਿਆਂ ਦੇ ਸਬੰਧਤ ਐੱਸਡੀਐੱਮਜ਼ ਅਤੇ ਹੋਰਨਾਂ ਅਧਿਕਾਰੀਆਂ ਨਾਲ ਤਾਲਮੇਲ ਕਰਕੇ ਮੁਆਵਜ਼ੇ ਅਤੇ ਰਾਹਤ ਸਮੱਗਰੀ ਦੀ ਸਮੇਂ ਸਿਰ ਵੰਡ ਯਕੀਨੀ ਬਣਾਈ ਜਾਵੇ।ਉਨ੍ਹਾਂ ਕਿਹਾ ਕਿ ਕੋਈ ਵੀ ਯੋਗ ਆਮ ਨਾਗਰਿਕ ਇਸ ਰਾਹਤ ਤੋਂ ਵਾਂਝਾ ਨਹੀਂ ਰਹਿਣਾ ਚਾਹੀਦਾ। ਦਰਖਾਸਤਾਂ/ਕਲੇਮਜ਼ ਸਬੰਧੀ ਸਰਕਾਰ ਦੀਆਂ ਹਦਾਇਤਾਂ ਨੂੰ ਮੁੱਖ ਰੱਖਦਿਆਂ ਕਾਰਵਾਈ ਤੇਜ਼ੀ ਨਾਲ ਅਮਲ ਵਿੱਚ ਲਿਆਂਦੀ ਜਾਵੇ ਤਾਂ ਜੋ ਪ੍ਰਭਾਵਿਤ ਲੋਕਾਂ ਨੂੰ ਫੌਰੀ ਰਾਹਤ ਪ੍ਰਦਾਨ ਕੀਤੀ ਜਾ ਸਕੇ। ਡਿਪਟੀ ਕਮਿਸ਼ਨਰ ਨੇ ਸਿਹਤ ਅਤੇ ਪੰਚਾਇਤ ਵਿਭਾਗ ਨੂੰ ਹਦਾਇਤ ਕੀਤੀ ਕਿ ਉਚ ਖਤਰੇ ਵਾਲੇ ਇਲਾਕਿਆਂ ਵਿੱਚ ਘਰ-ਘਰ ਸਰਵੇਖਣ ਕਰਨ ਲਈ ਤੁਰੰਤ ਰਿਸਪੌਂਸ ਟੀਮਾਂ ਦਾ ਗਠਨ ਕਰਕੇ ਤਾਇਨਾਤੀ ਯਕੀਨੀ ਬਣਾਈ ਜਾਵੇ।ਇਸ ਤੋਂ ਇਲਾਵਾ ਸੰਭਾਵਿਤ ਮਾਮਲਿਆਂ ਨਾਲ ਨਜਿੱਠਣ ਲਈ ਸਾਰੀਆਂ ਜ਼ਰੂਰੀ ਦਵਾਈਆਂ, ਡਾਇਗਨੋਸਟਿਕ ਕਿੱਟਾਂ ਅਤੇ ਹਸਪਤਾਲਾਂ ਵਿੱਚ ਬੈੱਡਾਂ ਦੀ ਉਪਲਬਧਤਾ ਵੀ ਯਕੀਨੀ ਬਣਾਈ ਜਾਵੇ। ਉਨ੍ਹਾਂ ਕਿਹਾ ਕਿ ਸਾਰੇ ਸਿਹਤ ਕੇਂਦਰਾਂ ਵਿੱਚ ਦਰਜ ਮਾਮਲਿਆਂ ਦੀ ਨਿਗਰਾਨੀ ਦੇ ਨਾਲ-ਨਾਲ ਪ੍ਰਭਾਵਿਤ ਇਲਾਕਿਆਂ ਵਿੱਚ ਫੋਗਿੰਗ ਵੀ ਕਰਵਾਈ ਜਾਵੇ।ਉਨ੍ਹਾਂ ਸਬੰਧਤ ਵਿਭਾਗਾਂ ਨੂੰ ਇਸ ਸਬੰਧੀ ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਵੀ ਦਿੱਤੇ।



# ਰਾਜਪਾਲ ਕਟਾਰੀਆ ਨੇ ਕਲਗੀਧਰ ਟਰੱਸਟ ਬੜੂ ਸਾਹਿਬ ਦੇ ਰਾਹਤ ਕਾਰਜਾਂ ਦੀ ਕੀਤੀ ਪ੍ਰਸ਼ੰਸਾ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)- ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਕਲਗੀਧਰ ਟਰੱਸਟ ਬੜੂ ਸਾਹਿਬ ਦੇ ਸੇਵਾਦਾਰ ਭਾਈ ਹਰਜੀਤ ਸਿੰਘ ਨਾਲ ਵਿਸ਼ੇਸ ਮਿਲਣੀ ਦੌਰਾਨ ਪੰਜਾਬ ਦੇ ਸਰਹੱਦੀ ਖੇਤਰ ਵਿੱਚ ਆਏ ਹੜ੍ਹਾਂ ਦੌਰਾਨ ਟਰੱਸਟ ਵੱਲੋਂ ਚਲਾਏ ਜਾ ਰਹੇ ਰਾਹਤ ਕੰਮਾਂ ਦੀ ਤਹਿ ਦਿਲੋਂ ਪ੍ਰਸੰਸਾ ਕੀਤੀ। ਉਨ੍ਹਾਂ ਨੇ ਕਲਗੀਧਰ ਟਰੱਸਟ ਵਲੋਂ ਮਨੁੱਖਤਾ ਦੀ ਭਲਾਈ ਲਈ ਨਿਰੰਤਰ ਚੱਲ ਰਹੇ ਸੇਵਾ ਕਾਰਜਾਂ ਦੀ ਵੀ ਪ੍ਰਸੰਸਾ ਕੀਤੀ। ਇਹ ਜਾਣਕਾਰੀ ਦਿੰਦਿਆਂ ਕਲਗੀਧਰ ਟਰੱਸਟ ਬੜੂ ਸਾਹਿਬ ਦੇ ਪ੍ਰਧਾਨ ਡਾ: ਦਵਿੰਦਰ ਸਿੰਘ ਅਤੇ ਉੱਪ ਪ੍ਰਧਾਨ ਭਾਈ ਜਗਜੀਤ ਸਿੰਘ ਨੇ ਰਾਹਤ ਕਾਰਜਾਂ ਸਬੰਧੀ ਦੱਸਿਆ ਟਰੱਸਟ ਵੱਲੋਂ ਗੁਰਦਾਸਪੁਰ ਜ਼ਿਲ੍ਹੇ ਦੀ ਦੀਨਾਨਗਰ ਅਤੇ ਗੁਰਦਾਸਪੁਰ ਤਹਿਸੀਲ ਦੇ 35 ਪਿੰਡਾਂ ਵਿੱਚੋਂ 1100 ਵਿਅਕਤੀਆਂ ਨੂੰ, ਫਾਜ਼ਿਲਕਾ ਜ਼ਿਲ੍ਹੇ ਦੇ ਅਬੋਹਰ, ਜਲਾਲਾਬਾਦ ਅਤੇ ਫਾਜ਼ਿਲਕਾ ਤਹਿਸੀਲ ਦੇ 32 ਪਿੰਡਾਂ ਵਿੱਚੋਂ 800 ਦੇ ਲਗਭਗ ਵਿਅਕਤੀਆਂ ਨੂੰ, ਅੰਮ੍ਰਿਤਸਰ ਜ਼ਿਲ੍ਹੇ ਦੀ ਰਮਦਾਸ, ਲੋਪੋਕੇ ਅਤੇ ਅਜਨਾਲਾ ਤਹਿਸੀਲ ਦੇ 50 ਪਿੰਡਾਂ ਵਿੱਚੋਂ 2500 ਤੋਂ ਵੱਧ ਵਿਅਕਤੀਆਂ ਨੂੰ ਰੈਸਕਿਊ ਅਤੇ ਰਾਸ਼ਨ ਪਹੁੰਚਾਇਆ ਗਿਆ ਅਤੇ 1500 ਤੋਂ ਵੱਧ ਰਾਸ਼ਨ ਦੀਆਂ ਕਿੱਟਾਂ ਅਤੇ ਲੰਗਰ ਵੰਡਿਆ ਗਿਆ। ਫਿਰੋਜ਼ਪੁਰ ਅਤੇ ਤਰਨ ਤਾਰਨ ਜ਼ਿਲ੍ਹੇ ਵਿੱਚ ਰੈਸਕਿਊ ਅਪ੍ਰੇਸ਼ਨ ਚੱਲ ਰਿਹਾ ਹੈ ਇਸ ਅਪਰੇਸ਼ਨ ਨਾਲ ਹੁਣ ਤੱਕ 500 ਵਿਅਕਤੀਆਂ ਨੂੰ ਰੈਸਕਿਊ ਕਰਕੇ ਸੁਰੱਖਿਅਤ ਜਗ੍ਹਾ ਤੇ ਪਹੁੰਚਾਇਆ ਗਿਆ। ਹੁਣ ਤੱਕ 5000 ਤੋਂ ਵੱਧ ਵਿਅਕਤੀਆਂ ਨੂੰ ਰੈਸਕਿਊ ਕਰਕੇ ਸੁਰੱਖਿਅਤ ਜਗ੍ਹਾ ਤੇ ਪਹੁੰਚਾਇਆ ਗਿਆ। ਗਵਰਨਰ ਸ੍ਰੀ ਕਟਾਰੀਆ ਨਾਲ ਆਈਏਐੱਸ ਅਫਸਰ ਜਸਪਿੰਦਰ ਸਿੰਘ ਵੀ ਸਨ।



# ਮਨੀਸ਼ ਸਿਸੋਦੀਆ ਤੇ ਸ਼ੈਰੀ ਕਲਸੀ ਨੇ ਦੀਨਾਨਗਰ ਦੇ ਹੜ੍ਹ ਮਾਰੇ ਇਲਾਕੇ ਦਾ ਲਿਆ ਜਾਇਜ਼ਾ

ਗੁਰਦਾਸਪੁਰ (ਜਨਕ ਮਹਾਜਨ)-ਪੰਜਾਬ ਇੰਚਾਰਜ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਦੇ ਨਾਲ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵੱਲੋਂ ਦੀਨਾਨਗਰ ਦੇ ਰਾਵੀ ਦਰਿਆ ਨੇੜਲੇ ਹੜ੍ਹ ਪ੍ਰਭਾਵਿਤ ਖੇਤਰ ਦਾ ਦੌਰਾ ਕੀਤਾ ਤੇ ਪਿੰਡ ਵਾਸੀਆਂ ਨਾਲ ਗੱਲ ਕਰਕੇ ਸਾਰੀ ਸਥਿਤੀ ਦੀ ਜਾਣਕਾਰੀ ਲਈ।

ਇਸ ਮੌਕੇ ਜ਼ਿਲ੍ਹਾ ਪ੍ਰਧਾਨ ਜੋਬਨ ਰੰਧਾਵਾ, ਸ਼ਮਸ਼ੇਰ ਸਿੰਘ, ਹਲਕਾ ਇੰਚਾਰਜ ਦੀਨਾਨਗਰ, ਚੇਅਰਮੈਨ ਬਲਜੀਤ ਸਿੰਘ ਅਤੇ ਮੁਖਦੇਵ ਸਿੰਘ ਆਲੋਵਾਲ ਜ਼ਿਲ੍ਹਾ ਮੀਡੀਆ ਇੰਚਾਰਜ ਵੀ ਮੌਜੂਦ ਸਨ। ਉਨ੍ਹਾਂ ਨੇ ਕਿਹਾ ਕਿ ਆਪ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਲੋਕਾਂ ਦੇ ਜਾਨ-ਮਾਲ ਦੀ ਰਾਖੀ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਖੇਤੀਬਾੜੀ ਜ਼ਮੀਨ ਅਤੇ ਰਿਹਾਇਸ਼ੀ ਇਲਾਕਿਆਂ ਨੂੰ ਹੋਣ ਵਾਲੇ ਨੁਕਸਾਨ ਨੂੰ ਰੋਕਣ ਲਈ ਤੁਰੰਤ ਉਪਾਅ ਯਕੀਨੀ ਬਣਾਉਣ ਦੇ ਨਾਲ-ਨਾਲ ਲੰਬੇ ਸਮੇਂ ਦੇ ਹੱਲ ਤਿਆਰ ਕਰਨ ਲਈ ਯੋਜਨਾਵਾਂ ਬਣਾਈਆਂ ਜਾ ਰਹੀਆਂ ਹਨ। ਹੜ੍ਹ ਦਾ ਪਾਣੀ ਆਉਣ ’ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੋਕਲ ਪੁਲਸ, ਐੱਨਡੀਆਰਐੱਫ, ਬੀਐੱਸਐੱਫ ਅਤੇ ਭਾਰਤੀ ਫ਼ੌਜ ਦੇ ਸਹਿਯੋਗ ਨਾਲ ਤੁਰੰਤ ਬਚਾਅ ਕਾਰਜ ਸ਼ੁਰੂ ਕਰਕੇ 5581 ਵਿਅਕਤੀਆਂ ਨੂੰ ਹੈਲੀਕਾਪਟਰ ਅਤੇ ਕਿਸ਼ਤੀਆਂ ਰਾਹੀਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚੋਂ ਸੁਰੱਖਿਅਤ ਬਾਹਰ ਕੱਢਿਆ ਗਿਆ ਸੀ।



# ਬਾਜ਼ਾਰ ਜੌੜੀਆਂ ਵਾਲਾ ਵਿਖੇ ਬਾਬਾ ਸ੍ਰੀ ਚੰਦ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਨਾਲ ਮਨਾਇਆ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਭਗਵਾਨ ਬਾਬਾ ਸ੍ਰੀ ਚੰਦ ਜੀ ਦਾ 531ਵਾਂ ਜਨਮ ਦਿਹਾੜਾ ਬਜਾਰ ਜੌੜੀਆਂ ਵਾਲਾ ਸਥਿਤ ਭਗਵਾਨ ਬਾਬਾ ਸ਼੍ਰੀ ਚੰਦ ਆਸ਼ਰਮ ਵਿਖੇ ਡੇਰੇ ਦੇ ਮੁੱਖ ਸੇਵਾਦਾਰ ਬਾਬਾ ਮੰਗਲ ਦਾਸ ਦੀ ਰਹਿਨੁਮਾਈ ਹੇਠ ਮਹੰਤ ਚੇਤਨ ਦਾਸ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ ।ਇਸ ਮੌਕੇ ਪਹਿਲਾਂ ਤੋਂ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣ ਉਪਰੰਤ ਭਾਈ ਮਨਜਿੰਦਰ ਸਿੰਘ ਭਾਈ ਜਸਵਿੰਦਰ ਸਿੰਘ ਧਾਰੋਵਾਲੀ ਹਜ਼ੂਰੀ ਰਾਗੀ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਦੇ ਕੀਰਤਨੀ ਜਥੇ ਵੱਲੋਂ ਗੁਰਬਾਣੀ ਦਾ ਇਲਾਹੀ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ।ਇਸ ਮੌਕੇ ਭਾਈ ਮਲੂਕ ਸਿੰਘ ,ਭਾਈ ਸਵਿੰਦਰ ਸਿੰਘ ਤੇ ਭਾਈ ਤਰਸੇਮ ਸਿੰਘ ਪੱਖੋਕੇ ਮਹਿਮਾਰਾ ਦੇ ਕਵੀਸ਼ਰੀ ਜਥੇ ਵਲੋਂ ਭਗਵਾਨ ਬਾਬਾ ਸ਼੍ਰੀ ਚੰਦਰ ਜੀ ਦਾ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ ।ਇਸ ਮੌਕੇ ਮਹੰਤ ਬਾਬਾ ਮੰਗਲ ਦਾਸ, ਮਹੰਤ ਬਾਬਾ ਚੇਤਨ ਦਾਸ ਅਤੇ ਸਮੂਹ ਸੰਗਤਾਂ ਵੱਲੋਂ ਬਾਬਾ ਸ੍ਰੀ ਚੰਦ ਜੀ ਦਾ ਆਰਤਾ ਗਾਇਨ ਕੀਤਾ ਗਿਆ। ਉਪਰੰਤ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ।ਇਸ ਮੌਕੇ ਮਹੰਤ ਬਾਬਾ ਮੰਗਲ ਦਾਸ, ਮਹੰਤ ਚੇਤਨ ਦਾਸ, ਗ੍ਰੰਥੀ ਸਿੰਘ ਬਾਬਾ ਭੁਪਿੰਦਰ ਸਿੰਘ, ਪੂਰਨ ਸਿੰਘ ਸਾਲੇਚੱਕ, ਪ੍ਰਭਪ੍ਰੀਤ ਸਿੰਘ, ਗੁਰਸ਼ਬਦ ਸਿੰਘ, ਜਾਗੀਰ ਸਿੰਘ, ਸਾਬ ਸਿੰਘ, ਸੁਰਜੀਤ ਸਿੰਘ ਘਈ,ਮਾਸਟਰ ਪ੍ਰੀਤਮ ਸਿੰਘ, ਸੁਖਦੇਵ ਸਿੰਘ ਟੈਂਟ ਵਾਲੇ, ਕਾਨੂੰਗੋ ਦੇਸ ਰਾਜ, ਡਾ: ਗੁਰਦੇਵ ਸਿੰਘ ਹੈਪੀ, ਵਿਜੇ ਸ਼ਰਮਾ, ਕੁਲਦੀਪ ਸਿੰਘ ਸ਼ਾਹਪੁਰ ਗੋਰਾਇਆ, ਲੱਕੀ ਚੰਦੂਨੰਗਲ, ਮਾਸਟਰ ਜੋਗਿੰਦਰ ਸਿੰਘ, ਵਿਸ਼ਾਲ ਕੁਮਾਰ, ਗੁਰਸ਼ਰਨ ਸਿੰਘ ਤੋਂ ਇਲਾਵਾ ਡੇਰਾ ਬਾਬਾ ਨਾਨਕ ਤੇ ਪਿੰਡ ਸ਼ਾਹਪੁਰ ਗੋਰਾਇਆ ਦੀਆਂ ਸੰਗਤਾਂ ਵੱਡੀ ਗਿਣਤੀ ਵਿੱਚ ਹਾਜਰ ਸਨ ।ਇਸ ਮੌਕੇ ਪ੍ਰਬੰਧਕਾਂ ਵੱਲੋਂ ਅਤੁੱਟ ਲੰਗਰ ਭੰਡਾਰਾ ਵਰਤਾਇਆ ਗਿਆ ।



# ਝੁੱਗੀਆਂ ਝੌਂਪੜੀਆਂ ’ਚ ਡੇਂਗੂ ਦਾ ਲਾਰਵਾ ਚੈੱਕ ਕੀਤਾ ਗਿਆ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਪੰਜਾਬ ਸਰਕਾਰ ਤੇ ਸਿਹਤ ਵਿਭਾਗ ਪੰਜਾਬ ਵੱਲੋਂ ਲੋਕਾਂ ਨੂੰ ਡੇਂਗੂ ਤੋਂ ਬਚਾਉਣ ਲਈ ਹਰ ਸ਼ੁੱਕਰਵਾਰ ਡੇਂਗੂ ਤੇ ਵਾਰ ਸੰਬੰਧੀ ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ ਸਬੰਧੀ ਸਿਵਲ ਸਰਜਨ ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਮੈਡੀਕਲ ਅਫਸਰ ਕਾਦੀਆਂ ਡਾ. ਸ਼ੁਭਨੀਤ ਕੁਮਾਰ ਦੀ ਅਗਵਾਈ ਹੇਠ ਹਰ ਸ਼ੁੱਕਰਵਾਰ ਡੇਂਗੂ ਤੇ ਵਾਰ ਅਧੀਨ ਕਾਦੀਆਂ ਦੇ ਵੱਖ-ਵੱਖ ਥਾਵਾਂ ਤੇ ਝੁੱਗੀਆਂ ਝੌਂਪੜੀਆਂ ਵਿੱਚ ਜਾ ਕੇ ਡੇਂਗੂ ਦਾ ਲਾਰਵਾ ਚੈੱਕ ਕੀਤਾ ਗਿਆ ਅਤੇ ਨਾਲ ਹੀ ਲੋਕਾਂ ਨੂੰ ਡੇਂਗੂ ਤੋਂ ਬਚਣ ਦੇ ਉਪਾਅ ਦੱਸੇ ਗਏ। ਇਸ ਸਬੰਧੀ ਵਿਭਾਗ ਦੀ ਟੀਮ ਨੇ ਦੱਸਿਆ ਕਿ ਪਾਣੀ ਦੇ ਸਰੋਤਾਂ ਨੂੰ ਹਰ ਹਫ਼ਤੇ ਖਾਲੀ ਕਰਨਾ ਚਾਹੀਦਾ ਹੈ।ਇਸ ਮੌਕੇ ਹੈਲਥ ਇੰਸਪੈਕਟਰ ਸਰਵਣ ਸਿੰਘ, ਕੁਲਦੀਪ ਕੁਮਾਰ, ਲਖਬੀਰ ਸਿੰਘ ਤੇ ਗੁਰਮੁਖ ਸਿੰਘ ਭਾਟੀਆ ਆਦਿ ਟੀਮ ਦੇ ਮੈਂਬਰ ਹਾਜ਼ਰ ਸਨ।



# ਮੈਟਰੋ ਮਿਲਕ ਪ੍ਰੋਡਕਟਸ (ਜਲੰਧਰ) ਨੇ ਰਾਹਤ ਸਮੱਗਰੀ ਵਜੋਂ ਮੈਟਰੋਮੈਕਸ ਫ਼ੀਡ ਵੰਡੀ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਮੈਟਰੋ ਮਿਲਕ ਪ੍ਰੋਡਕਟਸ ਲਿਮਿਟਿਡ (ਜਲੰਧਰ) ਵੱਲੋਂ ਪਿੰਡ ਚਮਿਆਰੀ ਵਿਖ਼ੇ ਅਜਨਾਲਾ ਦੇ ਨੇੜਲੇ ਪਿੰਡਾਂ ਦੇ ਹੜ੍ਹ ਪੀੜਤਾਂ ਨੂੰ ਬੁਲਾ ਕੇ ਮੈਟਰੋਮੈਕਸ ਫ਼ੀਡ ਵੰਡੀ ਗਈ। ਇਸਦੇ ਨਾਲ ਹੀ ਕੰਪਨੀ ਦੇ ਪਸ਼ੂ ਮਾਹਿਰ ਡਾਕਟਰ ਵੱਲੋਂ ਲੋਕਾਂ ਦੇ ਪਸ਼ੂਆਂ ਦੀਆਂ ਸਮੱਸਿਆਵਾਂ ਸੁਣ ਕੇ ਉਸ ਮੁਤਾਬਿਕ ਦਵਾਈਆਂ ਵੀ ਫ੍ਰੀ ਸੇਵਾ ਵਜੋਂ ਵੰਡੀਆਂ ਗਈਆਂ। ਇਸ ਸੇਵਾ ’ਚ ਹਰੜ ਖ਼ੁਰਦ, ਗੱਗੋਮਾਹਲ, ਚਮਿਆਰੀ, ਅਜਨਾਲਾ, ਗੁੱਜਰਪੁਰਾ, ਅੰਬ ਕੋਟਲੀ ਆਦਿ ਪਿੰਡਾਂ ਦੇ ਲੋਕਾਂ ਨੇ ਲਾਭ ਉਠਾਇਆ! ਇਸ ਮੌਕੇ ਚਮਿਆਰੀ ਪਿੰਡ ਦੇ ਨੰਬਰਦਾਰ ਅਵਤਾਰ ਸਿੰਘ, ਮੈਟਰੋਮੈਕਸ ਫ਼ੀਡ ਕੰਪਨੀ ਦੇ ਸੇਲਜ਼ ਹੈੱਡ ਗੁਰਪ੍ਰੀਤ ਸਿੰਘ ਬੁੱਟਰ, ਡਾਕਟਰ ਗੁਰਜਿੰਦਰ ਸਿੰਘ, ਗੁਰਵਿੰਦਰ ਸਿੰਘ (ਪੰਚ ਅੱਬੂ ਸੈਦ,) ਗੁਰਪਿੰਦਰ ਸਿੰਘ (ਸਰਪੰਚ ਅੱਬੂ ਸੈਦ) ਸ: ਗੁਰਮੀਤ ਸਿੰਘ ਅਜਨਾਲਾ ਅਤੇ ਹਰਮੀਤ ਸਿੰਘ ਰੂਬਲ ਹਾਜ਼ਰ ਸਨ।



# ਸੇਵਾ ਦਾ ਜਜ਼ਬਾ ਅਹੁਦੇਦਾਰੀਆਂ ਨਹੀਂ ਵੇਖਦਾ

ਬਟਾਲਾ (ਡਾ. ਮਲਵਿੰਦਰ ਸਿੰਘ)-ਹੜ੍ਹ ਪ੍ਰਭਾਵਿਤ ਖੇਤਰਾਂ ਤੱਕ ਬਟਾਲਾ ਪੁਲਸ ਵੱਲੋਂ ਲਗਾਤਾਰ ਪਹੁੰਚ ਕੀਤੀ ਜਾ ਰਹੀ ਹੈ ਅਤੇ ਸੰਕਟ ਦੀ ਇਸ ਘੜੀ ਵਿੱਚ ਲੋਕਾਂ ਦੇ ਨਾਲ ਡਟ ਕੇ ਖੜੀ ਹੈ।ਐੱਸਐੱਸਪੀ ਸੁਹੇਲ ਕਾਸਿਮ ਮੀਰ ਖ਼ੁਦ ਹੜ੍ਹ ਪੀੜਤ ਪਿੰਡਾਂ ਵਿੱਚ ਪਹੁੰਚ ਕੇ ਹਾਲਤਾਂ ਦੀ ਸਮੀਖਿਆ ਕਰ ਰਹੇ ਹਨ ਅਤੇ ਲੋਕਾਂ ਨੂੰ ਤੁਰੰਤ ਰਾਹਤ ਪਹੁੰਚਾਉਣ ਲਈ ਮੋਹਰੀ ਭੂਮਿਕਾ ਨਿਭਾ ਰਹੇ ਹਨ।ਐੱਸਐੱਸਪੀ ਬਟਾਲਾ ਨੇ ਦੱਸਿਆ ਕਿ ਬਟਾਲਾ ਪੁਲਸ ਲੋਕਾਂ ਦੇ ਨਾਲ ਹੈ ਅਤੇ ਰਾਹਤ ਕਾਰਜ ਬਿਨਾਂ ਕਿਸੇ ਰੁਕਾਵਟ ਦੇ ਜਾਰੀ ਰਹਿਣਗੇ।ਐੱਸਐੱਸਪੀ ਨੇ ਪੁਲਸ ਟੀਮ ਨੂੰ ਸਪਸ਼ਟ ਨਿਰਦੇਸ਼ ਦਿੱਤੇ ਕਿ ਹਰੇਕ ਪ੍ਰਭਾਵਿਤ ਪਰਿਵਾਰ ਤੱਕ ਸਮੇਂ-ਸਿਰ ਮਦਦ ਪਹੁੰਚਾਈ ਜਾਵੇ ਅਤੇ ਕਿਸੇ ਨੂੰ ਵੀ ਜ਼ਰੂਰੀ ਸਹੂਲਤਾਂ ਤੋਂ ਵਾਂਝਾ ਨਾ ਰਹਿਣਾ ਪਵੇ।ਉਨ੍ਹਾਂ ਦੇ ਇਸ ਦੌਰੇ ਨਾਲ ਹੜ੍ਹ ਪੀੜਤ ਲੋਕਾਂ ਵਿੱਚ ਇੱਕ ਨਵੀਂ ਉਮੀਦ ਤੇ ਭਰੋਸਾ ਪੈਦਾ ਹੋਇਆ ਹੈ ਕਿ ਬਟਾਲਾ ਪੁਲਸ ਵਾਕਈ ਲੋਕਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ।



# ਸੜਕਾਂ ਤੇ ਗਲੀਆਂ ’ਚ ਖਿੱਲਰੇ ਪਲਾਸਟਿਕ ਦੇ ਲਿਫਾਫੇ ਬਣਦੇ ਹਨ ਸੀਵਰੇਜ ਬਲਾਕ ਹੋਣ ਦਾ ਮੁੱਖ ਕਾਰਨ : ਕਮਿਸ਼ਨਰ

ਬਟਾਲਾ (ਡਾਕਟਰ ਮਲਵਿੰਦਰ ਸਿੰਘ)-ਵਿਕਰਮਜੀਤ ਸਿੰਘ ਪਾਂਥੇ, ਐਸ.ਡੀ.ਐਮ-ਕਮ-ਕਮਿਸ਼ਨਰ, ਨਗਰ ਨਿਗਮ, ਬਟਾਲਾ ਨੇ ਦੱਸਿਆ ਕਿ ਪਿਛਲੇ ਕੁੱਝ ਕੁ ਦਿਨਾਂ ਤੋਂ ਚਲ ਰਹੀ ਭਾਰੀ ਬਾਰਿਸ਼ ਕਰਕੇ ਸ਼ਹਿਰ ਬਟਾਲਾ ਵਿਚ ਕਈ ਥਾਵਾਂ ’ਤੇ ਸੜਕਾਂ ਅਤੇ ਗਲੀਆਂ ਵਿੱਚ ਪਾਣੀ ਜਮ੍ਹਾਂ ਹੋ ਗਿਆ ਹੈ। ਅੱਜ ਉਨ੍ਹਾਂ ਵੱਲੋਂ ਵਰ੍ਹਦੇ ਮੀਹ ਵਿੱਚ ਸਾਰੇ ਸ਼ਹਿਰ ਬਟਾਲਾ ਦਾ ਨਿਰੀਖਣ ਕੀਤਾ ਗਿਆ ਅਤੇ ਦੇਖਿਆ ਕਿ ਸੜਕਾਂ ਅਤੇ ਗਲੀਆਂ ਵਿੱਚ ਖਿਲਰੇ ਹੋਏ ਪਲਾਸਟਿਕ ਦੇ ਲਿਫਾਫੇ ਬਾਰਿਸ਼ ਦੇ ਪਾਣੀ ਕਾਰਨ ਰੁੜ੍ਹ ਕੇ ਸੜਕਾਂ ਅਤੇ ਗਲੀਆਂ ਦੀਆਂ ਸਾਈਡਾਂ ਤੇ ਬਣੀਆਂ ਜਾਲੀਆਂ ਰਾਹੀਂ ਸੀਵਰੇਜ ਵਿੱਚ ਚਲੇ ਗਏ ਹਨ, ਜਿਸ ਕਰਕੇ ਸੀਵਰੇਜ ਅਤੇ ਰੋਡ ਸਾਈਡ ਤੇ ਡਰੇਨ ਦੀਆ ਜਾਲੀਆਂ ਬਲਾਕ ਹੋ ਗਈਆਂ ਹਨ ਅਤੇ ਪਾਣੀ ਗਲੀਆਂ ਅਤੇ ਸੜਕਾਂ ’ਤੇ ਇਕੱਠਾ ਹੋ ਗਿਆ ਸੀ।ਕਮਿਸ਼ਨਰ ਨਗਰ ਨਿਗਮ ਬਟਾਲਾ ਨੇ ਅੱਗੇ ਕਿਹਾ ਕਿ ਜੇਕਰ ਪਲਾਸਟਿਕ ਦੇ ਲਿਫਾਫਿਆਂ ਦਾ ਇਸਤੇਮਾਲ ਮੁਕੰਮਲ ਤੌਰ ’ਤੇ ਬੰਦ ਕਰ ਦਿੱਤਾ ਜਾਵੇ ਤਾਂ ਬਟਾਲਾ ਸ਼ਹਿਰ ਵਿੱਚ ਬਾਰਿਸ਼ ਦੇ ਮੌਸਮ ਤੇ ਗਲੀਆਂ ਅਤੇ ਸੜਕਾਂ ਤੇ ਬਾਰਿਸ਼ ਦਾ ਪਾਣੀ ਇੱਕਠਾ ਨਹੀ ਹੋਵੇਗਾ ਅਤੇ ਕੜੇ ਦੀ ਸਾਂਭ ਸੰਭਾਲ ਅਤੇ ਡਿਸਪੋਜ਼ਲ ਵਿੱਚ ਕੋਈ ਪ੍ਰੇਸ਼ਾਨੀ ਨਹੀ ਆਵੇਗੀ।ਉਨ੍ਹਾਂ ਅੱਗੇ ਕਿਹਾ ਕਿ ਇਸ ਸਬੰਧੀ ਕਈ ਵਾਰ ਪਲਾਸਟਿਕ ਤੇ ਲਿਫਾਫਿਆ ਦੀ ਡੀਲਿੰਗ ਕਰਨ ਵਾਲੇ ਟਰੇਡਰ ਅਤੇ ਹੋਲ ਸੈਲਰਾਂ ਨੂੰ ਵੀ ਅਪੀਲ ਕੀਤੀ ਗਈ, ਪ੍ਰੰਤੂ ਉਸ ਦੀ ਸੇਲ ਅਤੇ ਵਰਤੋ ਧੜੱਲੇ ਨਾਲ ਚਲ ਰਹੀ ਹੈ, ਜੋ ਕਿ ਕਾਨੂੰਨੀ ਤੌਰ ’ਤੇ ਗਲਤ ਹੈ, ਪਲਾਸਟਿਕ ਦੇ ਲਿਫਾਫਿਆਂ ਦੀ ਵਰਤੋਂ ਕਰਨ ’ਤੇ ਮੁਕੰਮਲ ਪਾਬੰਦੀ ਹੈ।

ਕਮਿਸ਼ਨਰ ਵੱਲੋਂ ਸਖਤ ਚੇਤਾਵਨੀ ਦਿੱਤੀ ਗਈ ਕਿ ਪਲਾਸਟਿਕ ਦੇ ਲਿਫਾਫਿਆਂ ਦੀ ਬਜਾਏ ਕਾਗਜ਼ ਦੇ ਲਿਫਾਫਿਆਂ ਦੀ ਵਰਤੋਂ ਕੀਤੀ ਜਾਵੇ ਅਤੇ ਜੇਕਰ ਕਿਸੇ ਵੀ ਸੰਸਥਾ ਵੱਲੋਂ ਲੰਗਰ ਲਗਾਏ ਜਾਂਦੇ ਹਨ ਤਾਂ ਉਸ ਦੌਰਾਨ ਪੱਤਲਾਂ ਦਾ ਇਸਤੇਮਾਲ ਕੀਤਾ ਜਾਵੇ ਜੋ ਕਿ ਬੜੀ ਜਲਦੀ ਮਿੱਟੀ ਵਿੱਚ ਗਲ ਜਾਂਦੇ ਹਨ ਅਤੇ ਜਿਸ ਨਾਲ ਵਾਤਾਵਰਣ, ਮਿੱਟੀ ਅਤੇ ਪਾਣੀ ਨੂੰ ਕੋਈ ਨੁਕਸਾਨ ਨਹੀਂ ਹੁੰਦਾ । ਉਨ੍ਹਾ ਅਪੀਲ ਕੀਤੀ ਕਿ ਪਲਾਸਟਿਕ ਦੇ ਲਿਫਾਫਿਆਂ ਦੀ ਵਰਤੋਂ ਨੂੰ ਮੁਕੰਮਲ ਤੌਰ ’ਤੇ ਬੰਦ ਕੀਤਾ ਜਾਵੇ।



# ਮੁਆਵਜ਼ਾ ਮਿਲਣ ’ਚ ਕਿਸੇ ਵੀ ਪਰਿਵਾਰ ਨਾਲ ਵਿਤਕਰਾ ਨਹੀਂ ਹੋਣ ਦਿਆਂਗੇ : ਅਰੁਣਾ ਚੌਧਰੀ

ਦੀਨਾਨਗਰ, (ਬਲਵਿੰਦਰ ਸਿੰਘ ਬਿੱਲਾ)-ਵਿਧਾਇਕਾ ਅਰੁਣਾ ਚੌਧਰੀ ਵੱਲੋਂ ਹੜ੍ਹ ਨਾਲ ਪ੍ਰਭਾਵਿਤ ਪਿੰਡਾਂ ਵਿੱਚ ਪੰਹੁਚ ਕੇ ਜਿੱਥੇ ਲਗਾਤਾਰ ਰਾਹਤ ਸਮੱਗਰੀ ਵੰਡੀ ਜਾ ਰਹੀ ਹੈ ਉੱਥੇ ਪ੍ਰਭਾਵਿਤ ਲੋਕਾਂ ਨੂੰ ਸਰਕਾਰ ਕੋਲੋਂ ਮਿਲਣ ਵਾਲੇ ਸੰਭਾਵੀ ਮੁਆਵਜ਼ੇ ਬਾਰੇ ਵੀ ਜਾਗਰੂਕ ਕੀਤਾ ਜਾ ਰਿਹਾ ਹੈ। ਪਿੰਡ ਨੰਗਲਡਾਲਾ, ਸ਼ਾਹਪੁਰ ਅਫ਼ਗਾਨਾ, ਆਦੀ, ਨਡਾਲਾ, ਥੰਮਣ, ਆਲੀਨੰਗਲ, ਠੁੰਡੀ ਅਤੇ ਸ਼ਾਹਪੁਰ ਵਿਖੇ ਉਨ੍ਹਾਂ ਲੋਕਾਂ ਨੂੰ ਸਮਝਾਇਆ ਕਿ ਆਗਾਮੀ ਦਿਨਾਂ ਵਿੱਚ ਸਰਕਾਰੀ ਅਫ਼ਸਰ ਪਿੰਡਾਂ ਵਿੱਚ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਲਈ ਆਉਣਗੇ ਅਤੇ ਹਰੇਕ ਵਿਅਕਤੀ ਬਿਨ੍ਹਾਂ ਕਿਸੇ ਝਿੱਜਕ ਦੇ ਸਬੰਧਿਤ ਅਫ਼ਸਰਾਂ ਨਾਲ ਗੱਲ ਕਰੇ ਅਤੇ ਆਪਣੇ ਘਰ ਅਤੇ ਹੋਰ ਮਾਲੀ ਨੁਕਸਾਨ ਬਾਰੇ ਉਨ੍ਹਾਂ ਨੂੰ ਨੋਟ ਕਰਵਾਏ। ਉਨ੍ਹਾਂ ਕਿਹਾ ਕਿ ਮੁਆਵਜ਼ਾ ਮਿਲਣ ਵਿੱਚ ਕਿਸੇ ਵੀ ਵਿਅਕਤੀ ਜਾਂ ਪਰਿਵਾਰ ਨਾਲ ਵਿਤਕਰਾ ਨਹੀਂ ਹੋਣ ਦਿਆਂਗੇ ਅਤੇ ਜੇਕਰ ਕੋਈ ਅਧਿਕਾਰੀ ਅਜਿਹਾ ਕਰਦਾ ਪਾਇਆ ਗਿਆ ਤਾਂ ਉਸਦੇ ਖ਼ਿਲਾਫ਼ ਬਣਦੀ ਕਾਰਵਾਈ ਨੂੰ ਅਮਲ ਵਿੱਚ ਲਿਆਉਣ ਲਈ ਮੋਰਚਾ ਖੋਲ੍ਹਾਂਗੇ। ਇਸ ਮੌਕੇ ਬਲਾਕ ਸੰਮਤੀ ਦੇ ਸਾਬਕਾ ਚੇਅਰਮੈਨ ਹਰਵਿੰਦਰ ਸਿੰਘ ਭੱਟੀ, ਬਲਾਕ ਪ੍ਰਧਾਨ ਦਲਬੀਰ ਸਿੰਘ ਬਿੱਟੂ, ਭਿੰਦਾ ਦੋਰਾਂਗਲਾ, ਵਰਿੰਦਰ ਸਿੰਘ ਨੌਸ਼ਹਿਰਾ, ਤਰਸੇਮ ਸ਼ਰਮਾ, ਵਿਜੇ ਸ਼ਰਮਾ, ਰੰਮੀ ਠਾਕੁਰ, ਹਰਜਿੰਦਰ ਸਿੰਘ ਗਵਾਲੀਆ, ਆਤਿਸ਼ ਮਹਾਜਨ, ਰਾਜਿੰਦਰ ਸਿੰਘ ਰਾਜੂ, ਹਰਦਿਆਲ ਸਿੰਘ ਮਨਸੂਰਾਂ, ਡਾ. ਨੋਨੀ ਦੋਰਾਂਗਲਾ, ਜੱਜ ਸ਼ਾਹਪੁਰ ਅਫ਼ਗਾਨਾ ਅਤੇ ਅਜੈਬ ਸਿੰਘ ਹਾਜ਼ਰ ਸਨ ।



# ਹੜ੍ਹ ਪੀੜਤਾਂ ਦੀ ਮੱਦਦ ’ਚ ਜੁਟੇ ਡੇਰਾ ਸੱਚਾ ਸੌਦਾ ਦੇ ਸ਼ਰਧਾਲੂ

ਦੀਨਾਨਗਰ, (ਬਲਵਿੰਦਰ ਸਿੰਘ ਬਿੱਲਾ)-ਹੜ੍ਹਾਂ ਦੀ ਮਾਰ ਝੱਲ ਰਹੇ ਜ਼ਿਲ੍ਹਾ ਗੁਰਦਾਸਪੁਰ ਦੇ ਲੋਕਾਂ ਦੀ ਮੱਦਦ ਲਈ ਡੇਰਾ ਸੱਚਾ ਸੌਦਾ ਦੇ ਸ਼ਾਹ ਸਤਿਨਾਮ ਜੀ ਗ੍ਰੀਨ ਐੱਸ ਵੈੱਲਫੇਅਰ ਕਮੇਟੀ ਦੇ ਸੇਵਾਦਾਰ ਪੁੱਜ ਗਏ ਹਨ।ਇਨ੍ਹਾਂ ਸੇਵਾਦਾਰਾਂ ਵੱਲੋਂ ਲੋੜਵੰਦਾਂ ਦੇ ਘਰਾਂ ਤੱਕ ਪੁੱਜ ਕੇ ਰਾਹਤ ਸਮੱਗਰੀ ਵੰਡੀ ਜਾ ਰਹੀ ਹੈ ਤਾਂ ਜੋ ਹੜ੍ਹ ਪੀੜ੍ਹਤਾਂ ਦਾ ਦਰਦ ਵੰਡਾਉਂਦਿਆਂ ਉਨ੍ਹਾਂ ਨੂੰ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ਮੁਹੱਈਆ ਕਰਵਾਈਆਂ ਜਾ ਸਕਣ।ਰਾਹਤ ਸਮੱਗਰੀ ਵਾਲੇ ਵਾਹਨਾਂ ਨੂੰ ਆਰਟੀਓ ਗੁਰਦਾਸਪੁਰ ਨਵਜੋਤ ਸ਼ਰਮਾ ਵੱਲੋਂ ਪੰਚਾਇਤ ਘਰ ਤੋਂ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ। ਜ਼ਿਲ੍ਹਾ ਗੁਰਦਾਸਪੁਰ ’ਚ ਰਾਹਤ ਟੀਮਾਂ ਦੀ ਅਗਵਾਈ ਕਰ ਰਹੇ ਸੱਚੇ ਨਿਮਰ ਸੇਵਾਦਾਰ ਪਰਮਜੀਤ ਸਿੰਘ ਇੰਸਾਂ, ਬਿੰਦਰ ਸਿੰਘ ਇੰਸਾਂ, ਅਵਤਾਰ ਸਿੰਘ ਇੰਸਾਂ ਅਤੇ ਚਰਨਜੀਤ ਸਿੰਘ ਇੰਸਾਂ ਨੇ ਦੱਸਿਆ ਕਿ ਉਹ ਡੇਰਾ ਸੱਚਾ ਸੌਦਾ ਦੀ ਤਰਫੋਂ ਘਰੇਲੂ ਰਸੋਈ ਦੀ ਵਰਤੋਂ ਦਾ ਸਮਾਨ ਜਿਵੇਂ ਚਾਹ, ਖੰਡ, ਆਟਾ, ਦਵਾਈਆਂ ਆਦਮੀਆਂ ਤੇ ਪਸ਼ੂਆਂ ਲਈ, ਤਰਪਾਲਾਂ, ਮੱਛਰਦਾਨੀਆਂ, ਮੱਛਰ ਤੋਂ ਬਚਾਅ ਲਈ ਦਵਾਈਆਂ, ਅਤੇ ਪਸ਼ੂਆਂ ਲਈ ਮੱਕੀ ਦਾ ਆਚਾਰ ਹੈ, ਜਿਸ ਨੂੰ ਲੋੜਵੰਦਾਂ ਤੱਕ ਪਹੁੰਚਾਇਆ ਜਾ ਰਿਹਾ ਹੈ।ਦੱਸਣਯੋਗ ਹੈ ਕਿ ਡੇਰਾ ਸੱਚਾ ਸੌਦਾ ਵੱਲੋਂ ਹੁਸ਼ਿਆਰਪੁਰ, ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ, ਪਠਾਨਕੋਟ, ਫਾਜ਼ਿਲਕਾ ਅਤੇ ਫਿਰੋਜ਼ਪੁਰ ਜ਼ਿਲ੍ਹਿਆਂ ਦੇ ਹੜ੍ਹ ਪੀੜ੍ਹਤਾਂ ਨੂੰ ਰਾਹਤ ਸਮੱਗਰੀ ਪਹੁੰਚਾਈ ਗਈ ਹੈ।



# ਨਵਾਂ ਪਿੰਡ ਬਹਾਦਰ ਦਾ ਦੋ ਰੋਜ਼ਾ ਛਿੰਞ ਮੇਲਾ ਸ਼ਾਨੋ-ਸ਼ੌਕਤ ਨਾਲ ਸੰਪੰਨ

ਗੁਰਦਾਸਪੁਰ (ਜਨਕ ਮਹਾਜਨ)-ਨਵਾਂ ਪਿੰਡ ਦਾ ਦੋ ਰੋਜ਼ਾ ਛਿੰਞ ਮੇਲਾ ਸ਼ਾਨੋ ਸ਼ੌਕਤ ਨਾਲ ਮਨਾਇਆ ਗਿਆ। ਇਸ ਵਾਰ ਮੇਲਾ ਕਮੇਟੀ ਨੇ ਹੜ੍ਹਾਂ ਦੇ ਪ੍ਰਕੋਪ ਕਾਰਨ ਸੱਭਿਆਚਾਰਕ ਮੇਲਾ ਮੁਲਤਵੀ ਕਰਨ ਦੇ ਬਾਵਜੂਦ ਰਵਾਇਤੀ ਖੇਡਾਂ ਵੇਖਣ ਵਿਚ ਇਲਾਕੇ ਦੇ ਲੋਕਾਂ ਨੇ ਭਾਰੀ ਉਤਸਾਹ ਦਿਖਾਇਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪਿੰਡ ਦੇ ਸਰਪੰਚ ਸੁਰਿੰਦਰ ਸਿੰਘ ਜੱਜ, ਪ੍ਰਧਾਨ ਮਨਜਿੰਦਰ ਸਿੰਘ, ਮਨਜੀਤ ਸਿੰਘ ਸੈਣੀ, ਮੀਤ ਪ੍ਰਧਾਨ ਮਨਜਿੰਦਰ ਸਿੰਘ, ਬਲਕਾਰ ਸਿੰਘ ਮੈਂਬਰ, ਲਖਵਿੰਦਰ ਸਿੰਘ ਮੈਂਬਰ, ਹਰਜਿੰਦਰ ਸਿੰਘ, ਤਰਸੇਮ ਸਿੰਘ ਨੇ ਸਾਂਝੇ ਤੌਰ ਤੇ ਦੱਸਿਆ ਕਿ ਇਹ ਛਿੰਞ ਮੇਲਾ ਪਿੰਡ ਵਾਸੀਆਂ ਤੇ ਖਾਸ ਕਰਕੇ ਸ਼ਹੀਦ ਬੀਬੀ ਸੁੰਦਰੀ ਕੌਰ ਐੱਨ. ਆਰ. ਆਈ. ਯੂਥ ਕਲੱਬ ਦੇ ਸਹਿਯੋਗ ਨਾਲ ਕਰਵਾਇਆ ਜਾਂਦਾ ਹੈ। ਮੇਲੇ ਵਿੱਚ ਪਹਿਲੇ ਦਿਨ ਘੋਲ ਤੇ ਕਬੱਡੀ ਵੇਖਣ ਯੋਗ ਸੀ। ਦੂਜੇ ਦਿਨ ਮਾਲੀ ਦੀ ਕੁਸ਼ਤੀ ਪਹਿਲਵਾਨ ਜੱਸਾ ਪੱਟੀ ਤੇ ਸੋਨੂ ਕਾਂਗੜਾ ਵਿਚਕਾਰ 30 ਮਿੰਟ ਦੇ ਕਰੀਬ ਚੱਲੀ ਅਤੇ ਅਖੀਰ ਵਿੱਚ ਜੱਸਾ ਪੱਟੀ ਨੇ ਕਿੰਨੂ ਨੂੰ ਚਿੱਤ ਕਰਕੇ ਮਾਲੀ ਦੀ ਕੁਸ਼ਤੀ ਆਪਣੇ ਨਾਂਅ ਕਰ ਲਈ ਅਤੇ ਕਬੱਡੀ ਟੀਮਾਂ ਵਿੱਚ ਬਾਹਠ ਸਾਹਿਬ ਯੂਥ ਕਲੱਬ ਤੇ ਹੁਸ਼ਿਆਰਪੁਰ ਦੀ ਟੀਮ ਵਿਚਕਾਰ ਫਸਵਾਂ ਮੁਕਾਬਲਾ ਹੋਇਆ ਅਤੇ ਬਾਹਠ ਸਾਹਿਬ ਦੀ ਟੀਮ ਪਹਿਲੇ ਨੰਬਰ ’ਤੇ ਰਹੀ। ਸੁਰਿੰਦਰ ਸਿੰਘ ਜੱਜ ਸਰਪੰਚ ਤੇ ਮੇਲਾ ਕਮੇਟੀ ਨੇ ਦੱਸਿਆ ਕਿ ਜੇਤੂ ਪਹਿਲਵਾਨ ਜੱਸਾ ਭੱਟੀ ਨੂੰ ਨਵਾਂ ਮੋਟਰਸਾਈਕਲ ਸਪਲੈਂਡਰ ਤੇ ਨਕਦ ਇਨਾਮ ਅਤੇ ਦੂਜੇ ਨੰਬਰ ਤੇ ਰਹਿਣ ਵਾਲੇ ਪਹਿਲਵਾਨ ਨੂੰ 50 ਹਜ਼ਾਰ ਰੁਪਏ ਦਿੱਤੇ ਹਨ। ਇਸੇ ਤਰ੍ਹਾਂ ਕਬੱਡੀ ਦੀ ਟੀਮ ਬਾਹਠ ਸਾਹਿਬ ਨੂੰ ਚੰਗਾ ਚੋਖਾ ਇਨਾਮ ਦਿੱਤਾ ਗਿਆ ਹੈ। ਅਖੀਰ ਵਿੱਚ ਪਹੁੰਚੀਆਂ ਸ਼ਖ਼ਸ਼ੀਅਤਾਂ ਦਾ ਵਿਸ਼ੇਸ਼ ਤੌਰ ’ਤੇ ਸਨਮਾਨ ਕੀਤਾ।




# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੀ ਅਹਿਮ ਮੀਟਿੰਗ

## *ਸਰਕਾਰ ਨੂੰ ਹੜ੍ਹ ਪੀੜਤਾਂ ਨੂੰ ਤੁਰੰਤ ਬਣਦਾ ਮੁਆਵਜ਼ਾ ਦੇਣ ਦੀ ਕੀਤੀ ਮੰਗ

ਚੋਹਲਾ ਸਾਹਿਬ (ਰਮਨ ਚੱਢਾ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਤਰਨ ਤਾਰਨ ਦੀ ਮੀਟਿੰਗ ਬਾਬਾ ਕਾਹਨ ਸਿੰਘ ਜੀ ਦੇ ਸਥਾਨਾਂ ਤੇ ਪਿੰਡ ਪਿੱਦੀ ਵਿਖੇ ਜ਼ਿਲ੍ਹਾ ਪ੍ਰਧਾਨ ਸਤਨਾਮ ਸਿੰਘ ਮਾਣੋਚਾਹਲ ਦੀ ਪ੍ਰਧਾਨਗੀ ਹੇਠ ਹੋਈ। ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾ ਅਤੇ ਸੂਬਾ ਆਗੂ ਤੇ ਜ਼ਿਲ੍ਹਾ ਸਕੱਤਰ ਹਰਜਿੰਦਰ ਸਿੰਘ ਸ਼ਕਰੀ ਨੇ ਕਿਹਾ ਕਿ ਪੰਜਾਬ ਦੇ ਕਿਸਾਨ ਪਹਿਲਾਂ ਹੀ ਕਰਜ਼ੇ ਦੀ ਮਾਰ ਹੇਠ ਆਣ ਕੇ ਖੁਦਕੁਸ਼ੀਆਂ ਕਰ ਰਹੇ ਹਨ। ਹੁਣ ਸਰਕਾਰ ਦੀ ਨਾਕਾਮੀ ਕਰਕੇ ਹੜ੍ਹਾਂ ਦੀ ਆਫਤ ਵਿੱਚ ਪੰਜਾਬ ਦੇ ਲਗਭਗ 12 ਜ਼ਿਲੇ ਪ੍ਰਭਾਵਿਤ ਹੋ ਗਏ ਹਨ ਜਿਸ ਵਿੱਚ ਲੱਖਾਂ ਏਕੜ ਫਸਲ ਤਬਾਹ ਹੋ ਗਈ ਹੈ । ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਘਰਾਂ ਤੋਂ ਬੇਘਰ ਹੋ ਗਏ ਹਨ। ਲੋਕਾਂ ਦੇ ਘਰ ਢੇਹ ਢੇਰੀ ਹੋ ਗਏ ਹਨ। ਪੁੱਤਰਾਂ ਵਾਂਗ ਪਾਲੀ ਫਸਲ ਖਰਾਬ ਹੋ ਗਈ ਹੈ। ਕਿਸਾਨ ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਹੜ ਪ੍ਰਭਾਵਿਤ ਖੇਤਰਾਂ ਵਿੱਚ 70 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ, ਪਾਣੀ ਵਿੱਚ ਡੁੱਬ ਕੇ ਮਰਨ ਵਾਲੇ ਦੁਧਾਰੂ ਪਸ਼ੂਆਂ ਅਤੇ ਗਰੀਬ ਲੋਕਾਂ ਦੇ ਢਹਿ ਚੁੱਕੇ ਮਕਾਨਾਂ ਦਾ ਵੱਧ ਤੋਂ ਵੱਧ ਮੁਆਵਜ਼ਾ ਮਿਲੇ। ਕਿਸਾਨ ਆਗੂਆਂ ਨੇ ਕਿਹਾ ਕਿ ਜੇਕਰ ਸਰਕਾਰ ਇਨ੍ਹਾਂ ਮੰਗਾ ਨੂੰ ਪੂਰੀਆਂ ਕਰਨ ਤੋਂ ਭੱਜਦੀ ਹੋਈ ਦਿਖਾਈ ਦਿੱਤੀ ਤਾਂ ਵੱਡੇ ਸੰਘਰਸ਼ ਕਰਕੇ ਲੋਕਾਂ ਨੂੰ ਉਨ੍ਹਾਂ ਦਾ ਬਣਦਾ ਹੱਕ ਦਵਾਇਆ ਜਾਵੇਗਾ। ਇਸ ਮੌਕੇ ਦਿਲਬਾਗ ਸਿੰਘ ਪਹੂਵਿੰਡ, ਨਿਰੰਜਨ ਸਿੰਘ ਬਗਰਾੜੀ, ਗੁਰਭੇਜ ਸਿੰਘ ਧਾਰੀਵਾਲ, ਗਿਆਨ ਸਿੰਘ ਚੋਹਲਾ ਖੁਰਦ, ਕੁਲਵੰਤ ਸਿੰਘ ਭੈਲ, ਸੁਖਵਿੰਦਰ ਸਿੰਘ ਦੁੱਗਲਵਾਲਾ, ਇਕਬਾਲ ਸਿੰਘ ਵੜਿੰਗ, ਸਤਨਾਮ ਸਿੰਘ ਖੋਜਕੀਪੁਰ, ਸਰਵਨ ਸਿੰਘ ਵਲੀਪੁਰ, ਸੁਖਚੈਨ ਸਿੰਘ ਅੱਲੋਵਾਲ, ਦਿਲਬੀਰ ਸਿੰਘ ਭੂਰਾ, ਮਨਜਿੰਦਰ ਸਿੰਘ ਗੋਹਲਵੜ, ਕੁਲਵਿੰਦਰ ਸਿੰਘ ਕੈਰੋਵਾਲ, ਸਲਵਿੰਦਰ ਸਿੰਘ ਜੀਓਬਾਲਾ, ਪਰਮਜੀਤ ਸਿੰਘ ਸ਼ੀਨਾ ਆਦਿ ਆਗੂ ਹਾਜ਼ਰ ਸਨ।



# ਰੋਟਰੀ ਕਲੱਬ ਆਸਥਾ ਵੱਲੋਂ ਢਹਿ ਚੁੱਕੇ ਘਰਾਂ ਦੀ ਮੁਰੰਮਤ ਲਈ 10-10 ਹਜ਼ਾਰ ਰੁਪਏ ਭੇਟ



ਅੰਮ੍ਰਿਤਸਰ (ਅਰੋੜਾ): ਰੋਟਰੀ ਕਲੱਬ ਆਸਥਾ ਵੱਲੋਂ ਪ੍ਰਧਾਨ ਇੰਜੀ. ਅਸ਼ੋਕ ਸ਼ਰਮਾ, ਸਕੱਤਰ ਸਰਬਜੀਤ ਸਿੰਘ ਦੀ ਪ੍ਰਧਾਨਗੀ ਵਿੱਚ ਇੱਕ ਸ਼ਲਾਘਾਯੋਗ ਪ੍ਰਾਜੈਕਟ ਨੂੰ ਅੰਜਾਮ ਦਿੰਦੇ ਹੋਏ ਪਿੰਡ ਰਈਆ ਦੇ ਨਜ਼ਦੀਕ ਅਤੇ ਰਾਜਾਸਾਂਸੀ ਦੇ ਨਜ਼ਦੀਕ ਮੂਸਲਾਧਾਰ ਬਾਰਿਸ਼ ਅਤੇ ਹੜ੍ਹ ਦੇ ਕਾਰਨ ਟੁੱਟ ਚੁੱਕੇ ਘਰਾਂ ਦੀ ਮੁਰੰਮਤ ਲਈ 10-10 ਹਜ਼ਾਰ ਰੁਪਏ ਦੀ ਰਾਸ਼ੀ ਹਰੇਕ ਪਰਿਵਾਰ ਨੂੰ ਭੇਟ ਕੀਤੀ ਗਈ। ਰੋਟਰੀ ਕਲੱਬ ਆਸਥਾ ਵੱਲੋਂ ਹੜ੍ਹ ਪੀੜਤਾਂ ਦੇ ਪਿੰਡਾਂ ਵਿੱਚ ਜਾ ਕੇ ਹਰ ਪ੍ਰਕਾਰ ਦੀ ਸਹਾਇਤਾ ਮੁਹੱਈਆ ਕਰਵਾਈ ਜਾਵੇਗੀ।ਇਸ ਮੌਕੇ ਬਲਦੇਵ ਮੰਨਨ, ਪਰਮਜੀਤ ਸਿੰਘ, ਰਜੇਸ਼ ਭਰਦਵਾਜ ਆਦਿ ਨੇ ਕਿਹਾ ਕਿ ਰੋਟਰੀ ਆਸਥਾ ਵੱਲੋਂ ਵਿਦਿਆਰਥੀਆਂ ਨੂੰ ਵੀ ਸਹਾਇਤਾ ਮੁਹੱਈਆ ਕਰਵਾਈ ਜਾ ਰਹੀ ਹੈ।

ਇਸ ਮੌਕੇ ਹਰਜਾਪ ਸਿੰਘ ਬੱਲ, ਐੱਚਐੱਸਜੋਗੀ, ਜਤਿੰਦਰ ਸਿੰਘ ਪੱਪੂ, ਹਰਦੇਸ਼ ਸ਼ਰਮਾ, ਕੇ. ਐਸ. ਚੱਠਾ, ਮਨਮੋਹਨ ਸਿੰਘ, ਡਾ. ਗਗਨਦੀਪ ਸਿੰਘ ਰਕੇਸ਼ ਕੁਮਾਰ, ਪ੍ਰਮੋਦ ਕਪੂਰ, ਵਿਨੋਦ ਕਪੂਰ, ਜੇ. ਐੱਸ. ਲਿਖਾਰੀ ਆਦਿ ਮੌਜੂਦ ਸਨ।

# ਨਾਜਾਇਜ਼ ਖੋਖੇ ਤੇ ਦੁਕਾਨਾਂ ਦੇ ਬਾਹਰ ਲੱਗੀਆਂ ਰੇਹੜੀਆਂ ਕਾਰਨ ਲੋਕ ਪਰੇਸ਼ਾਨ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਬੇਸ਼ੱਕ ਕਾਦੀਆਂ ਸ਼ਹਿਰ ਦੇ ਵਿੱਚ ਨਗਰ ਕੌਂਸਲ ਦੇ ਵੱਲੋਂ ਸਮੇਂ-ਸਮੇਂ ਸਿਰ ਨਾਲੀਆਂ ਦੀ ਸਫਾਈ ਕਰਵਾਈ ਜਾ ਰਹੀ ਹੈ ਪਰ ਕਾਦੀਆਂ ਸ਼ਹਿਰ ਦੇ ਛੋਟਾ ਬਿਜਲੀ ਘਰ ਚੌਂਕ ਅਤੇ ਹੋਰਨਾਂ ਵੱਖ-ਵੱਖ ਥਾਵਾਂ ਤੇ ਨਾਜਾਇਜ਼ ਤੌਰ ਤੇ ਦੁਕਾਨਦਾਰਾਂ ਦੇ ਵੱਲੋਂ ਲਗਾਏ ਗਏ ਖੋਖਿਆਂ ਦੇ ਕਾਰਨ ਅਤੇ ਦੁਕਾਨਾਂ ਦੇ ਬਾਹਰ ਲੱਗੀਆਂ ਰੇਹੜੀਆਂ ਦੇ ਕਾਰਨ ਨਾਲਿਆਂ ਨਾਲੀਆਂ ਦੀਆਂ ਸਫਾਈਆਂ ਨਾ ਹੋਣ ਕਾਰਨ ਨਾਲਿਆਂ ਤੇ ਨਾਲੀਆਂ ਬਲਾਕ ਹੋ ਗਈਆਂ ਹਨ ਜਿਸ ਕਾਰਨ ਲੋਕਾਂ ਨੂੰ ਭਾਰੀ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ।ਇਸ ਸਬੰਧੀ ਮੁਹੱਲਾ ਵਾਸੀਆਂ ਅਤੇ ਰਾਹਗੀਰਾਂ ਨੇ ਦੱਸਿਆ ਕਿ ਇਨ੍ਹਾਂ ਥਾਵਾਂ ਦੇ ਉਪਰ ਨਾਜਾਇਜ਼ ਤੌਰ ਤੇ ਲੱਗੇ ਖੋਖਿਆਂ ਦੇ ਥੱਲੇ ਨਾਲੀਆਂ ਦੀ ਸਫਾਈ ਨਾ ਹੋਣ ਕਾਰਨ ਨਾਲੇ ਨਾਲੀਆਂ ਬਲਾਕ ਹੋਏ ਹਨ ਜਿਸ ਕਾਰਨ ਪਾਣੀ ਸੜਕਾਂ ਦੇ ਉੱਤੇ ਜਮਾ ਹੋ ਜਾਂਦਾ ਅਤੇ ਨਾਲ ਹੀ ਥੋੜੀ ਜਿਹੀ ਬਰਸਾਤ ਦੇ ਕਾਰਨ ਜਦੋਂ -ਨਾਲੀਆਂ/ਨਾਲਿਆਂ ਦੇ ਵਿੱਚੋਂ ਪਾਣੀ ਨਹੀਂ ਗੁਜ਼ਰਦਾ ਤਾਂ ਪਾਣੀ ਲੋਕਾਂ ਦੀਆਂ ਗਲੀਆਂ ਤੱਕ ਪਹੁੰਚ ਜਾਂਦਾ ਅਤੇ ਇਹ ਗੰਦਾ ਪਾਣੀ ਲੋਕਾਂ ਦੇ ਘਰਾਂ ਤੱਕ ਵੀ ਵੜ ਜਾਂਦਾ ਹੈ। ਸਥਾਨਕ ਲੋਕਾਂ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਏਡੀਸੀ ਗੁਰਦਾਸਪੁਰ ਅਤੇ ਉੱਚ ਅਧਿਕਾਰੀਆਂ ਦੇ ਕੋਲੋਂ ਮੰਗ ਕੀਤੀ ਹੈ ਕਿ ਲਾਪਰਵਾਹੀ ਵਰਤਣ ਵਾਲੇ ਕਰਮਚਾਰੀਆਂ ਅਤੇ ਨਾਜਾਇਜ਼ ਤੌਰ ’ਤੇ ਖੋਖੇ ਅਤੇ ਰੇਹੜੀਆਂ ਲਗਾਉਣ ਵਾਲਿਆਂ ਦੇ ਉੱਪਰ ਸਖਤ ਕਾਰਵਾਈ ਕੀਤੀ ਜਾਵੇ ਤਾਂ ਜੋ ਭਵਿੱਖ ਦੇ ਵਿੱਚ ਕਦੇ ਵੀ ਸ਼ਹਿਰ ਦਾ ਕੋਈ ਵੀ ਨਾਲਾ ਨਾਲੀ ਬਲਾਕ ਨਾ ਹੋਵੇ।



# ਹੜ੍ਹ ਪੀੜਤਾਂ ਦੀ ਮਦਦ ਲਈ ਵੱਧ ਤੋਂ ਵੱਧ ਲੋਕਾਂ ਨੂੰ ਅੱਗੇ ਆਉਣ ਦੀ ਅਪੀਲ

**ਛੇਹਰਟਾ (ਮਨੋਜ ਕੁਮਾਰ)**-ਵਾਰਡ ਨੰਬਰ 77 ਦੇ ਕੌਂਸਲਰ ਪਤੀ ਸਤੀਸ਼ ਕੁਮਾਰ ਬਿੱਲੂ ਤੇ ਵਾਰਡ ਨੰਬਰ 80 ਦੇ ਕੌਂਸਲਰ ਰਮਨ ਰੰਮੀ ਨੇ ਹੜ੍ਹ ਪ੍ਰਭਾਵਿਤ ਲੋਕਾਂ ਲਈ ਜ਼ਰੂਰੀ ਸਾਮਾਨ ਭੇਜੇ ਜਾਣ ਲਈ ਇਲਾਕਾ ਵਾਸੀਆਂ ਦੇ ਉਪਰਾਲੇ ਦੀ ਭਰਪੂਰ ਸ਼ਲਾਘਾ ਕਰਦਿਆਂ ਕੁਦਰਤ ਦੀ ਮਾਰ ਹੇਠ ਆਏ ਪੀੜਤਾਂ ਦੀ ਮਦਦ ਲਈ ਹੋਰਨਾਂ ਨੂੰ ਵੀ ਅੱਗੇ ਆਉਣ ਦੀ ਅਪੀਲ ਕੀਤੀ ਹੈ। ਦੋਹਾਂ ਸੀਨੀਅਰ ਕਾਂਗਰਸੀ ਆਗੂਆਂ ਨੇ ਕਿਹਾ ਕਿ ਇਸ ਔਖੀ ਘੜੀ ਵਿਚ ਸਾਨੂੰ ਸਾਰਿਆਂ ਨੂੰ ਇਕਮੁੱਠਤਾ ਦਾ ਪ੍ਰਗਟਾਵਾ ਕਰਦਿਆਂ ਹੜ੍ਹ ਪੀੜਤਾਂ ਦੀ ਹਰ ਪ੍ਰਕਾਰ ਸਹਾਇਤਾ ਕਰਨੀ ਚਾਹੀਦੀ ਹੈ। ਉਨ੍ਹਾਂ ਇਸ ਉਪਰਾਲੇ ਲਈ ਐਂਟੀ ਕੁਰੱਪਸ਼ਨ ਆਫ ਇੰਡੀਆ (ਵਿਜੀਲੈਂਸ ਵਭਾਗ ਤੇ ਐਜੂਕੇਸ਼ਨ ਸੈੱਲ) ਦੀ ਕੌਮੀ ਮੀਤ ਪ੍ਰਧਾਨ ਡਾਕਟਰ ਪੂਜਾ ਪ੍ਰਭਾਕਰ ਦੀ ਵਿਸ਼ੇਸ਼ ਤੌਰ ਉਤੇ ਸ਼ਲਾਘਾ ਕੀਤੀ, ਜਿਨ੍ਹਾਂ ਦੀ ਪ੍ਰੇਰਣਾ ਸਦਕਾ ਇਸ ਕਾਰਜ ਲਈ ਇਲਾਕੇ ਦੇ ਹੋਰ ਲੋਕ ਵੀ ਅੱਗੇ ਆਏ ਹਨ। ਹੜ੍ਹ ਪ੍ਰਭਾਵਿਤ ਇਲਾਕਿਆਂ ਲਈ ਰਵਾਨਾ ਹੋਣ ਮੌਕੇ ਡਾਕਟਰ ਪੂਜਾ ਪ੍ਰਭਾਕਰ ਨੇ ਦੱਸਿਆ ਕਿ ਉਹ ਪੀਣ ਵਾਲੇ ਪਾਣੀ ਦੀਆਂ ਬੋਤਲਾਂ, ਭੋਜਨ ਦੇ ਪੈਕਟ, ਕੱਪੜੇ, ਚੱਪਲਾਂ, ਦਵਾਈਆਂ ਤੇ ਡਾਕਟਰੀ ਸਹਾਇਤਾ ਦਾ ਹੋਰ ਸਾਮਾਨ ਹੜ੍ਹ ਪੀੜਤਾਂ ਨੂੰ ਵੰਡਣ ਲਈ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਕੰਮ ਵਿੱਚ ਉਨ੍ਹਾਂ ਦਾ ਸਹਿਯੋਗ ਕਾਰੋਬਾਰੀ ਸੂਰਜ ਪ੍ਰਕਾਸ਼, ਸੁਖਜਿੰਦਰ ਸੁੱਖ ਬੁਟੀਕ, ਦੀਪਕ ਸ਼ਰਮਾ, ਬੇਅੰਤ ਕੌਰ, ਦਰਸ਼ਨ ਰਾਣੀ, ਮਨਜੀਤ ਕੁਮਾਰ ਆਦਿ ਨੇ ਕੀਤਾ। ਉਨ੍ਹਾਂ ਕਿਹਾ ਕਿ ਇਲਾਕਾ ਵਾਸੀਆਂ ਦੇ ਸਹਿਯੋਗ ਨਾਲ ਹੜ੍ਹ ਪੀੜਤਾਂ ਦੀ ਮਦਦ ਲਈ ਇਸ ਤਰ੍ਹਾਂ ਦੇ ਉਪਰਾਲੇ ਭਵਿੱਖ ਵਿਚ ਵੀ ਜਾਰੀ ਰਹਿਣਗੇ।



# ਆੜ੍ਹਤੀ ਐਸੋਸੀਏਸ਼ਨ ਜੰਡਿਆਲਾ ਗੁਰੂ ਦੀ ਝੋਨੇ ਦੇ ਸੀਜ਼ਨ ਨੂੰ ਲੈ ਕੇ ਮਹੱਤਵਪੂਰਨ ਮੀਟਿੰਗ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ): ਸੁਨੀਲ ਪਾਸੀ ਪ੍ਰਧਾਨ ਆੜ੍ਹਤੀ ਐਸੋਸੀਏਸ਼ਨ ਦੀ ਪ੍ਰਧਾਨਗੀ ਹੇਠ ਮੰਡੀ ਜੰਡਿਆਲਾ ਗੁਰੂ ਵਿਚ ਆੜ੍ਹਤੀ ਐਸੋਸੀਏਸ਼ਨ ਦੀ ਮਹੱਤਵਪੂਰਨ ਮੀਟਿੰਗ ਹੋਈ ਜਿਸ ਵਿੱਚ ਆਉਣ ਵਾਲੇ ਝੋਨੇ ਦੇ ਸੀਜ਼ਨ ਸਬੰਧੀ ਵਿਚਾਰ ਵਟਾਂਦਰੇ ਹੋਏ। ਮੀਟਿੰਗ ਵਿੱਚ ਮੰਡੀ ਵਿੱਚ ਸੀਜ਼ਨ ਦੌਰਾਨ ਝੋਨੇ ਦੀਆਂ ਟਰਾਲੀਆਂ ਲਿਆਉਣ ਦਾ ਸਮਾਂ ਸਵੇਰੇ 4 ਵਜੇ ਤੋਂ ਲੈ ਕੇ 11 ਵਜੇ ਤੱਕ ਨਿਯਤ ਕੀਤਾ ਗਿਆ। ਇਸ ਤੋਂ ਇਲਾਵਾ ਖਰੀਦਦਾਰਾਂ ਨੂੰ ਪੁਰਾਣੀਆਂ ਪੇਮੈਂਟਾਂ ਅਤੇ ਵਿਆਜ ਸਮੇਂ ਸਿਰ ਦੇਣ ਬਾਰੇ ਕਿਹਾ ਗਿਆ। ਖਰੀਦਦਾਰਾਂ ਨੂੰ ਸਖਤ ਹਦਾਇਤ ਕੀਤੀ ਗਈ ਕਿ ਨਵੇਂ ਝੋਨੇ ਦੀਆਂ ਪੇਮੈਂਟ ਨਾਲ ਦੇ ਨਾਲ ਕੀਤੀ ਜਾਵੇ ਤਾਂ ਜੋ ਕਿਸਾਨ ਨੂੰ ਕੋਈ ਮੁਸ਼ਕਿਲ ਨਾ ਆਵੇ।

ਇਸ ਤੋਂ ਬਿਨਾਂ ਉਨ੍ਹਾਂ ਨੇ ਦੱਸਿਆ ਕਿ ਮੰਡੀ ਵਿੱਚ ਆੜ੍ਹਤੀ ਦੇ ਸਹਿਯੋਗ ਨਾਲ ਸਾਰੀ ਮੰਡੀ ਵਿੱਚ ਕੈਮਰੇ ਲਾਏ ਜਾ ਰਹੇ ਹਨ ਤਾਂ ਜੋ ਚੋਰੀ ਜਾਂ ਕੋਈ ਜੁਰਮ ਨੂੰ ਨੱਥ ਪਾਈ ਜਾ ਸਕੇ । ਮੀਟਿੰਗ ਵਿੱਚ ਆਈ ਜੰਡਿਆਲਾ ਗੁਰੂ ਸ਼ੈਲਰ ਐਸੋਸੀਏਸ਼ਨ ਦੇ ਪ੍ਰਧਾਨ ਸੁਰਜੀਤ ਸਿੰਘ ਕੰਗ, ਜ਼ਿਲਾ ਪ੍ਰਧਾਨ ਰਜਿੰਦਰ ਸਲਵਾਨ ਅਤੇ ਸਮੂਹ ਸ਼ੈਲਰ ਵਾਲਿਆਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਮਨਜਿੰਦਰ ਸਿੰਘ ਸਰਜਾ, ਜਥੇਦਾਰ ਮਹਿੰਦਰ ਸਿੰਘ ਛੱਜਲਵੱਡੀ, ਰਮਨ ਕੁਮਾਰ ਬੱਸੀ, ਰਕੇਸ਼ ਕੁਮਾਰ ਗੋਲਡੀ, ਮੋਹਿਤ ਮਿਗਲਾਨੀ, ਪ੍ਰਗਟ ਸਿੰਘ, ਅਮਨਦੀਪ ਸਿੰਘ, ਮਨਪ੍ਰੀਤ ਸੈਕਟਰੀ, ਰਣਜੀਤ ਸਿੰਘ ਸੈਕਟਰੀ, ਗੁਰਪ੍ਰੀਤ ਸਿੰਘ ਸਾਭਾ, ਹਰਪ੍ਰੀਤ ਸਿੰਘ ਹੈਪੀ, ਬਲਜੀਤ ਸਿੰਘ, ਸੁਰਿੰਦਰ ਸੇਠ, ਬਿਕਰਮਜੀਤ ਕਾਲੜਾ, ਰਣਜੀਤ ਸਿੰਘ ਕਾਲੜਾ, ਸੁਦੀਪ ਸਿੰਘ, ਕੁਲਦੀਪ ਸਿੰਘ, ਅਮਰਜੀਤ ਸਿੰਘ, ਨਿਸ਼ਾਨ ਸਿੰਘ, ਰਜਿੰਦਰ ਕੁਮਾਰ, ਸੋਨੂੰ ਢਿੱਲੋਂ, ਸੌਰਵ ਜੈਨ ਆਦਿ ਹੋਰ ਪਾਰਟੀ ਮੈਂਬਰ ਹਾਜ਼ਰ ਸਨ।



# ਹੜ੍ਹ ਪੀੜਤਾਂ ਨੂੰ ਰਾਹਤ ਸਮੱਗਰੀ ਵੰਡੀ

ਛੇਹਰਟਾ, (ਮਨੋਜ ਕੁਮਾਰ) ਸੀਪੀਆਈ (ਐਮ) ਦਫ਼ਤਰ ਪੁਤਲੀਘਰ ਵਿਖੇ ਜਨਤਕ ਜਥੇਬੰਦੀਆਂ ਵੱਲੋਂ ਹੜ੍ਹ ਪੀੜਤਾਂ ਨੂੰ ਰਾਹਤ ਸਮੱਗਰੀ ਦੀ ਵੰਡ ਕੀਤੀ ਗਈ। ਇਸ ਮੌਕੇ ਹੜ੍ਹ ਪ੍ਰਭਾਵਿਤ ਪਿੰਡਾਂ ਦੇ ਲੋੜਵੰਦ ਪਰਿਵਾਰਾਂ ਨੂੰ ਤਰਪਾਲਾਂ, ਆਟਾ, ਮੱਛਰ ਮਾਰਨ ਲਈ ਆਲ ਆਊਟ, ਬਿਸਕੁੱਟ, ਰਸ, ਮੈਗੀ ਆਦਿ ਦੀ ਵੰਡ ਕੀਤੀ ਗਈ। ਇਸ ਮੌਕੇ ਪੀੜਤ ਪਰਿਵਾਰਾਂ ਨੇ ਦੱਸਿਆ ਕਿ ਵੱਡੇ ਪੱਧਰ ਤੇ ਪਾਣੀ ਘੱਟ ਰਿਹਾ ਹੈ। ਉਨ੍ਹਾਂ ਦਾ ਘਰ ਦਾ ਸਾਮਾਨ ਰੁੜ੍ਹ ਗਿਆ ਜਿਸ ਕਰ ਕੇ ਉਨ੍ਹਾਂ ਨੂੰ ਬਿਸਤਰਿਆਂ ਤੇ ਮੱਛਰਦਾਨੀਆਂ ਦੀ ਲੋੜ ਹੈ ਜਿਸ ਨੂੰ ਛੇਤੀ ਤੋਂ ਛੇਤੀ ਪੂਰੀ ਕਰਨ ਦਾ ਵਾਅਦਾ ਕੀਤਾ ਗਿਆ। ਸੀਟੂ ਦੇ ਸੂਬਾਈ ਵਿੱਤ ਸਕੱਤਰ ਕਾਮਰੇਡ ਸੁੱਚਾ ਸਿੰਘ ਅਜਨਾਲਾ ਨੇ ਦੱਸਿਆ ਕਿ ਸੀਟੂ, ਜਨਵਾਦੀ ਇਸਤਰੀ ਸਭਾ, ਕੁੱਲ ਹਿੰਦ ਕਿਸਾਨ ਸਭਾ ਤੇ ਕੁੱਲ ਹਿੰਦ ਖੇਤ ਮਜ਼ਦੂਰ ਸਭਾ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਲਈ ਉਪਰਾਲੇ ਕੀਤੇ ਜਾ ਰਹੇ ਹਨ। ਜੋ ਵੀ ਹੜ੍ਹ ਪੀੜਤ ਉਨ੍ਹਾਂ ਕੋਲ ਰਾਹਤ ਸਮੱਗਰੀ ਦੀ ਮੰਗ ਕਰਦੇ ਹਨ, ਉਨ੍ਹਾਂ ਤਕ ਮੰਗ ਅਨੁਸਾਰ ਰਾਹਤ ਸਮੱਗਰੀ ਪਹੁੰਚਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਆਉਣ ਵਾਲੇ ਦਿਨਾਂ ਵਿਚ ਵੀ ਇਸੇ ਤਰ੍ਹਾਂ ਰਾਹਤ ਸਮੱਗਰੀ ਦੀ ਵੰਡ ਕੀਤੀ ਜਾਵੇਗੀ। ਇਸ ਮੌਕੇ ਜਨਵਾਦੀ ਇਸਤਰੀ ਸਭਾ ਦੀ ਜ਼ਿਲ੍ਹਾ ਜਨਰਲ ਸਕੱਤਰ ਐਡਵੋਕੇਟ ਕਵਲਜੀਤ ਕੌਰ, ਐਡਵੋਕੇਟ ਨਵਜੀਤ ਸਿੰਘ ਟੁਰਨਾ, ਐਡਵੋਕੇਟ ਗਗਨਦੀਪ ਸਿੰਘ, ਕੁੱਲ ਹਿੰਦ ਕਿਸਾਨ ਸਭਾ ਵੱਲੋਂ ਸੁਵਿੰਦਰ ਸਿੰਘ ਮੀਰਾਂਕੋਟ, ਸੀਟੂ ਵੱਲੋਂ ਕਾਮਰੇਡ ਚਰਨਜੀਤ ਸਿੰਘ ਮਜੀਠਾ, ਤਰਸੇਮ ਸਿੰਘ ਟਪਿਆਲਾ, ਗੁਰਦੀਪ ਸਿੰਘ ਬੁਤਾਲਾ, ਨਰਿੰਦਰ ਪਾਲ ਚਮਿਆਰੀ, ਕਿਰਪਾ ਰਾਮ, ਜਸਪਾਲ ਸ਼ਰਮਾ, ਪ੍ਰੇਮ ਬਿਲਾਸ ਪਰਾਸ਼ਰ, ਸੁਖਦੇਵ ਬਰੀਕੀ ਆਦਿ ਸਾਥੀ ਹਾਜ਼ਰ ਸਨ।



# ਸ੍ਰੀ ਗੁਰੂ ਅਮਰ ਦਾਸ ਜੀ ਦੇ 451ਵੇਂ ਜੋਤੀ ਜੋਤਿ ਦਿਵਸ ਨੂੰ ਸਮਰਪਤ ਸ੍ਰੀ ਗੋਇੰਦਵਾਲ ਸਾਹਿਬ ਵਿਸ਼ੇਸ਼ ਸਪਲੀਮੈਂਟ

ਸੰਦੇਸ਼

ਸ੍ਰੀ ਗੁਰੂ ਅਮਰ ਦਾਸ ਜੀ ਦੇ ਜੋਤੀ ਜੋਤਿ ਸਮਾਗਮ ਮੌਕੇ ਅਦਾਰਾ ਨਵਾਂ ਜ਼ਮਾਨਾ ਦੇ ਪੱਤਰਕਾਰ ਕਾਬਲ ਸਿੰਘ ਮੱਲ੍ਹੀ ਵੱਲੋਂ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕਰਨਾ ਸ਼ਲਾਘਾਯੋਗ ਉਪਰਾਲਾ ਹੈ

ਕੁਲਦੀਪ ਸਿੰਘ ਔਲਖ | ਗੁਲਵਿੰਦਰ ਸਿੰਘ ਰਾਏ | ਸੁਖਵਿੰਦਰ ਸਿੰਘ | ਸੀਮਰਜੀਤ ਕੌਰ ਸੰਧੂ




ਸ੍ਰੀ ਗੁਰੂ ਅਮਰ ਦਾਸ ਜੀ ਦੇ 451ਵੇਂ ਜੋਤੀ ਜੋਤਿ ਸਮਾਗਮ ਮੌਕੇ ਪਹੁੰਚ ਰਹੀਆਂ ਸੰਗਤਾਂ ਦਾ ਹਾਰਦਿਕ ਸਵਾਗਤ

ਮੱਲ੍ਹੀ ਇਲੈਕਟ੍ਰੋਨਿਕਸ
ਇੱਥੇ ਹਰ ਤਰ੍ਹਾਂ ਦਾ ਇਲੈਕਟ੍ਰੋਨਿਕ ਦਾ ਸਮਾਨ ਬਾਜ਼ਾਰ ਨਾਲੋਂ ਸਸਤਾ ਅਤੇ ਅਸਾਨ ਕਿਸ਼ਤਾਂ 'ਤੇ ਮਿਲਦਾ ਹੈ।
ਮੋਬਾ. 98766-42557
ਡਾ. ਮਨਜੀਤ ਸਿੰਘ ਮੱਲ੍ਹੀ

ਬਾਬਾ ਬਿਸ਼ਨ ਸਿੰਘ ਕੀਰਤਨ ਸਿੰਘ ਮੈਮੋਰੀਅਲ ਸਕੂਲ ਢੋਟਾ (ਤਰਨ ਤਾਰਨ)
ਮਾਨਤਾ ਪ੍ਰਾਪਤ ਨੰ. (97)1185
ਇਲਾਕੇ ਦੇ ਸਕੂਲਾਂ ਨਾਲੋਂ ਘੱਟ ਖਰਚ ਵੱਧ ਮਿਹਨਤ, ਤਜਰਬੇਕਾਰ ਮਿਹਨਤੀ ਸਟਾਫ਼, ਪੈਨਸਲ, ਰਬੜ ਸ਼ਾਪਨਰ ਫਰੀ
ਕੀਰਤਨ ਫਰੀ ਸਿਖਾਇਆ ਜਾਂਦਾ ਹੈ।
ਜਾਰੀ ਕਰਤਾ : ਪ੍ਰਿੰਸੀਪਲ ਡੀ ਕੇ ਰੰਧਾਵਾ
ਬਾਬਾ ਬਿਸ਼ਨ ਸਿੰਘ | ਕੀਰਤਨ ਸਿੰਘ

ਖ਼ਾਲਸਾ ਪੰਜਾਬ ਪ੍ਰਿੰਟਿੰਗ ਪ੍ਰੈਸ
ਬਈਪਾਸ ਚੌਕ, ਸ੍ਰੀ ਗੋਇੰਦਵਾਲ ਸਾਹਿਬ (ਤਰਨ ਤਾਰਨ)
ਮੋਬਾ. 98720-75660
ਸ. ਰਣਜੀਤ ਸਿੰਘ

ਅਨਮੋਲ ਫੋਟੋ ਸਟੇਟ
ਫਤਿਆਬਾਦ
ਇੱਥੇ ਹਰ ਤਰ੍ਹਾਂ ਦੇ ਫਾਰਮ ਭਰਵਾਉਣ ਅਤੇ ਫੋਟੋ ਸਟੇਟ ਕਰਾਉਣ ਲਈ ਸੰਪਰਕ ਕਰੋ।
ਮੋਬਾ. 98155-11850
ਸੁਖਵਿੰਦਰ ਸਿੰਘ

ਸ੍ਰੀ ਗੁਰੂ ਅਮਰ ਦਾਸ ਜੀ ਦੇ 451ਵੇਂ ਜੋਤੀ ਜੋਤਿ ਸਮਾਗਮ ਮੌਕੇ ਪਹੁੰਚ ਰਹੀਆਂ ਸੰਗਤਾਂ ਦਾ ਹਾਰਦਿਕ ਸਵਾਗਤ
ਵੱਲੋਂ
ਗੁਰਦੁਆਰਾ ਲੰਗਰ ਹਾਲ ਕਮੇਟੀ ਤੇ ਸਮੂਹ ਸਾਧ ਸੰਗਤ ਪਿੰਡ ਹੰਸਾਵਾਲਾ

ਪ੍ਰਤਾਪ ਇੰਸ਼ੋਰੈਂਸ ਪੁਆਇੰਟ
ਫੋਨ. 98723-04008, 96534-31414
ਪ੍ਰਤਾਪ ਸਿੰਘ ਪੰਜਾਬੀ

ਤੁਹਾਡੇ ਬੱਚਿਆਂ ਦੇ ਉਜਵਲ ਭਵਿੱਖ ਲਈ
ਗੁਰੂ ਨਾਨਕ ਪਬਲਿਕ ਸੀਨੀਅਰ ਸੈਕੰਡਰੀ ਸਕੂਲ
ਸ੍ਰੀ ਗੋਇੰਦਵਾਲ ਸਾਹਿਬ ਜ਼ਿਲ੍ਹਾ ਤਰਨ ਤਾਰਨ
ਦਾਖ਼ਲਾ ਸ਼ੁਰੂ ਹੈ
(ਨਰਸਰੀ ਤੋਂ ਬਾਰ੍ਹਵੀਂ ਤੱਕ)
ਮੈਡੀਕਲ, ਨਾਨ ਮੈਡੀਕਲ, ਕਾਮਰਸ, ਆਰਟਸ ਦੀਆਂ ਕਲਾਸਾਂ ਸ਼ੁਰੂ
ਕੁਲਦੀਪ ਸਿੰਘ ਔਲਖ ਚੇਅਰਮੈਨ | ਸ਼੍ਰੀਮਤੀ ਬਲਜੀਤ ਕੌਰ ਪ੍ਰਿੰਸੀਪਲ
ਸੰਪਰਕ : 99155-00065, 98761-18145

ਗੁਲਵਿੰਦਰ ਸਿੰਘ ਰਾਏ
ਸੀਨੀਅਰ ਮੀਤ ਪ੍ਰਧਾਨ ਜ਼ਿਲ੍ਹਾ ਕਾਂਗਰਸ ਕਮੇਟੀ
ਮੋਬਾ. 98723-93151

ਗੋਲਡੀ ਫੋਟੋ ਸਟੇਟ, ਗੋਇੰਦਵਾਲ ਸਾਹਿਬ
ਗੁਰਵਿੰਦਰ ਸਿੰਘ ਗੋਲਡੀ
98769-04814

ਗੁਰ ਕ੍ਰਿਪਾ ਕਰਿਆਨਾ ਸਟੋਰ
ਹਰ ਤਰ੍ਹਾਂ ਦਾ ਸਾਫ਼ ਸੁਥਰਾ ਅਤੇ ਕੰਪਨੀਆਂ ਦਾ ਡੱਬੇ ਬੰਦ ਕਰਿਆਨਾ ਸਾਮਾਨ ਬਾਜ਼ਾਰ ਨਾਲੋਂ ਸਸਤਾ ਤੇ ਵਧੀਆ ਮਿਲਦਾ ਹੈ।
ਫੋਨ. 84270-28270

ਐਡਵੋਕੇਟ ਹਰਜਿੰਦਰ ਸਿੰਘ
ਹਰ ਤਰ੍ਹਾਂ ਦੀ ਕਾਨੂੰਨੀ ਸਲਾਹ ਲੈਣ ਅਤੇ ਡਾਕੂਮੈਂਟ ਬਣਾਉਣ ਲਈ ਸੰਪਰਕ ਕਰੋ
ਮੋਬਾ. 98156-13664

ਸ੍ਰੀ ਗੁਰੂ ਅਮਰ ਦਾਸ ਜੀ ਦੇ 451ਵੇਂ ਜੋਤੀ ਜੋਤਿ ਸਮਾਗਮ ਮੌਕੇ ਪਹੁੰਚ ਰਹੀਆਂ ਸੰਗਤਾਂ ਦਾ ਹਾਰਦਿਕ ਸਵਾਗਤ
ਜਗਰੂਪ ਸਿੰਘ ਵਿਰਕ | ਸੁਖਦੀਪ ਸਿੰਘ

ਬਾਵਾ ਹਰਪ੍ਰੀਤ ਸਿੰਘ ਮਿਨਾ
ਸਥਾਨਕ ਨੌਜਵਾਨ ਆਗੂ
ਫੋਨ. 98769-04670

ਪੁਖਰਾਜ ਕਿਸਾਨ ਸੇਵਾ ਕੇਂਦਰ
ਇੰਡੀਅਨ ਆਇਲ ਪੈਟਰੋਲ ਪੰਪ
ਸ੍ਰੀ ਗੋਇੰਦਵਾਲ ਸਾਹਿਬ
(ਮੋਬਾ. 98159-56153)

ਮਹਾਰਾਜਾ ਗੈਸ ਸਰਵਿਸ ਗੋਇੰਦਵਾਲ ਸਾਹਿਬ
Indane
ਸੰਪਰਕ 97811-66641, 97813-66641
ਜਾਰੀ ਕਰਤਾ : ਕਾਬਲ ਸਿੰਘ ਮੱਲ੍ਹੀ ਮੈਨੇਜਰ

ਵਾਹਿਗੁਰੂ ਇੰਟਰਪ੍ਰਾਈਜ਼ਜ਼
ਸ੍ਰੀ ਗੋਇੰਦਵਾਲ ਸਾਹਿਬ
Canada ,Australia , Europe ,USA ਅਤੇ UK
Rajwinder Singh
Visa expert
ਸਾਰੇ ਪੈਸੇ ਵੀਜ਼ਾ ਲੱਗਣ ਤੋਂ ਬਾਅਦ ਲਏ ਜਾਂਦੇ ਹਨ
We specialize in immigration services and offer IELTS, PTE, and spoken English classes to make the process easy and straightforward.
Opp. Govt. S.S.School,Main Road Goindwal Sahib, Distt. Tarn-Taran,Punjab,NDIA
98046-93000, 97104-93000

ਧੰਨਵਾਦ
ਮੈਂ ਉਨ੍ਹਾਂ ਸੱਜਣਾਂ-ਮਿੱਤਰਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦੇ ਹਾਂ, ਜਿਨ੍ਹਾਂ ਨੇ ਮੈਨੂੰ ਸਪਲੀਮੈਂਟ ਦੇ ਕੇ ਭਰਵਾਂ ਸਹਿਯੋਗ ਦਿੱਤਾ ਅਤੇ ਅੱਗੇ ਤੋਂ ਵੀ ਆਸ ਕਰਦਾ ਹਾਂ ਕਿ ਇਸੇ ਤਰ੍ਹਾਂ ਸਹਿਯੋਗ ਕਰਦੇ ਰਹਿਣਗੇ।
ਕਾਬਲ ਸਿੰਘ ਮੱਲ੍ਹੀ
ਪੱਤਰਕਾਰ ਸ੍ਰੀ ਗੋਇੰਦਵਾਲ ਸਾਹਿਬ, ਮੋਬਾ. 99142-36641

ਦਾਸ ਮੋਟਰਜ਼
ਮਾਰੂਤੀ ਦੇ ਆਥੋਰਾਈਜ਼ਡ ਸਰਵਿਸ ਸਟੇਸ਼ਨ : ਇੱਥੇ ਹਰ ਤਰ੍ਹਾਂ ਦੀਆਂ ਗੱਡੀਆਂ ਦੀ ਸਰਵਿਸ ਅਤੇ ਰਿਪੇਅਰ ਤਸੱਲੀਬਖ਼ਸ਼ ਕੀਤੀ ਜਾਂਦੀ ਹੈ।
ਫੋਨ. 98556-87121
ਗੁਰਜੀਤ ਸਿੰਘ ਸੈਣੀ


## ਭਾਖੜਾ ਡੈਮ 'ਚ ਪਾਣੀ ਦਾ ਪੱਧਰ ਘਟਿਆ : ਹਰਜੋਤ ਬੈਂਸ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਆਪਣੇ ਵਿਧਾਨ ਸਭਾ ਹਲਕੇ ਸ੍ਰੀ ਅਨੰਦਪੁਰ ਸਾਹਿਬ ਦੇ ਪਿੰਡ ਹਰੀਵਾਲ ਵਿੱਚ ਕਮਜ਼ੋਰ ਹੋਏ ਸਤਲੁਜ ਬੰਨ੍ਹ ਨੂੰ ਮਜਬੂਤ ਕਰਨ ਦੇ ਚੱਲ ਰਹੇ ਕੰਮ ਵਿਚ ਹੋਰ ਤੇਜੀ ਲਿਆਉਣ ਦੇ ਨਿਰਦੇਸ਼ ਦਿੱਤੇ ਗਏ ਅਤੇ ਕਿਹਾ ਕਿ ਅਧਿਕਾਰੀ ਤੇ ਸਾਡੀਆਂ ਟੀਮਾਂ ਹਰ ਸਮੇ ਇੱਥੇ ਮੋਜੂਦ ਹਨ, ਕਿਸੇ ਵੀ ਇਲਾਕਾ ਵਾਸੀ ਨੂੰ ਕੋਈ ਵੀ ਪ੍ਰੇਸ਼ਾਨੀ ਨਹੀ ਆਉਣ ਦਿੱਤੀ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਜੰਮਬੋ ਬੈਗ ਮੰਗਵਾ ਰਹੇ ਹਾਂ, ਤੇ ਸਾਡੇ ਵਲੰਟੀਅਰ ਹਰ ਉਸ ਸਥਾਨ ਤੇ ਸੇਵਾ ਕਰ ਰਹੇ ਹਨ, ਜਿੱਥੇ ਕਿਸੇ ਵੀ ਤਰਾਂ ਦੇ ਇਲਾਕੇ ਦੇ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ, ਸਭ ਦੇ ਸਹਿਯੋਗ ਨਾਲ ਇਹ ਕੰਮ ਜਲਦੀ ਪੂਰਾ ਕਰ ਲਿਆ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਜੰਬੋ ਬੈਗਾਂ ਨਾਲ ਦਰਿਆ ਦੇ ਕੰਢਿਆਂ ਨੂੰ ਮਜਬੂਤ ਕੀਤਾ ਜਾ ਰਿਹਾ ਹੈ।ਉਨ੍ਹਾਂ ਨੇ ਦੱਸਿਆ ਕਿ ਭਾਖੜਾ ਡੈਮ ਦਾ ਪੱਧਰ ਹੁਣ 1678.66 ਆ ਗਿਆ ਹੈ ਜਦੋ ਕਿ ਕੱਲ 1679.05 ਸੀ, ਲਗਭਗ ਅੱਧਾ ਫੁੱਟ ਘੱਟ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਅਗਲੇ ਕੁਝ ਦਿਨਾਂ ਵਿਚ ਬਰਸਾਤ ਪਹਿਲਾਂ ਨਾਲੋ ਘੱਟ ਹੈ, ਹਰ ਜਗ੍ਹਾ ਮੌਸਮ ਠੀਕ ਹੋਣ ਦਾ ਅਨੁਮਾਨ ਹੈ, ਇਹ ਇੱਕ ਰਾਹਤ ਵਾਲੀ ਖਬਰ ਹੈ। ਉਨ੍ਹਾ ਦੱਸਿਆ ਅਸੀ ਲਗਾਤਾਰ ਹਾਲਾਤ ਤੇ ਨਜ਼ਰ ਰੱਖ ਰਹੇ ਹਾਂ, ਪਿਛਲੇ ਕਈ ਦਿਨਾਂ ਤੋ ਆਪਣੇ ਵਰਕਰਾਂ ਨਾਲ ਗਰਾਉਡ ਤੇ ਪਹੁੰਚ ਕੇ ਰਾਹਤ ਤੇ ਬਚਾਅ ਕਾਰਜ ਤੇਜ ਕਰਵਾਏ ਹਨ, ਕਿਸੇ ਵੀ ਤਰਾਂ ਦੇ ਜਾਨੀ ਨੁਕਸਾਨ ਤੋ ਬਚਾਅ ਰਿਹਾ ਹੈ। ਉਨ੍ਹਾਂ ਕਿਹਾ ਕਿ ਜਿੱਥੇ ਵੀ ਕਿਤੇ ਜ਼ਰੂਰਤ ਹੈ ਸਾਡੇ ਆਪ ਵਲੰਟੀਅਰ ਪੂਰੀ ਮਿਹਨਤ ਤੇ ਲਗਨ ਨਾਲ ਕੰਮ ਕਰ ਰਹੇ ਹਨ, ਅਸੀ ਇੱਕ ਹੈਲਪ ਲਾਈਨ ਨੰਬਰ ਜਾਰੀ ਕੀਤਾ ਹੈ ਜਿਸ ਦਾ ਨੰ:87279-62441 ਹੈ। ਹਰ ਲੋੜਵੰਦ ਦੀ ਮਦਦ ਕੀਤੀ ਜਾ ਰਹੀ ਹੈ।

## ਐੱਲ ਪੀ ਯੂ ਭਾਰਤ ਦੀਆਂ ਸਾਰੀਆਂ ਸਰਕਾਰੀ ਤੇ ਪ੍ਰਾਈਵੇਟ ਯੂਨੀਵਰਸਿਟੀਆਂ 'ਚੋਂ 31ਵੇਂ ਸਥਾਨ 'ਤੇ

**ਜਲੰਧਰ (ਸ਼ੈਲੀ ਐਲਬਰਟ)**- ਸਿੱਖਿਆ ਮੰਤਰਾਲੇ ਨੇ ਰਾਸ਼ਟਰੀ ਸੰਸਥਾਗਤ ਰੈਂਕਿੰਗ ਫਰੇਮਵਰਕ ( ਐਨ ਆਈ ਆਰ ਐਫ) ਇੰਡੀਆ ਰੈਂਕਿੰਗ 2025 ਦਾ ਐਲਾਨ ਕੀਤਾ ਹੈ, ਜਿਸ ਵਿੱਚ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲ ਪੀ ਯੂ ) ਨੂੰ ਦੇਸ਼ ਦੇ ਸਾਰੇ ਸਰਕਾਰੀ ਅਤੇ ਪ੍ਰਾਈਵੇਟ ਸੰਸਥਾਨਾਂ ਵਿੱਚੋਂ 31ਵਾਂ ਸਥਾਨ ਮਿਲਿਆ ਹੈ। ਦੇਸ਼ ਦੇ ਸਿਖਰ 'ਤੇ ਇਹ ਨਿਰੰਤਰ ਸਥਿਤੀ ਐਲ ਪੀ ਯੂ ਨੂੰ ਭਵਿੱਖ ਲਈ ਇੱਕ ਮਹੱਤਵਪੂਰਨ ਅਕਾਦਮਿਕ ਸੰਸਥਾ ਵਜੋਂ ਸਥਾਪਿਤ ਕਰਦੀ ਹੈ। ਵੱਖ-ਵੱਖ ਵਿਸ਼ਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ, ਐਲ ਪੀ ਯੂ ਨੇ ਸਾਰੀਆਂ ਸ਼੍ਰੇਣੀਆਂ ਵਿੱਚ ਉੱਤਮ ਰੈਂਕਿੰਗ ਪ੍ਰਾਪਤ ਕੀਤੀ ਹੈ। ਫਾਰਮੇਸੀ 13ਵੇਂ, ਖੇਤੀਬਾੜੀ ਅਤੇ ਸਹਾਇਕ ਖੇਤਰ 17ਵੇਂ, ਆਰਕੀਟੈਕਚਰ ਅਤੇ ਪਲੇਨਿੰਗ 24ਵੇਂ, ਕਾਨੂੰਨ 26ਵੇਂ, ਮੈਨੇਜਮੈਂਟ 44ਵੇਂ ਅਤੇ ਇੰਜੀਨੀਅਰਿੰਗ 48ਵੇਂ ਸਥਾਨ 'ਤੇ ਹੈ। ਇਸ ਤੋਂ ਇਲਾਵਾ, ਖੋਜ ਸੰਸਥਾਵਾਂ ਵਿੱਚ ਐਲਪੀਯੂ 40ਵੇਂ ਸਥਾਨ 'ਤੇ ਹੈ, ਜੋ ਖੋਜ ਵਿੱਚ ਖੋਜਕਰਤਾਵਾਂ ਦੇ ਯੋਗਦਾਨ ਨੂੰ ਦਰਸਾਉਂਦਾ ਹੈ। ਰਾਜ ਸਭਾ ਮੈਂਬਰ ਅਤੇ ਐਲਪੀਯੂ ਦੇ ਸੰਸਥਾਪਕ ਚਾਂਸਲਰ, ਡਾ. ਅਸ਼ੋਕ ਕੁਮਾਰ ਮਿੱਤਲ ਨੇ ਇਸ ਪ੍ਰਾਪਤੀ ਤੇ ਕਿਹਾ, 'ਇਹ ਦਰਜਾਬੰਦੀ ਐਲ ਪੀ ਯੂ ਦੀ ਯਾਤਰਾ ਅਤੇ ਸਿੱਖਿਆ ਸਾਡੇ ਦੁਆਰਾ ਪੈਦਾ ਕੀਤੇ ਗਏ ਪ੍ਰਭਾਵ ਦਾ ਪ੍ਰਮਾਣ ਹੈ। ਐਲ ਪੀ ਯੂ ਦਾ ਧਿਆਨ ਇੱਕ ਮਜ਼ਬੂਤ ਸਿੱਖਿਆ ਪ੍ਰਣਾਲੀ ਬਣਾਉਣ 'ਤੇ ਹੈ ਜੋ ਨਵੀਨਤਾ, ਆਲੋਚਨਾਤਮਕ ਸੋਚ ਤੇ ਵਿਸ਼ਵਵਿਆਪੀ ਲੀਡਰਸ਼ਿਪ ਨੂੰ ਉਤਸ਼ਾਹਿਤ ਕਰਦਾ ਹੈ। ਐਲਪੀਯੂ ਅਜਿਹੀ ਸਿੱਖਿਆ ਪ੍ਰਦਾਨ ਕਰਨ ਲਈ ਸਮਰਪਿਤ ਹੈ।

## ਮਾਲਵਿੰਦਰ ਕੰਗ ਵੱਲੋਂ ਤਾਜੋਵਾਲ ਬੰਨ੍ਹ ਲਈ 20 ਲੱਖ ਦੀ ਗ੍ਰਾਂਟ ਦੇਣ ਦਾ ਐਲਾਨ



**ਬਲਾਚੌਰ (ਜਸਵਿੰਦਰ ਬੈਂਸ)**-ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪੰਜਾਬ ਵਿੱਚ ਹੜ੍ਹ ਪੀੜਤਾਂ ਨੂੰ ਹਰ ਸਹੂਲਤ ਉਪਲਬਧ ਕਰਾਈ ਜਾ ਰਹੀ ਹੈ। ਜਿੱਥੇ ਜਿੱਥੇ ਵੀ ਪ੍ਰਸ਼ਾਸਨ ਤੇ ਸਮੂਹ ਸੰਗਤ ਰਲ ਕੇ ਬੰਨਾਂ ਦੀ ਮੁਰੰਮਤ ਦਾ ਕੰਮ ਕਰ ਰਹੀ ਹੈ ਉੱਥੇ ਮੈਡੀਕਲ ਸਹੂਲਤ ਵੀ ਉਪਲਬਧ ਕਰਾਈ ਜਾ ਰਹੀ ਹੈ ਤਾਂ ਜੋ ਕੋਈ ਵੀ ਅਣਸੁਖਾਵੀਂ ਘਟਨਾ ਨਾ ਵਾਪਰ ਸਕੇ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਮਾਲਵਿੰਦਰ ਸਿੰਘ ਕੰਗ ਐਮਪੀ ਸ੍ਰੀ ਅਨੰਦਪੁਰ ਸਾਹਿਬ ਲੋਕ ਸਭਾ ਹਲਕਾ ਨੇ ਕਿਹਾ ਤਾਜੋਵਾਲ ਬੰਨ੍ਹ ਦੀ ਨਾਜ਼ੁਕ ਸਥਿਤੀ ਨੂੰ ਦੇਖਦਿਆਂ ਹੋਇਆ ਮੈਂ ਆਪਣੇ ਐਮਪੀ ਅਖਤਿਆਰੀ ਫੰਡ ਵਿੱਚੋਂ 20 ਲੱਖ ਰੁਪਏ ਦੀ ਗਰਾਂਟ ਮੁਹਈਆ ਕਰਵਾਉਂਦਾ ਹਾਂ ਜਿਸ ਨਾਲ ਕਿ ਤਾਜੋਵਾਲ ਦਾ ਬੰਨ੍ਹ ਪੱਕਾ ਪੱਥਰ ਦਾ ਬਣ ਸਕੇ। ਮਾਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਭਾਖੜਾ ਡੈਮ ਤੋਂ 85 ਹਜ਼ਾਰ ਕਿਊਸਿਕ ਪਾਣੀ ਛੱਡਿਆ ਜਾਵੇਗਾ ਜਿਸ ਨਾਲ ਇੰਨਾ ਜਿਆਦਾ ਖਤਰਾ ਨਹੀਂ ਹੈ ਪ੍ਰੰਤੂ ਫੇਰ ਵੀ ਸਾਨੂੰ ਸਾਰਿਆਂ ਨੂੰ ਸੁਚੇਤ ਰਹਿਣ ਦੀ ਲੋੜ ਹੈ। ਇਸ ਮੌਕੇ ਕਰਨਵੀਰ ਕਟਾਰੀਆ ਯੂਥ ਆਗੂ ਆਮ ਆਦਮੀ ਪਾਰਟੀ ਨੇ ਕਿਹਾ ਕਿ ਕੱਲ ਤੋਂ ਹੀ ਉਨਾਂ ਨੇ ਤਾਜੋਵਾਲ ਬੰਨ੍ਹ ਦਾ ਆਪ ਖੁਦ, ਨੌਜਵਾਨਾਂ ਨੂੰ ਤੇ ਸੰਗਤ ਨੂੰ ਨਾਲ ਲੈ ਕੇ ਮੋਰਚਾ ਸੰਭਾਲਿਆ ਹੋਇਆ ਹੈ।

ਜਨਮ ਦਿਨ ਮੁਬਾਰਕ



ਹਰਜਾਪ ਸਿੰਘ ਬਾਸੀ
ਜਲੰਧਰ

## ਪੰਜਾਬੀ ਗਾਇਕ ਮਨਿੰਦਰ ਦਿਓਲ ਵੀ ਹੜ੍ਹ ਪੀੜਤਾਂ ਦੀ ਮਦਦ ਲਈ ਆਏ ਸਾਹਮਣੇ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਚ ਆਏ ਹੜਾਂ ਨੂੰ ਲੈ ਕੇ ਪੰਜਾਬੀ ਗਾਇਕਾ ਮਨਿੰਦਰ ਦਿਓਲ (ਕੈਲੀਫੋਰਨੀਆ) ਨੇ ਦੱਸਿਆ ਕਿ ਉਹਨਾਂ ਦੀ ਸੰਸਥਾ ਨਿਸਵਾਰਥ ਸੇਵਾ ਸੋਸਾਇਟੀ ਪੰਜਾਬ ਦੇ ਸੁਲਤਾਨਪੁਰ ਲੋਧੀ ਤੇ ਪਟਿਆਲਾ ਨਾਲ ਲੱਗਦੇ ਹੜ ਪ੍ਰਭਾਵਿਤ ਪਿੰਡਾਂ ਵਿੱਚ ਲੋਕਾਂ ਦੀ ਮਦਦ ਕਰ ਰਹੀ ਹੈ। ਹੜ ਪ੍ਰਭਾਵਿਤ ਲੋਕਾਂ ਦੀ ਜ਼ਰੂਰਤ ਮੁਤਾਬਕ ਉਹਨਾਂ ਨੂੰ ਸਮਾਨ ਮੁਹਈਆ ਕਰਵਾਇਆ ਜਾ ਰਿਹਾ ਹੈ। ਬੀਬਾ ਮਨਿੰਦਰ ਦਿਓਲ ਨੇ ਅੱਗੇ ਦੱਸਿਆ ਕਿ ਉਨਾਂ ਦੀ ਸੰਸਥਾ ਵੱਲੋਂ 2023 ਵਿੱਚ ਆਏ ਹੜਾਂ ਚ ਵੀ ਲੋਕਾਂ ਦੀ ਮਦਦ ਕੀਤੀ ਗਈ ਸੀ। ਉਹਨਾਂ ਪੰਜਾਬ ਵਾਸੀਆਂ ਅਤੇ ਐਨ ਆਰ ਆਈਜ਼ ਨੂੰ ਅਪੀਲ ਕੀਤੀ ਕਿ ਕੁਦਰਤੀ ਕਰੋਪੀ ਦਾ ਸਾਹਮਣਾ ਕਰ ਰਹੇ ਪੰਜਾਬ ਦੇ ਲੋਕਾਂ ਨਾਲ ਡੱਟ ਕੇ ਖੜੀਏ ਤੇ ਉਹਨਾਂ ਦੀ ਹਰ ਤਰ੍ਹਾਂ ਨਾਲ ਮਦਦ ਲਈ ਸਾਹਮਣੇ ਆਈਏ। ਉਨਾਂ ਕਿਹਾ ਕਿ ਪੰਜਾਬ ਵਿੱਚ ਬਹੁਤ ਸਾਰੀ ਸੰਸਥਾਵਾਂ ਇਸ ਸਮੇਂ ਲੋਕਾਂ ਦੀ ਮਦਦ ਵਿੱਚ ਆਪਣਾ ਆਪਣਾ ਯੋਗਦਾਨ ਪਾ ਰਹੀਆਂ ਹਨ ਜੋ ਕਿ ਬਹੁਤ ਹੀ ਸ਼ਲਾਘਾਯੋਗ ਹੈ। ਉਹਨਾਂ ਆਪਣੀ ਇੰਡਸਟਰੀ ਦੇ ਲੋਕਾਂ ਵੱਲੋਂ ਪੰਜਾਬੀਆਂ ਦੀ ਕੀਤੀ ਜਾ ਰਹੀ ਮਦਦ ਦੀ ਵੀ ਪ੍ਰਸ਼ੰਸਾ ਕੀਤੀ।

## ਅਧਿਆਪਕਾਂ ਨੇ ਹੜ੍ਹ ਪੀੜਤਾਂ ਲਈ 26.50 ਲੱਖ ਦੀ ਸਹਾਇਤਾ ਰਾਸ਼ੀ ਇਕੱਠੀ ਕੀਤੀ



**ਚੰਡੀਗੜ੍ਹ (ਗੁਰਜੀਤ ਬਿੱਲਾ)**- ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਨੇ ਆਪਣੀਆਂ ਵਿਭਾਗੀ ਅਤੇ ਆਰਥਿਕ ਮੰਗਾਂ ਲਈ ਚੱਲ ਰਹੀਆਂ ਸੰਘਰਸ਼ੀ ਸਰਗਰਮੀਆਂ ਨੂੰ ਠੱਲ੍ਹ ਪਾਉਂਦਿਆਂ ਅਧਿਆਪਕ ਦੇ ਸਮਾਜਿਕ ਰੋਲ ਨੂੰ ਪਹਿਲ ਦਿੰਦਿਆਂ ਹੜ੍ਹਾਂ ਦੀ ਸਥਿਤੀ ਦੇ ਮੱਦੇਨਜ਼ਰ 'ਸੰਘਰਸ਼ ਵੀ ਸੇਵਾ ਵੀ' ਦਾ ਨਾਅਰਾ ਦਿੰਦਿਆਂ ਹੜ੍ਹ ਪੀੜਤਾਂ ਦੇ ਹੱਕ ਵਿੱਚ ਡਟਣ ਦਾ ਫੈਸਲਾ ਕੀਤਾ ਹੈ। ਜਿੱਥੇ ਪਿਛਲੇ ਸਮੇਂ ਵਿੱਚ ਡੀ ਟੀ ਐੱਫ ਅਧਿਆਪਕ ਮੰਗਾਂ ਲਈ ਸੰਘਰਸ਼ ਦੇ ਰਾਹ ਤੇ ਚੱਲਦੀ ਰਹੀ ਹੈ, ਹੁਣ ਹੜ੍ਹਾਂ ਕਾਰਨ ਆਈ ਬਿਪਤਾ ਦੇ ਮੌਕੇ ਜੱਥੇਬੰਦੀ ਨੇ ਪੀੜਤ ਲੋਕਾਂ ਦੀ ਸੇਵਾ ਲਈ ਹਾਜ਼ਰ ਹੁੰਦਿਆਂ ਅਧਿਆਪਕਾਂ ਅਤੇ ਹੋਰ ਮੁਲਾਜ਼ਮਾਂ ਨੂੰ ਹੜ੍ਹ ਪੀੜਤਾਂ ਲਈ ਫੰਡ ਦੇਣ ਦਾ ਸੱਦਾ ਦਿੱਤਾ। ਡੀ ਟੀ ਐੱਫ ਦੇ ਇਸ ਸੱਦੇ ਤਹਿਤ ਅਧਿਆਪਕਾਂ ਅਤੇ ਹੋਰ ਮੁਲਾਜ਼ਮਾਂ ਰਾਹੀਂ ਹੜ੍ਹ ਪੀੜਤਾਂ ਲਈ ਇਕੱਤਰ ਕੀਤੀ ਗਈ 26,50,555/- ਰੁਪਏ ਸਹਾਇਤਾ ਰਾਸ਼ੀ ਦੀ ਵਰਤੋਂ ਬਾਰੇ ਵਿਸਤ੍ਰਤ ਜਾਣਕਾਰੀ ਦਿੰਦਿਆਂ ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮਦੇਵ ਸਿੰਘ, ਜਨਰਲ ਸਕੱਤਰ ਮਹਿੰਦਰ ਕੌੜਿਆਂਵਾਲੀ ਅਤੇ ਵਿੱਤ ਸਕੱਤਰ ਅਸ਼ਵਨੀ ਅਵਸਥੀ ਨੇ ਦੱਸਿਆ ਕਿ ਇਸ ਰਾਸ਼ੀ ਨੂੰ ਜੱਥੇਬੰਦਕ ਢਾਂਚੇ ਰਾਹੀਂ ਅਸਲ ਹੜ੍ਹ ਪੀੜਤਾਂ ਤੱਕ ਉਨ੍ਹਾਂ ਦੀਆਂ ਲੋੜਾਂ ਦੇ ਅਨੁਸਾਰ ਪੁੱਜਦਾ ਕੀਤਾ ਜਾਵੇਗਾ।

## ਸੁਖਬੀਰ ਬਾਦਲ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ

ਬਚਾਅ ਕਾਰਜਾਂ ਲਈ ਮਾਲੀ ਮਦਦ ਦਾ ਐਲਾਨ



**ਚਮਕੌਰ ਸਾਹਿਬ (ਗੁਰਵਿੰਦਰ ਸਿੰਘ ਬੋਬੀ)**- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦਰਿਆ ਸਤਲੁਜ ਵਿੱਚ ਪਾਣੀ ਦੇ ਵਧੇਰੇ ਵਹਾਅ ਕਾਰਨ ਪ੍ਰਭਾਵਿਤ ਹੋਏ ਨਜ਼ਦੀਕੀ ਪਿੰਡ ਮੋਹਣ ਮਾਜਰਾ, ਫੱਸੇ , ਦਾਊਦਪੁਰ ਅਤੇ ਰਸੀਦਪੁਰ ਵਿੱਚ ਦਰਿਆ ਦੇ ਬੰਨ ਦਾ ਦੌਰਾ ਕਰਦਿਆਂ ਪੰਜਾਬ ਸਰਕਾਰ ਦੇ ਹੜਾਂ ਸਬੰਧੀ ਕੀਤੇ ਪ੍ਰਬੰਧਾਂ ਤੇ ਤਿੱਖਾ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਤੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦਰਿਆਵਾਂ ਦੇ ਪਾਣੀਆਂ ਨੂੰ ਕੰਟਰੋਲ ਕਰਨ ਵਿੱਚ ਅਸਫਲ ਰਹੇ ਹਨ। ਉਨ੍ਹਾਂ ਇਲਾਕੇ ਵਿੱਚ ਪਾਣੀ ਕਾਰਨ ਬੰਨ੍ਹ ਨੂੰ ਹੋ ਰਹੇ ਨੁਕਸਾਨ ਦਾ ਜਾਇਜ਼ਾ ਲਿਆ ਅਤੇ ਬਚਾਅ ਕਾਰਜਾਂ ਵਿੱਚ ਦਿਨ ਰਾਤ ਜੁਟੇ ਨੌਜਵਾਨਾਂ, ਬਜੁਰਗਾਂ ਤੇ ਬੀਬੀਆਂ ਨਾਲ ਮਿਲ ਕੇ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕੀਤੀ ਅਤੇ ਡੀਜ਼ਲ ਤੇਲ ਲਈ ਮਾਲੀ ਸਹਾਇਤਾ ਵੀ ਦਿੱਤੀ। ਸ੍ਰੀ ਬਾਦਲ ਨੇ ਕਿਹਾ ਕਿ ਸਤਲੁਜ ਦਰਿਆ ਵਿੱਚ ਪਾਣੀ ਛੱਡੇ ਜਾਣ ਕਾਰਨ ਆਉਣ ਵਾਲੇ ਹੜ੍ਹਾਂ ਨੇ ਜਿੱਥੇ ਪੰਜਾਬ ਦੇ 10 ਤੋ ਵੱਧ ਜ਼ਿਲਿਆਂ ਵਿੱਚ ਕਾਫੀ ਤਬਾਹੀ ਮਚਾਈ ਹੈ,ਉੱਥੇ ਹੀ ਚਮਕੌਰ ਸਾਹਿਬ ਦੇ ਉਕਤ ਪਿੰਡਾਂ ਵਿੱਚ ਦਰਿਆਈ ਪਾਣੀ ਦਾ ਵਹਾਅ ਤੇਜ ਹੋਣ ਕਾਰਨ ਦਰਿਆਈ ਬੰਨ੍ਹ ਨੂੰ ਲਗਾਤਾਰ ਖੋਰਾ ਲੱਗ ਰਿਹਾ ਹੈ, ਜਿਸ ਨੂੰ ਬਚਾਉਣ ਲਈ ਸੰਗਤ ਦਿਨ ਰਾਤ ਲੱਗੀ ਹੋਈ ਹੈ ,ਪ੍ਰੰਤੂ ਸਰਕਾਰ ਤੇ ਪ੍ਰਸ਼ਾਸਨ ਕਿਤੇ ਨਜ਼ਰ ਨਹੀ ਆ ਰਿਹਾ। ਉਨ੍ਹਾਂ ਪਿੰਡ ਮੋਹਣ ਮਾਜਰਾ ਵਿੱਚ ਦਰਿਆ ਦੇ ਬੰਨ੍ਹ ਨੂੰ ਹੋ ਰਹੇ ਨੁਕਸਾਨ ਦੀ ਜਾਣਕਾਰੀ ਲਈ ਤਕਨੀਕੀ ਟੀਮਾਂ ਨੂੰ ਸਥਲ 'ਤੇ ਭੇਜਣ ਦੀ ਮੰਗ ਕੀਤੀ ਅਤੇ ਸਥਾਨਕ ਨੌਜਵਾਨਾਂ ਵੱਲੋਂ ਚੱਲਾਏ ਜਾ ਰਹੇ ਬਚਾਅ ਕਾਰਜਾਂ ਦੀ ਸਰਾਹਨਾ ਕੀਤੀ। ਉਨ੍ਹਾਂ ਬਚਾਅ ਕਾਰਜਾਂ ਵਿੱਚ ਲੱਗੇ ਨੌਜਵਾਨਾਂ ਨੂੰ ਡੀਜ਼ਲ ਤੇਲ ਲਈ ਨਕਦ ਰਾਹਤ ਦੇਣ ਅਤੇ ਹੋਰ ਵੀ ਲੋੜੀਂਦੀ ਸਹਾਇਤਾ ਦੇਣ ਦਾ ਐਲਾਨ ਕੀਤਾ। ਇਸ ਮੌਕੇ ਸੀਨੀਅਰ ਆਗੂ ਅਮਨਦੀਪ ਸਿੰਘ ਮਾਂਗਟ, ਸ਼੍ਰੋਮਣੀ ਕਮੇਟੀ ਮੈਂਬਰ ਪਰਮਜੀਤ ਸਿੰਘ ਲੱਖੇਵਾਲ, ਬਲਦੇਵ ਸਿੰਘ ਹਾਫਿਜ਼ਾਬਾਦ, ਜਗਪਾਲ ਸਿੰਘ ਜੋਲੀ, ਸਰਪੰਚ ਸੁਰਜੀਤ ਸਿੰਘ, ਜਰਨੈਲ ਸਿੰਘ, ਸਵਰਨ ਸਿੰਘ ਬਿੱਟੂ ਤੇ ਕੁਲਵੀਰ ਸਿੰਘ ਆਦਿ ਹਾਜ਼ਰ ਸਨ।

## ਰਾਜਪਾਲ ਕਟਾਰੀਆ ਨੇ ਰੋਪੜ ਹੈੱਡਵਰਕਸ 'ਤੇ ਜਾ ਕੇ ਸਥਿਤੀ ਦਾ ਜਾਇਜ਼ਾ ਲਿਆ

**ਰੋਪੜ (ਬਿੰਦਰਾ)**- ਪੰਜਾਬ ਦੇ ਗਵਰਨਰ ਗੁਲਾਬ ਚੰਦ ਕਟਾਰੀਆ ਜੋ ਪੰਜਾਬ ਦੇ ਹੜ੍ਹ ਪੀੜਤ ਇਲਾਕਿਆਂ ਦਾ ਦੌਰਾ ਕਰ ਰਹੇ ਹਨ ਰੋਪੜ ਹੈੱਡਵਰਕਸ ਤੇ ਆਏ। ਉਹਨਾਂ ਨੇ ਸਤਲੁਜ ਨੂੰ ਪੁਲ ਤੇ ਖੜ ਕੇ ਵੇਖਿਆ। ਉਹਨਾਂ ਆਖਿਆ ਕਿ ਹਿਮਾਚਲ ਪ੍ਰਦੇਸ਼ ਅਤੇ ਜੰਮੂ ਕਸ਼ਮੀਰ ਵਿਚ ਪੈ ਰਹੀ ਬਾਰਸ਼ ਕਾਰਨ ਪੰਜਾਬ ਦੇ ਦਰਿਆਵਾਂ ਵਿੱਚ ਹੜ੍ਹ ਆਏ ਹਨ। ਉਹਨਾਂ ਕਿਹਾ ਕਿ ਕੇਂਦਰ ਸਰਕਾਰ ਪੂਰੀ ਸਹਾਇਤਾ ਕਰੇਗੀ। ਪੱਤਰਕਾਰਾਂ ਦੇ ਕਈ ਸਵਾਲਾਂ ਦੇ ਸਿਧਾ ਉਤਰ ਦੇਣ ਤੋਂ ਪਾਸਾ ਵੱਟਿਆ। ਰੋਪੜ ਦੇ ਡਿਪਟੀ ਕਮਿਸ਼ਨਰ ਸ੍ਰੀ ਵਰਜੀਤ ਵਾਲੀਆ, ਐਸ ਐਸ ਪੀ ਗੁਰਨੀਤ ਸਿੰਘ ਖੁਰਾਣਾ ਅਤੇ ਹੋਰ ਅਧਿਕਾਰੀ ਹਾਜ਼ਰ ਸਨ। ਹਲਕਾ ਰੋਪੜ ਦੇ ਵਿਧਾਇਕ ਦਿਨੇਸ਼ ਚੱਢਾ ਨੇ ਇਕ ਮੰਗ ਪੱਤਰ ਉਨ੍ਹਾਂ ਨੂੰ ਦਿੱਤਾ। ਗਵਰਨਰ ਗੁਲਾਬ ਚੰਦ ਕਟਾਰੀਆ ਇਥੋਂ ਚਮਕੌਰ ਸਾਹਿਬ ਲਈ ਰਵਾਨਾ ਹੋ ਗਏ।

## ਇੰਦਰਜੀਤ ਮਾਨ ਦੇ ਯਤਨਾਂ ਸਦਕਾ ਬਰਸਾਤ ਨਾਲ ਨੁਕਸਾਨੇ ਗਏ ਮਕਾਨਾਂ ਦੀ ਗ੍ਰਾਂਟ ਜਾਰੀ ਕਰਵਾਈ



**ਕਾਲਾ ਸੰਘਿਆਂ (ਮਨਜੀਤ ਮਾਨ)**- ਹਲਕਾ ਨਕੋਦਰ ਦੇ ਐਮ ਐਲ ਏ ਇੰਦਰਜੀਤ ਕੌਰ ਮਾਨ ਵੱਲੋਂ ਅਫਸਰਾਂ ਨੂੰ ਹਦਾਇਤ ਕੀਤੀ ਸੀ ਕਿ ਪਟਵਾਰੀ, ਕਾਨੂੰਗੋ ਤੇ ਬੀ.ਡੀ.ਪੀ.ਓ. ਦੀ ਡਿਊਟੀ ਲਗਵਾ ਕੇ ਨੁਕਸਾਨੇ ਗਏ ਮਕਾਨਾਂ ਦਾ ਸਰਵੇ ਕਰਵਾਇਆ ਤੇ 9 ਪਰਵਾਰਾਂ ਨੂੰ 1.72 ਲੱਖ ਦੀ ਸਰਕਾਰੀ ਮੱਦਦ ਦੇ ਚੈੱਕ ਮੌਕੇ ਤੇ ਹੀ ਵੰਡੇ ਗਏ । ਇਹ ਚੈੱਕ ਮੈਡਮ ਇੰਦਰਜੀਤ ਕੌਰ ਮਾਨ , ਐਸ.ਡੀ.ਐਮ. ਲਾਲ ਵਿਸ਼ਵਾਸ ਬੈਂਸ, ਬੀਡੀਪੀਓ ਅਭੇ ਚੰਦਰ ਸ਼ੇਖਰ ਤੇ ਨਕੋਦਰ ਦੇ ਕਾਨੂੰਗੋ ਹੁਸਨ ਲਾਲ ਵੱਲੋਂ ਸਾਂਝੇ ਤੌਰ ਤੇ ਵੰਡੇ ਗਏ। ਇਸ ਮੌਕੇ ਹਲਕਾ ਸੰਗਠਨ ਇੰਚਾਰਜ ਤੇ ਡਾਇਰੈਕਟਰ ਪੰਜਾਬ ਰਾਜ ਜਸਵੀਰ ਸਿੰਘ ਧੰਜਲ, ਨਰੇਸ਼ ਕੁਮਾਰ ਸੀਨੀਅਰ ਆਗੂ, ਸ੍ਰੀ ਸੰਜੀਵ ਅਹੂਜਾ ਸੀਨੀਅਰ ਆਗੂ, ਸ਼੍ਰੀ ਹਿਮਾਂਸ਼ੂ ਜੈਨ ਸ਼ਹਿਰੀ ਪ੍ਰਧਾਨ, ਅਮਰੀਕ ਸਿੰਘ ਥਿੰਦ ਨਗਰ ਕੌਂਸਲਰ ਆਦਿ ਹਾਜ਼ਰ ਸਨ।

## ਹੜ੍ਹ ਪੀੜਤਾਂ ਦੀ ਸਹਾਇਤਾ ਲਈ ਰਾਹਤ ਸਮੱਗਰੀ ਭੇਜੀ




**ਐਸ ਏ ਐਸ ਨਗਰ (ਗੁਰਜੀਤ ਬਿੱਲਾ)**- ਰਾਮਗੜ੍ਹੀਆ ਸਭਾ ਐਸ ਏ ਐਸ ਨਗਰ ਮੋਹਾਲੀ ਵੱਲੋਂ ਹੜ੍ਹ ਪੀੜਤ ਪਰਵਾਰਾਂ ਲਈ ਰਾਹਤ ਸਮੱਗਰੀ ਭੇਜੀ ਗਈ। ਜਨਰਲ ਸਕੱਤਰ ਬਿਕਰਮਜੀਤ ਸਿੰਘ ਹੂੰਝਣ ਨੇ ਦੱਸਿਆ ਕਿ ਇਸ ਰਾਹਤ ਸਮੱਗਰੀ ਵਿੱਚ ਰੋਜ਼ਾਨਾ ਦੀ ਵਰਤੋਂ ਵਾਲੀਆਂ ਚੀਜਾਂ ਜਿਵੇਂ ਕਿ ਸੁੱਕਾ ਰਾਸ਼ਨ, ਪੀਣ ਵਾਲੇ ਪਾਣੀ ਦੀਆਂ ਬੋਤਲਾਂ, ਦਵਾਈਆਂ, ਤਰਪਾਲਾਂ ਤੇ ਹੋਰ ਜ਼ਰੂਰੀ ਰੋਜ਼ਾਨਾ ਵਰਤੋਂ ਦਾ ਸਮਾਨ ਸ਼ਾਮਲ ਹਨ। ਇਸ ਮੌਕੇ ਤੇ ਰਾਮਗੜ੍ਹੀਆ ਸਭਾ ਦੇ ਪ੍ਰਧਾਨ ਸ. ਸੂਰਤ ਸਿੰਘ ਕਲਸੀ ਨੇ ਕਿਹਾ ਕਿ ਇਸ ਮੁਸੀਬਤ ਦੇ ਸਮੇਂ ਵਿੱਚ ਹੜ੍ਹ ਪੀੜਤ ਪਰਿਵਾਰਾਂ ਦੀ ਸੇਵਾ ਕਰਨਾ ਸਾਡਾ ਧਾਰਮਿਕ ਤੇ ਸਮਾਜਕ ਫਰਜ ਹੈ। ਉਨ੍ਹਾਂ ਸਾਰੇ ਦਾਨੀਆਂ ਅਤੇ ਸੇਵਾਦਾਰਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਖੁੱਲ੍ਹੇ ਦਿਲ ਨਾਲ ਇਸ ਸੇਵਾ ਵਿਚ ਯੋਗਦਾਨ ਪਾਇਆ। ਰਾਹਤ ਸਮੱਗਰੀ ਨੂੰ ਸੇਵਾ ਮੁਕਤ ਫੌਜੀਆਂ ਦੀ ਟੀਮ ਅਤੇ ਸਥਾਨਕ ਲੋਕਾਂ ਦੇ ਸਹਿਯੋਗ ਨਾਲ ਪ੍ਰਭਾਵਿਤ ਇਲਾਕਿਆਂ ਵਿੱਚ ਵੰਡਿਆ ਜਾਵੇਗਾ, ਤਾਂ ਜੋ ਪੀੜਤ ਪਰਿਵਾਰਾਂ ਨੂੰ ਸਮੇਂ ਸਿਰ ਮਦਦ ਮਿਲ ਸਕੇ। ਇਸ ਸਮੇਂ ਹੋਰਨਾਂ ਤੋਂ ਇਲਾਵਾ ਸਭਾ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਮਾਨ, ਕਰਮ ਸਿੰਘ ਬਬਰਾ, ਸੀਨੀਅਰ ਮੀਤ ਪ੍ਰਧਾਨ ਗੁਰਚਰਨ ਸਿੰਘ ਨੰਨੜਾ, ਭਾਈ ਲਾਲੋ ਕੋ- ਆਪਰੇਟਿਵ ਬੈਂਕ ਦੇ ਪ੍ਰਧਾਨ ਪ੍ਰਦੀਪ ਸਿੰਘ ਭਾਰਜ, ਮੋਹਨ ਸਿੰਘ ਸੱਭਰਵਾਲ, ਤਰਸੇਮ ਸਿੰਘ ਖੋਖਰ, ਸੁਰਿੰਦਰ ਸਿੰਘ ਜੰਡੂ ਆਦਿ ਹਾਜ਼ਰ ਸਨ।

## ਡਾ. ਬਲਵੀਰ ਸਿੰਘ ਨੇ ਨਸ਼ਾ ਮੁਕਤੀ ਕੇਂਦਰ ਦਾ ਦੌਰਾ ਕਰਕੇ ਨਸ਼ਾ ਛੱਡਣ ਵਾਲਿਆਂ ਦਾ ਕੀਤਾ ਸਨਮਾਨ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਕ੍ਰਿਸ਼ਨ ਗਰਗ, ਗੁਰਜੀਤ ਬਿੱਲਾ)**- ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੈਡੀਕਲ ਸਿੱਖਿਆ ਅਤੇ ਖੋਜ ਮੰਤਰੀ ਡਾ. ਬਲਵੀਰ ਸਿੰਘ ਨੇ ਇੱਥੇ ਦੱਸਿਆ ਕਿ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਆਰੰਭੀ ਗਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨਾ ਕੇਵਲ ਤਸਕਰਾਂ ਤੇ ਨੱਥ ਪਾਉਣ ਵਿੱਚ ਸਫਲ ਹੋਈ ਹੈ ਬਲਕਿ ਨਸ਼ਿਆਂ ਤੋਂ ਪੀੜਤ ਪੰਜਾਬ ਦੀ ਜਵਾਨੀ ਨੂੰ ਨਸ਼ਾ ਮੁਕਤੀ ਕੇਂਦਰਾਂ ਤੇ ਮੁੜ ਵਸੇਬਾ ਕੇਂਦਰਾਂ ਵਿੱਚ ਲਿਆ ਕੇ ਮੁਫਤ ਇਲਾਜ ਦੇਣ ਵਿੱਚ ਵੀ ਕਾਮਯਾਬ ਹੋ ਰਹੀ ਹੈ। ਉਹਨਾਂ ਕਿਹਾ ਕਿ ਅਗਲੇ ਦਿਨਾਂ ਵਿੱਚ ਪੰਜਾਬ ਦੇ ਨਸ਼ਾ ਮੁਕਤੀ ਕੇਂਦਰਾਂ ਅਤੇ ਮੁੜ ਵਸੇਬਾ ਕੇਂਦਰਾਂ ਚੋਂ ਸਿਹਤਯਾਬ ਹੋ ਕੇ ਅਤੇ ਨਸ਼ਿਆਂ ਨੂੰ ਨਾਂਹ ਆਖ ਕੇ ਸਮਾਜ ਦੀ ਮੁੱਖ ਧਾਰਾ ਵਿੱਚ ਸ਼ਾਮਿਲ ਹੋਏ ਨੌਜਵਾਨਾਂ ਨੂੰ ਵੱਡੀ ਜਿੰਮੇਵਾਰੀ ਦਿੱਤੀ ਜਾਵੇਗੀ ਤਾਂ ਜੋ ਉਹ ਆਪਣੇ ਆਲੇ ਦੁਆਲੇ ਅਤੇ ਸਮਾਜ ਵਿੱਚ, ਨਸ਼ਿਆਂ ਦੇ ਹਨ੍ਹੇਰੇ ਵਿੱਚ ਭਟਕੇ ਆਪਣੇ ਵਰਗੇ ਹੋਰਨਾਂ ਨੌਜਵਾਨਾਂ ਨੂੰ ਵੀ ਨਸ਼ਾ ਮੁਕਤੀ ਕੇਂਦਰਾਂ ਵਿੱਚ ਇਲਾਜ ਲਈ ਲਿਆ ਸਕਣ।ਇਸ ਮੌਕੇ ਸਵਰਾਜ ਕੰਪਨੀ ਵੱਲੋਂ ਦਿੱਤੀਆਂ ਗਈਆਂ ਹਾਈਜੀਨ ਕਿੱਟਾਂ ਵੀ ਇਹਨਾਂ ਇਲਾਜ ਅਧੀਨ ਨੌਜਵਾਨਾਂ ਨੂੰ ਵੰਡੀਆਂ ਗਈਆਂ ਤਾਂ ਜੋ ਆਪਣੀ ਸਾਫ ਸਫਾਈ ਤੇ ਉਚੇਚਾ ਧਿਆਨ ਦੇ ਸਕਣ। ਇਸ ਦੇ ਨਾਲ ਹੀ ਇਹਨਾਂ ਨੌਜਵਾਨਾਂ ਨੂੰ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਵੱਲੋਂ ਪ੍ਰੇਰਨਾਦਾਇਕ ਨਾਅਰਿਆਂ ਵਾਲੀਆਂ ਟੀ ਸ਼ਰਟਾਂ ਵੀ ਵੰਡੀਆਂ ਗਈਆਂ ਤਾਂ ਜੋ ਉਹ ਇਹਨਾਂ ਤੋਂ ਸੇਧ ਲੈ ਕੇ ਨਸ਼ਿਆਂ ਤੋਂ ਮੁਕਤੀ ਪਾ ਸਕਣ।

## ਸੂਬਾ ਸਰਕਾਰ ਤੇ ਕੇਂਦਰ ਮਿਲ ਕੇ ਹੜ ਪੀੜਤਾਂ ਦਾ ਦੁੱਖ ਵੰਡਾਉਣ : ਲੇਸੜੀਵਾਲ



**ਆਦਮਪੁਰ (ਪਰਮਜੀਤ ਸਿੰਘ)**- ਸ਼੍ਰੋਮਣੀ ਅਕਾਲੀ ਦਲ ਬਾਦਲ ਪ੍ਰਧਾਨ ਐਸ ਸੀ ਵਿੰਗ ਜਲੰਧਰ ਦਿਹਾਤੀ ਧਰਮਪਾਲ ਲੇਸੜੀਵਾਲ ਨੇ ਪ੍ਰੈੱਸ ਵਾਰਤਾ ਵਿੱਚ ਕਿਹਾ ਕਿ ਇਸ ਸਮੇਂ ਪੰਜਾਬ ਦੇ ਲੋਕ ਬੜੀ ਮਾੜੀ ਸਥਿਤੀ ਵਿੱਚ ਗੁਜਰ ਰਹੇ ਹਨ । ਉਹਨਾਂ ਕਿਹਾ ਕਿ ਬਰਸਾਤ ਦਾ ਮੌਸਮ ਹੈ ਤੇ ਲੋਕ ਹੜਾਂ ਤੋਂ ਪ੍ਰਭਾਵਿਤ ਹੋਏ ਹਨ । ਤੇ ਹੜਾਂ ਦੀ ਮਾਰ ਚੱਲ ਰਹੇ ਹਨ। ਇਸ ਔਖੇ ਘੜੇ ਵਿੱਚ ਘੜੀ ਵਿੱਚ ਜਿੱਥੇ ਸਾਡੀਆਂ ਧਾਰਮਿਕ ਸੰਸਥਾ ਸਾਡੇ ਪੰਜਾਬੀ ਕਲਾਕਾਰ ਅਤੇ ਹੋਰ ਪੰਜਾਬੀ ਅੱਗੇ ਹੋ ਕੇ ਮਦਦ ਕਰ ਰਹੇ ਹਨ । ਇਸੇ ਤਰ੍ਹਾਂ ਸੂਬਾ ਸਰਕਾਰ ਅਤੇ ਕੇਂਦਰ ਨੂੰ ਮਿਲ ਕੇ ਹਰ ਪੀੜਤਾਂ ਦਾ ਦੁੱਖ ਵਡਾਉਣਾ ਚਾਹੀਦਾ ਹੈ। ਹੜ ਨਾਲ ਹੋਈਆਂ ਫਸਲਾਂ ਦੇ ਨੁਕਸਾਨ ਦਾ ਮੁਆਵਜ਼ਾ ਅਤੇ ਡਿੱਗੇ ਘਰਾਂ ਦਾ ਮੁਆਵਜ਼ਾ ਸਰਕਾਰ ਨੂੰ ਦੇ ਕੇ ਲੋਕਾਂ ਦਾ ਮੁੜ ਵਸੇਬਾ ਕਰਾਉਣਾ ਚਾਹੀਦਾ ਹੈ। ਧਰਮਪਾਲ ਲੇਸੜੀਵਾਲ ਨੇ ਉਹਨਾਂ ਲੋਕਾਂ ਦਾ ਵੀ ਧੰਨਵਾਦ ਕੀਤਾ ਜਿਹੜੇ ਲੋਕ ਇਸ ਦੁੱਖ ਦੀ ਘੜੀ ਦੇ ਵਿੱਚ ਹਰ ਪੀੜਤਾਂ ਦੀ ਹਰੇਕ ਮਦਦ ਕਰ ਰਹੇ ਹਨ।